

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 14, April 8, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਥਕ ਸਿਆਸਤ ਭਖੀ, ਸਿਆਸੀ ਧਿਰਾਂ ਖਾਮੋਸ਼

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਣ ਦੀ ਅਪੀਲ ਪਿੱਛੋਂ ਪੰਥਕ ਸਿਆਸਤ ਭਖ ਗਈ ਹੈ। ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਇਸ ਵਿਚੋਂ ਨਿਕਲੇ ਹੋਰ 'ਪੰਥਕ' ਸਿਆਸੀ ਧੜਿਆਂ ਨੇ ਇਸ ਮੁੱਦੇ ਉਤੇ ਚੁੱਪ ਧਾਰ ਲਈ ਹੈ; ਇਥੋਂ ਤੱਕ ਕਿ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਮੁੱਦੇ ਉਤੇ ਫਿਲਹਾਲ ਚੁੱਪ ਹੈ।

ਸ਼੍ਰੋਮਣੀ ਕਮੇਟੀ ਦੇ ਇੰਨਾ ਆਖ ਕੇ ਗੱਲ ਨਿਬੇੜ ਦਿੱਤੀ ਹੈ ਕਿ ਸਰਬੱਤ ਖਾਲਸਾ ਸੱਦਣ ਦਾ ਅਧਿਕਾਰ ਸਿਰਫ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲ ਹੈ। ਕੋਈ ਵਿਅਕਤੀ ਨਿੱਜੀ ਤੌਰ 'ਤੇ ਸਰਬੱਤ ਖਾਲਸਾ ਨਹੀਂ ਸੱਦ ਸਕਦਾ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਜੇ ਇਸ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ। ਅੰਮ੍ਰਿਤਪਾਲ ਸਿੰਘ ਦਾ ਸਰਬੱਤ ਖਾਲਸੇ ਦਾ ਸੱਦਾ ਉਸ ਸਮੇਂ ਆਇਆ ਹੈ ਕਿ ਜਦੋਂ ਪਿਛਲੇ ਦਿਨੀਂ ਜਥੇਦਾਰ ਨੇ ਪੰਥਕ ਜਥੇਬੰਦੀਆਂ ਦੇ ਇਕੱਠ ਵਿਚ ਸਰਕਾਰਾਂ ਵੱਲੋਂ ਸਿੱਖਾਂ ਨੂੰ ਦਬਾਉਣ ਲਈ ਵਰਤੇ ਜਾ ਰਹੇ ਹੱਥਕੰਡਿਆਂ ਉਤੇ ਫਿਕਰਮੰਦੀ ਜ਼ਾਹਿਰ ਕੀਤੀ ਸੀ।

ਉਧਰ, ਪੰਥਕ ਸਿਆਸੀ ਧਿਰਾਂ ਦੀ ਇਸ ਮਸਲੇ ਉਤੇ ਚੁੱਪ ਨੂੰ ਸਿਆਸੀ ਮਾਹਰ ਕਈ ਪੱਖਾਂ ਤੋਂ ਘੋਖ ਰਹੇ ਹਨ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਜੇ ਸਰਬੱਤ ਖਾਲਸਾ ਸੱਦਿਆ ਜਾਂਦਾ ਹੈ ਤਾਂ ਸ਼ਾਇਦ ਪਹਿਲਾ ਫੈਸਲਾ ਪੰਥਕ ਸਿਆਸਤ ਨੂੰ ਤਕੜਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਿਚੋਂ ਨਿਕਲ ਕੇ ਵੱਖ ਸਿਆਸੀ ਪਾਰਟੀਆਂ ਬਣਾਉਣ ਵਾਲੇ ਧੜਿਆਂ ਦੇ ਏਕੇ ਬਾਰੇ ਹੋਵੇਗਾ। ਇਸ ਤੋਂ ਇਲਾਵਾ ਹਾਲ ਹੀ ਵਿਚ ਬਣੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਪ੍ਰਬੰਧ ਕਮੇਟੀ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਉਤੇ ਇਕ ਪਰਿਵਾਰ ਦੇ ਗਲਬੇ ਵਰਗੇ ਮੁੱਦੇ ਉਠ ਸਕਦੇ ਹਨ। ਯਾਦ ਰਹੇ ਕਿ ਇਸ ਤੋਂ ਪਹਿਲਾਂ ਵੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਇਸ ਦੇ ਏਕੇ ਦਾ ਸੱਦਾ ਦੇ ਚੁੱਕੇ ਹਨ, ਹਾਲਾਂਕਿ ਬਾਦਲ ਵਿਰੋਧੀ ਧਿਰਾਂ ਦੀ ਇਕੋ ਮੰਗ ਰਹੀ ਹੈ ਕਿ ਉਨ੍ਹਾਂ ਨੂੰ ਏਕੇ ਉਤੇ ਕੋਈ ਇਤਰਾਜ਼ ਨਹੀਂ ਪਰ ਇਸ ਲਈ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਦੀ ਕੁਰਸੀ ਤੋਂ ਲਾਂਭੇ ਕਰਨਾ ਪਵੇਗਾ। ਸ਼੍ਰੋਮਣੀ ਕਮੇਟੀ ਉਤੇ ਹਮੇਸ਼ਾ ਬਾਦਲਾਂ ਦੇ ਦਬਾਅ ਹੇਠ ਫੈਸਲੇ ਲੈਣ ਦੇ ਦੋਸ਼ ਲੱਗਦੇ ਰਹੇ ਹਨ। ਇਸ ਲਈ ਪੰਥਕ ਏਕੇ ਲਈ ਬਾਦਲਾਂ ਦਾ ਗਲਬਾ ਤੋੜਨ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠੇਗਾ।



ਛੇਤੇ ਰਹੇ ਕਿ ਅੰਮ੍ਰਿਤਪਾਲ ਨੇ ਵੀਡੀਓ ਸੁਨੇਹੇ ਜ਼ਰੀਏ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ 'ਤੇ ਚਰਚਾ ਲਈ ਅਗਲੇ ਮਹੀਨੇ ਵਿਸਾਖੀ ਦਿਹਾੜੇ 'ਤੇ ਸਰਬੱਤ ਖ਼ਾਲਸਾ ਸੱਦਣ। ਉਸ ਨੇ ਇਹ ਵੀ ਕਿਹਾ ਕਿ ਲੋਕ ਪਹਿਲਾਂ ਹੀ ਜਾਗਰੂਕ ਹਨ ਜਿਸ ਕਰ ਕੇ ਜਥੇਦਾਰ ਹੁਣ ਲੋਕ ਮਨਾਂ ਵਿਚ ਬਣੇ ਖ਼ੌਫ ਨੂੰ ਤੋੜਨ ਲਈ ਅਗਵਾਈ ਕਰਨ। ਜੇ ਜਵਾਨੀ ਅਤੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਾਈਚਾਰੇ ਨੂੰ ਛੋਟੇ-ਮੋਟੇ ਧਰਨਿਆਂ ਅਤੇ ਮੋਰਚਿਆਂ ਦੀ ਥਾਂ ਉਸੇ ਤਰ੍ਹਾਂ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣਾ ਚਾਹੀਦਾ ਹੈ ਜਿਵੇਂ ਅਬਦਾਲੀ ਦੁਆਰਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਸਰਬੱਤ ਖ਼ਾਲਸਾ 'ਚ ਇਕੱਠ ਹੋਇਆ ਸੀ। ਅੰਮ੍ਰਿਤਪਾਲ ਸਿੰਘ ਨੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣ ਦੀ ਅਪੀਲ ਕਰਦਿਆਂ ਇਥੋਂ ਤੱਕ ਆਖ ਦਿੱਤਾ ਕਿ ਜੇ ਅਸੀਂ ਇਸ ਵੇਲੇ ਵੀ ਘਰਾਂ ਵਿਚ ਬੈਠੇ ਰਹੇ ਤਾਂ ਆਉਣ ਵਾਲੀ ਪੀੜ੍ਹੀ ਕਦੇ ਮੁਆਫ ਨਹੀਂ ਕਰੇਗੀ। ਜਥੇਦਾਰ ਨੂੰ ਹੁਣ ਸਖਤ ਸਟੈਂਡ ਲੈਣਾ ਚਾਹੀਦਾ ਹੈ ਤੇ ਵਿਸਾਖੀ 'ਤੇ ਸਰਬੱਤ ਖਾਲਸਾ ਸੱਦਣਾ ਚਾਹੀਦਾ ਹੈ। ਅੰਮ੍ਰਿਤਪਾਲ ਸਿੰਘ ਵੱਲੋਂ ਗੇਂਦ ਜਥੇਦਾਰ ਦੇ ਪਾਲੇ ਵਿਚ ਸੁੱਟਣ ਤੋਂ ਬਾਅਦ ਉਮੀਦ ਕੀਤੀ ਜਾ ਰਹੀ ਸੀ ਕਿ ਪੰਥਕ ਜਥੇਬੰਦੀਆਂ ਇਸ ਮੁੱਦੇ ਉਤੇ ਅਕਾਲ ਤਖਤ ਤੱਕ ਪਹੁੰਚ ਕਰਨਗੀਆਂ ਪਰ ਹੁਣ ਤੱਕ ਦੀ ਚੁੱਪ ਕੁਝ ਹੋਰ ਹੀ ਇਸ਼ਾਰਾ ਕਰ ਰਹੀ ਹੈ। ਹਾਲਾਂਕਿ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਸ ਬਾਰੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹੀ ਫੈਸਲਾ ਕਰ ਸਕਦੇ ਹਨ ਅਤੇ ਉਹ ਜੋ ਵੀ ਫੈਸਲਾ ਲੈਣਗੇ, ਉਹ ਸਭ ਨੂੰ ਪ੍ਰਵਾਨ ਹੋਵੇਗਾ।

ਸ੍ਰੀ ਆਨੰਦਪੁਰ ਸਾਹਿਬ: ਸੂਬੇ ਅੰਦਰ ਹਾਲ ਹੀ ਵਿਚ ਵਧਾਈ ਪੰਜਾਬ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ

*(ਬਾਕੀ ਸਫਾ 6 'ਤੇ)*

## ਜਥੇਦਾਰ ਨਾਲ ਮੁਲਾਕਾਤ ਕਰਨ ਵਾਲਿਆਂ 'ਤੇ ਸਰਕਾਰ ਦੀ ਨਜ਼ਰ

**ਤਲਵੰਡੀ ਸਾਬੋ:** ਅੰਮ੍ਰਿਤਪਾਲ ਸਿੰਘ ਵੱਲੋਂ ਨਸ਼ਰ ਕੀਤੀ ਵੀਡੀਓ ਮਗਰੋਂ ਖੁਫ਼ੀਆ ਤੰਤਰ ਅਤੇ ਪੁਲਿਸ ਨੇ ਤਲਵੰਡੀ ਸਾਬੋ ਆਉਣ ਵਾਲੀ ਸੰਗਤ, ਗਿਆਨੀ ਹਰਪ੍ਰੀਤ ਸਿੰਘ ਦੀ ਰਿਹਾਇਸ਼ ਅਤੇ ਉਨ੍ਹਾਂ ਨੂੰ ਮਿਲਣ ਵਾਲਿਆਂ 'ਤੇ ਕਰੜੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਅੰਮ੍ਰਿਤਪਾਲ ਸਿੰਘ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਜਾਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਆ ਕੇ ਮੀਡੀਆ ਸਾਹਮਣੇ ਪੁਲਿਸ ਅੱਗੇ ਆਤਮ-ਸਮਰਪਣ ਕਰਨ ਦੀ ਅਫਵਾਹ ਦੇ ਮੱਦੇਨਜ਼ਰ ਇੱਥੇ ਭਾਰੀ ਪੁਲਿਸ ਫੋਰਸ ਤੇ ਅਰਧ ਸੈਨਿਕ ਬਲ ਤਾਇਨਾਤ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਕੁਝ ਦਿਨ ਪਹਿਲਾਂ ਪੁਲਿਸ ਨੂੰ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਸੀ ਕਿ ਜੇਕਰ ਅੰਮ੍ਰਿਤਪਾਲ ਸਿੰਘ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਤਾਂ ਉਸ ਨੂੰ ਪੁਲਿਸ ਅੱਗੇ ਪੇਸ਼ ਹੋ ਕੇ ਜਾਂਚ ਵਿਚ ਸ਼ਾਮਲ ਹੋਣ ਚਾਹੀਦਾ ਹੈ।

# ਜਲੰਧਰ ਜ਼ਿਮਨੀ ਚੋਣ ਲਈ ਸਿਆਸੀ ਮਾਹੌਲ ਭਖਿਆ



**ਚੰਡੀਗੜ੍ਹ:** ਜਲੰਧਰ ਦੀ ਖਾਲੀ ਹੋਈ ਲੋਕ ਸਭਾ ਸੀਟ ਉਤੇ 10 ਮਈ ਨੂੰ ਚੋਣਾਂ ਕਰਵਾਉਣ ਦੇ ਐਲਾਨ ਪਿੱਛੋਂ ਪੰਜਾਬ ਦਾ ਸਿਆਸੀ ਮਾਹੌਲ ਭਖ ਗਿਆ ਹੈ। ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਜ਼ਿਮਨੀ ਚੋਣ ਨੂੰ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ।

ਯਾਦ ਰਹੇ ਕਿ ਚੌਧਰੀ ਸੰਤੋਖ ਸਿੰਘ ਦਾ 'ਭਾਰਤ ਜੋੜੋ ਯਾਤਰਾ' ਦੌਰਾਨ ਰਾਹੁਲ ਗਾਂਧੀ ਨਾਲ ਚੱਲਦਿਆਂ ਇਸ ਸਾਲ 14 ਜਨਵਰੀ, 2023 ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਸੀ ਜਿਸ ਕਾਰਨ ਇਹ ਸੀਟ ਖਾਲੀ ਹੋ ਗਈ ਸੀ। ਚੌਧਰੀ ਪਰਿਵਾਰ ਦੇ ਪਿਛੋਕੜ ਨੂੰ ਦੇਖਦਿਆਂ ਕਾਂਗਰਸ ਪਾਰਟੀ ਵੱਲੋਂ ਉਨ੍ਹਾਂ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਐਲਾਨਿਆ ਹੈ। ਦੂਸਰੀਆਂ ਪਾਰਟੀਆਂ ਵੱਲੋਂ ਭਾਵੇਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਤਾਂ ਨਹੀਂ ਕੀਤਾ ਗਿਆ ਪਰ ਸਾਰੀਆਂ ਸਿਆਸੀ ਧਿਰਾਂ ਇਸ ਸੀਟ ਉਤੇ ਸਰਗਰਮ ਨਜ਼ਰ ਆ ਰਹੀਆਂ। ਕਾਂਗਰਸ ਤੋਂ ਇਲਾਵਾ ਸੂਬੇ ਦੀ ਸੱਤਾ ਚਲਾ ਰਹੀ ਆਮ ਆਦਮੀ ਪਾਰਟੀ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗੱਠਜੋੜ ਅਤੇ ਇਸ ਵਾਰ ਇਕੱਲੇ ਤੌਰ ਉਤੇ ਇਸ ਸੀਟ ਉਤੇ ਚੋਣ ਲੜਨ ਲਈ ਭਾਰਤੀ

*(ਬਾਕੀ ਸਫਾ 6 'ਤੇ)*





Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


*Personal Injury and Wrongful Death Attorneys*

Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury



WILLIAM E. WEISS
Of Counsel

Offices in San Francisco and Union City



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਅੰਮ੍ਰਿਤਪਾਲ ਸਿੰਘ ਵੱਲੋਂ ਵੀਡੀਓ ਜਾਰੀ ਕਰ ਕੇ ਚੜ੍ਹਦੀ ਕਲਾ 'ਚ ਹੋਣ ਦਾ ਦਾਅਵਾ

**ਚੰਡੀਗੜ੍ਹ:** 'ਵਾਰਿਸ ਪੰਜਾਬ ਦੇ' ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਤਮ-ਸਮਰਪਣ ਦੇ ਕਿਆਸਾਂ ਦੌਰਾਨ ਆਪਣੀ ਛੁਪਣਗਾਹ ਤੋਂ ਇਕ ਵੀਡੀਓ ਸੁਨੇਹਾ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਉਹ ਚੜ੍ਹਦੀ ਕਲਾ 'ਚ ਹੈ। ਉਸ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਕਿਹਾ ਕਿ ਉਹ ਵਿਸਾਖੀ 'ਤੇ ਸਰਬੱਤ ਖ਼ਾਲਸਾ ਸੱਦ ਕੇ ਸਿੱਖ ਭਾਈਚਾਰੇ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰਾਂ ਕਰਨ। ਕਰੀਬ ਬਾਰ੍ਹਾਂ ਦਿਨਾਂ ਦੀ ਲੁਕਣਮੀਟੀ ਮਗਰੋਂ ਜਾਰੀ ਸੁਨੇਹੇ ਵਿਚ ਜਿੱਥੇ ਅੰਮ੍ਰਿਤਪਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਅਗਵਾਈ ਲਈ ਆਸਵੰਦ ਦਿਖਿਆ ਹੈ, ਉਥੇ ਉਸ ਨੇ ਲੋਕਾਂ 'ਤੇ ਵੀ ਟੇਕ ਲਾਈ ਹੋਈ ਹੈ ਕਿ ਇਸ ਔਖੀ ਘੜੀ 'ਚ ਉਹ ਉਸ ਦਾ ਸਾਥ ਦੇਣਗੇ। ਅੰਮ੍ਰਿਤਪਾਲ ਨੇ ਵੀਡੀਓ ਸੁਨੇਹਾ ਜਾਰੀ ਕਰਕੇ ਉਸ ਦੇ ਪੁਲਿਸ ਹਿਰਾਸਤ 'ਚ ਹੋਣ ਦੇ ਭਰਮਾਂ ਤੋਂ ਵੀ ਧੂੜ ਝਾੜ ਦਿੱਤੀ ਹੈ।



ਅੰਮ੍ਰਿਤਪਾਲ ਨੇ ਵੀਡੀਓ ਸੁਨੇਹੇ ਜ਼ਰੀਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ 'ਤੇ ਚਰਚਾ ਲਈ ਅਗਲੇ ਮਹੀਨੇ ਵਿਸਾਖੀ ਦਿਹਾੜੇ 'ਤੇ ਸਰਬੱਤ ਖ਼ਾਲਸਾ ਸੱਦਣ। ਉਸ ਨੇ ਕਿਹਾ ਕਿ ਲੋਕ ਪਹਿਲਾਂ ਹੀ ਜਾਗਰੂਕ ਹਨ ਜਿਸ ਕਰਕੇ ਜਥੇਦਾਰ ਹੁਣ ਲੋਕ ਮਨਾਂ ਵਿਚ ਬਣੇ ਖ਼ੌਫ ਨੂੰ ਤੋੜਨ ਲਈ ਅਗਵਾਈ ਕਰਨ। ਉਨ੍ਹਾਂ ਕਿਹਾ ਕਿ ਜੇ ਜਵਾਨੀ ਤੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਾਈਚਾਰੇ ਨੂੰ ਛੋਟੇ ਮੋਟੇ ਧਰਨਿਆਂ ਤੇ ਮੋਰਚਿਆਂ ਦੀ ਥਾਂ ਉਸੇ ਤਰ੍ਹਾਂ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣਾ ਚਾਹੀਦਾ ਹੈ ਜਿਵੇਂ ਅਬਦਾਲੀ ਦੁਆਰਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਸਰਬੱਤ ਖ਼ਾਲਸਾ 'ਚ ਇਕੱਠ ਹੋਇਆ ਸੀ।

ਅੰਮ੍ਰਿਤਪਾਲ ਸਿੰਘ ਨੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਜੇ ਅਸੀਂ ਇਸ ਵੇਲੇ ਵੀ ਘਰਾਂ ਵਿਚ ਬੈਠੇ ਰਹੇ ਤਾਂ ਆਉਣ ਵਾਲੀ ਪੀੜ੍ਹੀ ਕਦੇ ਮੁਆਫ਼ ਨਹੀਂ ਕਰੇਗੀ। ਅੰਮ੍ਰਿਤਪਾਲ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਫੜੇ ਗਏ ਸਿੰਘਾਂ ਦੀ ਰਿਹਾਈ ਲਈ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੱਤਾ, ਪਰ ਸਰਕਾਰ ਨੇ ਜਥੇਦਾਰ ਦੇ ਅਲਟੀਮੇਟਮ ਨੂੰ ਬੜੇ ਘਟੀਆ ਢੰਗ ਨਾਲ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਹੁਣ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ ਤੇ ਵਿਸਾਖੀ 'ਤੇ ਸਰਬੱਤ ਖ਼ਾਲਸਾ ਸੱਦਣਾ ਚਾਹੀਦਾ ਹੈ।

ਅੰਮ੍ਰਿਤਪਾਲ ਸਿੰਘ ਨੇ ਜਥੇਬੰਦੀ ਖ਼ਿਲਾਫ਼ ਕਾਰਵਾਈ ਨੂੰ ਸਿੱਖ ਕੌਮ 'ਤੇ ਹਮਲਾ ਦੱਸਿਆ ਹੈ। ਉਹ ਆਖਦਾ ਹੈ ਕਿ 18 ਮਾਰਚ ਤੋਂ ਬਾਅਦ ਇੰਟਰਨੈੱਟ ਬੰਦ ਹੋ ਗਿਆ ਅਤੇ ਖ਼ਬਰਾਂ ਦਾ ਪਤਾ ਨਹੀਂ ਲੱਗਿਆ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਸੀ ਕਿ ਖ਼ਬਰਾਂ ਦੇਖੀਆਂ ਹਨ ਕਿ ਸਰਕਾਰ ਜ਼ੁਲਮ ਦੀ ਹੱਦ ਟੱਪ ਗਈ ਹੈ। ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਫਸਾ ਦਿੱਤਾ ਹੈ ਅਤੇ ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ। ਅਜਿਹਾ ਹੀ ਬੇਅੰਤ ਸਿੰਘ ਦੀ ਸਰਕਾਰ ਨੇ ਕੀਤਾ ਸੀ। ਪ੍ਰਧਾਨ ਮੰਤਰੀ ਬਾਜਕੇ ਵਰਗੇ ਲੋਕਾਂ ਅਤੇ ਹੋਰਨਾਂ ਨੂੰ ਬਿਨਾਂ ਕਿਸੇ ਕਾਰਨ ਐਨ.ਐਸ.ਏ. ਲਾ ਕੇ ਅਸਾਮ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਹੈ। ਉਨ੍ਹਾਂ ਨੇ ਸੰਗਤਾਂ ਦਾ ਧੰਨਵਾਦ ਵੀ ਕੀਤਾ ਅਤੇ ਸਰਬੱਤ ਖ਼ਾਲਸਾ ਵਾਸਤੇ ਕਮਰਕੱਸੇ ਕਰਨ ਦੀ ਅਪੀਲ ਕੀਤੀ।

## ਹਿਰਾਸਤ ਦੌਰਾਨ ਤਸ਼ੱਦਦ ਨਹੀਂ ਹੋਵੇਗਾ: ਭਗਵੰਤ ਮਾਨ

**ਜਲੰਧਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਅਕਾਲ ਤਖ਼ਤ 'ਚ ਸ਼ਰਨ ਲੈਣ ਅਤੇ ਆਤਮ ਸਮਰਪਣ ਕਰਨ ਦੀਆਂ ਸੰਭਾਵਨਾਵਾਂ ਬਾਰੇ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੀ ਪੁਲਿਸ ਇਸ ਲਈ ਤਿਆਰ ਹੈ ਤੇ ਸਾਰੀ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਵੇਗੀ। ਉਨ੍ਹਾਂ ਕਿਹਾ, 'ਅਸੀਂ ਉਸ (ਅੰਮ੍ਰਿਤਪਾਲ) ਨੂੰ ਭਰੋਸਾ ਦਿੰਦੇ ਹਾਂ ਕਿ ਉਸ 'ਤੇ ਕੋਈ ਤਸ਼ੱਦਦ ਨਹੀਂ ਕੀਤਾ ਜਾਵੇਗਾ। ਪੁਲਿਸ ਆਪਣੀ ਕਾਨੂੰਨੀ ਹੱਦ ਤੋਂ ਬਾਹਰ ਨਹੀਂ ਜਾਵੇਗੀ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ 18 ਮਈ ਤੋਂ ਫ਼ਰਾਰ ਹੈ ਅਤੇ ਉਸ ਨੂੰ ਫੜਨ ਲਈ ਪੰਜਾਬ ਪੁਲਿਸ ਵੱਲੋਂ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ। ਅੰਮ੍ਰਿਤਪਾਲ ਦੇ ਦੂਜੀ ਵਾਰ ਪੰਜਾਬ ਪੁਲਿਸ ਦੇ ਹੱਥ ਨਾ ਆਉਣ ਦੇ ਸਵਾਲ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਟੀਮਾਂ ਉਸ ਦੇ ਬਹੁਤ ਨੇੜੇ ਹਨ।

# ਭਗਵੰਤ ਮਾਨ ਦੀ ਧੀ ਨੂੰ ਧਮਕੀ ਦੇਣ ਦੀ ਤਿੱਖੀ ਨਿਖੇਧੀ

**ਨਵੀਂ ਦਿੱਲੀ:** ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਅਮਰੀਕਾ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੀ ਨਿਖੇਧੀ ਕੀਤੀ ਹੈ।



ਉਨ੍ਹਾਂ ਅਮਰੀਕਾ ਵਿਚ ਭਾਰਤੀ ਦੂਤਾਵਾਸ ਨੂੰ ਉਸ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਧੀ ਨੂੰ ਖ਼ਾਲਿਸਤਾਨੀ ਪੱਖੀਆਂ ਵੱਲੋਂ ਕਥਿਤ ਤੌਰ 'ਤੇ ਧਮਕੀ ਭਰੇ ਫੋਨ ਆਏ ਹਨ। ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਨੇ ਟਵੀਟ ਕੀਤਾ, "ਅਮਰੀਕਾ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧੀ ਨੂੰ ਜਾਨੋਂ ਮਾਰਨ ਦੀ ਧਮਕੀ ਬਾਰੇ ਖ਼ਬਰ ਪੜ੍ਹੀ। ਇਹ ਅਤਿ ਦੀ ਕਾਇਰਤਾ ਭਰੀ ਕਾਰਵਾਈ ਹੈ। ਮੈਂ ਅਮਰੀਕਾ ਵਿਚ ਭਾਰਤੀ ਦੂਤਾਵਾਸ ਨੂੰ ਉਸ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕਰਦੀ ਹਾਂ।" ਭਗਵੰਤ ਮਾਨ ਦੀ ਪਹਿਲੀ ਪਤਨੀ ਇੰਦਰਪ੍ਰੀਤ ਕੌਰ ਗਰੇਵਾਲ, ਜੋ ਆਪਣੀ ਧੀ ਸੀਰਤ ਕੌਰ (21) ਅਤੇ ਪੁੱਤਰ ਦਿਲਸ਼ਾਨ (18) ਨਾਲ ਅਮਰੀਕਾ ਰਹਿ ਰਹੀ ਹੈ, ਨੇ ਸੋਸ਼ਲ ਮੀਡੀਆ ਰਾਹੀਂ ਘਟਨਾ ਦੀ ਪੁਸ਼ਟੀ ਕੀਤੀ ਹੈ। ਉਸ ਨੇ ਲਿਖਿਆ ਕਿ ਖ਼ਾਲਿਸਤਾਨ ਪੱਖੀਆਂ ਨੇ ਉਸ ਦੀ ਧੀ ਨੂੰ ਫੋਨ 'ਤੇ ਧਮਕਾਇਆ ਅਤੇ ਇਤਰਾਜ਼ਯੋਗ ਸ਼ਬਦਾਵਲੀ ਵਰਤੀ। ਇੰਦਰਪ੍ਰੀਤ ਕੌਰ ਨੇ ਲਿਖਿਆ, "ਕੀ ਤੁਸੀਂ ਬੱਚਿਆਂ ਨੂੰ ਗਾਲਾਂ ਕੱਢ ਕੇ ਅਤੇ ਧਮਕਾ ਕੇ ਖ਼ਾਲਿਸਤਾਨ ਹਾਸਲ ਕਰ ਲਵੋਗੇ? ਅਜਿਹੇ ਲੋਕ ਸਿੱਖੀ 'ਤੇ ਕਲੰਕ ਹਨ।" ਯੂਐਸ ਡਿਪਾਰਟਮੈਂਟ ਆਫ ਸਟੇਟ ਦੇ ਤਰਜਮਾਨ ਨੇ ਕਿਹਾ ਕਿ ਪ੍ਰਦਰਸ਼ਨ ਦੌਰਾਨ ਹਿੰਸਾ ਜਾਂ ਕਿਸੇ ਨੂੰ ਧਮਕੀ ਦੇਣਾ ਬਰਦਾਸ਼ਤ ਨਹੀਂ ਹੈ।

# ਸਿੱਖਸ ਫਾਰ ਜਸਟਿਸ ਵੱਲੋਂ ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਨੂੰ ਧਮਕੀ

**ਦੀਸਪੁਰ:** ਸਿੱਖਜ਼ ਫਾਰ ਜਸਟਿਸ ਨੇ ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਨੂੰ ਧਮਕੀ ਦਿੱਤੀ ਹੈ। ਅਸਾਮ ਦੇ ਡੀ.ਜੀ.ਪੀ. ਗਿਆਨੇਂਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਖ਼ਾਲਿਸਤਾਨ ਸਮਰਥਕ ਸਮੂਹ ਵੱਲੋਂ ਹੇਮੰਤ ਬਿਸਵਾ ਨੂੰ ਦਿੱਤੀ ਗਈ ਧਮਕੀ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਕੁਝ ਪੱਤਰਕਾਰਾਂ ਨੂੰ ਭੇਜੇ ਗਏ ਇਕ ਕਥਿਤ ਆਡੀਓ ਕਲਿਪ ਵਿਚ ਸਿੱਖਜ਼ ਫਾਰ ਜਸਟਿਸ ਦੇ ਸੰਸਥਾਪਕ ਗੁਰਪਤਵੰਤ ਸਿੰਘ ਪੰਨੂ ਵੱਲੋਂ ਸਰਮਾ ਨੂੰ ਧਮਕੀ ਦਿੰਦਿਆਂ ਸੁਣਿਆ ਗਿਆ।

ਫੋਨ ਕਰਨ ਵਾਲਾ ਇਹ ਦਾਅਵਾ ਕਰਦਾ ਹੈ ਕਿ ਅਸਾਮ ਦੀ ਜੇਲ੍ਹ ਵਿਚ ਸਿੱਖਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਉਸ ਨੇ ਸਰਮਾ ਨੂੰ ਉਨ੍ਹਾਂ ਨੂੰ ਇਥੋਂ ਰਿਹਾਅ ਕਰਨ ਲਈ ਕਿਹਾ। ਜ਼ਿਕਰਯੋਗ ਹੈ ਕਿ ਪੰਨੂ ਨੂੰ ਸਰਕਾਰ ਨੇ ਅਤਿਵਾਦੀ ਐਲਾਨਿਆ ਹੋਇਆ ਹੈ। ਡੀ.ਜੀ.ਪੀ. ਨੇ ਟਵੀਟ ਕੀਤਾ, 'ਵੱਖ-ਵੱਖ ਧਾਰਾਵਾਂ ਹੇਠ ਪੰਨੂ ਖ਼ਿਲਾਫ਼ ਐਸ.ਟੀ.ਐਫ. ਥਾਣੇ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਸੁਰੱਖਿਆ ਦੇ ਮੱਦੇਨਜ਼ਰ ਅਮਲੇ ਨੂੰ ਚੌਕਸ ਕੀਤਾ ਗਿਆ ਹੈ। ਇੰਜ ਹੀ ਕੇਂਦਰੀ ਏਜੰਸੀਆਂ ਦੇ ਧਿਆਨ ਵਿਚ ਵੀ ਲਿਆ ਦਿੱਤਾ ਹੈ। ਜ਼ਿਕਰਯੋਗ ਹੈ ਕਿ ਖ਼ਾਲਿਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਦੇ ਅੱਠ ਸਾਥੀਆਂ ਨੂੰ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿਚ ਰੱਖਿਆ ਹੋਇਆ ਹੈ। 19 ਮਾਰਚ ਤੋਂ ਜੇਲ੍ਹ ਵਿਚ ਉਚ ਪੱਧਰ ਦੀ ਸੁਰੱਖਿਆ ਵਿਵਸਥਾ ਕੀਤੀ ਗਈ ਹੈ।

# ਪੰਜਾਬ ਵਿਚ ਡਰ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ: ਢੀਂਡਸਾ

**ਪਾਤੜਾਂ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਇਥੇ ਕਿਹਾ ਕਿ ਮਾਨ ਸਰਕਾਰ ਨੇ ਲਾਰੈਂਸ ਬਿਸ਼ਨੋਈ ਦੀਆਂ ਜੇਲ੍ਹ 'ਚੋਂ ਜਾਰੀ ਹੋਈਆਂ ਵੀਡੀਓਜ਼ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੰਜਾਬ ਵਿਚ ਡਰ ਦਾ ਮਾਹੌਲ ਸਿਰਜਿਆ ਹੈ। ਸਰਕਾਰ ਵੱਲੋਂ ਵੱਡੀ ਗਿਣਤੀ ਨੌਜਵਾਨਾਂ ਨੂੰ ਹਿਰਾਸਤ ਕਰ ਕੇ ਪੰਜਾਬ ਨੂੰ ਮੁੜ '84 ਵੱਲੋਂ ਧੱਕਿਆ ਜਾ ਰਿਹਾ ਹੈ।

ਪਿੰਡ ਨਾਗਰੀ ਸਥਿਤ ਗੁਰਦੁਆਰਾ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਵਿਖੇ ਨਤਮਸਤਕ ਹੋਣ ਮਗਰੋਂ ਗੱਲਬਾਤ ਕਰਦਿਆਂ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਪੁਰਾਣੀਆਂ ਨੌਕਰੀਆਂ ਦੇ ਨਿਯੁਕਤੀ ਪੱਤਰ ਵੰਡ ਕੇ ਆਪਣੀ ਬੱਲੇ-ਬੱਲੇ ਕਰਵਾ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ 'ਚ ਅਮਨ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਥਾਂ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸਾਮ ਭੇਜੇ ਗਏ ਸਿੱਖ ਨੌਜਵਾਨਾਂ ਦਾ ਅਪਰਾਧਕ ਪਿਛੋਕੜ ਨਹੀਂ ਹੈ। ਅਜਿਹੇ ਵਿਚ ਉਨ੍ਹਾਂ 'ਤੇ ਐਨ.ਐਸ.ਏ. ਵਰਗੇ ਸਖ਼ਤ ਕਾਨੂੰਨ ਤਹਿਤ ਕਾਰਵਾਈ ਕਰਨਾ ਬਿਲਕੁਲ ਗਲਤ ਹੈ।

## ਸੂਬੇ 'ਚ ਕਾਨੂੰਨ ਵਿਵਸਥਾ ਹਾਸ਼ੀਏ 'ਤੇ ਆਈ: ਵੜਿੰਗ

**ਜਲਾਲਾਬਾਦ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਆਪ ਅਤੇ ਭਾਜਪਾ ਸੁਰੱਖਿਆ ਏਜੰਸੀਆਂ ਨਾਲ ਮਿਲ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀਆਂ ਹਨ। ਅਪਰਾਧਕ ਘਟਨਾਵਾਂ ਵਧ ਰਹੀਆਂ ਹਨ ਜਿਸ ਕਾਰਨ ਕਾਨੂੰਨ ਵਿਵਸਥਾ ਹਾਸ਼ੀਏ 'ਤੇ ਹੈ। ਕੇਂਦਰ ਦੀ ਭਾਜਪਾ ਸਰਕਾਰ ਰਾਹੁਲ ਗਾਂਧੀ ਦੀ ਸੰਸਦੀ ਮੈਂਬਰਸ਼ਿਪ ਖ਼ਤਮ ਕਰਨ ਤੋਂ ਬਾਅਦ ਹੁਣ ਭਾਰਤ ਵਿਚ ਚੋਣ ਪ੍ਰਣਾਲੀ ਨੂੰ ਖ਼ਤਮ ਕਰ ਕੇ ਲੋਕਤੰਤਰ ਦਾ ਘਾਣ ਕਰ ਕੇ ਮੁਲਕ ਨੂੰ ਚੀਨ ਅਤੇ ਕੋਰੀਆ ਵਰਗਾ ਮੁਲਕ ਬਣਾਉਣਾ ਚਾਹੁੰਦੀ ਹੈ।

## 'ਹਿੰਦੂ ਰਾਸ਼ਟਰ' ਦੀ ਗੱਲ ਹੋਣ 'ਤੇ ਹੀ ਖ਼ਾਲਿਸਤਾਨ ਦੀ ਮੰਗ ਉੱਠੀ: ਗਹਿਲੋਤ

**ਭਰਤਪੁਰ:** ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਦਾਅਵਾ ਕੀਤਾ ਕਿ ਭਾਜਪਾ ਤੇ ਆਰ.ਐਸ.ਐਸ. ਵੱਲੋਂ 'ਹਿੰਦੂ ਰਾਸ਼ਟਰ' ਦੀ ਲਗਾਤਾਰ ਗੱਲ ਕੀਤੇ ਜਾਣ ਕਾਰਨ ਹੀ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਨੇ ਖ਼ਾਲਿਸਤਾਨ ਦਾ ਮੁੱਦਾ ਚੁੱਕਣ ਦੀ ਹਿੰਮਤ ਕੀਤੀ ਹੈ। ਗਹਿਲੋਤ ਨੇ ਡਿਵੀਜ਼ਨ ਪੱਧਰ 'ਤੇ ਵਰਕਰਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ, 'ਪੰਜਾਬ ਵਿਚ ਨਵਾਂ ਨਾਮ ਉੱਭਰਿਆ ਹੈ ਅੰਮ੍ਰਿਤਪਾਲ। ਉਹ ਕਹਿੰਦਾ ਹੈ ਕਿ ਜੇ ਮੋਹਨ ਭਾਗਵਤ ਅਤੇ ਨਰਿੰਦਰ ਮੋਦੀ 'ਹਿੰਦੂ ਰਾਸ਼ਟਰ' ਬਾਰੇ ਗੱਲ ਕਰ ਸਕਦੇ ਹਨ ਤਾਂ ਕੀ ਉਸ ਨੂੰ ਖ਼ਾਲਿਸਤਾਨ ਬਾਰੇ ਗੱਲ ਨਹੀਂ ਕਰਨੀ ਚਾਹੀਦੀ ਹੈ? ਉਸ ਨੇ ਇਹ ਗੱਲ ਕਹਿਣ ਦਾ ਸਾਹਸ ਇਸ ਲਈ ਕੀਤਾ ਕਿਉਂਕਿ ਤੁਸੀਂ ਹਿੰਦੂ ਰਾਸ਼ਟਰ ਬਾਰੇ ਗੱਲ ਕਰਦੇ ਹੋ।

## ਡੋਵਾਲ ਵੱਲੋਂ ਬਰਤਾਨੀਆ ਨਾਲ ਖ਼ਾਲਿਸਤਾਨੀ ਸਰਗਰਮੀਆਂ ਬਾਰੇ ਚਰਚਾ

**ਨਵੀਂ ਦਿੱਲੀ:** ਕੌਮੀ ਸੁਰੱਖਿਆ ਸਲਾਹਕਾਰ (ਐਨ.ਐਸ.ਏ) ਅਜੀਤ ਡੋਵਾਲ ਨੇ ਬਰਤਾਨਵੀ ਹਮਰੁਤਬਾ ਟਿਮ ਬੈਰੋ ਨਾਲ ਖ਼ਾਲਿਸਤਾਨਵੀ ਸਰਗਰਮੀਆਂ ਬਾਰੇ ਚਰਚਾ ਕੀਤੀ। ਯੂ.ਕੇ. 'ਚ ਖ਼ਾਲਿਸਤਾਨੀ ਸਰਗਰਮੀਆਂ 'ਚ ਵਾਧੇ ਨੂੰ ਲੈ ਕੇ ਭਾਰਤ 19 ਮਾਰਚ ਨੂੰ ਬਰਤਾਨਵੀ ਸਫ਼ੀਰ ਨੂੰ ਸੰਮਨ ਕਰ ਚੁੱਕਾ ਹੈ। ਭਾਰਤ ਨੇ ਉਸ ਤੋਂ ਸਪਸ਼ਟੀਕਰਨ ਮੰਗਿਆ ਸੀ ਕਿ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿਚ ਵੱਖਵਾਦੀ ਕਿਵੇਂ ਦਾਖ਼ਲ ਹੋਏ ਅਤੇ ਉਸ ਮੌਕੇ ਬਰਤਾਨਵੀ ਸੁਰੱਖਿਆ ਕਰਮੀ ਉਥੇ ਮੌਜੂਦ ਕਿਉਂ ਨਹੀਂ ਸਨ?

ਮਿਲੀ ਜਾਣਕਾਰੀ ਅਨੁਸਾਰ ਸ੍ਰੀ ਅਜੀਤ ਡੋਵਾਲ ਨੇ ਸਪਸ਼ਟ ਕੀਤਾ ਹੈ ਕਿ ਕੁਝ ਸਮੇਂ ਤੋਂ ਯੂ.ਕੇ. ਅੰਦਰ ਖ਼ਾਲਿਸਤਾਨ ਨਾਲ ਸਬੰਧਿਤ ਸਰਗਰਮੀਆਂ ਵਧ ਰਹੀਆਂ ਹਨ, ਇਨ੍ਹਾਂ ਨੂੰ ਠੱਲ੍ਹਣ ਲਈ ਲੋੜੀਂਦੀ ਕਾਰਵਾਈ ਨਹੀਂ ਕੀਤੀ ਜਾ ਰਹੀ।

# ਮਾਨ ਸਰਕਾਰ ਨੂੰ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਮੁੱਦੇ 'ਤੇ ਘੇਰਿਆ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਇਕ ਨਿੱਜੀ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੇ ਸਬੰਧ ਵਿਚ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਦੇ ਦੱਸਣ ਮੁਤਾਬਕ ਕੇਂਦਰੀ ਸੁਰੱਖਿਆ ਬਲਾਂ ਦੀ ਸੂਬੇ ਅੰਦਰ ਤਾਇਨਾਤੀ ਦੀ ਮੰਗ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਗਈ ਸੀ। ਚੰਦੂਮਾਜਰਾ ਨੇ ਕਿਹਾ ਕਿ ਇਹ ਮੰਗ ਸੂਬੇ ਦੇ ਵਸਨੀਕਾਂ ਦੀ ਨਹੀਂ ਹੈ ਕਿਉਂਕਿ ਆਮ ਲੋਕ ਸਿਰਫ ਪੰਜਾਬ ਦੀ ਤਰੱਕੀ ਤੇ ਅਮਨ ਸ਼ਾਂਤੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਭਗਵੰਤ ਮਾਨ ਆਪਣੇ ਲੋਕਾਂ ਦੀ ਸਹੀ ਤਰਜਮਾਨੀ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕੇਂਦਰ ਅੱਗੇ ਡੈਮਾਂ ਲਈ ਪੰਜਾਬ ਦੀ ਸਥਾਈ ਮੈਂਬਰਸ਼ਿਪ ਦੀ ਮੰਗ ਕਰਨੀ ਚਾਹੀਦੀ ਸੀ। ਚੰਦੂਮਾਜਰਾ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਮੁੱਦਿਆਂ ਬਾਰੇ ਗੱਲ ਕਰਨ ਦੀ ਥਾਂ ਪੰਜਾਬ ਵਿਚ ਕੇਂਦਰੀ ਸੁਰੱਖਿਆ ਬਲ ਲਾ ਕੇ ਸੂਬੇ 'ਚ ਦਹਿਸ਼ਤ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬੇਮੌਸਮੇ ਮੀਂਹ ਪੈਣ ਕਾਰਨ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ ਦੇਣ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਬਿਲਕੁਲ ਵੀ ਸੁਹਿਰਦ ਦਿਖਾਈ ਨਹੀਂ ਦੇ ਰਹੇ ਕਿਉਂਕਿ ਵੱਡੇ ਵੱਡੇ ਦਾਅਵਿਆਂ ਦੇ ਬਾਵਜੂਦ ਖੇਤੀਬਾੜੀ ਤੇ ਰੈਵੇਨਿਊ ਵਿਭਾਗ ਵੱਲੋਂ ਬਣਾਈਆਂ ਗਈਆਂ ਟੀਮਾਂ ਦਾ ਕੰਮ ਹਾਲੇ ਤੱਕ ਪੂਰਾ ਨਹੀਂ ਹੋਇਆ ਹੈ।




## ਅੰਮ੍ਰਿਤਪਾਲ ਮਾਮਲੇ 'ਚ ਗ੍ਰਿਫ਼ਤਾਰ 348 ਸਿੱਖ ਨੌਜਵਾਨ ਰਿਹਾਅ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਸਕੱਤਰੇਤ ਅਨੁਸਾਰ ਪਿਛਲੇ ਦਿਨਾਂ ਦੌਰਾਨ ਪੁਲਿਸ ਵੱਲੋਂ ਧਾਰਾ 107 /151 ਤਹਿਤ ਗ੍ਰਿਫ਼ਤਾਰ ਕੀਤੇ ਗਏ 360 ਸਿੱਖ ਨੌਜਵਾਨਾਂ ਵਿਚੋਂ 348 ਨੌਜਵਾਨ ਰਿਹਾਅ ਕੀਤੇ ਜਾ ਚੁੱਕੇ ਹਨ। ਇਹ ਜਾਣਕਾਰੀ ਸਰਕਾਰ ਪੱਧਰ 'ਤੇ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਦਿੱਤੀ ਗਈ ਹੈ। ਜਦੋਂ ਕਿ ਕੌਮੀ ਸੁਰੱਖਿਆ ਐਕਟ ਅਤੇ ਹੋਰ ਧਰਾਵਾਂ ਹੇਠ ਗ੍ਰਿਫ਼ਤਾਰ ਨੌਜਵਾਨਾਂ ਦੀ ਰਿਹਾਈ ਬਾਰੇ ਅਕਾਲ ਤਖ਼ਤ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 24 ਘੰਟਿਆਂ ਵਿਚ ਬੇਕਸੂਰ ਨੌਜਵਾਨਾਂ ਨੂੰ ਰਿਹਾਅ ਕਰਨ ਲਈ ਦਿੱਤੇ ਗਏ ਅਲਟੀਮੇਟਮ ਸਮੇਂ ਕੌਮੀ ਸੁਰੱਖਿਆ ਐਕਟ ਨੂੰ ਹਟਾਉਣ ਲਈ ਵੀ ਆਖਿਆ ਗਿਆ ਸੀ।

# ਕੌਮਾਂਤਰੀ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਜਸਦੇਵ ਸਿੰਘ ਗੋਲਾ ਦੀ ਸੜਕ ਹਾਦਸੇ ਵਿਚ ਮੌਤ

**ਸਮਰਾਲਾ:** ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਸ. ਜਸਦੇਵ ਸਿੰਘ ਗੋਲਾ ਦੀ 10 ਮਾਰਚ ਦਿਨ ਸ਼ੁਕਰਵਾਰ ਨੂੰ ਸਮਰਾਲਾ ਨੇੜੇ ਪਵਾਤ ਪਿੰਡ ਦੇ ਨਹਿਰ ਪੁਲ 'ਤੇ ਵਾਪਰੇ ਸੜਕ ਹਾਦਸੇ ਵਿਚ ਮੌਤ ਹੋ ਗਈ। ਜਸਦੇਵ ਸਿੰਘ ਸਮਰਾਲਾ ਵਿਚ ਹੋਣ ਵਾਲੇ ਸਾਲਾਨਾ ਕਬੱਡੀ ਕੱਪ ਵਿਚ ਹਿੱਸਾ ਲੈਣ ਲਈ ਅਮਰੀਕਾ ਤੋਂ ਭਾਰਤ ਆਏ ਸਨ ਤੇ ਜਦੋਂ ਉਹ 10 ਮਾਰਚ ਦੀ ਰਾਤ ਨੂੰ ਆਪਣੀ ਕਾਰ ਵਿਚ ਪਿੰਡ ਝਾੜ ਜਾ ਰਹੇ ਸਨ ਤਾਂ ਕਾਰ ਅੱਗੇ ਅਚਾਨਕ ਅਵਾਰਾ ਪਸ਼ੂ ਆ ਗਿਆ, ਜਿਸ ਕਾਰਨ ਉਨ੍ਹਾਂ ਨੇ ਬਰੇਕ ਲਗਾ ਦਿੱਤੀ ਅਤੇ ਪਿੱਛੇ ਆ ਰਹੇ ਟਰੱਕ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਸ਼ੀਰੀ ਝਾੜ ਸਾਹਿਬ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ, ਜਿੱਥੇ ਸੈਂਕੜੇ ਕਬੱਡੀ ਪ੍ਰੇਮੀਆਂ ਨੇ ਉਨ੍ਹਾਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ।

ਸ. ਗੋਲਾ ਦੇ ਸਸਕਾਰ ਮੌਕੇ ਅਮਰੀਕਾ ਤੋਂ ਉਨ੍ਹਾਂ ਦੇ ਪਿਤਾ ਚਰਨਜੀਤ ਸਿੰਘ, ਪਤਨੀ ਹਰਜੀਤ ਕੌਰ, ਸਹੁਰਾ ਸੁੱਚਾ ਸਿੰਘ, ਪੁੱਤ ਯੁਗਰਾਜ ਸਿੰਘ, ਧੀ ਜੈਸਮੀਨ ਕੌਰ, ਗਿਆਨ ਪ੍ਰਕਾਸ਼ ਭਾਰਦਵਾਜ ਕਕਰਾਲਾ ਅਤੇ ਭਿੰਦਰ ਸਿੰਘ ਪੁੱਜੇ ਗੋਏ ਸਨ। ਉਨ੍ਹਾਂ ਦੇ ਪੁੱਤਰ ਯੁਗਰਾਜ ਸਿੰਘ ਨੇ ਉਨ੍ਹਾਂ ਦੀ ਚਿਤਾ ਨੂੰ ਅਗਨ ਭੇਟ ਕੀਤਾ।

ਸ. ਜਸਦੇਵ ਸਿੰਘ ਦੀ ਆਤਮਿਕ ਸ਼ਾਂਤੀ ਲਈ ਸਿਨਸਿਨੈਟੀ ਵਿਖੇ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ 8 ਅਪਰੈਲ, ਦਿਨ ਸ਼ਨਿਚਰਵਾਰ ਨੂੰ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ 4394/96 Tylersville Road, Hamilton, Ohio 45011, Cincinati ਵਿਖੇ ਦੁਪਹਿਰ 1 ਤੋਂ 3 ਵਜੇ ਤਕ ਪਵੇਗਾ।

ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਹੋਰ ਵਧੇਰੇ ਜਾਣਕਾਰੀ ਲਈ 419-790-9036, 937-205-




1418, 419-989-5159 ਜਾਂ 647-400-1290 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਵਿਚ ਖ਼ਰਾਬ ਮੌਸਮ ਕਾਰਨ ਹਜ਼ਾਰਾਂ ਉਡਾਣਾਂ ਰੱਦ, ਯਾਤਰੀਆਂ ਦੀਆਂ ਮੁਸ਼ਕਿਲਾਂ ਵਧੀਆਂ

**ਸੈਕਰਾਮੈਂਟੋ:** ਕੇਂਦਰੀ ਅਮਰੀਕਾ ਦੇ ਜ਼ਿਆਦਾਤਰ ਹਿੱਸੇ ਵਿਚ ਜ਼ਬਰਦਸਤ ਤੂਫ਼ਾਨ ਆਉਣ ਦੀ ਕੀਤੀ ਗਈ ਭਵਿੱਖਬਾਣੀ ਦੇ ਦਰਮਿਆਨ ਵੱਖ ਵੱਖ ਏਅਰਲਾਈਨਾਂ ਨੇ ਆਪਣੀਆਂ ਹਜ਼ਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਜਾਂ ਉਨ੍ਹਾਂ ਦੇ ਸਮੇਂ ਵਿਚ ਤਬਦੀਲੀ ਕਰ ਦਿੱਤੀ। ਉਡਾਣਾਂ ਰੱਦ ਹੋਣ ਕਾਰਨ ਯਾਤਰੀਆਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।

ਫਲਾਈਟ ਟਰੈਕਿੰਗ ਵੈੱਬਸਾਈਟ ਫਲਾਈਅਵੇਅਰ ਅਨੁਸਾਰ ਦੁਪਹਿਰ ਬਾਅਦ 1.30 ਵਜੇ ਤੱਕ 670 ਤੋਂ ਵੱਧ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਸਨ ਜਦਕਿ 2700 ਉਡਾਣਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ। ਡੈਲਟਾ ਏਅਰ ਲਾਈਨਜ਼ ਨੇ ਆਪਣੀਆਂ 303 ਭਾਵ 9% ਉਡਾਣਾਂ ਰੱਦ ਕਰ ਦਿੱਤੀਆਂ ਹਨ। ਜ਼ਿਆਦਾਤਰ ਮਾਮਲਿਆਂ ਵਿਚ ਰੱਦ ਹੋਈਆਂ ਉਡਾਣਾਂ ਦੇ ਯਾਤਰੀ ਆਪਣਾ ਪੂਰਾ ਪੈਸਾ ਵਾਪਿਸ ਲੈ ਸਕਦੇ ਹਨ ਜਾਂ ਨਵੇਂ ਸਿਰੇ ਤੋਂ ਬਦਲਵੀਂ ਤਰੀਕ 'ਤੇ ਆਪਣੀ ਸੀਟ ਬੁੱਕ ਕਰਵਾ ਸਕਦੇ ਹਨ।

# Matrimonials

## ਲੜਕੀ ਦੀ ਲੋੜ ਹੈ

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784. 14-17

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only. Please Contact us at: +15103968812

# ਸਿਨਸਿਨੈਟੀ ਦੇ ਉੱਘੇ ਕਾਰੋਬਾਰੀ ਬਲਵੀਰ ਸਿੰਘ (ਬਿੱਲੂ ਬਾਠ) ਦਾ ਦੇਹਾਂਤ

**ਸਿਨਸਿਨੈਟੀ:** ਇੱਥੋਂ ਦੇ ਵਸਨੀਕ ਬਲਵੀਰ ਸਿੰਘ (ਬਿੱਲੂ ਬਾਠ) ਦਾ ਪਿਛਲੇ ਹਫ਼ਤੇ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਹ ਆਪਣੇ ਪਿੱਛੇ ਹੱਸਦਾ ਵਸਦਾ ਪਰਿਵਾਰ ਪਤਨੀ ਜਸਵਿੰਦਰ ਕੌਰ, ਪੁੱਤਰ ਨਵਨੀਤ ਸਿੰਘ ਤੇ ਧੀ ਰਵਨੀਤ ਕੌਰ ਅਤੇ ਦੋਸਤਾਂ-ਮਿੱਤਰਾਂ ਨੂੰ ਛੱਡ ਗਏ ਹਨ।

ਸ. ਬਾਠ ਲਗਭਗ ਤਿੰਨ ਦਹਾਕੇ ਪਹਿਲਾਂ ਖੰਨਾ ਸਮਰਾਲਾ ਖੇਤਰ ਦੇ ਪਿੰਡ ਰਾਜੇਵਾਲ ਤੋਂ ਰੋਜ਼ੀ-ਰੋਟੀ ਦੀ ਭਾਲ ਵਿਚ ਅਮਰੀਕਾ ਆਏ ਸਨ। ਉਹ ਨਿਊਯਾਰਕ ਵਿਚ ਸੰਘਰਸ਼ ਕਰਨ ਮਗਰੋਂ ਹੁਣ 15-16 ਸਾਲਾਂ ਤੋਂ ਸਿਨਸਿਨੈਟੀ ਸ਼ਹਿਰ ਵਿਚ ਟਰੱਕਿੰਗ ਦਾ ਕਾਰੋਬਾਰ ਕਰ ਰਹੇ ਸਨ। ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਦੇ ਖੇਡ ਮੇਲਿਆਂ ਅਤੇ ਗੁਰੂ ਘਰ ਦੇ ਪ੍ਰੋਗਰਾਮਾਂ ਵਿਚ ਸ. ਬਾਠ ਮੂਹਰੇ ਹੋ ਕੇ ਸੇਵਾ ਨਿਭਾਉਂਦੇ ਸਨ। ਉਹ ਹੱਸਮੁਖ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ ਅਤੇ ਇਮਾਨਦਾਰ ਇਨਸਾਨ ਸਨ। ਉਨ੍ਹਾਂ ਦੇ ਦੇਹਾਂਤ ਨਾਲ ਪੂਰੇ ਭਾਈਚਾਰੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਦੇ ਇਕ ਸਰਗਰਮ ਮੈਂਬਰ ਨੇ ਬਿੱਲੂ ਬਾਠ ਦੇ ਦੇਹਾਂਤ 'ਤੇ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਇਸ ਦੁਖ ਦੀ ਘੜੀ ਵਿਚ ਬਾਠ ਪਰਿਵਾਰ ਦੇ ਨਾਲ ਹੈ ਅਤੇ ਅਗਾਂਹ ਵੀ ਪਰਿਵਾਰ ਨਾਲ ਹਮੇਸ਼ਾ ਖੜ੍ਹੀ ਰਹੇਗੀ । ਮਿਸ਼ੀਗਨ ਸੂਬੇ ਤੋਂ ਉਨ੍ਹਾਂ ਦਾ ਭਰਾ ਨਿਰਮਲ ਸਿੰਘ ਬਾਠ ਵੀ ਇਸ ਦੁਖ ਦੀ ਘੜੀ ਵਿਚ ਸ਼ਰੀਕ ਹੋਇਆ। 5 ਅਪਰੈਲ ਨੂੰ ਸ. ਬਾਠ ਦਾ ਸੰਸਕਾਰ



Avance Funeral Home 4976 Winton Rd, Fairfield, OH ਵਿਖੇ 11 ਤੋਂ 1 ਵਜੇ ਦਰਮਿਆਨ ਅਤੇ ਅੰਤਿਮ ਅਰਦਾਸ ਦੁਪਹਿਰ 1:30 ਵਜੇ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨੈਟੀ 4394 Tylersville Road, Hamiltton ਓਹਾਇਓ ਵਿਖੇ ਹੋਈ।

# ਅਨੀਤਾ ਸ਼ਬਦੀਸ਼ ਦੇ ਸੋਲੋ ਨਾਟਕ, ਦਿੱਲੀ ਰੋਡ 'ਤੇ ਇਕ ਹਾਦਸਾ ਦਾ ਸਫਲ ਮੰਚਨ

**ਬਰੈਂਪਟਨ:** 25 ਅਤੇ 26 ਮਾਰਚ ਨੂੰ ਬਰੈਂਪਟਨ ਵਿਚ ਦੋ ਪੰਜਾਬੀ ਨਾਟਕ, ਪਾਲੀ ਭੁਪਿੰਦਰ ਦਾ ਲਿਖਿਆ 'ਦਿੱਲੀ ਰੋਡ 'ਤੇ ਇਕ ਹਾਦਸਾ' ਅਤੇ ਦਵਿੰਦਰ ਦਮਨ ਦਾ ਲਿਖਿਆ 'ਛਿਪਣ ਤੋਂ ਪਹਿਲਾਂ' ਖੇਡੇ ਗਏ ਜਿਨ੍ਹਾਂ ਨੂੰ ਦੇਖਣ ਲਈ ਆਸ ਪਾਸ ਦੇ ਸੈਂਕੜੇ ਦਰਸ਼ਕ ਟਿਕਟਾਂ ਖਰੀਦ ਕੇ ਪੁੱਜੇ।

ਨਾਟਕ 'ਛਿਪਣ ਤੋਂ ਪਹਿਲਾਂ' ਵਿਚ ਸ਼ਹੀਦ ਭਗਤ ਸਿੰਘ ਦੇ ਜੀਵਨ ਦੇ ਅੰਤਲੇ ਦਿਨਾਂ ਦੀ ਦਿਲ ਟੁੰਬਵੀਂ ਤਸਵੀਰ ਪੇਸ਼ ਕੀਤੀ ਗਈ। ਇਸ ਵਿਚ ਕੁਝ ਦਿਨ ਦੂਰ ਖਲੋਤੀ ਦਿਸ ਰਹੀ ਮੌਤ ਦੇ ਬਾਵਜੂਦ ਭਗਤ ਸਿੰਘ ਵਲੋਂ ਦੇਸ਼ ਦੀ ਆਜ਼ਾਦੀ ਅਤੇ ਲੋਕ-ਹਿੱਤ ਲਈ ਕੀਤੇ ਸੰਘਰਸ਼ ਦਾ ਚਿਤਰਨ ਕੀਤਾ ਗਿਆ ਹੈ। ਜੇਲ੍ਹ ਦੇ ਸਫਾਈ ਕਰਮਚਾਰੀ, ਵਕੀਲ ਅਤੇ ਸੁਪਰਡੈਂਟ ਨਾਲ ਭਗਤ ਸਿੰਘ ਦੀ ਗੱਲਬਾਤ ਵਿਚੋਂ ਉਸ ਦਾ ਮਾਨਸਿਕ ਸੰਤੁਲਨ ਝਲਕਦਾ ਹੈ। ਇਸ ਨਾਟਕ ਨੂੰ ਸਥਾਨਕ ਨਾਟ ਮੰਡਲੀ ਨੇ ਰਿਹਰਸਲ ਲਈ ਸਮੇਂ ਦੀ ਘਾਟ ਦੇ ਬਾਵਜੂਦ ਖੂਬਸੂਰਤੀ ਨਾਲ ਬਰੈਂਪਟਨ ਦੇ ਪੀਅਰਸਨ ਥੀਏਟਰ ਵਿਚ ਪੇਸ਼ ਕੀਤਾ। ਇਸ ਨਾਟਕ ਦੀ ਪਹਿਲੀ ਕਿਤਾਬੀ ਐਡੀਸ਼ਨ ਲਈ ਮੁੱਖਬੰਦ ਦਵਿੰਦਰ ਦਮਨ ਹੋਰਾਂ ਦੇ ਕਹਿਣ 'ਤੇ ਮੈਂ ਲਿਖਿਆ ਸੀ।

ਬਰੈਂਪਟਨ ਦੇ ਹੀ ਸਾਇਰਲ ਕਲਾਰਕ ਥੀਏਟਰ ਵਿਚ ਇਕ ਦਿਨ ਪਹਿਲਾਂ ਹੀ, 25 ਮਾਰਚ ਨੂੰ ਪੰਜਾਬੀ ਦੇ ਮਸ਼ਹੂਰ ਪਟਕਥਾ ਲੇਖਕ ਅਤੇ ਨਿਰਦੇਸ਼ਕ, ਪਾਲੀ ਭੁਪਿੰਦਰ ਦਾ ਲਿਖਿਆ ਅਤੇ ਹਾਲ ਵਿਚ ਹੀ ਕੈਲਗਰੀ ਵਿਚ ਵੀ ਖੇਡਿਆ ਗਿਆ ਨਾਟਕ 'ਦਿੱਲੀ ਰੋਡ 'ਤੇ ਇਕ ਹਾਦਸਾ' ਅਭਿਨੇਤਰੀ ਅਤੇ ਨਿਰਦੇਸ਼ਕ, ਅਨੀਤਾ ਸ਼ਬਦੀਸ਼ ਨੇ ਬਹੁਤ ਨਿਪੁੰਨ ਅਦਾਕਾਰੀ ਨਾਲ ਦਰਸ਼ਕਾਂ ਦੇ ਭਰੇ ਹਾਲ ਵਿਚ ਖੇਡਿਆ।

ਇਸ ਸੋਲੋ ਨਾਟਕ ਦਾ ਆਯੋਜਨ ਇੱਥੋਂ ਦੀ ਸਿਰਕੱਢ ਗ਼ੈਰ-ਲਾਭਕਾਰੀ ਸੰਸਥਾ ਪੰਜਾਬੀ ਆਰਟ ਐਸੋਸੀਏਸ਼ਨ ਟੋਰਾਂਟੋ ਵਲੋਂ ਕੀਤਾ ਗਿਆ। ਬਰਜਿੰਦਰ ਲੇਲ੍ਹਣਾ, ਕੁਲਦੀਪ ਸਿੰਘ ਰੰਧਾਵਾ, ਹਰਮਿੰਦਰ ਗਰੇਵਾਲ, ਅਨੁਮੀਤ ਸੰਘਾ ਆਦਿ ਦੀ ਰਹਿਨੁਮਾਈ ਹੇਠ ਚੱਲ ਰਹੀ ਇਹ ਸੰਸਥਾ ਪੰਜਾਬੀ ਸਭਿਆਚਾਰ ਦੀ ਪ੍ਰਫੁੱਲਤਾ ਲਈ ਗਾਹੇ ਬਗਾਹੇ ਬਰੈਂਪਟਨ ਵਿਚ ਪੰਜਾਬੀ ਨਾਟਕ ਪ੍ਰਦਰਸ਼ਨੀਆਂ, ਨਾਟਕ ਵਰਕਸ਼ਾਪਾਂ ਅਤੇ ਕਵੀ ਦਰਬਾਰ ਕਰਦਵਾਉਂਦੀ ਰਹਿੰਦੀ ਹੈ।

ਮੈਨੂੰ ਯਾਦ ਹੈ ਕਿ ਪਾਲੀ ਭੁਪਿੰਦਰ ਦੇ ਕਈ ਨਾਟਕ ਪਹਿਲਾਂ ਵੀ ਬਰੈਂਪਟਨ ਅਤੇ ਕੈਨੇਡਾ ਦੇ ਕਈ ਹੋਰ ਸ਼ਹਿਰਾਂ ਵਿਚ ਖੇਡੇ ਜਾ ਚੁੱਕੇ ਹਨ। ਪਾਲੀ ਭੁਪਿੰਦਰ ਦੇ ਨਾਟਕ ਅਕਸਰ ਰਾਜਨੀਤਕ, ਸਮਾਜਿਕ, ਨੈਤਿਕ, ਰੁਮਾਂਚਿਕ ਅਤੇ ਭਾਵੁਕ ਚੇਤਨਾ ਨਾਲ ਲਬਰੇਜ਼ ਹੁੰਦੇ ਹਨ। 'ਚੌਸਰ' ਉਸ ਦਾ ਲੜੀਵਾਰ ਨਾਟ-



ਸੀਰੀਅਲ ਬਹੁਤ ਚਰਚਿਤ ਰਿਹਾ ਹੈ। 'ਦਿੱਲੀ ਰੋਡ 'ਤੇ ਇਕ ਹਾਦਸਾ' ਵੀ ਮੌਜੂਦਾ ਸਮਾਜ ਵਿਚ ਪਸਰੇ ਰਾਜਨੀਤਕ ਨਿਘਾਰ ਅਤੇ ਸਾਡੇ ਸਮਾਜ ਵਿਚ ਘਰ ਕਰ ਚੁੱਕੀ ਲਿੰਗ-ਪੱਖਪਾਤ ਦੀ ਸਮੱਸਿਆ ਨੂੰ ਪੇਸ਼ ਕਰਦਾ ਹੈ।

ਕੁਲ ਮਿਲਾ ਕੇ ਇਸ ਸੋਲੋ ਨਾਟਕ ਵਿਚ ਪੰਜ ਇਸਤਰੀ ਪਾਤਰ ਹਨ ਅਤੇ ਪੰਜਵਾਂ ਨਿਰਜੀਵ ਪਾਤਰ ਹੋਣੀ ਦਾ ਹੈ। ਮੁੱਖ ਪਾਤਰ ਉੱਚ ਘਰਾਣੇ ਵਿਚ ਵਿਆਹੀ ਅਤੇ ਹਰ ਹੀਲੇ ਵੋਟਾਂ ਬਟੋਰਨ ਦੇ ਮਾਹੌਲ ਨੂੰ ਘਿਰਣਾ ਨਾਲ ਵੇਖਦੀ ਨਵ-ਵਿਆਹੀ ਸੀਮਾ ਨਾਂ ਦੀ ਕੁੜੀ ਹੈ। ਉਸ ਦੀ ਸੱਸ ਮਹਾਰਾਣੀ ਰਜਵਾੜਾ ਘਰਾਣੇ 'ਚੋਂ ਹੈ ਜਿਹੜੀ ਆਪਣੀ ਨੂੰਹ ਨਾਲ ਨਫਰਤ ਕਰਦੀ ਹੈ ਕਿ ਉਹ ਅਸੈਂਬਲੀ ਚੋਣਾਂ ਵਿਚ ਖਲੋਤੇ ਉਮੀਦਵਾਰ ਪੁੱਤਰ, ਪ੍ਰਤਾਪ, ਦੇ ਵੋਟ ਬੈਂਕ ਨੂੰ ਆਪਣੇ ਪ੍ਰਗਤੀਸ਼ੀਲ ਵਿਚਾਰਾਂ ਕਾਰਨ ਢਾਅ ਲਾ ਸਕਦੀ ਹੈ। ਤੀਸਰੀ ਪਾਤਰ ਉਸ ਘਰ ਦੀ ਨੌਕਰਾਣੀ, ਦਵਾਰਕੀ ਹੈ, ਜਿਸ ਦਾ ਪਤੀ ਉਸ ਨੂੰ ਜਬਰ-ਜਨਾਹ ਦਾ ਸ਼ਿਕਾਰ ਹੋਣ ਕਾਰਨ ਨਫਰਤ ਕਰਨ ਲੱਗ ਜਾਂਦਾ ਹੈ। ਕੁਝ ਚਿਰ ਬਾਅਦ ਵਿਰੋਧੀ ਗ੍ਰੁਹ ਦੇ ਬੰਦਾ ਦਾਨਾ ਆਪਣੀ ਖਾਨਦਾਨੀ ਖੁੰਦਕ ਕਾਰਨ ਸੀਮਾ ਨੂੰ ਅਗਵਾ ਕਰ ਲੈਂਦਾ ਹੈ ਭਾਵੇਂ ਬਾਅਦ ਵਿਚ ਬਗੈਰ ਕੁਝ ਗਲਤ ਕੀਤਿਆਂ ਛੱਡ ਵੀ ਦਿੰਦਾ ਹੈ। ਪਰ ਸੀਮਾ ਨੂੰ ਸ਼ੱਕ



ਅਤੇ ਫੋਕੀ ਇੱਜ਼ਤ ਕਾਰਨ ਆਪਣੇ ਪਤੀ ਦੇ ਪਹਿਲੀ ਤਰ੍ਹਾਂ ਮਿਲ ਮਿਲ ਰਹੇ ਪਿਆਰ ਤੋਂ ਹੱਥ ਧੋਣੇ ਪੈਂਦੇ ਹਨ। ਸੋ ਇਹ ਇਸਤਰੀ ਦੇ ਸ਼ੋਸ਼ਣ ਦਾ ਇਕ ਹੋਰ ਪਹਿਲੂ ਹੈ ਜਿਹੜਾ ਪੇਸ਼ ਕੀਤਾ ਗਿਆ। ਰਾਜਸੀ ਸਾਜ਼ਿਸ਼ਾਂ ਨਾਲ ਭਰੇ ਮਾਹੌਲ ਵਿਚ ਮਹਾਰਾਣੀ ਦੇ ਪੁੱਤਰ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਸੀਮਾ ਅਤੇ ਨੌਕਰਾਣੀ ਦਵਾਰਕੀ ਦੇ ਡਾਇਲੌਗ ਵਿਚ ਨਾਟਕਕਾਰ ਭਾਰਤੀ ਮਿਥਿਹਾਸ ਵਿਚਲੇ ਬ੍ਰਹਮਾ ਦੇ ਅਵਤਾਰ ਇੰਦਰ ਦਾ ਅਹਿੱਲਿਆ ਦੇ ਪਤੀ ਦੇ ਭੇਸ ਵਿਚ ਬਲਾਤਕਾਰ ਕਰਨ ਉਪਰੰਤ ਉਸ ਦੇ ਪਤੀ ਦਾ ਆਪਣੀ ਪਤਨੀ ਅਹਿੱਲਿਆ ਨੂੰ ਪੱਥਰ ਬਣ ਜਾਣ ਦਾ ਸਰਾਪ ਦੇਣਾ ਇਸਤਰੀ ਪ੍ਰਤੀ ਭਾਰਤੀ ਮਿਥਿਹਾਸ ਵਿਚ ਪੱਖਪਾਤ ਦੀ ਰਵਾਇਤ ਦੇ ਪ੍ਰਚਲਨ ਦਾ ਸਵਾਲ ਦੁਹਰਾਉਂਦਾ ਹੈ ਕਿ ਕਿਵੇਂ ਭਾਰਤ ਵਿਚ ਔਰਤ ਮੁੱਢ ਕਦੀਮ ਤੋਂ ਹੀ ਪਿੱਤਰਸੱਤਾ ਦੀ ਸ਼ਿਕਾਰ ਰਹੀ ਹੈ। ਇਹ ਨਾਟਕ ਪੁਰਸ਼ ਦੇ ਔਰਤ ਨਾਲ ਹੋ ਰਹੇ ਜਨਮਜਾਤੀ ਧਰੋਹ ਅਤੇ ਦਮਨ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰ ਕੇ ਸਾਡੀ ਕਲਪਨਾ ਨੂੰ ਝੰਜੋੜਦਾ ਹੈ।

ਅਨੀਤਾ ਸ਼ਬਦੀਸ਼ ਜਿਸ ਨੇ ਇਸ ਨਾਟਕ ਦੇ ਪੰਜ ਇਸਤਰੀ ਪਾਤਰਾਂ ਦਾ ਸ਼ਾਨਦਾਰ ਅਭਿਨਯ ਪੇਸ਼ ਕੀਤਾ ਹੈ, ਪੰਜਾਬੀ ਰੰਗਮੰਚ ਦੀ ਬਹੁਤ ਹੋਣਹਾਰ ਨਿਰਦੇਸ਼ਿਕਾ ਅਤੇ ਅਭਿਨੇਤਰੀ ਹੈ। ਉਸਨੇ 19 ਸਾਲ ਦੀ ਉਮਰ ਵਿਚ ਪਹਿਲੀ ਵਾਰ ਆਤਮਜੀਤ ਦੇ ਨਾਟਕ, 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਵਿਚ ਆਪਣੀ ਅਦਾਕਾਰੀ ਦਾ ਜੌਹਰ ਵਿਖਾਇਆ। ਫਿਰ ਤਾਂ ਚੱਲ ਸੋ ਚੱਲ। ਸੰਨ 1993 ਵਿਚ ਉਹ ਗੁਰਸ਼ਰਨ ਭਾਅ ਜੀ ਦੀ ਥੀਏਟਰ ਲਹਿਰ ਨਾਲ ਜੁੜ ਗਈ ਅਤੇ ਉਨ੍ਹਾਂ ਦੇ ਬਹੁਤ ਸਾਰੇ ਨਾਟਕਾਂ ਵਿਚ ਹਿੱਸਾ ਲਿਆ। ਪੰਜ ਸਾਲ ਬਾਅਦ ਅਨੀਤਾ ਨੇ 'ਸੁਚੇਤਕ ਰੰਗਮੰਚ' ਨਾਮ ਵਾਲਾ ਆਪਣਾ ਵੱਖਰਾ ਥੀਏਟਰ ਗਰੁੱਪ ਬਣਾ ਲਿਆ। ਉਹ ਹੁਣ ਤੀਕ ਲਗਭਗ ਚਾਲੀ ਨਾਟਕਾਂ ਦਾ ਨਿਰਦੇਸ਼ਨ ਕਰ ਚੁੱਕੀ ਹੈ ਅਤੇ ਨਾਟਕਾਂ ਵਿਚ ਆਪਣੇ ਅਭਿਨਯ ਦਾ ਡੰਕਾ ਵਜਾ ਚੁੱਕੀ ਹੈ। ਬਹੁਤ ਸਾਰੀਆਂ ਪੰਜਾਬੀ ਅਤੇ ਹਿੰਦੀ ਫਿਲਮਾਂ ਵਿਚ ਵੀ ਉਸ ਦੀ ਭੂਮਿਕਾ ਸਲਾਹੁਣਯੋਗ ਰਹੀ ਹੈ ਜਿਨ੍ਹਾਂ ਵਿਚ 'ਉੜਤਾ ਪੰਜਾਬ' ਅਤੇ 'ਭਗਤ ਸਿੰਘ ਏ ਸੰਨ ਆਫ ਸੋਇਲ' ਪ੍ਰਮੁੱਖ ਹਨ। ਇਸੇ ਸਾਲ ਉਸ ਦੀ ਫਿਲਮ 'ਜੀ ਵਾਈਫ ਜੀ' ਵੀ ਆ ਰਹੀ ਹੈ।

'ਦਿੱਲੀ ਰੋਡ 'ਤੇ ਇਕ ਹਾਦਸਾ' ਵਿਚ ਪੰਜ ਇਸਤਰੀ ਪਾਤਰਾਂ ਦੀ ਭੂਮਿਕਾ ਇਕੱਲੀ ਅਨੀਤਾ ਸ਼ਬਦੀਸ਼ ਨੇ ਜਿਸ ਖੂਬੀ ਨਾਲ ਨਿਭਾਈ ਹੈ ਉਸ ਦੀ ਘੱਟ ਹੀ ਮਿਸਾਲ ਮਿਲਦੀ ਹੈ। ਇਸ ਨਾਟਕ ਦੀ ਪੇਸ਼ਕਾਰੀ ਵਿਚ ਸਥਾਨਕ ਪ੍ਰਬੰਧਕਾਂ ਅਤੇ ਰੰਗਕਰਮੀਆਂ ਬਲਜਿੰਦਰ ਲੇਲ੍ਹਣਾ, ਕੁਲਦੀਪ ਰੰਧਾਵਾ, ਰਾਜ ਕਾਕੜਾ ਅਤੇ ਸੈਂਡੀ ਸੰਦੀਪ ਤੋਂ ਇਲਾਵਾ ਜਗਜੀਤ ਕੌਰ, ਹਰਮਿੰਦਰ ਕੌਰ, ਅਰਸ਼ਦੀਪ ਕੌਰ, ਹਨੀਦੀਪ ਸਿੰਘ, ਜਗਵਿੰਦਰ ਜੱਜ, ਸਰਬਜੀਤ ਸਿੰਘ ਅਰੋੜਾ, ਵਿਲੀਅਮ ਬਸਰਾ, ਸੁੱਖਮਨ ਕੌਰ, ਲਵ ਧਵਨ, ਕਿਰਨਦੀਪ ਕੌਰ, ਹਰਨੂਰ ਕੌਰ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ ਹਨ।

***-ਗੁਰਦੇਵ ਚੌਹਾਨ***
***ਫੋਨ 1-647-866-2630***

# ਜੇਲ੍ਹੋਂ ਬਾਹਰ ਆਉਂਦੇ ਹੀ ਕੇਂਦਰ ਤੇ ਪੰਜਾਬ ਦੀਆਂ ਹਕੂਮਤਾਂ 'ਤੇ ਵਰ੍ਹੇ ਨਵਜੋਤ ਸਿੱਧੂ

**ਪਟਿਆਲਾ:** ਤਕਰੀਬਨ ਸਾਢੇ 10 ਮਹੀਨਿਆਂ ਬਾਅਦ ਜੇਲ੍ਹ 'ਚੋਂ ਰਿਹਾਅ ਹੁੰਦੇ ਸਾਰ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ 'ਚ ਕੇਂਦਰ ਅਤੇ ਪੰਜਾਬ ਦੀਆਂ ਹਕੂਮਤਾਂ ਨੂੰ ਵੱਖ ਵੱਖ ਮੁੱਦਿਆਂ 'ਤੇ ਘੇਰਿਆ। ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਉਨ੍ਹਾਂ ਕਿਹਾ ਕਿ ਸੂਬੇ 'ਚ ਰਾਸ਼ਟਰਪਤੀ ਰਾਜ ਲਾਉਣ ਦੀ ਸਾਜ਼ਿਸ਼ ਘੜੀ ਜਾ ਰਹੀ ਹੈ।


ਉਧਰ, ਉਨ੍ਹਾਂ ਨੂੰ ਮਿਲੀ ਜੈੱਡ ਪਲੱਸ ਸੁਰੱਖਿਆ ਘਟਾ ਕੇ ਵਾਈ ਕਰ ਦਿੱਤਾ ਗਿਆ ਹੈ। ਛੋਟਾ ਭਰਾ ਕਹਿ ਕੇ ਸੰਬੋਧਨ ਹੁੰਦਿਆਂ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ,''ਮੈਂ ਛੋਟੇ ਭਾਈ ਭਗਵੰਤ ਮਾਨ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੱਤਾ ਤੋਂ ਪਹਿਲਾਂ ਉਸ ਨੇ ਬੜੇ ਚੁਟਕਲੇ ਸੁਣਾ ਕੇ ਅਤੇ ਝੂਠ ਵੇਚ ਕੇ ਲੋਕਾਂ ਨੂੰ ਮੂਰਖ ਬਣਾਇਆ ਸੀ। ਪਰ ਅੱਜ ਉਹ ਖੁਦ ਅਖ਼ਬਾਰੀ ਮੁੱਖ ਮੰਤਰੀ ਬਣ ਕੇ ਰਹਿ ਗਏ ਹਨ। ਜਿਹੜਾ ਕਰਜ਼ਾ 18 ਹਜ਼ਾਰ ਕਰੋੜ ਸੀ, ਉਹ ਹੁਣ ਵਧ ਕੇ 25 ਹਜ਼ਾਰ ਕਰੋੜ ਹੋ ਗਿਆ ਹੈ ਜਿਸ 'ਚ ਹੋਰ ਵੀ ਇਜ਼ਾਫਾ ਹੋਵੇਗਾ।''

ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਅੱਜ ਲੋਕਤੰਤਰ ਬੇੜੀਆਂ 'ਚ ਬੰਨ੍ਹਿਆ ਹੋਇਆ ਹੈ। ਜਦੋਂ ਵੀ ਦੇਸ਼ 'ਚ ਤਾਨਾਸ਼ਾਹੀ ਆਈ, ਤਾਂ ਕ੍ਰਾਂਤੀ ਵੀ ਆਈ ਹੈ ਤੇ ਇਸ ਕ੍ਰਾਂਤੀ ਦਾ ਨਾਮ ਰਾਹੁਲ ਗਾਂਧੀ ਹੈ, ਜੋ ਇਸ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗਾ। ਉਨ੍ਹਾਂ ਪ੍ਰਿਅੰਕਾ ਅਤੇ ਰਾਹੁਲ ਗਾਂਧੀ ਸਮੇਤ ਕਾਂਗਰਸੀ ਵਰਕਰਾਂ ਨਾਲ ਚੱਟਾਨ ਵਾਂਗ ਖੜ੍ਹੇ ਰਹਿਣ ਦਾ ਐਲਾਨ ਵੀ ਕੀਤਾ। ਇਸ ਤੋਂ ਪਹਿਲਾਂ ਰੋਡ ਰੇਜ ਦੇ ਸਾਢੇ ਤਿੰਨ ਦਹਾਕੇ ਪੁਰਾਣੇ ਮਾਮਲੇ 'ਚ ਇਕ ਸਾਲ ਦੀ ਸਜ਼ਾ ਪੂਰੀ ਕਰਨ ਮਗਰੋਂ ਸਿੱਧੂ ਨੂੰ ਪਟਿਆਲਾ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਸਵੇਰ ਤੋਂ ਜੇਲ੍ਹ ਦੇ ਬਾਹਰ ਖੜ੍ਹੇ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕਾਂ ਅਤੇ ਆਗੂਆਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਇਸ ਮਗਰੋਂ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋਣ ਉਪਰੰਤ ਉਹ ਇਥੋਂ ਦੀ ਯਾਦਵਿੰਦਰਾ ਕਾਲੋਨੀ ਸਥਿਤ ਆਪਣੀ ਰਿਹਾਇਸ਼ 'ਤੇ ਪਹੁੰਚੇ।

ਸਿੱਧੂ ਨੇ ਕਿਹਾ ਕਿ ਬੀ.ਐਸ.ਐਫ. ਦੀ ਤਾਇਨਾਤੀ ਦੇ ਮੁੱਦੇ ਉਤੇ ਚਰਨਜੀਤ ਸਿੰਘ ਚੰਨੀ ਨੂੰ ਭੰਡਣ ਵਾਲੇ ਭਗਵੰਤ ਮਾਨ ਦੀ ਸਰਕਾਰ 'ਚ ਹੁਣ ਸਾਰੇ ਬਾਰਡਰਾਂ 'ਤੇ ਬੀ.ਐਸ.ਐਫ. ਖੜ੍ਹੀ ਹੈ ਅਤੇ ਉਹ ਕੁਝ ਵੀ ਨਹੀਂ ਬੋਲ ਰਹੇ ਹਨ। ਜੇਲ੍ਹ 'ਚੋਂ ਦੇਰੀ ਨਾਲ ਛੱਡਣ ਦੇ ਮੁੱਦੇ 'ਤੇ ਉਨ੍ਹਾਂ ਭਗਵੰਤ ਮਾਨ ਨੂੰ ਕਿਹਾ,''ਮੈਨੂੰ ਪੌਣੇ ਬਾਰ੍ਹਾਂ ਵਜੇ ਰਿਹਾਅ ਕਰਨ ਦੀ ਗੱਲ ਆਖ ਕੇ ਛੇ ਵਜੇ ਛੱਡ ਕੇ ਬਹੁਤ ਛੋਟੀ ਗੱਲ ਕੀਤੀ ਹੈ। ਪਰ ਤੂੰ ਮੇਰਾ ਛੋਟਾ ਭਰਾ ਹੈਂ ਅਤੇ ਭਰਾ ਹੀ ਰਹੇਂਗਾ।'' ਵਾਅਦੇ ਪੂਰੇ ਨਾ ਕਰਨ ਦੇ ਦੋਸ਼ ਲਾਉਂਦਿਆਂ ਸਿੱਧੂ ਨੇ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਰੇਤੇ ਦਾ ਰੇਟ 3700 ਰੁਪਏ ਸੀ ਜੋ ਅੱਜ 12 ਹਜ਼ਾਰ ਰੁਪਏ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਐਕਸਾਈਜ਼ ਪਾਲਿਸੀ ਵੀ ਫੇਲ੍ਹ ਹੋ ਗਈ ਹੈ ਅਤੇ ਮੁਲਾਜ਼ਮ ਪੱਕੇ ਕਰਨ ਤੇ ਇਕ ਲੱਖ ਨੌਕਰੀਆਂ ਦੇਣ ਦੇ ਵਾਅਦੇ ਵੀ ਅਧੂਰੇ ਹਨ। ਸ਼ਕਤੀਆਂ ਦੇ ਕੇਂਦਰੀਕਰਨ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਕ-ਇਕ ਬੰਦੇ ਕੋਲ 30-30 ਵਜ਼ੀਰੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਫੜਿਆ ਜਾਵੇ ਤਾਂ ਉਸ ਕੋਲੋਂ ਰਿਕਵਰੀ ਵੀ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਲੋਕਤੰਤਰ ਨਾਮ ਦੀ ਕੋਈ ਚੀਜ਼ ਨਹੀਂ ਰਹਿ ਗਈ ਹੈ। 'ਪੰਜਾਬ ਇਸ ਦੇਸ਼ ਦੀ ਢਾਲ ਹੈ ਅਤੇ ਇਹ ਢਾਲ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਬੇ 'ਚ ਰਾਸ਼ਟਰਪਤੀ ਰਾਜ ਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।' ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕਮਜ਼ੋਰ ਕਰਕੇ ਕੋਈ ਵੀ ਸਰਕਾਰ ਤਕੜੀ ਨਹੀਂ ਹੋ ਸਕਦੀ ਹੈ।

ਜੇਲ੍ਹ 'ਚ ਨਵਜੋਤ ਸਿੱਧੂ ਦਾ ਤਕਰੀਬਨ 40 ਕਿਲੋ ਭਾਰ ਘੱਟ ਗਿਆ ਹੈ। ਜੇਲ੍ਹ ਜਾਣ ਸਮੇਂ ਉਨ੍ਹਾਂ ਦਾ ਵਜ਼ਨ 135 ਕਿਲੋ ਸੀ ਜਦਕਿ ਹੁਣ ਕਰੀਬ 97 ਕਿਲੋ ਰਹਿ ਗਿਆ ਹੈ। ਉਹ ਜੇਲ੍ਹ 'ਚ ਕਸਰਤ ਕਰਦੇ ਸਨ। ਜੇਲ੍ਹ 'ਚ ਉਨ੍ਹਾਂ ਨੂੰ ਲਿਖਤ-ਪੜ੍ਹਤ ਦਾ ਕੰਮ ਲਿਆ ਜਾਂਦਾ ਸੀ।

ਨਵਜੋਤ ਸਿੰਘ ਸਿੱਧੂ ਲਈ ਸਜ਼ਾ ਦਾ ਆਧਾਰ ਬਣੀ ਘਟਨਾ 27 ਦਸੰਬਰ 1988 ਨੂੰ ਪਟਿਆਲਾ ਦੇ ਸ਼ੇਰਾਂਵਾਲਾ ਗੇਟ ਨੇੜੇ ਵਾਪਰੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਕਾਰ ਪਾਰਕਿੰਗ ਦੇ ਮਾਮਲੇ 'ਚ ਹੋਏ ਕਥਿਤ ਝਗੜੇ ਦੌਰਾਨ ਗੁਰਨਾਮ ਸਿੰਘ (65) ਦੀ ਮੌਤ ਹੋ ਗਈ ਸੀ ਤੇ ਇਸ ਸਬੰਧੀ ਨਵਜੋਤ ਸਿੱਧੂ ਤੇ ਉਨ੍ਹਾਂ ਦੇ ਇੱਕ ਸਾਥੀ ਖਿਲਾਫ਼ ਥਾਣਾ ਕੋਤਵਾਲੀ ਪਟਿਆਲਾ ਵਿਚ ਗੈਰ-ਇਰਾਦਤਨ ਕਤਲ ਦਾ ਕੇਸ ਦਰਜ ਹੋਇਆ ਸੀ।



## ਕਾਂਗਰਸੀ ਵਰਕਰਾਂ ਤੇ ਆਗੂਆਂ ਵੱਲੋਂ ਸਿੱਧੂ ਦਾ ਭਰਵਾਂ ਸਵਾਗਤ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਪਟਿਆਲਾ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ ਹੈ। ਇਸ ਮੌਕੇ ਕਾਂਗਰਸੀ ਵਰਕਰਾਂ ਤੇ ਆਗੂਆਂ ਨੇ ਜੇਲ੍ਹ ਦੇ ਬਾਹਰ ਨਵਜੋਤ ਸਿੱਧੂ ਦਾ ਭਰਵਾਂ ਸਵਾਗਤ ਕੀਤਾ। ਢੋਲ ਦੇ ਡੱਗੇ 'ਤੇ ਭੰਗੜੇ ਵੀ ਪਾਏ ਗਏ ਅਤੇ ਥਾਂ-ਥਾਂ ਸਵਾਗਤੀ ਬੋਰਡ ਵੀ ਲਾਏ ਗਏ ਸਨ। ਇਥੋਂ ਇਕ ਕਾਫਲੇ ਦੇ ਰੂਪ 'ਚ ਉਨ੍ਹਾਂ ਨੂੰ ਘਰ ਤੱਕ ਛੱਡਿਆ ਗਿਆ। ਰਿਹਾਈ ਭਾਵੇਂ ਛੇ ਵਜੇ ਦੇ ਕਰੀਬ ਹੋਈ, ਪਰ ਵਰਕਰ ਸਵੇਰੇ ਦਸ ਵਜੇ ਹੀ ਜੇਲ੍ਹ ਦੇ ਬਾਹਰ ਪੁੱਜਣੇ ਸ਼ੁਰੂ ਹੋ ਗਏ ਸਨ ਕਿਉਂਕਿ ਪਹਿਲਾਂ ਪੌਣੇ ਬਾਰ੍ਹਾਂ ਵਜੇ ਸਿੱਧੂ ਨੂੰ ਛੱਡਣ ਦੀ ਗੱਲ ਆਖੀ ਗਈ ਸੀ।

## ਪੰਜਾਬ ਦੇ ਨੌਜਵਾਨਾਂ ਨੂੰ ਬੰਦੂਕ ਦੀ ਨਹੀਂ, ਕਲਮ ਦੀ ਲੋੜ ਹੈ: ਬਾਜਵਾ



**ਜਲੰਧਰ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਥੇ 'ਸੰਵਿਧਾਨ ਬਚਾਓ' ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਕਿਹਾ ਕਿ 'ਸੰਵਿਧਾਨ ਬਚਾਓ' ਮੁਹਿੰਮ ਤਹਿਤ ਲੋਕਾਂ ਨੂੰ ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਸੂਬਾ ਤੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਚੰਗੇ ਭਵਿੱਖ ਲਈ ਬੰਦੂਕ ਦੀ ਨਹੀਂ, ਕਲਮ ਦੀ ਲੋੜ ਹੈ ਤੇ ਕੇਂਦਰੀ ਤੇ ਰਾਜ ਦੀਆਂ ਏਜੰਸੀਆਂ ਪੰਜਾਬ ਦੇ ਚੰਗੇ ਮਾਹੌਲ ਨੂੰ ਖਰਾਬ ਕਰਨ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੇ ਹਨ। ਸ੍ਰੀ ਬਾਜਵਾ ਨੇ ਕਿਹਾ ਕਿ ਅੰਮ੍ਰਿਤਪਾਲ ਨੂੰ ਉਸ ਦੇ ਘਰ 'ਚੋਂ ਕਾਬੂ ਕਰਨ ਦੀ ਥਾਂ ਸ਼ਾਹਕੋਟ ਤੋਂ ਫੜਨ ਦੀ ਕੋਸ਼ਿਸ਼ ਆਖਰ ਕਿਉਂ ਕੀਤੀ ਗਈ। ਉਨ੍ਹਾਂ ਕਿਹਾ ਕਿ ਮਾਨਸਾ 'ਚ ਗੈਂਗਸਟਰ ਫਰਾਰ ਹੋਣ ਮਗਰੋਂ ਸਥਾਨਕ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਸੀ, ਪਰ ਹੁਣ ਭਗਵੰਤ ਮਾਨ ਦੱਸਣ ਕਿ ਅੰਮ੍ਰਿਤਪਾਲ ਨੂੰ ਕਾਬੂ ਨਾ ਕਰ ਸਕਣ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ ਗਈ।

# ਸਟੇਟ ਤੇ ਨੈਸ਼ਨਲ ਐਵਾਰਡੀ ਅਧਿਆਪਕਾਂ ਦੇ ਸੇਵਾਕਾਲ ਵਿਚ ਹੋਵੇਗਾ ਵਾਧਾ




**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਟੇਟ ਐਵਾਰਡੀ ਅਧਿਆਪਕਾਂ ਦੇ ਸੇਵਾਕਾਲ 'ਚ ਇਕ ਸਾਲ ਤੇ ਨੈਸ਼ਨਲ ਐਵਾਰਡੀ ਅਧਿਆਪਕ ਦੇ ਸੇਵਾਕਾਲ ਵਿਚ ਦੋ ਸਾਲ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੱਤਰ ਜਾਰੀ ਕਰ ਦਿੱਤਾ ਹੈ।

ਸ੍ਰੀ ਬੈਂਸ ਨੇ ਕਿਹਾ ਕਿ ਇਹ ਹੁਕਮ 31 ਮਾਰਚ 2023 ਤੋਂ ਲਾਗੂ ਹੋਣਗੇ। ਉਨ੍ਹਾਂ ਕਿਹਾ ਕਿ ਸਟੇਟ ਅਤੇ ਨੈਸ਼ਨਲ ਐਵਾਰਡੀ ਅਧਿਆਪਕਾਂ ਨੂੰ ਸੇਵਾਕਾਲ 'ਚ ਵਾਧਾ ਕਰ ਕੇ ਸਨਮਾਨਿਤ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਸਾਰੇ ਸਟੇਟ ਐਵਾਰਡ ਅਤੇ ਨੈਸ਼ਨਲ ਐਵਾਰਡ ਪ੍ਰਾਪਤ ਅਧਿਆਪਕਾਂ ਦੇ ਸੇਵਾਕਾਲ 'ਚ ਬਣਦਾ ਇਕ ਤੇ ਦੋ ਸਾਲ ਦਾ ਵਾਧਾ ਉਨ੍ਹਾਂ ਦੇ ਸਰਵਿਸ ਰਿਕਾਰਡ ਨੂੰ ਘੋਖਣ ਮਗਰੋਂ ਕੀਤਾ ਜਾਵੇਗਾ। ਇਸੇ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਬੇ ਦੇ ਨਿੱਜੀ ਸਕੂਲਾਂ ਵੱਲੋਂ ਕਿਤਾਬ ਤੇ ਫੰਡਾਂ ਦੇ ਨਾਮ 'ਤੇ ਕੀਤੀ ਜਾਂਦੀ ਲੁੱਟ ਰੋਕਣ ਲਈ 'ਸਿੱਖਿਆ ਮੰਤਰੀ ਟਾਸਕ ਫੋਰਸ' ਕਾਇਮ ਕੀਤੀ ਹੈ। ਸਿੱਖਿਆ ਮੰਤਰੀ ਟਾਸਕ ਫੋਰਸ ਸੂਬੇ ਦੇ ਹਰੇਕ ਜ਼ਿਲ੍ਹੇ 'ਚ ਬਣਾਈ ਗਈ ਹੈ, ਜਿਸ 'ਚ ਉਸ ਜ਼ਿਲ੍ਹੇ ਦੇ ਤਿੰਨ-ਤਿੰਨ ਪ੍ਰਿੰਸੀਪਲਾਂ ਨੂੰ ਸ਼ਾਮਲ ਕੀਤਾ ਹੈ। ਇਹ ਟਾਸਕ ਫੋਰਸ ਸਿੱਖਿਆ ਮੰਤਰੀ ਨੂੰ ਪ੍ਰਾਪਤ ਸ਼ਿਕਾਇਤ ਦੀ ਜਾਂਚ ਕਰੇਗੀ ਅਤੇ ਆਪਣੀ ਰਿਪੋਰਟ ਰੈਗੂਲੇਟਰੀ ਅਥਾਰਟੀ ਨੂੰ ਸੌਂਪੇਗੀ।

## ਡੀ.ਟੀ.ਐਫ. ਵੱਲੋਂ 23 ਨੂੰ ਸੰਗਰੂਰ ਰੈਲੀ ਦਾ ਐਲਾਨ

**ਅੰਮ੍ਰਿਤਸਰ:** ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੇ ਕਿਹਾ ਕਿ ਸਿੱਖਿਆ ਮੰਤਰੀ ਨਾਲ ਹੋਈ ਮੀਟਿੰਗ ਵਿਚ ਮੰਗਾਂ ਮੰਨਣ ਸਬੰਧੀ ਕੀਤਾ ਗਿਆ ਵਾਅਦਾ ਸਿਰਫ ਲਾਰਾ ਸਾਬਤ ਹੋਇਆ ਹੈ। ਇਸ ਦੇ ਰੋਸ ਵਜੋਂ ਉਨ੍ਹਾਂ 23 ਅਪਰੈਲ ਨੂੰ ਮੁੱਖ ਮੰਤਰੀ ਦੇ ਹਲਕੇ ਸੰਗਰੂਰ ਵਿਚ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਦੱਸਿਆ ਕਿ 7654, 3442 ਅਤੇ 5178 ਭਰਤੀਆਂ 'ਚੋਂ ਲਗਭਗ 125 ਓ.ਡੀ.ਐਲ. ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਹੁਕਮ ਪਿਛਲੇ ਲੰਮੇ ਸਮੇਂ ਤੋਂ ਕੀਤੇ ਹੋਏ ਹਨ ਪਰ ਹਾਲੇ ਤੱਕ ਇਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਉਨ੍ਹਾਂ ਐਲਾਨ ਕੀਤਾ ਕਿ ਓ.ਡੀ.ਐਲ. ਅਧਿਆਪਕਾਂ ਦੇ ਪੈਂਡਿੰਗ ਰੈਗੂਲਰ ਆਰਡਰ ਜਾਰੀ ਕਰਵਾਉਣ ਤੇ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ ਸਮੱਸਿਆਵਾਂ ਦੇ ਹੱਲ ਸਬੰਧੀ 23 ਅਪਰੈਲ ਨੂੰ ਰੈਲੀ ਕੀਤੀ ਜਾਵੇਗੀ।

# ਮੁੱਖ ਮੰਤਰੀ ਨੇ ਇਕ ਹੋਰ ਟੌਲ ਪਲਾਜ਼ਾ ਚੁਕਵਾਇਆ

**ਸ੍ਰੀ ਕੀਰਤਪੁਰ ਸਾਹਿਬ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡ ਨੱਕੀਆਂ (ਸ੍ਰੀ ਕੀਰਤਪੁਰ ਸਾਹਿਬ) ਸਥਿਤ ਟੌਲ ਪਲਾਜ਼ੇ ਨੂੰ ਪੱਕੇ ਤੌਰ 'ਤੇ ਬੰਦ ਕਰਵਾ ਦਿੱਤਾ ਹੈ। ਹੁਣ ਲੋਕ ਟੌਲ ਟੈਕਸ ਦਿੱਤੇ ਬਿਨਾਂ ਇਸ ਮਾਰਗ ਤੋਂ ਮੁਫ਼ਤ 'ਚ ਲੰਘ ਸਕਣਗੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਟੌਲ ਪਲਾਜ਼ਾ ਬੰਦ ਹੋਣ ਨਾਲ ਜਨਤਾ ਦਾ ਰੋਜ਼ਾਨਾ ਕਰੀਬ 12 ਲੱਖ ਰੁਪਏ ਬਚੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਟੌਲ ਕਾਂਗਰਸ ਸਰਕਾਰ ਦੀ ਦੇਣ ਹਨ ਅਤੇ ਅਕਾਲੀਆਂ ਨੇ ਇਸ ਨੂੰ ਹੱਲਾਸ਼ੇਰੀ ਦਿੱਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਚਾਰ ਹੋਰ ਟੌਲ ਪਲਾਜ਼ਾ ਲੱਗਣ ਜਾ ਰਹੇ ਸਨ, ਜਿਹੜੇ ਅਸੀਂ ਲੱਗਣ ਨਹੀਂ ਦਿੱਤੇ। ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਇਸ ਟੌਲ ਦੀ ਮਿਆਦ ਅੱਗੇ ਵਧਾਉਣ ਲਈ ਜੋ ਵੀ ਸਮਝੌਤੇ ਕੀਤੇ ਗਏ, ਉਸ ਲਈ ਕਾਰਵਾਈ ਹੋਵੇਗੀ। 'ਪੰਜਾਬ ਸਰਕਾਰ ਨੇ ਇਸ ਕੰਪਨੀ ਤੋਂ 67 ਕਰੋੜ ਰੁਪਏ ਵੀ ਵਸੂਲਣੇ ਹਨ ਜੋ ਇਸ ਸੜਕ ਦੀ ਮੁਰੰਮਤ ਕਰਨ ਲਈ ਵਰਤੇ ਜਾਣਗੇ।' ਮੁੱਖ ਮੰਤਰੀ ਨੇ ਕਿਹਾ ਕਿ ਇਤਿਹਾਸਕ ਧਰਤੀ ਸ੍ਰੀ ਆਨੰਦਪੁਰ ਸਾਹਿਬ ਨੂੰ ਸਰਕਾਰ ਵੱਡੇ ਪੱਧਰ 'ਤੇ ਟੂਰਿਜ਼ਮ ਹੱਬ ਵਜੋਂ ਵਿਕਸਤ ਕਰ ਰਹੀ ਹੈ। ਉਨ੍ਹਾਂ ਕਿਹਾ,''ਸ੍ਰੀ ਆਨੰਦਪੁਰ ਸਾਹਿਬ ਏਰੀਆ ਸਭ ਤੋਂ ਸੁੰਦਰ ਹੈ। ਇਸ ਇਲਾਕੇ ਵਿਚ ਇਕ ਫਿਲਮ ਸਿਟੀ ਬਣਾਉਣ ਦੀ ਯੋਜਨਾ ਵਿਚਾਰ ਅਧੀਨ ਹੈ ਤਾਂ ਜੋ ਇਥੇ ਬੌਲੀਵੁੱਡ ਅਤੇ ਪੰਜਾਬੀ ਦੀਆਂ ਫਿਲਮਾਂ ਦੀ ਸ਼ੂਟਿੰਗ ਹੋ ਸਕੇ। ਫਿਲਮ ਸਿਟੀ ਆਉਣ ਨਾਲ ਹੋਟਲ ਰੁਜ਼ਗਾਰ ਵਧੇਗਾ। ਰਣਜੀਤ ਸਾਗਰ ਡੈਮ ਵਿਚ 16 ਏਕੜ ਦਾ ਜਿਹੜਾ ਏਰੀਆ ਹੈ, ਉਸ ਨੂੰ ਵੀ ਵਿਕਸਤ ਕੀਤਾ ਜਾਵੇਗਾ।'' ਉਨ੍ਹਾਂ ਦੱਸਿਆ ਕਿ ਸ੍ਰੀ ਨੈਣਾ ਦੇਵੀ ਅਤੇ ਪਠਾਨਕੋਟ ਤੋਂ ਡਲਹੌਜ਼ੀ ਨੂੰ ਰੋਪਵੇਅ ਨਾਲ ਜਲਦੀ ਜੋੜਿਆ ਜਾ ਰਿਹਾ ਹੈ। ਕਿਸਾਨਾਂ ਦੀ ਫਸਲ ਖਰਾਬੇ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਵਿਸਾਖੀ ਤੱਕ ਕਿਸਾਨਾਂ ਨੂੰ ਮੁਆਵਜ਼ਾ ਮਿਲ ਜਾਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਅਧਿਕਾਰੀ ਕਿਸੇ ਵਿਸ਼ੇਸ਼ ਵਿਅਕਤੀ ਦੇ ਘਰ ਬੈਠ ਕੇ ਗਿਰਦਾਵਰੀ ਨਹੀਂ ਕਰੇਗਾ ਅਤੇ ਜਿਹੜਾ ਕਿਸਾਨ ਠੇਕੇ 'ਤੇ ਜ਼ਮੀਨ ਵਾਹ ਕੇ ਫ਼ਸਲ ਬੀਜ ਰਿਹਾ ਸੀ, ਉਸ ਨੂੰ ਹੀ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਨੂੰ ਰੂਰਲ ਵਿਕਾਸ ਫੰਡ ਰਿਲੀਜ਼ ਕਰਨ ਲਈ ਲਿਖ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਹਿਲਾਂ ਦੀਆਂ ਸਰਕਾਰਾਂ ਨੇ ਉਕਤ ਰਾਸ਼ੀ ਦੀ ਗਲਤ ਵਰਤੋਂ ਕੀਤੀ ਸੀ ਜਿਸ ਕਰਕੇ ਹੁਣ ਫੰਡ ਰਿਲੀਜ਼ ਨਹੀਂ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਆਰ.ਡੀ.ਐਫ. ਲੈਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਹਲਕੇ ਦੇ ਵੋਟਰਾਂ ਤਰਫੋਂ ਉਨ੍ਹਾਂ ਦਾ ਸਵਾਗਤ ਕਰਦੇ ਹਨ। ਉਨ੍ਹਾਂ ਟੌਲ ਪਲਾਜ਼ਾ ਬੰਦ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹੋਲੇ ਮਹੱਲੇ ਦੌਰਾਨ ਵਧੀਆ ਪ੍ਰਬੰਧ ਕੀਤੇ ਸਨ।



## ਲੁਧਿਆਣਾ ਟੌਲ ਪਲਾਜ਼ਾ ਬੰਦ ਕਰਵਾਉਣ ਦੀ ਅਪੀਲ

**ਅੰਮ੍ਰਿਤਸਰ:** ਸਾਬਕਾ ਭਾਜਪਾ ਮੰਤਰੀ ਤੇ ਦੁਰਗਿਆਣਾ ਮੰਦਿਰ ਕਮੇਟੀ ਦੀ ਪ੍ਰਧਾਨ ਲਕਸ਼ਮੀ ਕਾਂਤਾ ਚਾਵਲਾ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਲੁਧਿਆਣਾ ਟੌਲ ਪਲਾਜ਼ਾ ਵੀ ਬੰਦ ਕਰਵਾਉਣ। ਮੁੱਖ ਮੰਤਰੀ ਵੱਲੋਂ ਕਈ ਟੌਲ ਪਲਾਜ਼ੇ ਬੰਦ ਕਰਵਾਏ ਜਾਣ ਦੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਆਮ ਲੋਕਾਂ ਨੂੰ ਬਹੁਤ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਟੌਲ ਪਲਾਜ਼ਿਆਂ ਦੀਆਂ ਫੀਸਾਂ ਕਾਰਨ ਲੋਕ ਬਹੁਤ ਪਰੇਸ਼ਾਨ ਹਨ। ਉਨ੍ਹਾਂ ਦੋਸ਼ ਲਾਇਆ ਕਿ ਲੁਧਿਆਣਾ ਟੌਲ ਪਲਾਜ਼ਾ 'ਤੇ ਵੀ ਲੋਕਾਂ ਦੀ ਲੁੱਟ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਟੌਲ ਪਲਾਜ਼ਾ ਕਈ ਸਾਲਾਂ ਤੋਂ ਚੱਲ ਰਿਹਾ ਹੈ, ਪਰ ਹੁਣ ਤੱਕ ਸਰਕਾਰ ਨੇ ਸਪਸ਼ਟ ਨਹੀਂ ਕੀਤਾ ਕਿ ਇਹ ਟੌਲ ਪਲਾਜ਼ਾ ਹੋਰ ਕਿੰਨੀ ਦੇਰ ਚੱਲੇਗਾ। ਉਨ੍ਹਾਂ ਕਿਹਾ ਕਿ ਟੌਲ ਪਲਾਜ਼ਾ ਟੈਕਸ ਦੇ ਰੂਪ ਵਿਚ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਖੋਹੀ ਜਾ ਰਹੀ ਹੈ।

# ਕਿਸਾਨਾਂ ਨੂੰ ਹੁਣ ਕਣਕ ਦੇ ਮੁੱਲ 'ਚ ਕਟੌਤੀ ਦਾ ਡਰ ਸਤਾਉਣ ਲੱਗਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਬੇਮੌਸਮੇ ਮੀਂਹ ਦੀ ਝੰਬੀ ਕਣਕ ਦੇ ਸਰਕਾਰੀ ਭਾਅ 'ਚ ਕਟੌਤੀ ਕੀਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਵਿਚ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਹੋ ਗਈ ਹੈ। ਐਤਕੀਂ ਪੰਜਾਬ, ਹਰਿਆਣਾ, ਪੱਛਮੀ ਯੂ.ਪੀ ਅਤੇ ਮੱਧ ਪ੍ਰਦੇਸ਼ ਵਿਚ ਮੀਂਹ ਅਤੇ ਤੇਜ਼ ਹਵਾਵਾਂ ਨੇ ਕਣਕ ਦੀ ਫਸਲ ਦਾ ਵੱਡਾ ਨੁਕਸਾਨ ਕੀਤਾ ਹੈ। ਕੇਂਦਰੀ ਖੁਰਾਕ ਮੰਤਰਾਲੇ ਨੇ 31 ਮਾਰਚ ਨੂੰ ਪੱਤਰ ਭੇਜ ਕੇ ਕਣਕ ਦੇ ਮਾਪਦੰਡਾਂ ਵਿਚ ਮੱਧ ਪ੍ਰਦੇਸ਼ ਨੂੰ ਛੋਟ ਦੇ ਦਿੱਤੀ ਹੈ।

ਖੁਰਾਕ ਮੰਤਰਾਲੇ ਨੇ 10 ਫੀਸਦੀ ਤੱਕ ਲਸਟਰ ਲੌਸ ਵਾਲੀ ਕਣਕ ਨੂੰ ਸਰਕਾਰੀ ਭਾਅ ਵਿਚ ਬਿਨਾਂ ਕਿਸੇ ਕਟੌਤੀ ਦੇ ਖਰੀਦਣ ਦਾ ਫੈਸਲਾ ਕੀਤਾ ਹੈ। ਅਗਰ ਲਸਟਰ ਲੌਸ 10 ਫੀਸਦੀ ਤੋਂ 80 ਫੀਸਦੀ ਤੱਕ ਪਾਇਆ ਜਾਂਦਾ ਹੈ ਤਾਂ ਸਰਕਾਰ ਕਣਕ ਦੀ ਫਸਲ ਦੇ ਸਰਕਾਰੀ ਭਾਅ ਵਿਚ ਇਕ ਫੀਸਦੀ ਤੋਂ 25 ਫੀਸਦੀ ਤੱਕ ਕਟੌਤੀ ਕਰ ਸਕਦੀ ਹੈ। ਮੱਧ ਪ੍ਰਦੇਸ਼ ਵਿਚ 15 ਮਾਰਚ ਨੂੰ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਈ ਸੀ, ਪਰ ਮੰਡੀਆਂ ਵਿਚ 28 ਮਾਰਚ ਨੂੰ ਕਣਕ ਪੁੱਜੀ, ਜਿਸ ਦੀ ਗੁਣਵੱਤਾ ਕੇਂਦਰੀ ਮਿਆਰਾਂ 'ਤੇ ਖਰੀ ਨਹੀਂ ਉੱਤਰਦੀ ਸੀ। ਮੱਧ ਪ੍ਰਦੇਸ਼ ਸਰਕਾਰ ਨੇ ਐਤਕੀਂ ਸੂਬੇ 'ਚੋਂ 80 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਮਿਥਿਆ ਹੈ।

ਮੱਧ ਪ੍ਰਦੇਸ਼ ਵਿਚ ਇਸੇ ਵਰ੍ਹੇ ਦੇ ਅਖੀਰ ਵਿਚ ਚੋਣਾਂ ਹਨ ਅਤੇ ਉਥੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੈ। ਖੇਤੀ ਮਾਹਿਰ ਕਿਆਸ ਲਗਾ ਰਹੇ ਹਨ ਕਿ ਅਗਰ ਕੇਂਦਰੀ ਹਕੂਮਤ ਨੇ ਚੋਣਾਂ ਵਾਲੇ ਆਪਣੇ ਸੂਬੇ ਵਿਚ ਕੇਂਦਰੀ ਮਾਪਦੰਡਾਂ ਵਿਚ ਛੋਟ ਦਿੰਦਿਆਂ ਵੱਧ ਨੁਕਸਾਨੀ ਫਸਲ ਦੇ ਸਰਕਾਰੀ ਭਾਅ ਵਿਚ ਕਟੌਤੀ ਦਾ ਫੈਸਲਾ ਕੀਤਾ ਹੈ ਤਾਂ ਪੰਜਾਬ 'ਤੇ ਵੀ ਇਹੀ ਨਿਯਮ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ। ਮੱਧ ਪ੍ਰਦੇਸ਼ ਬਾਰੇ ਕੇਂਦਰ ਸਰਕਾਰ ਵੱਲੋਂ ਕੀਤਾ ਫੈਸਲਾ ਪੰਜਾਬ ਸਰਕਾਰ ਨੂੰ ਚੌਕੰਨਾ ਕਰਨ ਵਾਲਾ ਹੈ। ਪੰਜਾਬ ਦੇ ਕਿਸਾਨਾਂ ਨੂੰ ਇਹ ਵੱਡੀ ਮਾਰ ਪਵੇਗੀ। ਬੇਸ਼ੱਕ ਪੰਜਾਬ ਸਰਕਾਰ ਨੇ 15 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦਾ ਐਲਾਨ ਕੀਤਾ ਹੈ, ਪਰ ਫਸਲ ਦੇ ਭਾਅ ਵਿਚ ਕਟੌਤੀ ਕਿਸਾਨਾਂ ਲਈ ਬੁਰੀ ਖ਼ਬਰ ਬਣ ਸਕਦੀ ਹੈ। ਪੰਜਾਬ ਵਿਚ 13.60 ਲੱਖ ਹੈਕਟੇਅਰ ਰਕਬੇ ਵਿਚਲੀ ਫਸਲ ਪ੍ਰਭਾਵਿਤ ਹੋਈ ਹੈ ਜਿਸ 'ਚੋਂ ਕਰੀਬ ਇਕ ਲੱਖ ਹੈਕਟੇਅਰ ਰਕਬਾ ਸੌ ਫ਼ੀਸਦੀ ਨੁਕਸਾਨਿਆ ਗਿਆ ਹੈ। ਬੇਸ਼ੱਕ ਐਤਕੀਂ ਸਰਕਾਰ ਨੇ 167 ਲੱਖ ਮੀਟਰਿਕ ਟਨ ਪੈਦਾਵਾਰ ਦਾ ਅਨੁਮਾਨ ਲਾਇਆ ਹੈ, ਪਰ ਮੀਂਹ ਕਾਰਨ ਹੋਏ ਖਰਾਬੇ ਕਰ ਕੇ ਟੀਚਾ 150 ਲੱਖ ਮੀਟਰਿਕ ਟਨ ਤੋਂ ਵੀ ਹੇਠਾਂ ਰਹਿ ਸਕਦਾ ਹੈ। ਪਿਛਲੇ ਸਾਲ ਤਪਸ਼ ਕਾਰਨ ਪੰਜਾਬ ਵਿਚ ਝਾੜ ਘੱਟ ਗਿਆ ਸੀ ਅਤੇ 148 ਲੱਖ ਮੀਟਰਿਕ ਟਨ ਕਣਕ ਦੀ ਪੈਦਾਵਾਰ ਹੋਈ ਸੀ। ਲੰਘੇ ਤਿੰਨ ਸਾਲਾਂ ਦੌਰਾਨ ਪੰਜਾਬ ਵਿਚ ਕਣਕ ਦੀ ਪੈਦਾਵਾਰ ਵਿਚ 26 ਲੱਖ ਮੀਟਰਿਕ ਟਨ ਦੀ ਕਟੌਤੀ ਹੋ ਚੁੱਕੀ ਹੈ।

ਦੇਸ਼ ਦੇ ਅਨਾਜ ਭੰਡਾਰ ਵਿਚ ਪਹਿਲੀ ਫਰਵਰੀ ਨੂੰ 154 ਲੱਖ ਮੀਟਰਿਕ ਟਨ ਕਣਕ ਰਹਿ ਗਈ ਸੀ ਅਤੇ ਉਸ ਮਗਰੋਂ ਖੁੱਲ੍ਹੀ ਮਾਰਕੀਟ ਵਿਚ ਵੀ 50 ਲੱਖ ਮੀਟਰਿਕ ਟਨ ਕਣਕ ਵੇਚੀ ਗਈ ਹੈ। ਦੱਸਦੇ ਹਨ ਕਿ ਰਾਖਵੇਂ ਭੰਡਾਰ ਵਿਚ ਘੱਟੋ-ਘੱਟ 133 ਲੱਖ ਮੀਟਰਿਕ ਟਨ ਕਣਕ ਹੋਣੀ ਚਾਹੀਦੀ ਹੈ। ਇਸ ਵੇਲੇ ਕਣਕ ਦੇ ਭੰਡਾਰ ਕਾਫ਼ੀ ਘਟ ਗਏ ਹਨ । ਕੇਂਦਰ ਸਰਕਾਰ ਵੱਲੋਂ ਜੇਕਰ ਪੰਜਾਬ ਵਿਚ ਨੁਕਸਾਨੀ ਫ਼ਸਲ ਦੀ ਖ਼ਰੀਦ 'ਤੇ ਕੋਈ ਵੈਲਿਊ ਕੱਟ ਲਾਇਆ ਜਾਂਦਾ ਹੈ ਤਾਂ ਇਹ ਅੰਨਦਾਤਾ ਲਈ ਅਸਹਿ ਹੋਵੇਗਾ।



### ਮਾਪਦੰਡਾਂ ਬਾਰੇ ਕਿਸਾਨ ਪੱਖੀ ਫੈਸਲਾ ਹੋਣਾ ਚਾਹੀਦਾ: ਕਟਾਰੂਚੱਕ

ਖੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਦੋਂ ਮਾਪਦੰਡਾਂ ਬਾਰੇ ਕੋਈ ਫੈਸਲਾ ਲਿਆ ਜਾਵੇਗਾ ਤਾਂ ਉਸ ਵਕਤ ਹੀ ਸਥਿਤੀ ਸਪਸ਼ਟ ਹੋਵੇਗੀ, ਪਰ ਕੇਂਦਰ ਨੇ ਮੱਧ ਪ੍ਰਦੇਸ਼ ਵਿਚ ਵੱਧ ਨੁਕਸਾਨੀ ਫਸਲ ਦੇ ਭਾਅ ਵਿਚ ਕਟੌਤੀ ਕਰਨ ਦਾ ਜਿਹੜਾ ਫੈਸਲਾ ਕੀਤਾ ਹੈ, ਉਸ ਤੋਂ ਕਿਆਸ ਲਾਇਆ ਜਾ ਸਕਦਾ ਹੈ ਕਿ ਪੰਜਾਬ ਨੂੰ ਵੀ ਇਸੇ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਕੁਦਰਤੀ ਮਾਰ ਨੂੰ ਦੇਖਦਿਆਂ ਕੇਂਦਰ ਸਰਕਾਰ ਨੂੰ ਮਾਪਦੰਡਾਂ ਬਾਰੇ ਕਿਸਾਨ ਪੱਖੀ ਫੈਸਲਾ ਲੈਣਾ ਚਾਹੀਦਾ ਹੈ। ਦੱਸ ਦਈਏ ਪੰਜਾਬ ਵਿਚ ਪਹਿਲੀ ਦਫਾ ਕਣਕ ਦਾ ਭੰਡਾਰ ਖਾਲੀ ਵਰਗਾ ਹੋ ਗਿਆ ਹੈ ਜਦੋਂ ਕਿ ਪਹਿਲਾਂ ਸੀਜ਼ਨ ਮੌਕੇ ਕਦੇ ਅਜਿਹਾ ਨਹੀਂ ਹੋਇਆ ਹੈ। ਵੇਰਵਿਆਂ ਅਨੁਸਾਰ ਪੰਜਾਬ ਦੇ ਗੁਦਾਮਾਂ ਵਿਚ ਲੰਘੀ 31 ਮਾਰਚ ਨੂੰ ਸਿਰਫ ਦੋ ਲੱਖ ਮੀਟਰਿਕ ਟਨ ਕਣਕ ਬਚੀ ਹੈ ਜਦੋਂ ਕਿ ਪਿਛਲੇ ਵਰ੍ਹੇ 31 ਮਾਰਚ ਨੂੰ ਇਹ ਭੰਡਾਰ ਕਰੀਬ 45 ਲੱਖ ਮੀਟਰਿਕ ਟਨ ਦਾ ਪਿਆ ਸੀ।

### 5.23 ਲੱਖ ਹੈਕਟੇਅਰ ਤੋਂ ਵੱਧ ਕਣਕ ਦੀ ਫਸਲ ਨੁਕਸਾਨੀ

**ਚੰਡੀਗੜ੍ਹ:** ਬੇਮੌਸਮੇ ਮੀਂਹ, ਗੜੇਮਾਰੀ ਅਤੇ ਤੇਜ ਹਵਾਵਾਂ ਨੇ ਤਿੰਨ ਰਾਜਾਂ ਵਿਚ 5.23 ਲੱਖ ਹੈਕਟੇਅਰ ਤੋਂ ਵੱਧ ਕਣਕ ਦੀ ਫਸਲ ਦਾ ਨੁਕਸਾਨ ਕੀਤਾ ਹੈ ਜਿਸ ਨਾਲ ਕਿਸਾਨਾਂ ਦੀ ਚਿੰਤਾ ਵਧ ਗਈ ਹੈ। ਕਣਕ ਦਾ ਝਾੜ ਘਟਣ ਦਾ ਵੀ ਖਦਸ਼ਾ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਵਾਢੀ ਦੀਆਂ ਚੁਣੌਤੀਆਂ ਦਾ ਡਰ ਵੀ ਸਤਾਉਣ ਲੱਗਾ ਹੈ।ਭਾਰਤ ਕਣਕ ਦੇ ਪ੍ਰਮੁੱਖ ਉਤਪਾਦਕਾਂ ਵਿਚੋਂ ਇਕ ਹੈ। ਅਧਿਕਾਰੀਆਂ ਅਨੁਸਾਰ ਖਰਾਬ ਮੌਸਮ ਕਾਰਨ ਤਿੰਨ ਰਾਜਾਂ ਮੱਧ ਪ੍ਰਦੇਸ, ਰਾਜਸਥਾਨ ਅਤੇ ਉੱਤਰ ਪ੍ਰਦੇਸ ਵਿਚ ਲਗਭਗ 5.23 ਲੱਖ ਹੈਕਟੇਅਰ ਕਣਕ ਦੀ ਫਸਲ ਨੂੰ ਨੁਕਸਾਨ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਵਿਚ ਕਣਕ ਦੀ ਫਸਲ ਦੇ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ ਸਾਲ ਕਣਕ ਦੀ ਬਿਜਾਈ ਲਗਭਗ 34 ਮਿਲੀਅਨ ਹੈਕਟੇਅਰ ਵਿਚ ਕੀਤੀ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਮੌਜੂਦਾ 2022-23 ਫਸਲੀ ਸਾਲ (ਜੁਲਾਈ-ਜੂਨ) ਵਿਚ ਰਿਕਾਰਡ 112.2 ਮਿਲੀਅਨ ਟਨ ਕਣਕ ਦੀ ਪੈਦਾਵਾਰ ਦਾ ਅਨੁਮਾਨ ਲਗਾ ਰਹੀ ਹੈ।

# ਪੰਜਾਬ ਵਿਚ ਬੇਮੌਸਮੇ ਮੀਂਹ ਕਾਰਨ ਕਣਕ ਦੀ ਵਾਢੀ ਪੱਛੜੀ

**ਚੰਡੀਗੜ੍ਹ:** ਪੰਜਾਬ 'ਚ ਹਲਕੀ ਤੋਂ ਦਰਮਿਆਨੀ ਬਾਰਸ਼ ਕਾਰਨ ਕਣਕ ਦੀ ਵਾਢੀ ਵਿਸਾਖੀ ਤੱਕ ਪੱਛੜਣ ਦਾ ਅਨੁਮਾਨ ਹੈ। ਪੰਜਾਬ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਹੋ ਗਈ ਹੈ ਪਰ ਹਾਲੇ ਤੱਕ ਕਿਸੇ ਵੀ ਮੰਡੀ ਵਿਚ ਫਸਲ ਨਹੀਂ ਪੁੱਜੀ ਹੈ। ਮੌਸਮ ਵਿਭਾਗ ਨੇ ਆਉਂਦੇ ਦਿਨਾਂ 'ਚ ਗੜੇ ਅਤੇ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ ਜਿਸ ਤੋਂ ਅੰਨਦਾਤਾ ਦੇ ਫਿਕਰ ਹੋਰ ਵਧ ਗਏ ਹਨ। ਹਰਿਆਣਾ 'ਚ ਵੀ ਇਸੇ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ। ਪੱਕਣ 'ਤੇ ਆਈ ਕਣਕ ਨੂੰ ਤੇਜ਼ ਹਵਾਵਾਂ ਨੇ ਡੇਗ ਦਿੱਤਾ ਹੈ। ਨੀਵੇਂ ਖੇਤਾਂ ਵਿਚ ਪਾਣੀ ਖੜ੍ਹ ਗਿਆ ਹੈ।

ਕੇਂਦਰ ਸਰਕਾਰ ਨੇ ਮੀਂਹ ਕਾਰਨ ਪ੍ਰਭਾਵਿਤ ਹੋਈ ਕਣਕ ਦੀ ਫਸਲ ਬਾਰੇ ਪੰਜਾਬ ਤੋਂ ਰਿਪੋਰਟ ਅਤੇ ਖਰਾਬੇ ਵਾਲੀ ਫਸਲ ਦੇ ਨਮੂਨੇ ਮੰਗੇ ਹਨ ਪਰ ਸੂਬੇ ਵਿਚ ਹਾਲੇ ਫਸਲ ਮੰਡੀਆਂ ਵਿਚ ਨਹੀਂ ਆਈ ਹੈ ਜਿਸ ਕਰਕੇ ਇਹ ਨਮੂਨੇ ਭੇਜਣੇ ਮੁਨਾਸਬ ਨਹੀਂ ਹਨ। ਪਿਛਲੇ ਵਰ੍ਹੇ ਮੰਡੀਆਂ ਵਿਚ ਪਹਿਲੀ ਅਪਰੈਲ ਨੂੰ ਕਣਕ ਦੀ ਆਮਦ ਸ਼ੁਰੂ ਹੋ ਗਈ ਸੀ। ਖੇਤੀ ਮਾਹਿਰਾਂ ਮੁਤਾਬਕ ਐਤਕੀਂ ਵਿਸਾਖੀ ਮਗਰੋਂ ਫਸਲ ਦੀ ਆਮਦ ਸ਼ੁਰੂ ਹੋਵੇਗੀ। ਖੇਤੀ ਮਹਿਕਮੇ ਅਨੁਸਾਰ ਪੰਜਾਬ ਵਿਚ ਹੁਣ ਤੱਕ 13.60 ਲੱਖ ਹੈਕਟੇਅਰ ਫਸਲ ਮੀਂਹ ਤੇ ਝੱਖੜ ਨਾਲ ਪ੍ਰਭਾਵਿਤ ਹੋਈ ਹੈ ਜਿਸ ਵਿਚੋਂ ਕਰੀਬ ਇੱਕ ਲੱਖ ਹੈਕਟੇਅਰ ਫਸਲ ਦਾ ਸੌ ਫੀਸਦੀ ਨੁਕਸਾਨ ਹੈ।

ਕਿਸਾਨਾਂ ਨੇ ਕਿਹਾ ਕਿ ਵਿਗੜੇ ਮੌਸਮ ਨੇ ਕਿਸਾਨਾਂ ਦੀ ਨੀਂਦ ਉਡਾ ਰੱਖੀ ਹੈ ਅਤੇ ਇਸ ਵਾਰ ਕਿਸਾਨਾਂ ਦੇ ਲਾਗਤ ਖਰਚੇ ਕਾਫੀ ਵਧ ਜਾਣੇ ਹਨ। ਬਹੁਤੇ ਖਿੱਤਿਆਂ ਵਿਚ ਤਾਂ ਕਿਸਾਨਾਂ ਨੂੰ ਹੱਥੀਂ ਵਾਢੀ ਹੀ ਕਰਨੀ ਪਵੇਗੀ ਕਿਉਂਕਿ ਫਸਲ ਇੰਨੀ ਡਿੱਗ ਪਈ ਹੈ ਜਿਸ ਨੂੰ ਕੰਬਾਈਨ ਚੁੱਕ ਨਹੀਂ ਸਕੇਗੀ। ਕਿਸਾਨਾਂ ਦਾ ਕਹਿਣਾ ਹੈ ਕਿ ਕੰਬਾਈਨਾਂ ਦੇ ਰੇਟ ਵੀ ਵਧ ਜਾਣੇ ਹਨ ਅਤੇ ਫਸਲ ਦੀ ਗੁਣਵੱਤਾ ਵੀ ਪ੍ਰਭਾਵਿਤ ਹੋਵੇਗੀ।

ਇਸ ਵਾਰ ਫਸਲ ਦਾ ਕਰੀਬ 15 ਫੀਸਦੀ ਝਾੜ ਘਟਣ ਦਾ ਅੰਦਾਜ਼ਾ ਹੈ। ਮੀਂਹ ਕਾਰਨ ਇਕੱਲੇ ਪੰਜਾਬ ਵਿਚ ਨਹੀਂ ਬਲਕਿ ਹਰਿਆਣਾ ਤੇ ਪੱਛਮੀ ਯੂ.ਪੀ ਵਿਚ ਵੀ ਫਸਲ ਪ੍ਰਭਾਵਿਤ ਹੋਈ ਹੈ ਜਿਸ ਕਰਕੇ ਇਹ ਸਾਂਝਾ ਮਸਲਾ ਹੈ।



### 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲੇ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਲਈ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪਿਛਲੇ ਦਿਨਾਂ ਵਿਚ ਪਏ ਮੀਂਹ ਨੇ ਸੂਬੇ ਵਿਚ ਕਣਕ ਦੀ ਫਸਲ ਦਾ ਭਾਰੀ ਨੁਕਸਾਨ ਕੀਤਾ ਹੈ ਪਰ ਮੁੱਖ ਮੰਤਰੀ ਨੇ ਇਸ ਤ੍ਰਾਸਦੀ ਵੱਲ ਅੱਖਾਂ ਮੀਟ ਲਈਆਂ ਹਨ। ਉਨ੍ਹਾਂ ਵੱਲੋਂ ਸਿਰਫ 15 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਨਿਗੂਣਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ ਜਦੋਂ ਕਿ ਕਿਸਾਨਾਂ ਦੀ ਕਣਕ ਦੀ ਸਾਰੀ ਫਸਲ ਤਬਾਹ ਹੋ ਗਈ ਹੈ।

# ਜਥੇਦਾਰ ਖਿਲਾਫ ਟਿੱਪਣੀ ਲਈ ਮੁੱਖ ਮੰਤਰੀ ਮੁਆਫੀ ਮੰਗਣ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਟਿੱਪਣੀ ਦਾ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਦੀ ਟਿੱਪਣੀ ਨੂੰ ਅਕਾਲ ਤਖ਼ਤ ਦੀ ਮਾਣ ਮਰਿਆਦਾ ਅਤੇ ਸਿੱਖ ਕੌਮ ਨੂੰ ਸਿੱਧੀ ਚੁਣੌਤੀ ਕਰਾਰ ਦਿੱਤਾ ਹੈ।

ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਮਗਰੋਂ ਉਨ੍ਹਾਂ ਕਿਹਾ ਕਿ ਇਸ ਗਲਤੀ ਲਈ ਮੁੱਖ ਮੰਤਰੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜਥੇਦਾਰ ਖ਼ਿਲਾਫ਼ ਜੋ ਭਾਸ਼ਾ ਵਰਤੀ ਹੈ ਉਸ ਨਾਲ ਸਿੱਖ ਕੌਮ ਦੇ ਮਨਾਂ ਨੂੰ ਠੇਸ ਪਹੁੰਚੀ ਹੈ ਜਿਸ ਨੂੰ ਕੌਮ ਬਰਦਾਸ਼ਤ ਨਹੀਂ ਕਰੇਗੀ।

ਉਨ੍ਹਾਂ ਅੰਮ੍ਰਿਤਪਾਲ ਸਿੰਘ ਬਾਰੇ ਸਟੈਂਡ ਸਬੰਧੀ ਕਿਹਾ ਕਿ ਜੋ ਪੱਖ ਜਥੇਦਾਰ ਅਕਾਲ ਤਖ਼ਤ ਦਾ ਹੈ, ਉਹੀ ਪੱਖ ਸ਼੍ਰੋਮਣੀ ਕਮੇਟੀ ਦਾ ਹੈ। ਇਸ ਦੌਰਾਨ ਸ੍ਰੀ ਧਾਮੀ ਨੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੀਆਂ ਟਵਿੱਟਰ ਪੋਸਟਾਂ ਨੂੰ ਭਾਰਤ ਅੰਦਰ ਰੋਕੇ ਜਾਣ ਦੀ ਵੀ ਨਿਖੇਧੀ ਕੀਤੀ। ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਅਤੇ ਦੁੱਖ ਦੀ ਗੱਲ ਹੈ ਕਿ ਇਸ ਵਰਤਾਰੇ ਵਿਰੁੱਧ ਸਿੱਖ ਕੌਮ ਵੱਲੋਂ ਉਠਾਈ ਜਾ ਰਹੀ ਆਵਾਜ਼ ਨੂੰ ਸਰਕਾਰਾਂ ਦਬਾਅ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਸ਼੍ਰੋਮਣੀ ਕਮੇਟੀ ਦੀ ਇਕ ਟਵਿੱਟਰ ਪੋਸਟ ਨੂੰ ਭਾਰਤ ਸਰਕਾਰ ਵੱਲੋਂ ਦੇਸ਼ ਅੰਦਰ ਹਟਾਇਆ ਗਿਆ ਅਤੇ ਹੁਣ ਅਕਾਲ ਤਖ਼ਤ ਦੇ ਜਥੇਦਾਰ ਦਾ ਇਕ ਟਵੀਟ ਨਿਸ਼ਾਨੇ 'ਤੇ ਲਿਆ ਗਿਆ ਹੈ।

### ਮੁੱਖ ਮੰਤਰੀ ਝੂਠੀ ਸਰਕਾਰੀ ਤਾਕਤ ਦੇ ਨਸ਼ੇ 'ਚ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਬੰਧੀ ਕੀਤੀ ਟਿੱਪਣੀ ਦਾ ਵਿਰੋਧ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਝੂਠੀ ਸਰਕਾਰੀ ਤਾਕਤ ਦੇ ਨਸ਼ੇ ਵਿਚ ਅਤੇ ਦਿੱਲੀ 'ਚ ਬੈਠੀ ਸਿੱਖ ਵਿਰੋਧੀ ਲਾਬੀ ਦੀ ਕਥਿਤ ਸ਼ਹਿ 'ਤੇ ਗੁਰੂ ਘਰ ਦੇ ਸੇਵਾਦਾਰਾਂ ਬਾਰੇ ਗਲਤ ਟਿੱਪਣੀਆਂ ਕਰ ਰਹੇ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ 'ਚ ਸਰਕਾਰ ਖਿਲਾਫ ਰੋਸ ਮਾਰਚ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿਚ ਪੁਲਿਸ ਵੱਲੋਂ ਹਾਲ ਹੀ ਵਿਚ ਗ੍ਰਿਫਤਾਰ ਕੀਤੇ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਲਈ ਅਤੇ ਮੁੱਖ ਮੰਤਰੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਖ਼ਿਲਾਫ਼ ਕੀਤੀ ਟਿੱਪਣੀ ਦੇ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਰੋਸ ਮਾਰਚ ਕੀਤਾ ਗਿਆ। ਇਸ ਸਬੰਧੀ ਡੀ.ਸੀ ਦਫਤਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਵੀ ਭੇਜਿਆ ਗਿਆ। ਇਹ ਰੋਸ ਮਾਰਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਦਰਬਾਰ ਸਾਹਿਬ ਕੰਪਲੈਕਸ ਤੋਂ ਆਰੰਭ ਹੋਇਆ ਅਤੇ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਡਿਪਟੀ ਕਮਿਸ਼ਨਰ ਦਫਤਰ ਪੁੱਜ ਕੇ ਸਮਾਪਤ ਹੋਇਆ। ਇਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ, ਅਧਿਕਾਰੀ ਤੇ ਮੁਲਾਜ਼ਮ ਸ਼ਾਮਲ ਹੋਏ। ਉਹ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਹੋਏ ਡੀਸੀ ਦਫਤਰ ਪੁੱਜੇ ਅਤੇ ਮੰਗ ਪੱਤਰ ਦਿੱਤਾ। ਇਸ ਤੋਂ ਪਹਿਲਾਂ ਸਥਾਨਕ ਕਚਹਿਰੀ ਚੌਕ ਵਿਚ ਸੰਕੇਤਕ ਰੂਪ ਵਿਚ ਧਰਨਾ ਵੀ ਦਿੱਤਾ ਗਿਆ। ਸ੍ਰੀ ਧਾਮੀ ਨੇ ਕਿਹਾ ਕਿ ਪੁਲਿਸ ਵੱਲੋਂ ਵੱਡੀ ਗਿਣਤੀ 'ਚ ਸਿੱਖ ਨੌਜਵਾਨ ਗ੍ਰਿਫਤਾਰ ਕੀਤੇ ਗਏ ਹਨ। ਕਈਆਂ 'ਤੇ ਕੌਮੀ ਸੁਰੱਖਿਆ ਐਕਟ ਲਾ ਕੇ ਪੰਜਾਬ ਤੋਂ ਬਾਹਰ ਦੀ ਜੇਲ੍ਹ ਵਿਚ ਭੇਜਿਆ ਗਿਆ ਹੈ। ਨੌਜਵਾਨਾਂ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਮਿਲਣ ਨਹੀਂ ਦਿੱਤਾ ਜਾ ਰਿਹਾ। ਮੁੱਖ ਮੰਤਰੀ ਨੂੰ ਭੇਜੇ ਮੰਗ ਪੱਤਰ ਵਿਚ ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਗ੍ਰਿਫਤਾਰ ਕੀਤੇ ਬੇਕਸੂਰ ਸਿੱਖ ਨੌਜਵਾਨ ਰਿਹਾਅ ਕੀਤੇ ਜਾਣ, ਜਿਨ੍ਹਾਂ ਨੌਜਵਾਨਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਹੇਠ ਕੇਸ ਦਰਜ ਕੀਤੇ ਗਏ ਹਨ, ਉਹ ਵਾਪਸ ਲਏ ਜਾਣ ਤੇ ਗ੍ਰਿਫਤਾਰ ਨੌਜਵਾਨਾਂ ਦੇ ਮਾਪਿਆਂ ਨੂੰ ਉਨ੍ਹਾਂ ਨੂੰ ਮਿਲਣ ਦਿੱਤਾ ਜਾਵੇ। ਇਸ ਵਿਚ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਖ਼ਿਲਾਫ਼ ਕੀਤੀ ਟਿੱਪਣੀ ਦੀ ਵੀ ਆਲੋਚਨਾ ਕੀਤੀ ਗਈ ਹੈ। ਪੱਤਰ 'ਚ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਗਈ ਕਿ ਉਹ ਮੌਜੂਦਾ ਹਾਲਾਤ 'ਚ ਸੂਬੇ ਦੇ ਹਿੱਤਾਂ ਵਿਰੁੱਧ ਨਾ ਭੁਗਤਣ। ਪੁਲਿਸ ਵੱਲੋਂ ਇਸ ਕੇਸ ਵਿਚ ਗ੍ਰਿਫਤਾਰ ਕੀਤੇ ਲਗਭਗ 350 ਸਿੱਖ ਨੌਜਵਾਨ ਜ਼ਮਾਨਤ 'ਤੇ ਛੱਡੇ ਗਏ ਹਨ ਪਰ ਕੇਸ ਖਤਮ ਨਹੀਂ ਕੀਤੇ ਗਏ।



### ਸਿੱਖਾਂ ਨੂੰ ਦੋਫਾੜ ਕਰਨਾ ਚਾਹੁੰਦੀ ਹੈ ਭਾਜਪਾ: ਲੌਂਗੋਵਾਲ

**ਲੌਂਗੋਵਾਲ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੰਚਾਲਿਤ ਵਿੱਦਿਅਕ ਸੰਸਥਾਵਾਂ 'ਤੇ ਹਰਿਆਣਾ ਕਮੇਟੀ ਦਾ ਕਬਜ਼ਾ ਕਰਵਾ ਕੇ ਸਰਕਾਰ ਸਿੱਖਾਂ ਨੂੰ ਦੋਫਾੜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਇਕੋ-ਇਕ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਦੇ ਬਰਾਬਰ ਭਾਜਪਾ ਸਰਕਾਰ ਨੇ ਪਹਿਲਾਂ ਹਰਿਆਣਾ 'ਚ ਵੱਖਰੀ ਕਮੇਟੀ ਦੀ ਸਥਾਪਨਾ ਕੀਤੀ ਅਤੇ ਹੁਣ ਪੁਲਿਸ ਦੀ ਮਦਦ ਤੇ ਧੱਕੇ ਨਾਲ ਵਿੱਦਿਅਕ ਸੰਸਥਾਵਾਂ 'ਤੇ ਕਬਜ਼ੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਹਮੇਸ਼ਾ ਹੀ ਸਿੱਖਾਂ ਨਾਲ ਨਫਰਤ ਵਾਲਾ ਵਤੀਰਾ ਅਪਣਾਇਆ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੱਤਰਕਾਰ ਡਾ. ਗੁਰਵਿੰਦਰ ਸਿੰਘ ਦਾ 'ਹਿਊਮਨ ਰਾਈਟਸ ਜਰਨਲਿਜ਼ਮ ਐਵਾਰਡ' ਨਾਲ ਸਨਮਾਨ

**ਨਿਊ ਵੈਸਟਮਿਨਸਟਰ:** ਕੈਨੇਡਾ ਦੇ ਪੰਜਾਬੀ ਪੱਤਰਕਾਰ ਅਤੇ ਚੈਨਲ ਪੰਜਾਬੀ ਦੇ ਪ੍ਰੋਗਰਾਮ 'ਆਵਾਜ਼-ਏ-ਪੰਜਾਬ' ਦੇ ਮੇਜ਼ਬਾਨ ਡਾ. ਗੁਰਵਿੰਦਰ ਸਿੰਘ ਨੂੰ 'ਹਿਊਮਨ ਰਾਈਟਸ ਜਰਨਲਿਜ਼ਮ ਐਵਾਰਡ' ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਐਵਾਰਡ ਅਦਾਰਾ 'ਰੈਡੀਕਲ ਦੇਸੀ' ਵੱਲੋਂ ਡਾ. ਗੁਰਵਿੰਦਰ ਸਿੰਘ ਦੀ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਪੱਤਰਕਾਰੀ ਦੇ ਮੱਦੇਨਜ਼ਰ ਦਿੱਤਾ ਗਿਆ ਹੈ।

ਗੁਰਦੁਆਰਾ ਸੁਖ ਸਾਗਰ, ਖਾਲਸਾ ਦੀਵਾਨ ਸੁਸਾਇਟੀ, ਨਿਊਵੈਸਟਮਨਿਸਟਰ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਦੌਰਾਨ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਅੱਜ ਦੇ ਸਮੇਂ ਸਾਨੂੰ ਗਿਆਨੀ ਬਲਵੰਤ ਸਿੰਘ ਖੁਰਦਪੁਰ ਸਮੇਤ ਸਮੂਹ ਗਦਰੀ ਬਾਬਿਆਂ ਅਤੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਲੋੜ ਹੈ ਜਿਨ੍ਹਾਂ ਨੇ ਸਮੇਂ ਦੀਆਂ ਸਰਕਾਰਾਂ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਮਨੁੱਖੀ ਹੱਕਾਂ ਲਈ ਜਾਨਾਂ ਕੁਰਬਾਨ ਕੀਤੀਆਂ। ਅਦਾਰਾ 'ਰੈਡੀਕਲ ਦੇਸੀ' ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਜਦੋਂ ਸੈਂਸਰਸ਼ਿਪ ਅਤੇ ਸਰਕਾਰੀ ਧੱਕੇਸ਼ਾਹੀ ਰਾਹੀਂ ਪੱਤਰਕਾਰੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਅਜਿਹੇ ਸਮੇਂ ਡਾ. ਗੁਰਵਿੰਦਰ ਸਿੰਘ ਵਰਗੀਆਂ ਸ਼ਖਸੀਅਤਾਂ ਦਾ ਜੋ




ਸਥਾਪਤੀ ਨੂੰ ਜਵਾਬਦੇਹ ਬਣਾਉਣ ਲਈ ਯਤਨਸ਼ੀਲ ਹਨ, ਨੂੰ ਸਨਮਾਨਿਤ ਕਰਨਾ ਜ਼ਰੂਰੀ ਹੈ। ਇਸ ਮੌਕੇ 'ਤੇ ਖਾਲਸਾ ਦੀਵਾਨ ਸੁਸਾਇਟੀ ਸੁਖਸਾਗਰ ਨਿਊ ਵੈਸਟ ਮਿਨਸਟਰ ਵੱਲੋਂ ਸ਼ਹੀਦ ਗਿਆਨੀ ਬਲਵੰਤ ਸਿੰਘ ਖੁਰਦਪੁਰ ਦੇ ਇਤਿਹਾਸਕ ਦਿਨ 'ਤੇ ਵਿਸਤਾਰ ਪੂਰਵਕ ਵਿਚਾਰ ਚਰਚਾ ਹੋਈ ਜਿਸ ਵਿਚ ਡਾ. ਗੁਰਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਤੋਂ ਇਲਾਵਾ ਭਾਈ ਹਰਦੀਪ ਸਿੰਘ ਨਾਗਰਾ ਅਤੇ ਭਾਈ ਸੁਲੱਖਣ ਸਿੰਘ ਸੋਢੀ ਨੇ ਵਿਚਾਰ ਸਾਂਝੇ ਕੀਤੇ। ਸੁਸਾਇਟੀ ਵੱਲੋਂ ਗੁਰਪ੍ਰੀਤ ਸਿੰਘ ਨੂੰ ਬੁਲਾਰੇ ਵਜੋਂ ਸ਼ਾਮਲ ਹੋਣ 'ਤੇ ਸਨਮਾਨ ਚਿੰਨ ਭੇਂਟ ਕੀਤਾ ਗਿਆ। ਸਮਾਗਮ ਵਿਚ ਕੈਨੇਡੀਅਨ ਜੰਮਪਲ ਸਿੱਖ ਬੱਚਿਆਂ ਦੀ ਹਾਜ਼ਰੀ ਉਤਸ਼ਾਹ ਪੂਰਨ ਰਹੀ ਜਿਨ੍ਹਾਂ ਨੇ ਸ਼ਬਦ ਕੀਰਤਨ ਤੋਂ ਇਲਾਵਾ ਇਤਿਹਾਸ ਅਤੇ ਪੰਜਾਬੀ ਬੋਲੀ ਨੂੰ ਸਮਰਪਿਤ ਵਿਚਾਰਾਂ ਦੀ ਸਾਂਝ ਪਾਈ।

## ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ 'ਤੇ ਮੁੜ ਦਾਅਵਾ

**ਬੀਜਿੰਗ:** ਚੀਨ ਨੇ ਭਾਰਤੀ ਰਾਜ ਅਰੁਣਾਚਲ ਪ੍ਰਦੇਸ਼ ਉਤੇ ਮੁੜ ਆਪਣਾ ਦਾਅਵਾ ਮਜ਼ਬੂਤ ਕਰਨ ਦੇ ਯਤਨਾਂ ਤਹਿਤ ਅਰੁਣਾਚਲ ਪ੍ਰਦੇਸ਼ ਲਈ ਚੀਨੀ, ਤਿੱਬਤੀ ਤੇ ਪਿਨਯਿਨ ਅੱਖਰਾਂ 'ਚ ਨਾਵਾਂ ਦਾ ਤੀਸਰਾ ਸਮੂਹ ਜਾਰੀ ਕੀਤਾ ਹੈ। ਚੀਨ ਦੇ ਨਾਗਰਿਕ ਮਾਮਲਿਆਂ ਦੇ ਮੰਤਰਾਲੇ ਨੇ ਅਰੁਣਾਚਲ ਪ੍ਰਦੇਸ਼ ਲਈ 11 ਸਥਾਨਾਂ ਦੇ ਪ੍ਰਮਾਣਿਤ ਨਾਂ ਜਾਰੀ ਕੀਤੇ ਹਨ, ਜਿਸ ਨੂੰ ਇਹ 'ਜ਼ੰਗਨਾਨ' ਕਹਿੰਦੇ ਹਨ।ਗਲੋਬਲ ਟਾਈਮਜ਼ ਦੀ ਰਿਪੋਰਟ ਅਨੁਸਾਰ ਮੰਤਰਾਲੇ ਦੁਆਰਾ 11 ਸਥਾਨਾਂ ਦੇ ਅਧਿਕਾਰਤ ਨਾਂ ਜਾਰੀ ਕੀਤੇ ਗਏ ਹਨ, ਜਿਸ 'ਚ ਦੋ ਜ਼ਮੀਨੀ ਖੇਤਰਾਂ, ਦੋ ਰਿਹਾਇਸ਼ੀ ਇਲਾਕਿਆਂ, ਪੰਜ ਪਹਾੜੀ ਚੋਟੀਆਂ ਅਤੇ ਦੋ ਨਦੀਆਂ ਸਮੇਤ ਸਟੀਕ ਤਾਲਮੇਲ ਵੀ ਦਿੱਤੇ ਗਏ ਹਨ ਅਤੇ ਸਥਾਨਾਂ ਦੇ ਨਾਵਾਂ ਦੀ ਸ਼੍ਰੇਣੀ ਅਤੇ ਉਨ੍ਹਾਂ ਦੇ ਅਧੀਨ ਪ੍ਰਸ਼ਾਸਨਿਕ ਜ਼ਿਲ੍ਹਿਆਂ ਨੂੰ ਸੂਚੀਬੱਧ ਕੀਤਾ ਗਿਆ ਹੈ। ਚੀਨ ਦੇ ਨਾਗਰਿਕ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਅਰੁਣਾਚਲ ਪ੍ਰਦੇਸ਼ ਲਈ ਮਾਨਕੀਕ੍ਰਿਤ ਭੂਗੋਲਿਕ ਨਾਵਾਂ ਦਾ ਇਹ ਤੀਜਾ ਸਮੂਹ (ਬੈਚ) ਹੈ। ਅਰੁਣਾਚਲ 'ਚ ਛੇ ਸਥਾਨਾਂ ਦੇ ਪ੍ਰਮਾਣਿਤ ਨਾਵਾਂ ਦਾ ਪਹਿਲਾ ਬੈਚ 2017 ਅਤੇ 15 ਸਥਾਨਾਂ ਦਾ ਦੂਜਾ ਬੈਚ 2021 ਵਿਚ ਜਾਰੀ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਭਾਰਤ ਪਹਿਲਾਂ ਹੀ ਅਰੁਣਾਚਲ ਪ੍ਰਦੇਸ ਵਿਚ ਕੁਝ ਸਥਾਨਾਂ ਦੇ ਨਾਂ ਬਦਲਣ ਦੇ ਚੀਨੀ ਕਦਮ ਨੂੰ ਖਾਰਜ ਕਰਦਿਆਂ ਕਹਿ ਚੁੱਕਾ ਹੈ ਕਿ ਅਰੁਣਾਚਲ ਪ੍ਰਦੇਸ ਭਾਰਤ ਦਾ ਅਨਿੱਖੜਵਾਂ ਅੰਗ ਹਮੇਸ਼ਾ ਰਿਹਾ ਹੈ ਅਤੇ ਰਹੇਗਾ ਅਤੇ ਘੜੇ ਗਏ ਨਾਂ ਇਸ ਤੱਥ ਨੂੰ ਨਹੀਂ ਬਦਲਦੇ।

## ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੀ ਮਦਦ ਦਾ ਭਰੋਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਉਨ੍ਹਾਂ ਕੈਨੇਡਾ 'ਚ ਦੇਸ ਨਿਕਾਲੇ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਦਾ ਮੁੱਦਾ ਕੈਨੇਡਾ ਸਰਕਾਰ ਕੋਲ ਉਠਾਉਣ ਲਈ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਬੇਨਤੀ ਕੀਤੀ ਸੀ। ਸ੍ਰੀ ਜੈਸ਼ੰਕਰ ਵੱਲੋਂ ਉਨ੍ਹਾਂ (ਸੁਖਬੀਰ ਸਿੰਘ ਬਾਦਲ) ਨੂੰ ਪੱਤਰ ਲਿਖ ਕੇ ਇਸ ਦਾ ਜਵਾਬ ਦਿੱਤਾ ਗਿਆ ਹੈ। ਵਿਦੇਸ਼ ਮੰਤਰਾਲੇ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਕੈਨੇਡਾ ਵਿਚ ਵਿਦਿਆਰਥੀਆਂ ਦੇ ਰਹਿਣ ਨੂੰ ਯਕੀਨੀ ਬਣਾਉਣ ਲਈ ਸਭ ਵਾਜਬ ਢੰਗ ਤਰੀਕਿਆਂ ਤੇ ਸਾਧਨਾਂ ਦੀ ਵਰਤੋਂ ਦੀਆਂ ਕੋਸ਼ਿਸ਼ਾਂ ਜਾਰੀ ਹਨ। ਜ਼ਿਕਰਯੋਗ ਹੈ ਕਿ 700 ਤੋਂ ਵਧੇਰੇ ਭਾਰਤੀ ਵਿਦਿਆਰਥੀ ਕੈਨੇਡਾ 'ਚ ਗਲਤ ਵੀਜ਼ਿਆਂ ਕਾਰਨ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਹਨ।

# ਪੰਜਾਬ ਸਰਕਾਰ ਦੀ ਕਮਾਈ ਵਿਚ ਚੋਖਾ ਵਾਧਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮਾਰਚ ਮਹੀਨੇ ਵਿਚ ਦਿੱਤੀ ਗਈ ਵਿਸ਼ੇਸ਼ ਛੋਟ ਕਰਕੇ ਸਰਕਾਰੀ ਖ਼ਜ਼ਾਨੇ ਨੂੰ 78 ਫ਼ੀਸਦ ਆਮਦਨ ਵਧੇਰੇ ਹੋਈ ਹੈ। ਮਾਰਚ ਮਹੀਨੇ ਵਿਚ ਸਟੈਂਪ ਡਿਊਟੀ ਸਮੇਤ ਕੁੱਲ ਫੀਸ ਵਿਚ 2.25 ਫ਼ੀਸਦ ਦੀ ਵਿਸ਼ੇਸ਼ ਛੋਟ ਰਜਿਸਟਰੀਆਂ 'ਤੇ ਦਿੱਤੀ ਗਈ, ਜਿਸ ਦੇ ਨਤੀਜੇ ਵਜੋਂ ਮਾਰਚ ਮਹੀਨੇ ਦੀ ਮਾਲ ਵਿਭਾਗ ਤੋਂ ਆਮਦਨ ਪਿਛਲੇ ਵਰ੍ਹੇ ਦੇ ਮਾਰਚ ਮਹੀਨੇ ਦੇ ਮੁਕਾਬਲੇ ਵਿਚ 78 ਫ਼ੀਸਦ ਦਾ ਵਾਧਾ ਹੋਇਆ ਹੈ। ਮਾਰਚ ਮਹੀਨੇ ਦੇ ਰੁਝਾਨ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਇਹ ਛੋਟ ਅਪਰੈਲ ਮਹੀਨੇ ਤੱਕ ਵਧਾ ਦਿੱਤੀ ਹੈ। ਮਾਰਚ ਮਹੀਨੇ ਦੇ ਆਖ਼ਰੀ ਹਫ਼ਤੇ ਤਾਂ ਰਜਿਸਟਰੀਆਂ ਲਈ ਕਤਾਰਾਂ ਲੱਗ ਗਈਆਂ ਸਨ। ਛੁੱਟੀ ਵਾਲੇ ਦਿਨ ਵੀ ਮਾਲ ਅਫ਼ਸਰਾਂ ਨੇ ਰਜਿਸਟਰੀਆਂ ਕੀਤੀਆਂ ਸਨ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮਾਰਚ ਮਹੀਨੇ ਵਿਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚ 658.69 ਕਰੋੜ ਰੁਪਏ ਆਏ ਹਨ, ਜਦਕਿ ਮਾਰਚ 2022 'ਚ ਇਹ ਆਮਦਨ 369.61 ਕਰੋੜ ਰੁਪਏ ਸੀ। ਪਿਛਲੇ ਸਾਲ ਦੇ ਮੁਕਾਬਲੇ ਇਹ ਆਮਦਨ 78 ਫ਼ੀਸਦ ਜ਼ਿਆਦਾ ਬਣਦੀ ਹੈ। ਉਨ੍ਹਾਂ ਦੱਸਿਆ ਕਿ ਅਪਰੈਲ 2022 ਤੋਂ ਫਰਵਰੀ 2023 ਤੱਕ ਦੇ 11 ਮਹੀਨਿਆਂ ਦੌਰਾਨ ਸਰਕਾਰੀ ਖ਼ਜ਼ਾਨੇ ਵਿਚ ਔਸਤਨ 308 ਕਰੋੜ ਰੁਪਏ ਪ੍ਰਤੀ ਮਹੀਨਾ ਦੀ ਆਮਦਨ ਆਉਂਦੀ ਰਹੀ ਹੈ, ਜਦਕਿ ਸਿਰਫ਼ ਇੱਕ ਮਹੀਨੇ ਦੌਰਾਨ ਯਾਨੀ ਮਾਰਚ 2023 ਵਿਚ ਇਹ ਆਮਦਨ ਦੁੱਗਣੀ ਤੋਂ ਵੀ ਜ਼ਿਆਦਾ ਰਹੀ। ਮਾਲ ਮੰਤਰੀ ਨੇ ਕਿਹਾ ਕਿ ਅਪਰੈਲ 2023 ਦੌਰਾਨ ਵੀ ਪੰਜਾਬ ਦੇ ਖ਼ਜ਼ਾਨੇ 'ਚ ਪਿਛਲੇ ਮਹੀਨਿਆਂ ਨਾਲੋਂ ਜ਼ਿਆਦਾ ਆਮਦਨ ਆਉਣ ਦੀ ਸੰਭਾਵਨਾ ਹੈ ਕਿਉਂਕਿ ਸਟੈਂਪ ਡਿਊਟੀ ਤੇ ਫ਼ੀਸ ਵਿਚ 2.25 ਫ਼ੀਸਦ ਦੀ ਛੋਟ 30 ਅਪਰੈਲ 2023 ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਪਰੈਲ ਮਹੀਨੇ ਵਿਚ ਕਿਸਾਨਾਂ ਵੱਲੋਂ ਫਸਲ ਦੀ ਕਟਾਈ ਤੋਂ ਬਾਅਦ ਜ਼ਮੀਨ-ਜਾਇਦਾਦਾਂ ਦੀ ਰਜਿਸਟਰੀ ਲਈ ਰੁਚੀ ਵਿਖਾਈ ਜਾਂਦੀ ਹੈ।ਦੱਸਣਯੋਗ ਹੈ ਕਿ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਦੀ ਰਜਿਸਟਰੀ ਕਰਵਾਉਣ ਲਈ 1 ਫ਼ੀਸਦ ਐਡੀਸ਼ਨਲ ਸਟੈਂਪ ਡਿਊਟੀ, 1 ਫ਼ੀਸਦੀ ਪੀ.ਆਈ.ਡੀ.ਬੀ. ਫੀਸ ਤੇ 0.25 ਫ਼ੀਸਦ ਸਪੈਸ਼ਲ ਫ਼ੀਸ ਵਿੱਚ ਕਟੌਤੀ ਕੀਤੀ ਗਈ ਹੈ। ਇਹ ਕੁੱਲ ਛੋਟ 2.25 ਫ਼ੀਸਦ ਬਣਦੀ ਹੈ। ਸ੍ਰੀ ਜਿੰਪਾ ਨੇ ਇਸ ਮੌਕੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸੂਬੇ ਦੇ ਖ਼ਜ਼ਾਨੇ ਨੂੰ ਹੋਰ ਮਜ਼ਬੂਤ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਤੇ ਕਿਸੇ ਵੀ ਕੰਮ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਮਾਲ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ ਕਿਸੇ ਕੰਮ ਬਦਲੇ ਪੈਸਾ ਮੰਗਦਾ ਹੈ ਤਾਂ ਬੇਝਿਜਕ ਹੋ ਕੇ ਇਸ ਦੀ ਸ਼ਿਕਾਇਤ ਕੀਤੀ ਜਾਵੇ।

## ਪੰਥਕ ਸਿਆਸਤ ਭਖੀ, ਸਿਆਸੀ ਧਿਰਾਂ ਖਾਮੋਸ਼

*(ਪਹਿਲੇ ਸਫੇ ਦੀ ਬਾਕੀ)*

ਸਿੰਘ ਧਾਮੀ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਹੈ ਕਿ ਦੋਵੇਂ ਸਰਕਾਰਾਂ ਪਰ ਲੁਕਵੇਂ ਏਜੰਡੇ ਤਹਿਤ ਸੂਬੇ ਦੇ ਲੋਕਾਂ 'ਚ ਡਰ ਪੈਦਾ ਕਰਨਾ ਚਾਹੁੰਦੀਆਂ ਹਨ। ਕਿਸੇ ਸਮੇਂ ਕਾਂਗਰਸ ਵੀ ਇਸ ਰਾਹ 'ਤੇ ਚੱਲੀ ਸੀ ਤੇ ਫੇਲ੍ਹ ਹੋਣ ਤੋਂ ਬਾਅਦ ਟਿੱਕ ਕੇ ਬੈਠ ਗਈ ਪਰ ਹੁਣ ਮੌਜੂਦਾ ਪੰਜਾਬ ਅਤੇ ਕੇਂਦਰ ਸਰਕਾਰ ਵੀ ਇਸੇ ਨੀਤੀ 'ਤੇ ਚੱਲ ਰਹੀਆਂ ਹਨ। ਇਹ ਸਾਰਾ ਕੁਝ 2024 ਦੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ।

# ਜਲੰਧਰ ਜ਼ਿਮਨੀ ਚੋਣ ਲਈ ਸਿਆਸੀ ਮਾਹੌਲ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਜਨਤਾ ਪਾਰਟੀ ਵੀ ਪੂਰੀ ਤਰ੍ਹਾਂ ਨਾਲ ਸਰਗਰਮ ਹੈ। ਜਲੰਧਰ ਦੀ ਇਸ ਲੋਕ ਸਭਾ ਸੀਟ ਵਿਚ 9 ਵਿਧਾਨ ਸਭਾ ਹਲਕੇ ਪੈਂਦੇ ਹਨ। ਸਾਲ ਕੁ ਪਹਿਲਾਂ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਵਿਚ ਇਨ੍ਹਾਂ 9 ਹਲਕਿਆਂ ਵਿਚ ਪਹਿਲੇ ਨੰਬਰ ਉਤੇ ਕਾਂਗਰਸ ਆਈ ਸੀ; ਦੂਜੇ ਨੰਬਰ ਉਤੇ ਆਮ ਆਦਮੀ ਪਾਰਟੀ ਰਹੀ ਸੀ, ਤੀਸਰੇ ਨੰਬਰ 'ਤੇ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਆਈਆਂ ਸਨ। ਭਾਰਤੀ ਜਨਤਾ ਪਾਰਟੀ ਨੂੰ ਕ੍ਰਮਵਾਰ ਵੋਟਾਂ ਵਿਚ ਚੌਥਾ ਸਥਾਨ ਹੀ ਮਿਲ ਸਕਿਆ ਸੀ।

ਇਨ੍ਹਾਂ 9 ਹਲਕਿਆਂ ਵਿਚ ਉਸ ਸਮੇਂ 5 ਕਾਂਗਰਸ ਦੇ ਅਤੇ 4 ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤੇ ਸਨ। ਜੇ ਇਸ ਪਿਛਲੀ ਕਾਰਗੁਜ਼ਾਰੀ ਨੂੰ ਦੇਖਿਆ ਜਾਵੇ ਤਾਂ ਇਸ ਵਾਰ ਵੀ ਮੁਕਾਬਲਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਹੀ ਬਣਦਾ ਹੈ ਕਿਉਂਕਿ ਕੁਝ ਹਲਕਿਆਂ ਵਿਚ ਵਧੀਆ ਕਾਰਗੁਜ਼ਾਰੀ ਦਿਖਾ ਸਕਣ ਤੋਂ ਬਾਅਦ ਵੀ ਅਕਾਲੀ ਦਲ-ਬਸਪਾ ਨੂੰ ਉਸ ਸਮੇਂ ਇਕ ਵੀ ਸੀਟ ਪ੍ਰਾਪਤ ਨਹੀਂ ਸੀ ਹੋਈ। ਆਮ ਆਦਮੀ ਪਾਰਟੀ ਲਈ ਇਹ ਚੋਣ ਇਸ ਲਈ ਵੀ ਵਧੇਰੇ ਮਹੱਤਵ ਰੱਖਦੀ ਹੈ, ਕਿਉਂਕਿ ਉਹ ਆਪਣੀ ਇਕ ਸਾਲ ਦੀ ਸੱਤਾ ਦੌਰਾਨ ਸੰਗਰੂਰ ਲੋਕ ਸਭਾ ਜਿਮਨੀ ਚੋਣ ਹਾਰ ਚੁੱਕੀ ਹੈ। ਪੰਜਾਬ ਵਿਚ ਬਣਿਆ ਮੌਜੂਦ ਮਾਹੌਲ ਵੀ ਆਪ ਲਈ ਵੱਡੀ ਚੁਣੌਤੀ ਹੈ। ਮਰਹੂਮ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਪੰਜਾਬੀ ਗਾਇਕ ਦੇ ਪ੍ਰਸੰਸਕਾਂ ਨੂੰ ਆਗਾਮੀ ਜਲੰਧਰ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਖਿਲਾਫ ਭੁਗਤਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨੂੰ ਸੰਗਰੂਰ ਦੀ ਜ਼ਿਮਨੀ ਚੋਣ ਤੋਂ ਬਾਅਦ 'ਆਪ' ਨੂੰ ਜਲੰਧਰ ਦੀ ਚੋਣ ਵਿਚ ਵੀ ਹਾਰ ਦਾ ਮੂੰਹ ਦਿਖਾਉਣਾ ਚਾਹੀਦਾ ਹੈ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਉਹ ਜਲੰਧਰ ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਦੇ ਖਿਲਾਫ ਪ੍ਰਚਾਰ ਕਰਨਗੇ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਦੱਸਣਗੇ ਕਿ ਭਗਵੰਤ ਮਾਨ ਸਰਕਾਰ ਨੇ ਉਨ੍ਹਾਂ ਦੇ ਜਵਾਨ ਪੁੱਤਰ ਦੇ ਕਤਲ ਦਾ ਇਨਸਾਫ ਦੇਣ ਦੀ ਜਗ੍ਹਾ ਲਾਰੇ ਹੀ ਲਾਏ ਹਨ।

## ਗੈਂਗਸਟਰ ਦੀਪਕ ਬਾਕਸਰ ਮੈਕਸੀਕੋ 'ਚ ਗ੍ਰਿਫਤਾਰ

**ਨਵੀਂ ਦਿੱਲੀ:** ਸੰਘੀ ਜਾਂਚ ਬਿਊਰੋ (ਐਫ.ਬੀ.ਆਈ.) ਦੀ ਮਦਦ ਨਾਲ ਦਿੱਲੀ ਪੁਲਿਸ ਦੀ ਸਪੈਸ਼ਲ ਬ੍ਰਾਂਚ ਨੇ ਰਾਸ਼ਟਰੀ ਰਾਜਧਾਨੀ ਦੇ ਮੋਸਟ ਵਾਂਟੇਡ ਗੈਂਗਸਟਰਾਂ ਵਿਚੋਂ ਇਕ ਦੀਪਕ 'ਬਾਕਸਰ' ਨੂੰ ਮੈਕਸੀਕੋ ਵਿਚ ਗ੍ਰਿਫਤਾਰ ਕੀਤਾ ਹੈ। ਸਪੈਸ਼ਲ ਬ੍ਰਾਂਚ ਦੀ ਟੀਮ ਮੈਕਸੀਕੋ ਵਿਚ ਸੀ ਅਤੇ ਇਸ ਗੈਂਗਸਟਰ ਨੂੰ ਫੜ ਲਿਆ ਹੈ। ਦੀਪਕ ਪਿਛਲੇ ਸਾਲ ਇਥੋਂ ਦੇ ਰੋਹਿਣੀ ਕੋਰਟ ਕੰਪਲੈਕਸ ਵਿਚ ਗੈਂਗਸਟਰ ਜਤਿੰਦਰ ਗੋਗੀ ਦੇ ਕਤਲ ਤੋਂ ਬਾਅਦ 'ਗੋਗੀ ਗੈਂਗ' ਚਲਾ ਰਿਹਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਐਚ1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਵੀ ਕਰ ਸਕਦੇ ਨੇ ਅਮਰੀਕਾ 'ਚ ਕੰਮ




**ਵਾਸ਼ਿੰਗਟਨ:** ਅਮਰੀਕਾ ਦੇ ਇਕ ਜੱਜ ਨੇ ਫੈਸਲਾ ਸੁਣਾਇਆ ਕਿ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਵੀ ਅਮਰੀਕਾ 'ਚ ਕੰਮ ਕਰ ਸਕਦੇ ਹਨ।

ਅਦਾਲਤ ਦੇ ਇਸ ਫੈਸਲੇ ਨਾਲ ਵਿਦੇਸ਼ੀ ਕਾਮਿਆਂ ਜਿਨ੍ਹਾਂ 'ਚ ਵੱਡੀ ਗਿਣਤੀ ਭਾਰਤੀਆਂ ਦੀ ਹੈ, ਨੂੰ ਰਾਹਤ ਮਿਲੀ ਹੈ। ਅਮਰੀਕਾ ਦੀ ਜ਼ਿਲ੍ਹਾ ਜੱਜ ਤਾਨਿਆ ਚਟਕਨ ਨੇ 'ਸੇਵ ਜੌਬਸ ਯੂ.ਐਸ.ਏ' ਵੱਲੋਂ ਦਾਇਰ ਉਹ ਪਟੀਸ਼ਨ ਖਾਰਜ ਕਰ ਦਿੱਤੀ ਜਿਸ 'ਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੇ ਨਿਯਮ ਨੂੰ ਖਾਰਜ ਕਰਨ ਦੀ ਮੰਗ ਕੀਤੀ ਗਈ ਸੀ। ਇਸ ਨਿਯਮ ਤਹਿਤ ਕੁਝ ਵਰਗਾਂ ਦੇ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਨੂੰ ਰੁਜ਼ਗਾਰ ਅਧਿਕਾਰ ਕਾਰਡ ਦਿੱਤਾ ਜਾਂਦਾ ਹੈ।

ਸੇਵ ਜੌਬਸ ਯੂ.ਐਸ.ਏ ਇਕ ਅਜਿਹੀ ਜਥੇਬੰਦੀ ਹੈ ਜਿਸ ਵਿਚ ਆਈ.ਟੀ. ਕਰਮਚਾਰੀ ਵੀ ਸ਼ਾਮਲ ਹਨ ਤੇ ਇਹ ਦਾਅਵਾ ਕਰਦੇ ਹਨ ਕਿ ਐਚ-1ਬੀ ਵੀਜ਼ਾ ਧਾਰਕਾਂ ਕਾਰਨ ਉਨ੍ਹਾਂ ਦੀ ਨੌਕਰੀ ਚਲੀ ਗਈ ਹੈ। ਐਮਾਜ਼ੋਨ, ਐਪਲ, ਗੂਗਲ ਤੇ ਮਾਈਕ੍ਰੋਸਾਫਟ ਜਿਹੀਆਂ ਤਕਨੀਕੀ ਕੰਪਨੀਆਂ ਨੇ ਇਸ ਮੁਕੱਦਮੇ ਦਾ ਵਿਰੋਧ ਕੀਤਾ ਸੀ। ਭਾਰਤੀ-ਅਮਰੀਕੀ ਭਾਈਚਾਰੇ ਦੇ ਆਗੂ ਤੇ ਪਰਵਾਸੀਆਂ ਦੇ ਹੱਕਾਂ ਬਾਰੇ ਵਕੀਲ ਅਜੈ ਭੁਟੋਰੀਆ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

## ਹੁਣ ਰੁਪਏ ਵਿਚ ਵਪਾਰ ਕਰਨਗੇ ਭਾਰਤ ਅਤੇ ਮਲੇਸ਼ੀਆ

**ਨਵੀਂ ਦਿੱਲੀ:** ਭਾਰਤ ਤੇ ਮਲੇਸ਼ੀਆ ਹੋਰ ਕਰੰਸੀਆਂ ਦੀ ਬਜਾਏ ਹੁਣ ਭਾਰਤੀ ਰੁਪਏ ਵਿਚ ਹੀ ਵਪਾਰ ਕਰ ਸਕਦੇ ਹਨ। ਇਹ ਜਾਣਕਾਰੀ ਵਿਦੇਸ਼ੀ ਮਾਮਲਿਆਂ ਨਾਲ ਸਬੰਧਿਤ ਮੰਤਰਾਲੇ ਵੱਲੋਂ ਸਾਂਝੀ ਕੀਤੀ ਗਈ ਹੈ। ਇਹ ਕਦਮ ਭਾਰਤੀ ਰਿਜ਼ਰਵ ਬੈਂਕ ਵੱਲੋਂ ਪਿਛਲੇ ਵਰ੍ਹੇ ਜੁਲਾਈ ਵਿਚ ਕੌਮਾਂਤਰੀ ਵਪਾਰ ਸਬੰਧੀ ਲੈਣ-ਦੇਣ ਭਾਰਤੀ ਕਰੰਸੀ ਵਿਚ ਕਰਨ ਸਬੰਧੀ ਲਏ ਗਏ ਫੈਸਲੇ ਮਗਰੋਂ ਚੁੱਕਿਆ ਗਿਆ ਹੈ। ਮੰਤਰਾਲੇ ਮੁਤਾਬਿਕ ਆਰ.ਬੀ.ਆਈ. ਦੀ ਇਸ ਪਹਿਲਕਦਮੀ ਦਾ ਮਕਸਦ ਵਪਾਰ ਨੂੰ ਹੋਰ ਵਧਾਉਣਾ ਅਤੇ ਆਲਮੀ ਪੱਧਰ 'ਤੇ ਵਪਾਰਕ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰਨਾ ਹੈ।

# ਏਜੰਟ ਦੀ ਧੋਖਾਧੜੀ ਦੇ ਸ਼ਿਕਾਰ ਪੰਜਾਬੀ ਵਿਦਿਆਰਥੀਆਂ ਨੇ ਰੋਸ ਵਿਖਾਵਾ ਕੀਤਾ

**ਵੈਨਕੂਵਰ:** ਜਲੰਧਰ ਦੇ ਏਜੰਟ ਵੱਲੋਂ ਕਥਿਤ ਤੌਰ 'ਤੇ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਵਿੱਦਿਅਕ ਵੀਜ਼ੇ ਲਗਵਾ ਕੇ ਕੈਨੇਡਾ ਭੇਜੇ ਗਏ ਵਿਦਿਆਰਥੀਆਂ ਨੂੰ ਮਿਲੇ ਦੇਸ਼ ਤੋਂ ਕੱਢਣ ਦੇ ਹੁਕਮਾਂ ਖ਼ਿਲਾਫ਼ ਪੀੜਤ ਵਿਦਿਆਰਥੀਆਂ ਨੇ ਟੋਰਾਂਟੋ ਦੇ ਵਿਕਟੋਰੀਆ ਸਟਰੀਟ ਸਥਿਤ ਕੈਨੇਡਾ ਦੇ ਆਵਾਸ ਤੇ ਪਨਾਹ ਵਿਭਾਗ ਦੇ ਦਫਤਰ ਅੱਗੇ ਰੋਸ ਵਿਖਾਵਾ ਕੀਤਾ।

ਉਨ੍ਹਾਂ ਮੰਗ ਕੀਤੀ ਕਿ ਏਜੰਟ ਦੀ ਧੋਖਾਧੜੀ ਦਾ ਸ਼ਿਕਾਰ ਮੰਨ ਕੇ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇ ਅਤੇ ਹੋਰ ਵਿਦਿਆਰਥੀਆਂ ਵਾਂਗ ਉਨ੍ਹਾਂ ਨੂੰ ਵੀ ਪੱਕੇ ਹੋਣ ਦੇ ਮੌਕੇ ਦਿੱਤੇ ਜਾਣ। ਵਿਦਿਆਰਥੀ ਬੁਲਾਰਿਆਂ ਨੇ ਕਿਹਾ ਕਿ ਉਨ੍ਹਾਂ ਕੋਈ ਧੋਖਾਧੜੀ ਨਹੀਂ ਕੀਤੀ ਸਗੋਂ ਉਹ ਏਜੰਟ ਦੀ ਧੋਖਾਧੜੀ ਦੇ ਸ਼ਿਕਾਰ ਹੋਏ ਹਨ। ਇਸ ਲਈ ਕੈਨੇਡਾ ਸਰਕਾਰ ਨੂੰ ਉਨ੍ਹਾਂ ਨੂੰ ਵਾਪਸ ਭਾਰਤ ਭੇਜਣ ਦੇ ਹੁਕਮ ਵਾਪਸ ਲੈਣੇ ਚਾਹੀਦੇ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਕਟਹਿਰੇ 'ਚ ਖੜ੍ਹੇ ਕਰਦਿਆਂ ਕਿਹਾ ਕਿ ਸਰਕਾਰ ਦੀ ਨਾਅਹਿਲੀਅਤ ਕਾਰਨ ਏਜੰਟ ਸਾਧਾਰਨ ਲੋਕਾਂ ਨਾਲ ਧੋਖਾ ਕਰਦੇ ਹਨ। ਵਿਦਿਆਰਥੀਆਂ ਨੇ ਕੈਨੇਡਾ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ,' ਜੇਕਰ ਤੁਹਾਡੇ ਵੀਜ਼ਾ ਅਫਸਰ, ਆਵਾਸ ਵਿਭਾਗ ਅਤੇ ਬਾਰਡਰ ਸੁਰੱਖਿਆ ਏਜੰਸੀ ਵਾਲੇ ਟੋਰਾਂਟੋ ਹਵਾਈ ਅੱਡੇ




ਉਤੇ ਦਾਖਲੇ ਦੀ ਜਾਂਚ ਦੌਰਾਨ ਫਰਜ਼ੀ ਦਸਤਾਵੇਜ਼ਾਂ ਦੀ ਪਛਾਣ ਨਹੀਂ ਸਕੇ ਤਾਂ ਉਹ ਖੁਦ ਕਿਵੇਂ ਜਾਣ ਸਕਦੇ ਸਨ ਕਿ ਉਨ੍ਹਾਂ ਦੀਆਂ ਫਾਈਲਾਂ ਵਿੱਚ ਫਰਜ਼ੀ ਦਸਤਾਵੇਜ਼ ਲਗਾਏ ਗਏ ਹਨ। ਵਿਦਿਆਰਥੀਆਂ ਦੱਸਿਆ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਦੇਸ਼ ਵਿਚੋਂ ਕੱਢਣ ਦੇ ਨੋਟਿਸ ਆ ਚੁੱਕੇ ਹਨ ਅਤੇ ਕਈ ਹੋਰਾਂ ਦੇ ਪੱਕੇ ਹੋਣ ਦੇ ਮਾਮਲਿਆਂ ਉਤੇ ਸ਼ੱਕੀ ਹੋਣ ਦੇ ਠੱਪੇ ਲਾਏ ਜਾ ਰਹੇ ਹਨ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਵੀ ਮਾਨਵਤਾ ਦੇ ਆਧਾਰ 'ਤੇ ਕੈਨੇਡਾ ਸਰਕਾਰ ਉਤੇ ਦਬਾਅ ਬਣਾਏ ਤਾਂ ਜੋ ਪੀੜਤ ਵਿਦਿਆਰਥੀਆਂ ਨੂੰ ਰਾਹਤ ਮਿਲ ਸਕੇ।

# ਬਿਜਲੀ ਦਰਾਂ ਵਿਚ ਵਾਧੇ ਦੇ ਫੈਸਲੇ ਤੋਂ ਸਨਅਤਕਾਰ ਔਖੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਬਿਜਲੀ ਦੀਆਂ ਦਰਾਂ ਵਧਾਉਣ ਕਾਰਨ ਸਨਅਤਕਾਰਾਂ ਨੂੰ ਭਾਰੀ ਝਟਕਾ ਲੱਗਾ ਹੈ। ਸਨਅਤਕਾਰਾਂ ਨੇ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਇਹ ਫੈਸਲਾ ਵਾਪਸ ਲਿਆ ਜਾਵੇ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਉਦਯੋਗਿਕ ਇਕਾਈਆਂ ਲਈ ਵਧਾਈਆਂ ਗਈਆਂ ਬਿਜਲੀ ਦੀਆਂ ਦਰਾਂ ਤਹਿਤ ਪਹਿਲੀ ਅਪਰੈਲ ਤੋਂ 5 ਰੁਪਏ ਪ੍ਰਤੀ ਯੂਨਿਟ ਦੀ ਬਜਾਏ ਸਾਢੇ ਪੰਜ ਰੁਪਏ ਪਰ ਯੂਨਿਟ ਬਿਜਲੀ ਮਿਲੇਗੀ।

ਸਨਅਤੀ ਸ਼ਹਿਰ ਲੁਧਿਆਣਾ ਦੇ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਉਦਯੋਗਿਕ ਇਕਾਈਆਂ ਲਈ ਬਿਜਲੀ ਦੇ ਭਾਅ ਘੱਟ ਕਰਨ ਦੀ ਬਜਾਏ ਸਰਕਾਰ ਨੇ ਇਸ ਵਿੱਚ 50 ਪੈਸੇ ਪ੍ਰਤੀ ਯੂਨਿਟ ਵਾਧਾ ਕਰ ਦਿੱਤਾ ਹੈ। ਇਸ ਨਾਲ ਲਾਗਤ ਮੁੱਲ 'ਤੇ ਅਸਰ ਪਵੇਗਾ ਤੇ ਇਨਪੁੱਟ ਕਾਸਟ 'ਤੇ ਵੀ ਵਾਧਾ ਹੋਵੇਗਾ। ਆਲ ਇੰਡਸਟਰੀ ਐਂਡ ਟਰੇਡ ਫੋਰਮ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਕਿਹਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਸਰਕੂਲਰ ਨੰਬਰ 9-2023 ਜਾਰੀ ਕੀਤਾ ਹੈ ਜਿਸ ਤਹਿਤ ਹੁਣ ਸਨਅਤਾਂ




ਨੂੰ ਬਿਜਲੀ ਖਪਤ 'ਤੇ ਪੰਜ ਰੁਪਏ ਪ੍ਰਤੀ ਯੂਨਿਟ ਦੀ ਥਾਂ 5.50 ਰੁਪਏ ਪ੍ਰਤੀ ਯੂਨਿਟ ਬਿਜਲੀ ਦੇ ਅਦਾ ਕਰਨੇ ਪੈਣਗੇ। ਇਸ ਦੇ ਨਾਲ ਇਸ ਨੂੰ ਹਰ ਸਾਲ 3 ਫੀਸਦੀ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਕਦਮ ਨਾਲ ਸਨਅਤਾਂ 'ਤੇ 2 ਹਜ਼ਾਰ ਕਰੋੜ ਦਾ ਬੋਝ ਵਧੇਗਾ। ਪਹਿਲਾਂ ਹੀ ਖ਼ਰਚੇ ਪਾ ਕੇ ਬਿਜਲੀ 8 ਤੋਂ 10 ਰੁਪਏ ਯੂਨਿਟ ਪੈ ਰਹੀ ਹੈ। ਸਾਈਕਲ ਕਾਰੋਬਾਰੀ ਅਨਿਲ ਸੱਚਦੇਵਾ ਨੇ ਕਿਹਾ ਕਿ ਬਿਜਲੀ ਸਨਅਤਾਂ ਦੀ ਮੁੱਖ ਲੋੜ ਹੈ, ਜਿਸ ਦੇ ਭਾਅ ਨੂੰ ਘੱਟ ਕਰਨ ਦੀ ਥਾਂ ਸਰਕਾਰ ਵਧਾ ਰਹੀ ਹੈ। ਹਰ ਸਾਲ ਤਿੰਨ ਫੀਸਦੀ ਵਧਾਉਣ ਦਾ ਅਸਰ ਪੰਜਾਬ ਦੀ ਸਨਅਤਾਂ 'ਤੇ ਪਵੇਗਾ ਤੇ ਕਾਸਟਿੰਗ ਭਾਅ 'ਤੇ ਵੀ ਇਸ ਦਾ ਅਸਰ ਦਿਸੇਗਾ। ਫੈਡਰੇਸ਼ਨ ਆਫ਼ ਇੰਡਸਟਰੀਅਲ ਤੇ ਕਮਰਸ਼ੀਅਲ ਆਰਗੇਨਾਈਜੇਸ਼ਨ (ਫ਼ੀਕੋ) ਦੇ ਪ੍ਰਧਾਨ ਗੁਰਮੀਤ ਸਿੰਘ ਕੁਲਾਰ ਅਤੇ ਜਨਰਲ ਸਕੱਤਰ ਰਾਜੀਵ ਜੈਨ ਨੇ ਪੰਜਾਬ ਸਰਕਾਰ ਵੱਲੋਂ ਬਿਜਲੀ ਦੇ ਭਾਅ 'ਚ ਕੀਤੇ ਵਾਧੇ ਦਾ ਵਿਰੋਧ ਕੀਤਾ ਹੈ।

## ਪੰਜ ਸਾਲਾ ਬੱਚੇ ਵੱਲੋਂ ਗੋਲੀ ਮਾਰ ਕੇ 16 ਮਹੀਨਿਆਂ ਦੇ ਭਰਾ ਦੀ ਹੱਤਿਆ

**ਲੈਫੇਟ (ਅਮਰੀਕਾ):** ਉੱਤਰੀ-ਪੱਛਮੀ ਇੰਡੀਆਨਾ ਵਿਚ ਪੰਜ ਸਾਲਾ ਲੜਕੇ ਨੇ ਬੰਦੂਕ ਨਾਲ ਗੋਲੀਬਾਰੀ ਕਰ ਦਿੱਤੀ, ਜਿਸ ਨਾਲ ਉਸ ਦੇ 16 ਮਹੀਨਿਆਂ ਦੇ ਭਰਾ ਦੀ ਮੌਤ ਹੋ ਗਈ। ਬੱਚੇ ਨੂੰ ਕਥਿਤ ਤੌਰ ਉਤੇ ਆਪਣੇ ਘਰ ਵਿਚ ਬੰਦੂਕ ਮਿਲੀ ਜਿਸ ਨਾਲ ਉਸ ਨੇ ਗੋਲੀ ਮਾਰ ਦਿੱਤੀ। ਘਟਨਾ ਦੇ ਸਮੇਂ ਦੋਵੇਂ ਬੱਚੇ ਅਪਾਰਟਮੈਂਟ ਵਿਚ ਸਨ।

# ਡੋਨਲਡ ਟਰੰਪ ਨੇ ਦਾਨ 'ਚ 40 ਲੱਖ ਡਾਲਰ ਇਕੱਠੇ ਕੀਤੇ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਦੇ ਚੋਣ ਪ੍ਰਚਾਰ ਦੌਰਾਨ 2016 'ਚ ਇਕ ਪੋਰਨ ਸਟਾਰ ਨੂੰ ਚੁੱਪ ਰਹਿਣ ਲਈ ਪੈਸੇ ਦੇਣ ਦੇ ਮਾਮਲੇ 'ਚ ਡੋਨਲਡ ਟਰੰਪ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਮਗਰੋਂ ਸਾਬਕਾ ਰਾਸ਼ਟਰਪਤੀ ਨੇ 24 ਘੰਟਿਆਂ 'ਚ 40 ਲੱਖ ਡਾਲਰ ਤੋਂ ਵਧ ਦੀ ਰਕਮ ਇਕੱਤਰ ਕੀਤੀ ਹੈ। ਟਰੰਪ ਦੀ ਚੋਣ ਪ੍ਰਚਾਰ ਮੁਹਿੰਮ ਲਈ ਇਸ 'ਚੋਂ 25 ਫੀਸਦ ਤੋਂ ਵਧ ਰਕਮ ਉਸ ਨੂੰ ਪਹਿਲੀ ਵਾਰ ਦਾਨ ਦੇਣ ਵਾਲੇ ਲੋਕਾਂ ਨੇ ਦਿੱਤੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਸਾਰੇ 50 ਸੂਬਿਆਂ ਦੇ ਅਮਰੀਕੀਆਂ ਨੇ ਪਹਿਲੇ ਪੰਜ ਘੰਟਿਆਂ ਦੌਰਾਨ ਹੀ ਟਰੰਪ ਨੂੰ ਦਾਨ ਦੇ ਦਿੱਤਾ ਸੀ। ਇਸ ਨਾਲ ਰਾਸ਼ਟਰਪਤੀ ਅਹੁਦੇ ਦੀ ਚੋਣ 'ਚ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਬਣਨ ਦੀ ਟਰੰਪ ਦੀ ਦਾਅਵੇਦਾਰੀ ਨੂੰ ਤਾਕਤ ਮਿਲੀ ਹੈ। ਟਰੰਪ ਅਮਰੀਕਾ 'ਚ 2024 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਦਾਅਵੇਦਾਰਾਂ 'ਚੋਂ ਸਭ ਤੋਂ ਅੱਗੇ ਹਨ। ਅਮਰੀਕੀ ਕਾਨੂੰਨ 'ਚ ਅਜਿਹਾ ਕੋਈ



ਪ੍ਰਬੰਧ ਨਹੀਂ ਹੈ ਜੋ ਦੋਸ਼ੀ ਪਾਏ ਜਾਣ 'ਤੇ ਕਿਸੇ ਉਮੀਦਵਾਰ ਨੂੰ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਪ੍ਰਚਾਰ ਕਰਨ ਜਾਂ ਰਾਸ਼ਟਰਪਤੀ ਵਜੋਂ ਸੇਵਾਵਾਂ ਦੇਣ ਤੋਂ ਰੋਕਦਾ ਹੋਵੇ। ਪ੍ਰਤੀਨਿਧ ਸਭਾ 'ਚ ਟਰੰਪ ਖ਼ਿਲਾਫ਼ ਦੋ ਵਾਰ ਮਹਾ ਦੋਸ਼ ਚਲਾਇਆ ਗਿਆ ਸੀ ਅਤੇ ਦੋਵੇਂ ਵਾਰ ਸੈਨੇਟ ਨੇ ਉਸ ਨੂੰ ਬਰੀ ਕਰ ਦਿੱਤਾ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਦਾਨ 'ਚ ਇਹ ਵਾਧਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕੀ ਲੋਕ ਸਾਬਕਾ ਰਾਸ਼ਟਰਪਤੀ ਟਰੰਪ ਖ਼ਿਲਾਫ਼ ਮੁਕੱਦਮੇ ਨੂੰ ਇਸਤਗਾਸਾ ਧਿਰ ਵੱਲੋਂ ਨਿਆਂ ਪ੍ਰਣਾਲੀ ਨੂੰ ਅਪਮਾਨਜਨਕ ਤੌਰ 'ਤੇ ਹਥਿਆਰ ਵਜੋਂ ਵਰਤੇ ਜਾਣ ਵਜੋਂ ਦੇਖਦੇ ਹਨ। ਵ੍ਹਾਈਟ ਹਾਊਸ ਨੇ ਟਰੰਪ ਖ਼ਿਲਾਫ਼ ਮੁਕੱਦਮੇ ਨੂੰ ਮਨਜ਼ੂਰੀ ਦੇਣ ਦੇ ਫੈਸਲੇ 'ਤੇ ਟਿੱਪਣੀ ਤੋਂ ਇਨਕਾਰ ਕਰ ਦਿੱਤਾ ਹੈ।

# ਸਿੱਖ ਨੌਜਵਾਨ ਅਗਵਾ ਮਾਮਲੇ ਵਿਚ ਤਿੰਨ ਪੁਲਿਸ ਮੁਲਾਜ਼ਮਾਂ ਨੂੰ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਿੱਖ ਨੌਜਵਾਨ ਨੂੰ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਕਰੀਬ ਤਿੰਨ ਦਹਾਕੇ ਪੁਰਾਣੇ ਮਾਮਲੇ ਵਿਚ ਆਪਣਾ ਫੈਸਲਾ ਸੁਣਾ ਦਿੱਤਾ ਹੈ। ਅਦਾਲਤ ਨੇ ਪੰਜਾਬ ਪੁਲਿਸ ਦੇ ਸੇਵਾਮੁਕਤ ਇੰਸਪੈਕਟਰ ਸੂਬਾ ਸਿੰਘ, ਸਾਬਕਾ ਸਬ-ਇੰਸਪੈਕਟਰ ਰਵੇਲ ਸਿੰਘ ਤੇ ਦਲਬੀਰ ਸਿੰਘ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਕੈਦ ਤੇ ਜਰਮਾਨੇ ਦੀ ਸਜ਼ਾ ਸੁਣਾਈ ਹੈ, ਜਦਕਿ ਇਕ ਦੋਸ਼ੀ ਥਾਣੇਦਾਰ ਕਸ਼ਮੀਰ ਸਿੰਘ ਨੂੰ ਭਗੌੜਾ ਐਲਾਨ ਦਿੱਤਾ ਗਿਆ ਹੈ।

ਪੀੜਤ ਪਰਿਵਾਰ ਦੇ ਵਕੀਲਾਂ ਸਰਬਜੀਤ ਸਿੰਘ ਅਤੇ ਪੁਸ਼ਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਅਦਾਲਤ ਵੱਲੋਂ ਸੂਬਾ ਸਿੰਘ ਨੂੰ 5 ਸਾਲ ਦੀ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ, ਦਲਬੀਰ ਸਿੰਘ ਨੂੰ 2 ਸਾਲ ਦੀ ਕੈਦ ਤੇ ਜੁਰਮਾਨਾ ਤੇ ਰਵੇਲ ਸਿੰਘ ਨੂੰ 3 ਸਾਲ ਦੀ ਕੈਦ ਤੇ ਜਰਮਾਨੇ ਦੀ ਸਜਾ ਸੁਣਾਈ ਹੈ।

ਵਕੀਲਾਂ ਨੇ ਦੱਸਿਆ ਕਿ 7 ਅਗਸਤ 1991 ਨੂੰ ਝਬਾਲ ਥਾਣੇ ਦੇ ਤਤਕਾਲੀ ਐਸ.ਐਚ.ਓ. ਸੂਬਾ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਬਲਜੀਤ ਸਿੰਘ ਵਾਸੀ ਪਿੰਡ ਮੱਲੂਵਾਲ ਸੰਤਾਂ (ਤਰਨ ਤਾਰਨ) ਨੂੰ ਬੱਸ ਅੱਡਾ ਝਬਾਲ ਤੋਂ ਜ਼ਬਰਦਸਤੀ



ਚੁੱਕ ਕੇ ਥਾਣੇ ਲੈ ਗਏ ਤੇ ਉਸ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਿਆ। ਉਨ੍ਹਾਂ ਦੱਸਿਆ ਕਿ 16 ਅਗਸਤ 1991 ਤੋਂ ਬਾਅਦ ਬਲਜੀਤ ਸਿੰਘ ਪੁਲੀਸ ਹਿਰਾਸਤ 'ਚੋਂ ਭੇਤਭਰੀ ਹਾਲਤ ਵਿਚ ਗਾਇਬ ਹੋ ਗਿਆ। ਲੰਬੀ ਲੜਾਈ ਲੜਨ ਮਗਰੋਂ 4 ਜੁਲਾਈ 2012 ਨੂੰ ਸੂਬਾ ਸਿੰਘ, ਦਲਬੀਰ ਸਿੰਘ ਰਵੇਲ ਸਿੰਘ ਵਿਰੁੱਧ ਦੋਸ਼ ਆਇਦ ਕੀਤੇ ਗਏ ਤੇ ਚੌਥੇ ਦੋਸ਼ੀ ਕਸ਼ਮੀਰ ਸਿੰਘ ਨੂੰ ਭਗੌੜਾ ਐਲਾਨਿਆ ਗਿਆ ਕਿਉਂਕਿ ਸੀ.ਬੀ.ਆਈ. ਵੱਲੋਂ ਕੇਸ ਦਰਜ ਕਰਨ ਤੋਂ ਬਾਅਦ ਉਹ ਰੂਪੋਸ਼ ਹੋ ਗਿਆ ਸੀ, ਜੋ ਹੁਣ ਤੱਕ ਪੇਸ਼ ਨਹੀਂ ਹੋਇਆ। ਇਸ ਕੇਸ ਦੀ ਸੁਣਵਾਈ ਦੌਰਾਨ ਇਸਤਗਾਸਾ ਪੱਖ ਦੇ 16 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਤੇ ਲਗਭਗ 32 ਸਾਲਾਂ ਬਾਅਦ ਪੀੜਤ ਪਰਿਵਾਰ ਨੂੰ ਇਨਸਾਫ ਮਿਲਿਆ ਹੈ।

## ਵਿਦੇਸ਼ ਜਾਣ ਦਾ ਰੁਝਾਨ ਠੱਲ੍ਹਣ ਲਈ ਕੰਮ ਕਰ ਰਹੇ ਹਾਂ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ (ਪੀ.ਐਸ.ਪੀ.ਸੀ.ਐਲ.) ਦੇ 1320 ਸਹਾਇਕ ਲਾਈਨਮੈਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ। ਇੱਥੇ ਟੈਗੋਰ ਥੀਏਟਰ ਵਿਚ ਸਮਾਗਮ ਦੌਰਾਨ ਨਿਯੁਕਤੀ ਪੱਤਰ ਵੰਡੇ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚੋਣ ਵਾਅਦੇ ਇੱਕ-ਇੱਕ ਕਰ ਕੇ ਪੂਰੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਯਤਨਸ਼ੀਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਿਜਲੀ ਕਿਸੇ ਵੀ ਸੂਬੇ ਦੇ ਵਿਕਾਸ ਵਿਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਲਈ ਪੀ.ਐਸ.ਪੀ.ਸੀ.ਐਲ. ਸਹੀ ਮਾਅਨਿਆਂ 'ਚ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਕਿਹਾ ਕਿ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣਾ ਸਰਕਾਰ ਲਈ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਯਤਨਾਂ ਸਦਕਾ ਸੂਬੇ 'ਚ ਬਿਜਲੀ ਉਤਪਾਦਨ 'ਚ 83 ਫੀਸਦ ਦਾ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕਈ ਸਾਲਾਂ ਬਾਅਦ ਪਛਵਾੜਾ ਕੋਲਾ ਖਾਣ ਤੋਂ ਸ਼ੁਰੂ ਕਰਵਾਈ ਗਈ ਕੋਲੇ ਦੀ ਸਪਲਾਈ ਤਹਿਤ ਹੁਣ ਤੱਕ 5 ਲੱਖ ਮੀਟਰਿਕ ਟਨ ਕੋਲਾ ਇਸ ਖਾਣ ਤੋਂ ਪ੍ਰਾਪਤ ਕੀਤਾ ਗਿਆ ਹੈ।

# ਕੈਨੇਡਾ ਦੀ ਸਰਹੱਦ ਨੇੜੇ ਮ੍ਰਿਤਕ ਮਿਲੇ 8 ਪਰਵਾਸੀਆਂ ਵਿਚ ਭਾਰਤੀ ਵੀ ਸ਼ਾਮਲ

**ਟੋਰਾਂਟੋ:** ਕੈਨੇਡਿਆਈ ਪੁਲਿਸ ਦੇ ਹੋਰ ਪਰਵਾਸੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ, ਜਿਹੜੇ ਕੈਨੇਡਾ ਤੋਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਸੇਂਟ ਲਾਰੈਂਸ ਨਦੀ ਵਿਚ ਡੁੱਬ ਗਏ ਸਨ। ਪੁਲਿਸ ਨੇ ਦੱਸਿਆ ਕਿ ਪਰਵਾਸੀਆਂ ਨਾਲ ਭਰੀ ਕਿਸ਼ਤੀ ਦੇ ਪਲਟਣ ਦੀ ਘਟਨਾ ਵਿਚ ਮ੍ਰਿਤਕਾਂ ਦੀ ਗਿਣਤੀ ਅੱਠ ਹੋ ਗਈ ਹੈ, ਜਿਸ ਵਿਚ ਇਕ ਭਾਰਤੀ ਪਰਿਵਾਰ ਦੇ ਮੈਂਬਰਾਂ ਵੀ ਸ਼ਾਮਲ ਹਨ।

ਅਧਿਕਾਰੀਆਂ ਮੁਤਾਬਕ ਦੋਵੇਂ ਲਾਸ਼ਾਂ



ਐਕਵੇਸ਼ਨ ਨੇੜੇ ਨਦੀ ਦੇ ਕੰਢੇ ਦਲਦਲ ਵਿਚੋਂ ਮਿਲੀਆਂ ਹਨ। ਇਕ ਵਿਅਕਤੀ ਹਾਲੇ ਵੀ ਲਾਪਤਾ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਇਕ ਭਾਰਤੀ ਅਤੇ ਇਕ ਰੋਮਾਨਿਆਈ ਪਰਿਵਾਰ ਦੇ ਮੈਂਬਰ ਮੰਨੇ ਜਾਂਦੇ ਹਨ, ਜੋ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਵਿਚ ਤਿੰਨ ਸਾਲ ਤੋਂ ਘੱਟ ਉਮਰ ਦੇ ਦੋ ਬੱਚੇ ਵੀ ਸ਼ਾਮਲ ਹਨ ਜੋ ਕੈਨੇਡਿਆਈ ਨਾਗਰਿਕ ਹਨ। ਮਾਂਟਰੀਅਲ ਗਜ਼ਟ ਨੇ ਦੱਸਿਆ ਕਿ ਅਧਿਕਾਰੀ ਨੇ ਕਿਹਾ ਕਿ ਪੁਲਿਸ ਪੀੜਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਪਤਾ ਲਾਉਣ ਲਈ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨਾਲ ਕੰਮ ਕਰ ਰਹੀ ਹੈ। ਖਬਰਾਂ ਵਿਚ ਕਿਹਾ ਗਿਆ ਹੈ ਕਿ ਪੁਲਿਸ ਨੇ ਨਦੀ ਦੇ ਨੇੜੇ ਵੀ ਚੌਕਸੀ ਵਧਾ ਦਿੱਤੀ ਹੈ।

# ਗੁਰਦੁਆਰਾ ਪੈਲਟਾਈਨ ਵਿਖੇ ਕਰਵਾਇਆ ਕਾਰ ਸੇਵਾ ਸਮਾਰੋਹ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਪੈਲਟਾਈਨ ਵਿਖੇ ਲੰਘੇ ਐਤਵਾਰ ਸਾਲਾਨਾ ਕਾਰ ਸੇਵਾ ਸਮਾਰੋਹ ਕਰਵਾਇਆ ਗਿਆ, ਜਿਸ ਦੌਰਾਨ ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਗੁਰਸੇਵਾ ਦੇ ਫਲਸਫੇ ਬਾਰੇ ਵਿਸਥਾਰ ਵਿਚ ਦੱਸਿਆ ਅਤੇ ਕਾਰਸੇਵਕਾਂ ਦੀ ਸ਼ਲਾਘਾ ਤੇ ਹੌਸਲਾ-ਅਫਜ਼ਾਈ ਕੀਤੀ।

ਉਪਰੰਤ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਪਿਛਲੇ ਸਾਲ ਤੋਂ ਹੁਣ ਤੱਕ ਕਾਰ ਸੇਵਾ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਤੇ ਕਾਰ ਸੇਵਾ ਦੇ ਫਲਸਫੇ ਨੂੰ ਸੰਗਤਾਂ ਦੇ ਰੂ-ਬ-ਰੂ ਰੱਖਿਆ। ਉਨ੍ਹਾਂ ਨੇ ਸੰਗਤ ਨੂੰ ਦੱਸਿਆ ਕਿ ਸਮਾਰੋਹ ਦੌਰਾਨ ਕਾਰ ਸੇਵਾ ਵਾਲਿਆਂ ਵਲੋਂ 2022 ਵਿਚ ਕੀਤੇ ਕਾਰਜਾਂ ਦੀ ਰਿਪੋਰਟ ਪੇਸ਼ ਕੀਤੀ ਜਾਏਗੀ। ਜੋ ਹਰ ਸਾਲ ਕਾਰ ਸੇਵਾ ਵਲੋਂ ਦਿੱਤੀ ਜਾਂਦੀ ਹੈ। ਕਾਰ ਸੇਵਾ ਦੀ ਵਿਸਥਾਰਤ ਰਿਪੋਰਟ ਇਸ ਸਬੰਧੀ ਲਿਖਤੀ ਅਤੇ ਤਸਵੀਰਾਂ ਰਾਹੀਂ ਛਾਪੀ ਗਈ ਕਿਤਾਬ ਵਿਚ ਵੀ ਹੈ। ਉਨ੍ਹਾਂ ਕਾਰ ਸੇਵਾ ਦੇ ਟੀਚੇ, ਪ੍ਰਾਪਤੀਆਂ ਤੇ ਸੇਵਾਦਾਰ ਟੀਮਾਂ ਬਾਰੇ ਸਾਂਝ ਪਾਈ।

ਉਨ੍ਹਾਂ ਆਖਿਆ ਕਿ ਜਿਨ੍ਹਾਂ ਵੀਰਾਂ ਨੇ ਗੁਰਦੁਆਰਾ ਸਥਾਪਿਤ ਕੀਤਾ ਸੀ, ਉਨ੍ਹਾਂ ਦਾ ਪਹਿਲਾ ਉਦੇਸ਼ ਸੀ ਗੁਰਦੁਆਰੇ ਦੀ ਹੱਥੀਂ ਸੇਵਾ ਕੀਤੀ ਜਾਏ, ਜਿਸ ਪ੍ਰੰਪਰਾ ਨੂੰ ਕਾਰ ਸੇਵਾ ਨੇ ਜਾਰੀ ਰੱਖਿਆ ਹੈ। ਕਾਰ ਸੇਵਾ ਦਾ ਦੂਜਾ ਉਦੇਸ਼ ਨਵੀਂ ਪੀੜ੍ਹੀ ਅਤੇ ਸੰਗਤ ਨੂੰ ਨਿਸ਼ਕਾਮ ਸੇਵਾ ਨਾਲ ਜੋੜਨਾ, ਭਾਈਚਾਰੇ ਵਿਚ ਨੇੜਤਾ ਨੂੰ ਵਧਾਉਣਾ ਹੈ, ਜਿਸ ਦੀ ਮਿਸਾਲ ਸਿੱਖ ਕਮਿਊਨਿਟੀ ਫੇਅਰ ਹੈ, ਜੋ ਪਿਛਲੇ ਸਾਲ ਦੂਜੀ ਵਾਰ ਮਨਾਇਆ ਗਿਆ। ਇਸ ਵਿਚ ਕਾਰ ਸੇਵਾ ਵਾਲਿਆਂ ਦਾ ਵੱਡਾ ਸਹਿਯੋਗ ਹੁੰਦਾ ਹੈ। ਤੀਜਾ ਉਦੇਸ਼ ਸੇਵਾ ਭਾਵ ਨੂੰ ਦਰਸਾਉਣਾ ਹੈ। ਸਾਰੀ ਸੰਗਤ ਮਿਲ ਕੇ ਲੰਗਰ ਹਾਲ, ਕਿਚਨ ਵਿਚ ਲੰਗਰ ਤੇ ਚਾਹ ਪਾਣੀ ਦੇ ਪ੍ਰਬੰਧ ਦੀ ਸੇਵਾ ਕਰਦੀ ਹੈ। ਰਸੋਈ ਅਤੇ ਬਾਹਰ ਦੇ ਆਲੇ-ਦੁਆਲੇ ਦੀ ਸਫਾਈ, ਗੁਰੂਘਰ ਦੇ ਸਾਮਾਨ ਦੀ ਸਾਫ-ਸਫਾਈ, ਗਿਣਤੀ-ਮਿਣਤੀ, ਸ਼ੀਸ਼ੇ ਤੇ ਦਰਵਾਜ਼ਿਆਂ ਅਤੇ ਖਿੜਕੀਆਂ ਦੀ ਸਾਫ ਸਫਾਈ, ਵੈਕਿਊਮ





ਕਲੀਨਿੰਗ ਆਦਿ ਕੀਤੀ ਜਾਂਦੀ ਹੈ। ਇਸ ਵਿਚ ਬੱਚੇ, ਬੀਬੀਆਂ ਤੇ ਬਜ਼ੁਰਗ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ।

ਕਾਰ ਸੇਵਾ ਬੱਚਿਆਂ ਤੇ ਨਵੀਂ ਪੀੜ੍ਹੀ ਨੂੰ ਸੇਵਾ ਨਾਲ ਜੋੜਨ ਦਾ ਉਪਰਾਲਾ ਹੈ। ਸੁਖ ਆਸਨ ਕਮਰੇ ਵਿਚਲੀ ਚਿੱਤਰਕਾਰੀ ਨੌਜਵਾਨਾਂ ਨੇ ਕੀਤੀ ਹੈ। ਹਰ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਪਹਿਲਾਂ ਨਗਰ ਕੀਰਤਨ ਸਜਾਇਆ ਜਾਂਦਾ ਹੈ। ਇਸ ਨਾਲ ਆਲੇ ਦੁਆਲੇ ਰਹਿੰਦੇ ਲੋਕਾਂ ਨੂੰ ਸਿੱਖੀ ਬਾਰੇ ਪੱਤਾ ਲੱਗਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ 30 ਕਾਰਜਾਂ ਵਿਚੋਂ 5 ਚੋਣਵੇਂ ਹਨ ਜਿਨ੍ਹਾਂ ਰਾਹੀਂ ਬਹੁਤ ਬਚਤ ਹੋਈ ਹੈ। ਇਨ੍ਹਾਂ ਵਿਚ ਕਾਰ ਸੇਵਕਾਂ ਵਲੋਂ ਲ਼ਾਨ ਮੂਵਿੰਗ ਤੇ ਘਾਹ ਕੱਟਣਾ, ਗਰਮੀਆਂ ਵਿਚ ਘਾਹ ਦੀ ਲਗਾਤਾਰ ਕਟਾਈ, ਫਲਦਾਰ ਤੇ ਫੁੱਲਦਾਰ ਬੂਟਿਆਂ ਨੂੰ ਲਗਾਤਾਰ ਪਾਣੀ ਦੇਣਾ ਤੇ ਸੇਵਾ ਸੰਭਾਲ ਕਰਨਾ, ਪਾਰਕਿੰਗ ਨੂੰ ਸਾਫ ਸੁਥਰਾ ਰੱਖਣ ਵਾਸਤੇ ਲਗਾਤਾਰ ਸੇਵਾ ਕਰਨਾ, ਗੁਰਦੁਆਰੇ ਦੇ ਸਾਹਮਣੇ ਵਿਹੜੇ ਨੂੰ ਸੰਵਾਰਨਾ ਤੇ ਚਮਕਾਉਣਾ ਪ੍ਰਮੁੱਖ ਹਨ। ਕਾਰ ਸੇਵਕਾਂ ਨੇ ਬੂਟੇ ਲਾ ਕੇ ਗੁਰੂਘਰ ਨੂੰ ਹਰਿਆਵਲਾ ਬਣਾਇਆ ਹੈ। ਇਸ ਦੇ ਨਾਲ-ਨਾਲ ਕਾਰਸੇਵਾ ਦੀਆਂ ਘਾਹ ਕੱਟਣ ਵਾਲੀਆਂ ਮਸ਼ੀਨਾਂ, ਡਰਿੱਲਾਂ, ਔਜਾਰਾਂ ਦੀ ਮੁਰੰਮਤ ਅਤੇ ਪੁਰਜ਼ਿਆਂ ਦੀ ਬਦਲੀ ਵੀ ਗੁਰਦੁਆਰਾ ਸਾਹਿਬ ਵਿਖੇ ਹੁੰਦੀ ਹੈ। ਸਨੋਅ ਦੇ ਦਿਨਾਂ ਵਿਚ ਹਰ ਸਾਲ ਕਾਰ ਸੇਵਕ ਪਾਰਕਿੰਗ ਲਾਟ ਦੀ ਬਰਫ ਨੂੰ ਹਟਾਉਂਦੇ ਹਨ।

ਨਵੀਂ ਖਰੀਦੀ ਪ੍ਰਾਪਰਟੀ 1050 ਡੀਅਰ ਐਵੇਨਿਊ ਦੀ ਅੰਦਰੋਂ-ਬਾਹਰੋਂ ਸਫਾਈ ਕਰ ਕੇ ਕਾਰਸੇਵਕਾਂ ਨੇ ਇਸ ਨੂੰ ਸੰਵਾਰਿਆ ਤੇ ਦੇਖ ਭਾਲ ਕੀਤੀ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਲੈਂਡਸਕੇਪਿੰਗ ਅਤੇ ਘਾਹ ਦੀ ਕਾਂਟ ਛਾਂਟ ਕੀਤੀ। ਦਰਖਤਾਂ, ਘਾਹ ਤੇ ਸਦਾਬਹਾਰ ਝਾੜੀਆਂ ਨੂੰ ਪਾਣੀ, ਖਾਦ ਤੇ ਰੂੜੀ ਪਾਈ ਗਈ ਅਤੇ ਉਨ੍ਹਾਂ ਨੂੰ ਸੁੱਕਣ ਤੋਂ ਬਚਾਇਆ ਗਿਆ। ਕਰੀਬ 200 ਦਰਖਤ ਅਤੇ 500 ਝਾੜੀਆਂ ਦੀ ਲਗਾਤਾਰ ਦੇਖਭਾਲ ਜਾਰੀ ਹੈ।


ਦੱਸਣਯੋਗ ਹੈ ਕਿ ਕਾਰਸੇਵਾ ਸੰਨ 2008 ਵਿਚ ਕੁਝ ਔਜਾਰਾਂ ਨਾਲ ਸ਼ੁਰੂ ਹੋਈ ਸੀ, ਹੁਣ 2023 ਵਿਚ ਉਨ੍ਹਾਂ ਦੀ ਕੀਮਤ 1 ਲੱਖ ਡਾਲਰ ਦੇ ਕਰੀਬ ਹੋਵੇਗੀ। ਇਸ ਤੋਂ ਇਲਾਵਾ ਪਿਛਲੇ ਸਾਲ ਬਾਹਰੋਂ ਸੇਵਾ ਲਈ ਗਈ ਸੀ, ਜਿਥੇ ਸਕੂਲ ਦੇ ਕਮਰਾ ਨੰਬਰ 4 ਦੀ ਬਾਹਰੋਂ ਮਾਹਿਰਾਂ ਪਾਸੋਂ ਮੁਰੰਮਤ ਕਰਵਾਈ ਉਸਦੀ ਸੁਪਰਵਾਈਜ਼ਰੀ ਤਜਰਬੇਕਾਰ ਕਾਰ ਸੇਵਕਾਂ ਨੇ ਕੀਤੀ। ਗੁਰਮਤਿ ਸਕੂਲ ਦੀ ਹੀਟਿੰਗ ਤੇ ਏਅਰ ਕੰਡੀਸ਼ਨ ਸਿਸਟਮ, ਸਪਰਿੰਕਲ ਸਿਸਟਮ, ਲੰਗਰ ਹਾਲ ਦਾ ਸਪਰਿੰਕਲ ਸਿਸਟਮ ਠੀਕ ਕਰਨਾ, ਕਿਚਨ ਨਾਲ ਲਗਦੇ ਗੁਆਂਢੀ ਦੇ ਘਰ ਦੀ ਫੈਂਸ ਠੀਕ ਕਰਨਾ, ਗੁਰਦੁਆਰੇ ਦੇ ਮੁੱਖ ਦਾਖਲੇ ਕੋਲ ਨਿਕਾਸ ਸਿਸਟਮ ਨੂੰ ਠੀਕ ਕਰਨਾ ਸ਼ਾਮਲ ਹੈ।

ਸ. ਕਾਹਲੋਂ ਨੇ ਦੱਸਿਆ ਕਿ ਇਹ ਸਾਰਾ ਕੰਮ ਗੁਰੂ ਘਰ ਦੇ ਸੇਵਾਦਾਰਾਂ ਵਲੋਂ ਕਰਨ ਨਾਲ ਮਾਇਆ ਅਤੇ ਸਮੇਂ ਦੀ ਬਹੁਤ ਬਚਤ ਹੋਈ ਹੈ। ਇਨ੍ਹਾਂ 5 ਮੁੱਖ ਕਾਰਜਾਂ 'ਤੇ ਅੰਦਾਜਨ 1,71,912 ਦਾ ਖਰਚ ਹੋਣਾ ਸੀ ਪਰ ਇਸਨੂੰ ਸਿਰਫ 23 ਹਜ਼ਾਰ 70 ਡਾਲਰ ਦੇ ਕਰੀਬ ਖਰਚੇ ਵਿਚ ਕਾਰ ਸੇਵਾ ਨੇ ਆਪਣੇ ਤਕਨੀਕੀ ਤੇ ਪ੍ਰੋਫੈਸ਼ਨਲ ਤਰੀਕੇ ਨਾਲ ਕੀਤਾ। ਇਸ ਵਿਚ ਵੀ ਬਹੁਤਾ ਖਰਚਾ ਮਾਰਕੀਟ ਤੋਂ ਪਾਰਟਸ ਲੈਣ ਦਾ ਸੀ। ਇਸ ਤਰਾਂ ਇਨ੍ਹਾਂ ਪ੍ਰੋਜੈਕਟਾਂ ਵਿਚੋਂ ਕਾਰ ਸੇਵਕਾਂ ਨੇ 1,39,842 ਦੀ ਵੱਡੀ ਰਕਮ ਬਚਾ ਕੇ ਗੁਰੂ ਘਰ ਦੀ ਰਜਵੀਂ ਬਚਤ ਕੀਤੀ ਹੈ। ਇਸ ਸਾਲ ਇਨ੍ਹਾਂ ਕਾਰ ਸੇਵਾ ਫੰਡ 4821 ਡਾਲਰ ਇਕੱਠੇ ਕੀਤੇ ਪਰ ਇਨ੍ਹਾਂ ਦੁਆਰਾ ਹੋਰ ਕਾਰਜਾਂ ਸਮੇਤ 1,44,663 ਦੇ ਕਰੀਬ ਬਚਤ ਹੈ।

ਜੈ ਰਾਮ ਕਾਹਲੋਂ ਨੇ ਦੱਸਿਆ ਕਿ ਕਾਰ ਸੇਵਾ ਟੀਮ ਦੇ ਮੈਂਬਰਾਂ ਦੀ ਪੂਰੀ ਲਿਸਟ ਇਕ ਕਿਤਾਬ ਵਿਚ ਹੈ। ਜੇ ਸੰਗਤ ਵਿਚੋਂ ਕਿਸੇ ਨੂੰ ਇਸ ਸਾਲਾਨਾ ਕਿਤਾਬਚੇ ਦੀ ਲੋੜ ਹੋਵੇ ਤਾਂ ਆਫਿਸ ਵਿਚੋਂ ਲੈ ਸਕਦੇ ਹਨ, ਜੇ ਸਾਫਟ ਕਾਪੀ ਚਾਹੀਦੀ ਹੈ ਤਾਂ ਉਹ ਵੀ ਈ-ਮੇਲ ਕੀਤੀ ਜਾ ਸਕਦੀ ਹੈ।

ਕਾਰ ਸੇਵਾ ਟੀਮ ਨੇ ਸਾਲ ਵਿਚ ਤਿੰਨ ਵੱਡੇ ਕਾਰ ਸੇਵਾ ਕਾਰਜ ਹਰ ਸਾਲ ਕਰਨ ਦਾ ਫੈਸਲਾ ਲਿਆ ਸੀ। ਆਉਣ ਵਾਲੀ ਬਸੰਤ ਰੁੱਤ ਦੀ ਕਾਰ ਸੇਵਾ 8 ਅਪ੍ਰੈਲ ਨੂੰ ਹੈ, ਦੂਜੀ ਗਰਮੀਆਂ ਦੀ ਕਾਰ ਸੇਵਾ 8 ਜੁਲਾਈ ਨੂੰ ਤੇ ਤੀਜੀ ਪੱਤਝੜ ਦੀ ਕਾਰ ਸੇਵਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਪਹਿਲਾਂ 21 ਅਕਤੂਬਰ ਨੂੰ ਹੈ। ਇਸ ਤੋਂ ਇਲਾਵਾ ਹਰ ਸੋਮਵਾਰ, ਵੀਰਵਾਰ ਤੇ ਸ਼ਨਿੱਚਰਵਾਰ ਸਵੇਰੇ 11 ਤੋਂ 4 ਵਜੇ ਤੱਕ ਕਾਰ ਸੇਵਕ ਸੇਵਾ ਕਰਦੇ ਹਨ ਤੇ ਆਮ ਰਿਪੇਅਰ ਲਈ ਵੀ ਕੁਝ ਮੈਂਬਰ ਰੋਜ਼ਾਨਾ ਗੁਰੂਘਰ ਦੀ ਹਾਜ਼ਰੀ ਭਰਦੇ ਹਨ, ਜਿੱਥੇ ਕਿਤੇ ਵੀ ਸਾਂਭ-ਸੰਭਾਲ ਜਾਂ ਮੁਰੰਮਤ ਦੀ ਲੋੜ ਹੈ, ਕਰਦੇ ਹਨ ਤਾਂ ਜੋ ਸਭ ਕੁਝ ਸਮੇਂ ਸਿਰ ਠੀਕ ਹੋ ਸਕੇ। ਲੰਗਰ, ਸਕੂਲ, ਲਾਇਬ੍ਰੇਰੀ, ਰੁਮਾਲਾ ਸਾਹਿਬ ਕਮਰਾ, ਸੁਖ ਆਸਨ ਕਮਰਾ, ਆਈ ਟੀ, ਮੈਡੀਕਲ ਕਲੀਨਿਕ, ਦੀਵਾਨ ਹਾਲ ਵੈਕਿਊਮ ਕਲੀਨਿੰਗ ਤੇ ਹੋਰ ਸਾਂਝੇ ਕਾਰਜਾਂ ਵਿਚ ਸੇਵਾਦਾਰ ਵਧ ਚੜ੍ਹ ਕੇ ਹਿੱਸਾ ਪਾਉਂਦੇ ਹਨ।





ਸ. ਕਾਹਲੋਂ ਨੇ ਕਿਹਾ ਕਿ 2023 ਵਿਚ ਗੁਰੂਘਰ ਦੇ ਰਹਿ ਗਏ ਕੰਮ ਅਗਾਂਹ ਤੋਰੇ ਜਾਣਗੇ, ਜਿਸ ਵਿਚ ਅੰਦਰ ਬਾਹਰ ਦੀ ਸਾਂਭ-ਸੰਭਾਲ, ਜੋੜਾ ਘਰ ਨੂੰ ਨਵਿਆਉਣਾ, ਲੰਗਰ ਸਰਵਿਸ ਅਪਗ੍ਰੇਡ ਕਰਨਾ ਸ਼ਾਮਲ ਹਨ। ਇਸ ਦੌਰਾਨ ਪਿਛਲੇ 14 ਸਾਲ 2008 ਤੋਂ ਲੈ ਕੇ 2022 ਤੱਕ ਦੀ ਪ੍ਰਦਰਸ਼ਨੀ ਵੱਡੀ ਲਾਬੀ ਵਿਚ ਲਾਈ ਗਈ। ਉਨ੍ਹਾਂ ਨੇ ਪ੍ਰਾਜੈਕਟ ਦੌਰਾਨ ਸ਼ਿੱਦਤ ਨਾਲ ਕੀਤੀ ਕਾਰ ਸੇਵਾ ਲਈ ਸਾਰੇ ਸੇਵਾਦਾਰਾਂ ਅਤੇ ਉਨ੍ਹਾਂ ਬੱਚਿਆਂ, ਜੁਆਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਗੁਰੂ ਘਰਾਂ ਵਿਚ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਸੰਗਤ ਨੂੰ ਕਾਰ ਸੇਵਾ ਵਿਚ ਤਨ, ਮਨ, ਧਨ ਨਾਲ ਯੋਗਦਾਨ ਪਾਉਣ ਦੀ ਅਪੀਲ ਕੀਤੀ ਤਾਂ ਜੋ ਕਾਰ ਸੇਵਾ ਨੂੰ ਹੋਰ ਹੁਲਾਰਾ ਮਿਲੇ।





# ਸ਼੍ਰੋਮਣੀ ਕਮੇਟੀ ਵੱਲੋਂ ਬੇਗਮ ਮੁਨੱਵਰ-ਉਲ-ਨਿਸਾ ਦਾ ਸਨਮਾਨ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ਼ੇਰ ਮੁਹੰਮਦ ਖਾਂ ਨਵਾਬ ਮਾਲੇਰਕੋਟਲਾ ਦੇ ਵੰਸ਼ਜ ਬੇਗਮ ਮੁਨੱਵਰ-ਉਲ-ਨਿਸਾ ਅਤੇ ਮਹਾਰਾਜਾ ਨਾਭਾ ਪਰਿਵਾਰ ਦੇ ਵੰਸ਼ਜ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿਚ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਅਤੇ ਪੰਜਾਬ, ਕੈਨੇਡਾ, ਆਸਟਰੇਲੀਆ, ਇੰਗਲੈਂਡ ਤੇ ਜਰਮਨੀ ਦੀ ਸਿੱਖ ਸੰਗਤ ਅਤੇ ਅਹੁਦੇਦਾਰ ਉਚੇਚੇ ਤੌਰ 'ਤੇ ਸ਼ਾਮਿਲ ਹੋਏ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਵੱਲੋਂ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਦੇ ਵੰਸ਼ਜ ਨੂੰ ਭੇਟ ਕੀਤੀ ਗਈ ਸ੍ਰੀ ਸਾਹਿਬ ਨੂੰ ਅੱਜ ਖੁਦ ਬੇਗਮ ਮੁਨੱਵਰ-ਉਲ-ਨਿਸਾ ਲੈ ਕੇ ਪਹੁੰਚੇ। ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਵੱਲੋਂ ਸਨਮਾਨ ਸਮਾਰੋਹ ਦੌਰਾਨ ਸ੍ਰੀ ਸਾਹਿਬ ਨੂੰ ਸੰਗਤ ਦੇ ਦਰਸ਼ਨਾਂ ਲਈ ਸੁਸ਼ੋਭਿਤ ਕੀਤਾ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਰਵਿੰਦਰ ਸਿੰਘ ਖਾਲਸਾ ਅਤੇ ਬਾਬਾ ਟੇਕ ਸਿੰਘ ਧਨੌਲਾ ਆਦਿ ਹਾਜ਼ਰ ਸਨ।



ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਇਤਿਹਾਸ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਲਾਸਾਨੀ ਹੈ ਜੋ ਸਮੁੱਚੇ ਸੰਸਾਰ ਨੂੰ ਜਬਰ-ਜ਼ੁਲਮ ਖਿਲਾਫ਼ ਲੜਨ ਦੀ ਜਿੱਥੇ ਜੀਵਨ ਜਾਚ ਸਿਖਾਉਂਦੀ ਹੈ ਉਥੇ ਧਰਮ ਵਿੱਚ ਦ੍ਰਿੜ੍ਹ ਰਹਿਣ ਦਾ ਸੰਕਲਪ ਵੀ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹੀ ਭਰਦਾ ਹੈ ਕਿ ਜਦ ਛੋਟੇ ਸਾਹਿਬਜ਼ਾਦਿਆਂ ਉੱਤੇ ਜ਼ੁਲਮ ਢਾਹਿਆ ਜਾ ਰਿਹਾ ਸੀ ਤਾਂ ਨਵਾਬ ਸ਼ੇਰ ਮੁਹੰਮਦ ਖਾਂ ਇਕੋ ਇਕ ਅਜਿਹੀ ਸ਼ਖਸੀਅਤ ਸਨ ਜਿਨ੍ਹਾਂ ਨੇ ਧਰਮ, ਜਾਤ ਅਤੇ ਮਜ਼ਹਬ ਤੋਂ ਉਪਰ ਉਠ ਕੇ ਸਾਹਿਬਜ਼ਾਦਿਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਸੀ।

ਉਨ੍ਹਾਂ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਮੌਜੂਦਾ ਦੌਰ 'ਚ ਸਰਕਾਰਾਂ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਨਵਾਬ ਸ਼ੇਰ ਮੁਹੰਮਦ ਖਾਂ ਦੇ ਵੰਸ਼ਜ ਬੇਗਮ ਮੁਨੱਵਰ-ਉਲ-ਨਿਸਾ ਤੇ ਮਹਾਰਾਜਾ ਰਿਪੁਦਮਨ ਦੇ ਪਰਿਵਾਰ ਦਾ ਸਨਮਾਨ ਕਰ ਕੇ ਸਿਰਮੌਰ ਸੰਸਥਾ ਮਾਣ ਮਹਿਸੂਸ ਕਰ ਰਹੀ ਹੈ।

# ਪੇਸ਼ਾਵਰ 'ਚ ਗੋਲੀ ਮਾਰ ਕੇ ਸਿੱਖ ਕਾਰੋਬਾਰੀ ਦੀ ਹੱਤਿਆ

**ਪੇਸ਼ਾਵਰ:** ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੀ ਵਾਪਰੀ ਤਾਜ਼ੀ ਘਟਨਾ ਵਿਚ ਅਣਪਛਾਤਿਆਂ ਵੱਲੋਂ ਸਿੱਖ ਕਾਰੋਬਾਰੀ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਦਿਆਲ ਸਿੰਘ ਨਾਮ ਦੇ ਕਾਰੋਬਾਰੀ 'ਤੇ ਗੋਲੀ ਚਲਾ ਦਿੱਤੀ।



ਇਸ ਮਗਰੋਂ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਘਟਨਾ ਸਥਾਨ ਤੋਂ 30 ਬੋਰ ਦੀਆਂ ਗੋਲੀਆਂ ਦੇ ਖੋਲ ਬਰਾਮਦ ਕੀਤੇ ਹਨ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਿੱਖਾਂ 'ਚ ਇਸ ਘਟਨਾ ਨੂੰ ਲੈ ਕੇ ਰੋਸ ਪਾਇਆ ਜਾ ਰਿਹਾ ਹੈ। ਪੇਸ਼ਾਵਰ ਵਿਚ ਪੰਦਰਾਂ ਹਜ਼ਾਰ ਦੇ ਕਰੀਬ ਸਿੱਖ ਵੱਸਦੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਇਕ ਦਿਨ ਪਹਿਲਾਂ ਹੀ ਕਰਾਚੀ ਵਿੱਚ ਅਣਪਛਾਤੇ ਵਿਅਕਤੀਆਂ ਨੇ ਹਿੰਦੂ ਡਾਕਟਰ ਨੂੰ ਗੋਲੀ ਮਾਰ ਦਿੱਤੀ ਸੀ।

ਪਾਕਿਸਤਾਨ ਦੇ ਪਿਸ਼ਾਵਰ ਸ਼ਹਿਰ ਵਿਚ ਸਿੱਖ ਦੁਕਾਨਦਾਰ ਦਿਆਲ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਕੂਟਨੀਤਕ ਪੱਧਰ 'ਤੇ ਇਸ ਮਾਮਲੇ ਵਿਚ ਪਾਕਿਸਤਾਨ ਸਰਕਾਰ ਅੱਗੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕਰਨ।

ਇਸ ਦੌਰਾਨ ਕਈ ਸਿੱਖ ਜਥੇਬੰਦੀਆਂ ਵੱਲੋਂ ਇਸ ਘਟਨਾ ਦੀ ਸਖਤ ਨਿਖੇਧੀ ਵੀ ਕੀਤੀ ਗਈ ਹੈ। ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਸ਼ਹਿਰ ਪਿਸ਼ਾਵਰ ਨੇੜੇ ਕਰਿਆਨੇ ਦੀ ਦੁਕਾਨ ਚਲਾਉਣ ਵਾਲੇ ਦਿਆਲ ਸਿੰਘ ਨਾਂ ਦੇ ਵਿਅਕਤੀ ਨੂੰ ਕੁਝ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਘੱਟ ਗਿਣਤੀ ਸਿੱਖਾਂ ਦੀ ਸੁਰੱਖਿਆ ਬਾਰੇ ਉਥੋਂ ਦੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਮਲਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ।

# ਦੇਸ਼ ਦੀ ਤਰੱਕੀ 'ਚ ਸਿੱਖਾਂ ਦਾ ਅਹਿਮ ਯੋਗਦਾਨ: ਖੱਟਰ

**ਨਵੀਂ ਦਿੱਲੀ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਮਾਗਮ ਦੌਰਾਨ ਡਾ. ਪ੍ਰਭਲੀਨ ਦੀ ਲਿਖੀ 'ਸਿੱਖ ਬਿਜ਼ਨਸ ਲੀਡਰਜ਼ ਆਫ ਇੰਡੀਆ' ਕੌਫੀ ਟੇਬਲ ਬੁੱਕ ਰਿਲੀਜ਼ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਪ੍ਰੋਗਰਾਮ ਵਿਚ ਮੌਜੂਦ ਉੱਦਮੀਆਂ ਨੂੰ ਹਰਿਆਣਾ ਵਿਚ ਸਨਅਤ ਲਗਾਉਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹਰਿਆਣਾ ਵਿਚ ਸਨਅਤਾਂ ਲਈ ਅਨੁਕੂਲ ਮਾਹੌਲ ਬਣਾਇਆ ਹੈ। ਸਰਕਾਰ ਵੱਲੋਂ ਸੂਬੇ ਵਿਚ ਕਈ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਅਤੇ ਦੇਸ ਦੀ ਤਰੱਕੀ ਵਿਚ ਸਿੱਖ ਕੌਮ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਸਿੱਖ ਸਨਅਤਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਉਹ ਹਰਿਆਣਾ ਵਿਚ ਆ ਕੇ ਕਾਰੋਬਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਆਵੇਗੀ। ਸਰਕਾਰ ਨੇ ਸਿੰਗਲ ਰੂਫ ਸਿਸਟਮ ਤਿਆਰ ਕੀਤਾ ਹੈ। ਸਰਕਾਰ ਵੱਲੋਂ ਸੂਬੇ ਨੂੰ 4 ਸ਼੍ਰੇਣੀਆਂ ਏ, ਬੀ, ਸੀ ਅਤੇ ਡੀ ਵਿਚ ਵੰਡਿਆ ਗਿਆ ਹੈ। ਜੇ ਸੀ ਅਤੇ ਡੀ ਜ਼ੋਨਾਂ 'ਚ ਸਨਅਤ ਸਥਾਪਤ ਕੀਤੇ ਜਾਂਦੇ ਹਨ ਤਾਂ ਹਰਿਆਣਾ ਸਰਕਾਰ ਅਗਲੇ 4 ਸਾਲਾਂ ਲਈ ਪ੍ਰਤੀ ਕਰਮਚਾਰੀ 4,000 ਰੁਪਏ ਪ੍ਰਤੀ ਮਹੀਨਾ ਵਾਪਸ ਕਰੇਗੀ।



ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਨੇ ਭਗਤੀ ਲਹਿਰ ਸ਼ੁਰੂ ਕੀਤੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਦਾ ਸਮਾਂ ਆਇਆ ਤਾਂ ਇਹ ਮਹਿਸੂਸ ਹੋਇਆ ਕਿ ਭਗਤੀ ਤੋਂ ਬਾਅਦ ਸ਼ਕਤੀ ਦਾ ਮਾਰਗ ਵੀ ਅਪਣਾਉਣਾ ਪਵੇਗਾ। ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਨਾਲ ਲੜਾਈ ਕੀਤੀ ਅਤੇ ਲੋਹਗੜ੍ਹ ਵਿੱਚ ਰਾਜਧਾਨੀ ਬਣਾਈ। ਬੰਦਾ ਸਿੰਘ ਬਹਾਦਰ ਨੇ ਸੋਨੀਪਤ ਜ਼ਿਲ੍ਹੇ ਦੇ ਪਿੰਡ ਖੰਡਾ ਸੇਰੀ ਤੋਂ ਫੌਜ ਬਣਾਉਣੀ ਸ਼ੁਰੂ ਕੀਤੀ ਅਤੇ ਲੋਹਗੜ੍ਹ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਬਣਾਇਆ। ਪਹਿਲੀ ਵਾਰ ਖੇਤੀ ਸੁਧਾਰ ਦਾ ਕਾਨੂੰਨ ਵੀ ਉਨ੍ਹਾਂ ਵੱਲੋਂ ਲਾਗੂ ਕੀਤਾ ਗਿਆ।

# ਭਾਰਤ 'ਚ ਘੱਟ ਗਿਣਤੀ ਭਾਈਚਾਰੇ ਪੂਰੀ ਤਰ੍ਹਾਂ ਸੁਰੱਖਿਅਤ: ਲਾਲਪੁਰਾ

**ਪਟਿਆਲਾ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਥੇ ਘੱਟ ਗਿਣਤੀ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਬੈਠਕ ਕਰਕੇ ਸਿੱਖਿਆ, ਰੁਜ਼ਗਾਰ, ਹਾਊਸਿੰਗ, ਘੱਟ ਗਿਣਤੀਆਂ ਦੇ ਸੱਭਿਆਚਾਰ ਦੀ ਪ੍ਰਫੁੱਲਤਾ ਤੇ ਘੱਟ ਗਿਣਤੀਆਂ ਦੀ ਸੁਰੱਖਿਆ ਆਦਿ ਮੁੱਦੇ ਵਿਚਾਰੇ।

ਸਥਾਨਕ ਸਰਕਟ ਹਾਊਸ ਵਿਚ ਕੀਤੀ ਇਸ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਵਿਚ ਘੱਟ ਗਿਣਤੀ ਭਾਈਚਾਰੇ ਪੂਰੀ ਤਰ੍ਹਾਂ ਸੁਰੱਖਿਅਤ ਹਨ ਤੇ ਵਿਕਾਸ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਦੇਸ਼ ਤੇ ਸੂਬੇ ਦੀ ਤਰੱਕੀ, ਫਿਰਕੂ ਏਕਤਾ, ਅਮਨ-ਸ਼ਾਂਤੀ, ਆਪਸੀ ਭਾਈਚਾਰਾ ਅਤੇ ਇਕਜੁੱਟਤਾ ਲਈ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਆਪਣੇ ਫਿਰਕਿਆਂ ਦੀ ਸਿੱਖਿਆ ਤੇ ਰੁਜ਼ਗਾਰ ਨੂੰ ਪ੍ਰਫੁੱਲਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਲਾਲਪੁਰਾ ਨੇ ਕਿਹਾ ਕਿ ਘੱਟ ਗਿਣਤੀਆਂ ਦੀ ਭਲਾਈ ਤੇ ਪ੍ਰਫੁੱਲਤਾ ਲਈ ਪ੍ਰਧਾਨ ਮੰਤਰੀ ਦੇ 15 ਸੂਤਰੀ ਪ੍ਰੋਗਰਾਮ ਤਹਿਤ ਘੱਟ ਗਿਣਤੀ ਫਿਰਕਿਆਂ ਨਾਲ ਬੈਠਕ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਬਾਰੇ ਚਰਚਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਚਾਹੁੰਦਾ ਹੈ ਕਿ ਘੱਟ ਗਿਣਤੀਆਂ ਲਈ ਬਣੀਆਂ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜੇ। ਸ੍ਰੀ ਲਾਲਪੁਰਾ ਨੇ ਕਿਹਾ ਕਿ ਦੇਸ਼ ਵੰਡ ਮਗਰੋਂ ਭਾਰਤ 'ਚ ਘੱਟ ਗਿਣਤੀਆਂ ਦਾ ਅੰਕੜਾ 21 ਫੀਸਦ 'ਤੇ ਪਹੁੰਚ ਗਿਆ ਹੈ, ਜਦਕਿ ਪਾਕਿਸਤਾਨ 'ਚ ਇਹ 22 ਫੀਸਦ ਤੋਂ ਘੱਟ ਕੇ ਸਿਰਫ 4.43 ਫੀਸਦ ਤੇ ਅਫ਼ਗਾਨਿਸਤਾਨ 'ਚ ਸਿਫ਼ਰ 'ਤੇ ਆ ਗਿਆ ਹੈ।

# 'ਵਾਹਿਗੁਰੂ' ਸ਼ਬਦ ਦਾ ਅਰਥ ਵਿਗਾੜਨ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** 'ਵਾਹਿਗੁਰੂ' ਸ਼ਬਦ ਦਾ ਅਰਥ ਵਿਗਾੜਨ ਦਾ ਇਕ ਹੋਰ ਮਾਮਲਾ ਸਾਹਮਣੇ ਆਉਣ ਮਗਰੋਂ ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਇਸ ਦਾ ਨੋਟਿਸ ਲਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਇਸ ਸ਼ਬਦ ਦੇ ਸਹੀ ਅਰਥਾਂ ਬਾਰੇ ਜਾਣਕਾਰੀ ਮੰਗੀ ਹੈ।



ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਪੱਤਰ ਵਿਚ ਦੱਸਿਆ ਗਿਆ ਹੈ ਕਿ ਇਕ ਵਿਅਕਤੀ ਵੱਲੋਂ ਆਪਣੇ ਟਵਿੱਟਰ ਖਾਤੇ 'ਤੇ ਹਿੰਦੂ ਦੇਵੀ ਦੇਵਤਿਆਂ ਨਾਲ ਤੁਲਨਾ ਕਰ ਕੇ 'ਵਾਹਿਗੁਰੂ' ਸ਼ਬਦ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਦਿੱਲੀ ਘੱਟ ਗਿਣਤੀ ਕਮਿਸ਼ਨ ਨੂੰ ਇਕ ਪੱਤਰ ਭੇਜ ਕੇ ਇਸ ਦੀ ਜਾਣਕਾਰੀ ਦਿੱਤੀ ਹੈ। ਇਹ ਪੱਤਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਵੱਲੋਂ ਭੇਜਿਆ ਗਿਆ। ਉਨ੍ਹਾਂ ਇਸ ਮਾਮਲੇ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਸਿੱਖ ਧਰਮ ਵਿਚ ਇਹ ਸ਼ਬਦ ਸਿਰਫ ਪਰਮਾਤਮਾ ਦੀ ਸਿਫਤ ਵਾਸਤੇ ਵਰਤਿਆ ਗਿਆ ਹੈ। ਕਿਸੇ ਅਵਤਾਰ ਜਾਂ ਕਿਸੇ ਪੈਗੰਬਰ ਨਾਲ ਇਸ ਸ਼ਬਦ ਦਾ ਕੋਈ ਵਾਸਤਾ ਨਹੀਂ ਹੈ।

ਉਨ੍ਹਾਂ ਕਿਹਾ ਕਿ 'ਵਾਹ' ਸ਼ਬਦ ਫਾਰਸੀ ਅਤੇ ਸੰਸਕ੍ਰਿਤ ਦਾ ਸੁਮੇਲ ਹੈ, ਜਿਸ ਦਾ ਭਾਵ 'ਅਚਰਜ' ਹੈ ਅਤੇ 'ਗੁਰੂ' ਤੋਂ ਭਾਵ ਅੰਧਕਾਰ ਤੋਂ ਪ੍ਰਕਾਸ਼ ਵੱਲ ਲਿਜਾਣ ਵਾਲੀ ਪਰਮ ਸੱਤਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਵੱਲੋਂ ਭਾਈ ਗੁਰਦਾਸ ਦੀਆਂ ਰਚਨਾਵਾਂ ਦੀ ਮਨਘੜਤ ਅਤੇ ਗਲਤ ਮਨਸ਼ਾ ਨਾਲ ਕੀਤੀ ਗਈ ਵਿਆਖਿਆ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਉਹ ਪਹਿਲਾਂ ਵੀ ਅਜਿਹੇ ਕਈ ਟਵੀਟ ਅਤੇ ਪੋਸਟਾਂ 'ਤੇ ਇਤਰਾਜ਼ ਕਰ ਚੁੱਕੇ ਹਨ।

## ਅਟਾਰੀ-ਵਾਹਗਾ ਸਰਹੱਦ 'ਤੇ ਰੀਟਰੀਟ ਸੈਰੇਮਨੀ ਦਾ ਸਮਾਂ ਤਬਦੀਲ

**ਅਟਾਰੀ:** ਭਾਰਤ-ਪਾਕਿਸਤਾਨ ਦੀ ਸਾਂਝੀ ਜਾਂਚ ਚੌਕੀ ਅਟਾਰੀ-ਵਾਹਗਾ ਸਰਹੱਦ 'ਤੇ ਸੀਮਾ ਸੁਰੱਖਿਆ ਬਲ ਤੇ ਪਾਕਿਸਤਾਨ ਰੇਂਜਰਜ਼ ਵਿਚਾਲੇ ਰੋਜ਼ ਸ਼ਾਮ ਨੂੰ ਵਾਲੀ ਝੰਡਾ ਉਤਾਰਨ ਦੀ ਰਸਮ (ਰੀਟਰੀਟ ਸੈਰੇਮਨੀ) ਦਾ ਸਮਾਂ ਤਬਦੀਲ ਹੋ ਗਿਆ ਹੈ। ਦੋਵਾਂ ਮੁਲਕਾਂ ਦੇ ਸਰਹੱਦੀ ਸੁਰੱਖਿਆ ਬਲਾਂ ਵੱਲੋਂ ਮੌਸਮ ਤਬਦੀਲੀ ਦੇ ਮੱਦੇਨਜ਼ਰ ਆਪਸੀ ਸਹਿਮਤੀ ਨਾਲ ਝੰਡਾ ਉਤਾਰਨ ਦੀ ਰਸਮ ਦਾ ਸਮਾਂ ਹੁਣ 5:30 ਤੋਂ 6 ਵਜੇ ਸ਼ਾਮ ਕਰ ਦਿੱਤਾ ਗਿਆ ਹੈ। ਸੀਮਾ ਸੁਰੱਖਿਆ ਬਲ ਵੱਲੋਂ ਦੇਸ਼-ਵਿਦੇਸ਼ ਦੇ ਸੈਲਾਨੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਹੁਣ ਉਹ ਰੀਟਰੀਟ ਸੈਰੇਮਨੀ ਵੇਖਣ ਲਈ ਨਿਸ਼ਚਿਤ ਸਮੇਂ ਤੋਂ ਪਹਿਲਾਂ ਭਾਵ ਸ਼ਾਮ 5 ਵਜੇ ਸਰਹੱਦ 'ਤੇ ਪਹੁੰਚਣ।

# ਕੋਟਕਪੂਰਾ ਗੋਲੀ ਕਾਂਡ: ਸੁਮੇਧ ਸੈਣੀ ਨੂੰ ਦੋ ਕੇਸਾਂ 'ਚ ਜ਼ਮਾਨਤ

**ਫ਼ਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਸਬੰਧੀ ਕੇਸ ਦੀ ਸੁਣਵਾਈ ਤਹਿਤ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਇਥੇ ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਸਾਬਕਾ ਡੀ.ਜੀ.ਪੀ. ਨੂੰ ਮੁਕੱਦਮਾ ਚੱਲਣ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ, ਜਿਸ ਲਈ ਉਨ੍ਹਾਂ ਪੰਜ ਲੱਖ ਰੁਪਏ ਦਾ ਮੁਚੱਲਕਾ ਭਰ ਦਿੱਤਾ ਹੈ। ਅਦਾਲਤ ਨੇ ਸਾਬਕਾ ਡੀ.ਜੀ.ਪੀ. ਨੂੰ ਸੱਤ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦੀ ਨਕਲ ਵੀ ਸੌਂਪ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੁਮੇਧ ਸੈਣੀ 'ਤੇ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਦੇ ਦੋਸ਼ ਹਨ। ਇਸ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਡੀ.ਜੀ.ਪੀ. ਨੂੰ ਆਦੇਸ਼ ਦਿੱਤੇ ਸਨ ਕਿ ਉਹ 15 ਦਿਨਾਂ ਅੰਦਰ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋਣ। ਇਸ ਦੇ ਨਾਲ ਹੀ ਸੁਮੇਧ ਸੈਣੀ ਸਿੱਖ ਸੰਗਤ ਨੂੰ ਝੂਠੇ ਕੇਸ ਵਿਚ ਫਸਾਉਣ ਦੇ ਦੋਸ਼ਾਂ ਤਹਿਤ ਦਰਜ ਕੀਤੇ ਗਏ ਕੇਸ ਦੀ ਸੁਣਵਾਈ ਲਈ ਵੀ ਪੇਸ਼ ਹੋਏ। ਇਸ ਕੇਸ ਤਹਿਤ ਉਨ੍ਹਾਂ 5 ਲੱਖ ਰੁਪਏ ਦੀ ਕੀਮਤ ਦਾ ਜ਼ਮਾਨਤਨਾਮਾ ਭਰਿਆ। ਇਸੇ ਮਾਮਲੇ ਵਿਚ ਹੁਣ ਤੱਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਆਈਜੀ ਪਰਮਰਾਜ ਉਮਰਾਨੰਗਲ, ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਅਤੇ ਫ਼ਰੀਦਕੋਟ ਦੇ ਸਾਬਕਾ ਐਸ.ਐਸ.ਪੀ. ਸੁਖਵਿੰਦਰ ਸਿੰਘ ਮਾਨ ਪੇਸ਼ ਹੋ ਚੁੱਕੇ ਹਨ। ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਨਾਮਜ਼ਦ ਸਾਰੇ ਮੁਲਜ਼ਮਾਂ ਦੀ ਸੁਣਵਾਈ 12 ਅਪਰੈਲ ਤੱਕ ਮੁਲਤਵੀ ਕਰਦਿਆਂ ਸਾਰੇ ਮੁਲਜ਼ਮਾਂ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਸੇ ਦਰਮਿਆਨ ਫ਼ਰੀਦਕੋਟ ਦੇ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਨੇ ਡੀ.ਆਈ.ਜੀ. ਅਮਰ ਸਿੰਘ ਚਾਹਲ ਦੀ ਕੋਟਕਪੂਰਾ ਗੋਲੀ ਕਾਂਡ ਵਿਚ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਅਮਰ ਸਿੰਘ ਚਾਹਲ ਸਿੰਘ ਨੂੰ ਵੀ ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।



## ਜਸਟਿਸ ਸੰਤ ਪ੍ਰਕਾਸ਼ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਬਣੇ

**ਚੰਡੀਗੜ੍ਹ:** ਜਸਟਿਸ ਸੰਤ ਪ੍ਰਕਾਸ਼ ਨੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਫਤਰ ਸੈਕਟਰ-34, ਚੰਡੀਗੜ੍ਹ ਵਿਖੇ ਪੰਜਾਬ ਅਤੇ ਯੂਟੀ ਚੰਡੀਗੜ੍ਹ ਰਾਜ ਮਨੁੱਖੀ ਅਧਿਕਾਰ ਮਿਸ਼ਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ ਹੈ। ਜਸਟਿਸ ਸੰਤ ਪ੍ਰਕਾਸ਼ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਮਨੁੱਖੀ ਅਧਿਕਾਰ ਐਕਟ ਦੇ ਉਦੇਸ਼ਾਂ ਦੀ ਪਾਲਣ ਕਰਨਾ ਹੋਵੇਗੀ।

ਜਸਟਿਸ ਸੰਤ ਪ੍ਰਕਾਸ਼ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਇਸ ਐਕਟ ਦੇ ਨਿਯਮਾਂ ਤਹਿਤ ਲੋਕਾਂ ਨੂੰ ਇਨਸਾਫ਼ ਦੇਣਾ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਸਰਕਾਰ ਦੀ ਕੁੱਲ ਦੇਣਦਾਰੀ ਵਧ ਕੇ 150.95 ਲੱਖ ਕਰੋੜ ਕਰੋੜ ਹੋਈ



**ਨਵੀਂ ਦਿੱਲੀ:** ਵਿੱਤੀ ਵਰ੍ਹੇ 2022-23 ਦੀ ਤੀਜੀ ਤਿਮਾਹੀ (ਸਤੰਬਰ-ਦਸੰਬਰ, 2022) 'ਚ ਸਰਕਾਰ ਦੀ ਕੁੱਲ ਦੇਣਦਾਰੀ 2.6 ਫੀਸਦ ਵਧ ਕੇ 150.95 ਲੱਖ ਕਰੋੜ ਰੁਪਏ ਹੋ ਗਈ ਹੈ। ਤਾਜ਼ਾ ਜਨਤਕ ਕਰਜ਼ ਪ੍ਰਬੰਧਨ ਰਿਪੋਰਟ 'ਚ ਇਹ ਜਾਣਕਾਰੀ ਸਾਹਮਣੇ ਆਈ ਹੈ।

ਸਤੰਬਰ ਤਿਮਾਹੀ 'ਚ ਸਰਕਾਰ ਦੀ ਕੁੱਲ ਦੇਣਦਾਰੀ 147.19 ਲੱਖ ਕਰੋੜ ਰੁਪਏ ਸੀ। ਇਸ ਤਰ੍ਹਾਂ ਤਿਮਾਹੀ ਆਧਾਰ 'ਤੇ ਤੀਜੀ ਤਿਮਾਹੀ 'ਚ ਸਰਕਾਰ ਦੀ ਦੇਣਦਾਰੀ 2.6 ਫੀਸਦ ਵਧ ਗਈ ਹੈ। ਅਸਲ 'ਚ ਸਰਕਾਰ ਦੇ ਜਨਤਕ ਖਾਤੇ ਤਹਿਤ ਦੇਣਦਾਰੀਆਂ ਸਮੇਤ ਉਸ ਦੀਆਂ ਕੁੱਲ ਦੇਣਦਾਰੀਆਂ ਦਸੰਬਰ 2022 ਦੇ ਅਖੀਰ 'ਚ ਵਧ ਕੇ 1,50,95,970.8 ਕਰੋੜ ਰੁਪਏ ਹੋ ਗਈਆਂ। ਉਧਰ, 30 ਸਤੰਬਰ ਤੱਕ ਕੁੱਲ ਦੇਣਦਾਰੀਆਂ 1,47,572.2 ਕਰੋੜ ਰੁਪਏ ਸੀ। ਵਿੱਤ ਮੰਤਰਾਲੇ ਵੱਲੋਂ ਜਾਰੀ ਰਿਪੋਰਟ ਮੁਤਾਬਕ ਦਸੰਬਰ ਤਿਮਾਹੀ 'ਚ ਕੁੱਲ ਬਕਾਇਆ ਦੇਣਦਾਰੀਆਂ 'ਚੋਂ 89 ਫੀਸਦ ਜਨਤਕ ਕਰਜ਼ ਦੇ ਖਾਤੇ 'ਚ ਰਹੀਆਂ ਜਦਕਿ ਸਤੰਬਰ ਤਿਮਾਹੀ 'ਚ ਇਹ 89.1 ਫੀਸਦ ਸਨ। ਬਕਾਇਆ ਪ੍ਰਤੀਭੂਤੀ ਸਕਿਉਰਿਟੀਜ਼ ਦੇ ਕਰੀਬ 28.29 ਫੀਸਦ ਦੀ ਮੈਚਿਉਰਿਟੀ ਪੰਜ ਸਾਲ ਤੋਂ ਘੱਟ ਦੀ ਸੀ।

ਉਧਰ, ਮਾਲ ਅਤੇ ਸੇਵਾ ਕਰ (ਜੀ.ਐਸ.ਟੀ.) ਮਾਰਚ ਮਹੀਨੇ 'ਚ 13 ਫੀਸਦ ਵਧ ਕੇ 1.60 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਇਕੱਤਰ ਹੋਇਆ ਹੈ। ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਇਹ ਦੂਜੀ ਵਾਰ ਹੈ ਜਦੋਂ ਇੰਨੀ ਰਕਮ ਇਕੱਤਰ ਹੋਈ ਹੈ। ਜੀ.ਐਸ.ਟੀ. ਰਿਟਰਨ ਮਾਰਚ ਦੌਰਾਨ ਸਭ ਤੋਂ ਵਧ ਭਰੀ ਗਈ। ਵਿੱਤ ਮੰਤਰਾਲੇ ਨੇ ਬਿਆਨ 'ਚ ਕਿਹਾ ਕਿ ਮਾਰਚ 'ਚ ਕੁੱਲ ਜੀ.ਐਸ.ਟੀ. ਮਾਲੀਆ 1,60,122 ਕਰੋੜ ਰੁਪਏ ਇਕੱਤਰ ਕੀਤਾ ਗਿਆ ਜਿਸ 'ਚੋਂ ਕੇਂਦਰੀ ਜੀ.ਐਸ.ਟੀ. 29,546 ਕਰੋੜ, ਪ੍ਰਦੇਸ਼ ਜੀ.ਐਸ.ਟੀ. 37,314 ਕਰੋੜ, ਸੰਗਠਿਤ ਜੀ.ਐਸ.ਟੀ. 82,907 ਕਰੋੜ ਅਤੇ ਸੈੱਸ 10,355 ਕਰੋੜ ਰੁਪਏ ਹੈ।

ਵਿੱਤੀ ਵਰ੍ਹੇ 2022-23 ਲਈ ਕੁੱਲ ਕੁਲੈਕਸ਼ਨ 18.10 ਲੱਖ ਕਰੋੜ ਰੁਪਏ ਰਿਹਾ ਜੋ ਪਿਛਲੇ ਸਾਲ ਨਾਲੋਂ 22 ਫੀਸਦ ਵਧ ਹੈ। ਪੂਰੇ ਸਾਲ ਲਈ ਔਸਤਨ ਕੁੱਲ ਮਾਸਿਕ ਕੁਲੈਕਸ਼ਨ 1.51 ਲੱਖ ਕਰੋੜ ਰੁਪਏ ਹੈ। ਵਿੱਤੀ ਵਰ੍ਹੇ 'ਚ ਇਹ ਚੌਥੀ ਵਾਰ ਹੈ ਜਦੋਂ ਜੀ.ਐਸ.ਟੀ. ਕੁਲੈਕਸ਼ਨ 1.5 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਰਿਹਾ। ਮੰਤਰਾਲੇ ਨੇ ਕਿਹਾ ਕਿ ਪਿਛਲੇ ਮਹੀਨੇ ਵੀ ਸੰਗਠਿਤ ਜੀ.ਐਸ.ਟੀ. ਕੁਲੈਕਸ਼ਨ ਸਭ ਤੋਂ ਵਧ ਦੇਖਣ ਨੂੰ ਮਿਲੀ। ਪਿਛਲੇ ਸਾਲ ਅਪਰੈਲ 'ਚ ਜੀ.ਐਸ.ਟੀ. ਕੁਲੈਕਸ਼ਨ ਰਿਕਾਰਡ 1.68 ਲੱਖ ਕਰੋੜ ਰੁਪਏ ਤੋਂ ਪਾਰ ਹੋ ਗਿਆ ਸੀ।

# ਆਪ ਨੇ ਮੋਦੀ ਦੀ ਡਿਗਰੀ ਮਾਮਲੇ 'ਤੇ ਭਾਜਪਾ ਨੂੰ ਘੇਰਿਆ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਸਬੰਧੀ ਭਾਜਪਾ ਤੋਂ ਸਪੱਸ਼ਟੀਕਰਨ ਮੰਗਿਆ ਹੈ। 'ਆਪ' ਆਗੂ ਸੰਜੈ ਸਿੰਘ ਨੇ ਭਾਜਪਾ ਨੂੰ ਸਪੱਸ਼ਟ ਕਰਨ ਲਈ ਕਿਹਾ ਹੈ ਕਿ ਕੀ ਪ੍ਰਧਾਨ ਮੰਤਰੀ ਦੀ ਡਿਗਰੀ ਫਰਜ਼ੀ ਹੈ ਜਾਂ ਉਨ੍ਹਾਂ ਦਾ ਬਿਆਨ ਝੂਠਾ ਹੈ।

ਉਨ੍ਹਾਂ ਨੇ ਭਾਜਪਾ ਨੂੰ ਸਵਾਲ ਕੀਤਾ ਕਿ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਕਿਉਂ ਕਿਹਾ ਸੀ ਕਿ ਉਨ੍ਹਾਂ ਨੇ ਸਕੂਲੀ ਸਿੱਖਿਆ ਤੋਂ ਅੱਗੇ ਪੜ੍ਹਾਈ ਨਹੀਂ ਕੀਤੀ। ਇਸ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪ੍ਰਧਾਨ ਮੰਤਰੀ ਦੀ ਡਿਗਰੀ ਜਨਤਕ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਦੀ ਡਿਗਰੀ ਦੀ ਤਸਦੀਕ ਹੋ ਜਾਂਦੀ ਹੈ ਅਤੇ ਇਹ ਫਰਜ਼ੀ ਨਿਕਲਦੀ ਹੈ ਤਾਂ ਮੋਦੀ ਲੋਕ ਸਭਾ ਦੀ ਮੈਂਬਰਸ਼ਿਪ ਗੁਆ ਦੇਣਗੇ ਤੇ ਕਈ ਸਾਲਾਂ ਤੱਕ ਚੋਣ ਨਹੀਂ ਲੜ ਸਕਣਗੇ। ਸੰਜੈ ਸਿੰਘ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਇਸੇ ਲਈ ਭਾਜਪਾ ਦੀ ਪੂਰੀ ਲੀਡਰਸ਼ਿਪ ਪ੍ਰਧਾਨ ਮੰਤਰੀ ਦੀ ਫਰਜ਼ੀ ਡਿਗਰੀ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।'

ਸੰਜੇ ਸਿੰਘ ਨੇ ਕਿਹਾ ਕਿ ਜਦੋਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਦਾ ਮਾਮਲਾ ਸਾਹਮਣੇ ਆਇਆ ਹੈ, ਉਦੋਂ ਤੋਂ ਹੀ ਭਾਜਪਾ ਦੇ ਸਾਰੇ ਮੰਤਰੀ, ਬੁਲਾਰੇ ਅਤੇ ਪੂਰੀ ਭਾਜਪਾ ਪ੍ਰਧਾਨ ਮੰਤਰੀ ਦੀ ਫਰਜ਼ੀ ਡਿਗਰੀ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੰਜੈ ਸਿੰਘ ਨੇ ਕਿਹਾ ਕਿ ਕੀ 1979 ਵਿਚ ਪ੍ਰਧਾਨ ਮੰਤਰੀ ਨੇ ਦਿੱਲੀ ਯੂਨੀਵਰਸਿਟੀ ਤੋਂ ਬੈਚਲਰ ਦੀ ਡਿਗਰੀ ਹਾਸਲ ਕੀਤੀ ਸੀ। ਕੀ 1983 ਵਿਚ ਗੁਜਰਾਤ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਨਾਲ ਗ੍ਰੈਜੂਏਸ਼ਨ ਕੀਤੀ। ਇਸ ਲਈ ਦੇਸ਼ ਦੇ ਸਾਹਮਣੇ ਇਸ ਗੱਲ ਦਾ ਸਪੱਸ਼ਟੀਕਰਨ ਦਿੱਤਾ ਜਾਵੇ ਕਿ 2005-06 ਦੌਰਾਨ ਗੁਜਰਾਤ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਇਕ ਅਧਿਆਪਕ ਨੂੰ ਸੰਬੋਧਨ ਕਰਦਿਆਂ ਕਿਉਂ ਕਿਹਾ ਕਿ ਉਨ੍ਹਾਂ ਕੋਲ ਕੋਈ ਸਿੱਖਿਆ ਨਹੀਂ ਹੈ ਅਤੇ ਉਨ੍ਹਾਂ ਨੇ ਸਕੂਲੀ ਸਿੱਖਿਆ ਤੋਂ ਅੱਗੇ ਦੀ ਪੜ੍ਹਾਈ ਨਹੀਂ ਕੀਤੀ। ਇਹ ਪ੍ਰਧਾਨ ਮੰਤਰੀ ਦਾ ਆਪਣਾ ਬਿਆਨ ਹੈ।

# ਜਨਰਲ ਬਾਜਵਾ ਨੇ ਭਾਰਤ ਨਾਲ ਦੋਸਤਾਨਾ ਸਬੰਧਾਂ ਲਈ ਦਬਾਅ ਪਾਇਆ: ਇਮਰਾਨ

**ਲਾਹੌਰ:** ਪਾਕਿਸਤਾਨ ਦੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦਾਅਵਾ ਕੀਤਾ ਹੈ ਕਿ ਤਤਕਾਲੀਨ ਥਲ ਸੈਨਾ ਮੁਖੀ ਕਮਰ ਜਾਵੇਦ ਬਾਜਵਾ ਨੇ ਭਾਰਤ ਨਾਲ ਦੋਸਤਾਨਾ ਸਬੰਧ ਵਿਕਸਤ ਕਰਨ ਲਈ ਉਨ੍ਹਾਂ 'ਤੇ ਦਬਾਅ ਪਾਇਆ ਸੀ। ਇਥੇ ਜਮਾਨ ਪਾਰਕ ਸਥਿਤ ਆਪਣੀ ਰਿਹਾਇਸ਼ 'ਤੇ ਸੋਸ਼ਲ ਮੀਡੀਆ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਇਮਰਾਨ ਖਾਨ ਨੇ ਕਿਹਾ, "ਜਨਰਲ ਬਾਜਵਾ ਚਾਹੁੰਦੇ ਸਨ ਕਿ ਮੈਂ ਭਾਰਤ ਨਾਲ ਦੋਸਤਾਨਾ ਰਿਸ਼ਤੇ ਬਣਾਵਾਂ। ਉਨ੍ਹਾਂ ਇਸ ਲਈ ਮੇਰੇ 'ਤੇ ਦਬਾਅ ਵੀ ਬਣਾਇਆ ਤੇ ਸਾਡੇ ਰਿਸ਼ਤੇ ਵਿਗੜਨ ਦੇ ਕਈ ਕਾਰਨਾਂ 'ਚੋਂ ਇਕ ਇਹ ਵੀ ਸੀ।" ਇਮਰਾਨ ਖਾਨ ਨੇ ਹਾਲਾਂਕਿ ਆਪਣੇ ਇਸ ਸਟੈਂਡ ਨੂੰ ਦੁਹਰਾਇਆ ਕਿ ਨਵੀਂ ਦਿੱਲੀ ਜਦੋਂ ਤੱਕ ਜੰਮੂ ਕਸ਼ਮੀਰ ਦਾ ਵਿਸ਼ੇਸ਼ ਰੁਤਬਾ ਬਹਾਲ ਨਹੀਂ ਕਰਦਾ, ਪਾਕਿਸਤਾਨ ਨੂੰ ਭਾਰਤ ਨਾਲ ਉਦੋਂ ਤੱਕ ਸ਼ਾਂਤੀ ਵਾਰਤਾ ਨਹੀਂ ਕਰਨੀ ਚਾਹੀਦੀ। ਉਧਰ, ਭਾਰਤ ਲਗਾਤਾਰ ਪਾਕਿਸਤਾਨ ਨੂੰ ਦੱਸਦਾ ਆ ਰਿਹਾ ਹੈ ਕਿ ਉਹ ਦਹਿਸ਼ਤ ਤੇ ਹਿੰਸਾ ਮੁਕਤ ਮਾਹੌਲ ਵਿਚ ਹੀ ਇਸਲਾਮਾਬਾਦ ਨਾਲ ਆਮ ਵਾਂਗ ਰਿਸ਼ਤੇ ਰੱਖਣ ਦਾ ਖਾਹਿਸ਼ਮੰਦ ਹੈ।

ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਚੇਅਰਮੈਨ ਖਾਨ ਨੇ ਕਿਹਾ ਕਿ ਜਨਰਲ ਬਾਜਵਾ ਨੇ ਜੋ ਕੁਝ ਪਾਕਿਸਤਾਨ ਨਾਲ ਕੀਤਾ, ਉਹ ਕੋਈ ਦੁਸ਼ਮਣ ਵੀ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਥਲ ਸੈਨਾ ਵੱਲੋਂ ਬਾਜਵਾ ਦੀ ਜਵਾਬਦੇਹੀ ਨਿਰਧਾਰਿਤ ਕੀਤੀ ਜਾਣੀ ਚਾਹੀਦੀ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ 'ਬਾਜਵਾ ਮੈਨੂੰ ਮਰਵਾਉਣਾ ਚਾਹੁੰਦੇ ਸਨ।' ਜਨਰਲ ਬਾਜਵਾ ਤਿੰਨ-ਤਿੰਨ ਸਾਲਾਂ ਦੇ ਦੋ ਕਾਰਜਕਾਲਾਂ ਮਗਰੋਂ ਪਿਛਲੇ ਸਾਲ 29 ਨਵੰਬਰ ਨੂੰ ਸੇਵਾਮੁਕਤ ਹੋਏ ਸਨ।


# ਆਮ ਆਦਮੀ ਪਾਰਟੀ ਵੱਲੋਂ ਅਸਾਮ 'ਚ ਵਾਅਦਿਆਂ ਦੀ ਝੜੀ



**ਗੁਹਾਟੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇੱਥੇ ਕਿਹਾ ਕਿ ਜੇ ਉਹ ਉੱਤਰ-ਪੂਰਬੀ ਸੂਬੇ ਵਿਚ ਸੱਤਾ ਵਿਚ ਆਏ ਤਾਂ ਉਹ ਅਸਾਮ ਦੇ ਸਾਰੇ ਨੌਜਵਾਨਾਂ ਨੂੰ ਨੌਕਰੀਆਂ ਅਤੇ ਮੁਫਤ ਬਿਜਲੀ ਦੇਣ ਦਾ ਵਾਅਦਾ ਕਰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਸਰਕਾਰ ਨੇ ਸੱਤ ਵਰ੍ਹਿਆਂ ਵਿਚ ਦਿੱਲੀ ਦਾ ਚਿਹਰਾ-ਮੋਹਰਾ ਬਦਲ ਕੇ ਰੱਖ ਦਿੱਤਾ ਹੈ।

ਦੂਜੇ ਪਾਸੇ ਅਸਾਮ ਵਿਚ ਗੰਦੀ ਰਾਜਨੀਤੀ ਕੀਤੀ ਜਾ ਰਹੀ ਹੈ। ਭਾਜਪਾ ਸਰਕਾਰ ਨੇ ਇਥੇ ਕੁਝ ਨਹੀਂ ਸੰਵਾਰਿਆ। ਰੈਲੀ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ, 'ਦਿੱਲੀ ਤੇ ਪੰਜਾਬ ਵਿਚ 'ਆਪ' ਦੀਆਂ ਸਰਕਾਰਾਂ ਵੱਲੋਂ ਲੋਕਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਜੇ ਅਸਾਮ ਵਿਚ ਸਾਡੀ ਸਰਕਾਰ ਬਣਦੀ ਹੈ, ਇਥੇ ਵੀ ਇਹ ਸਹੂਲਤ ਦਿੱਤੀ ਜਾਵੇਗੀ।' ਉਨ੍ਹਾਂ ਵਾਅਦਾ ਕੀਤਾ ਕਿ ਜੇ 'ਆਪ' ਸੱਤਾ ਵਿਚ ਆਉਂਦੀ ਹੈ ਤਾਂ ਅਸਾਮ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿਛਲੇ ਸੱਤ ਸਾਲਾਂ ਵਿਚ ਦਿੱਲੀ ਦੇ 12 ਲੱਖ ਲੋਕਾਂ ਅਤੇ ਇਕ ਸਾਲ ਵਿਚ ਪੰਜਾਬ ਦੇ 28 ਹਜ਼ਾਰ ਲੋਕਾਂ ਨੂੰ ਇਕ ਸਾਲ ਵਿਚ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਇਸ ਦੇ ਨਾਲ ਕੇਜਰੀਵਾਲ ਨੇ ਭਰੋਸਾ ਦਿੱਤਾ ਕਿ 'ਆਪ' ਸਰਕਾਰ ਦੇ ਬਣਨ ਦੇ ਇਕ ਸਾਲ ਦੇ ਅੰਦਰ ਗੁਹਾਟੀ ਦੇ ਸਾਰੇ ਘਰਾਂ ਵਿਚ ਪਾਈਪਾਂ ਰਾਹੀਂ ਪਾਣੀ ਪਹੁੰਚਾਇਆ ਜਾਵੇਗਾ।

# ਅਮਰੀਕਾ ਵਿਚ ਵਾਵਰੋਲੇ ਨੇ ਤਬਾਹੀ ਮਚਾਈ



**ਵਿਨ:** ਅਮਰੀਕਾ ਦੇ ਦੱਖਣ ਅਤੇ ਮਿਡਵੈਸਟ 'ਚ ਆਏ ਵਾਵਰੋਲੇ ਅਤੇ ਝੱਖੜ ਨੇ ਭਾਰੀ ਤਬਾਹੀ ਮਚਾਈ ਹੈ। ਕੁਦਰਤੀ ਆਫਤ ਕਾਰਨ 26 ਤੋਂ ਵੱਧ ਮੌਤਾਂ ਹੋ ਗਈਆਂ ਹਨ। ਇਲੀਨੌਇ 'ਚ ਇਕ ਸੰਗੀਤ ਪ੍ਰੋਗਰਾਮ ਵਾਲੀ ਥਾਂ ਦੀ ਛੱਤ ਡਿੱਗ ਗਈ। ਅੱਠ ਸੂਬਿਆਂ 'ਚ ਵਾਵਰੋਲੇ ਨੇ ਕਈ ਘਰਾਂ ਅਤੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾਇਆ ਅਤੇ ਰੁਖ ਜੜ੍ਹੋਂ ਉਖਾੜ ਦਿੱਤੇ। ਕਈ ਥਾਵਾਂ 'ਤੇ ਬਿਜਲੀ ਸਪਲਾਈ ਠੱਪ ਹੋ ਗਈ ਹੈ।

ਟੈਨੇਸੀ ਕਾਊਂਟੀ 'ਚ 9, ਵਿਨ (ਅਰਕਾਂਸਸ) 'ਚ ਚਾਰ, ਸੂਲੀਵਾਨ (ਇੰਡੀਆਨਾ) 'ਚ ਤਿੰਨ ਅਤੇ ਇਲੀਨੌਇ 'ਚ ਚਾਰ ਵਿਅਕਤੀਆਂ ਦੀ ਮੌਤ ਹੋਈ ਹੈ ਜਦਕਿ ਅਲਬਾਮਾ ਅਤੇ ਮਿਸੀਸਿਪੀ 'ਚ ਵੀ ਕੁਝ ਮੌਤਾਂ ਹੋਈਆਂ ਹਨ। ਕਰੀਬ 8 ਹਜ਼ਾਰ ਦੀ ਅਬਾਦੀ ਵਾਲੇ ਵਿਨ 'ਚ ਭਾਰੀ ਤਬਾਹੀ ਦੇਖਣ ਨੂੰ ਮਿਲੀ ਹੈ। ਲੋਕ ਜਦੋਂ ਸਵੇਰੇ ਜਾਗੇ ਤਾਂ ਹਾਈ ਸਕੂਲ ਦੀ ਛੱਤ ਉੱਡ ਚੁੱਕੀ ਸੀ ਅਤੇ ਉਸ ਦੇ ਸ਼ੀਸ਼ੇ ਟੁੱਟ ਗਏ ਸਨ। ਕਈ ਘਰਾਂ ਅਤੇ ਸੜਕਾਂ 'ਤੇ ਮਲਬਾ ਇਕੱਠਾ ਹੋ ਗਿਆ ਹੈ। ਪ੍ਰਸ਼ਾਸਨ ਵੱਲੋਂ ਇਲਾਕੇ ਨੂੰ ਸਾਫ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਮਲਾ ਬਿਜਲੀ ਸਪਲਾਈ ਬਹਾਲ ਕਰਨ 'ਚ ਜੁਟਿਆ ਹੋਇਆ ਹੈ। ਗਵਰਨਰ ਬਿਲ ਲੀ ਨੇ ਕਾਊਂਟੀ ਦਾ ਦੌਰਾ ਕਰਕੇ ਤਬਾਹੀ ਦਾ ਮੰਜ਼ਰ ਦੇਖਿਆ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਛੇਤੀ ਹੀ ਹਾਲਾਤ ਆਮ ਵਾਂਗ ਹੋ ਜਾਣਗੇ।

ਇਲੀਨੌਇ ਦੇ ਬੈਲਵਿਡੇਅਰ ਦੇ ਅਪੋਲੋ ਥਿਏਟਰ ਦੀ ਛੱਤ ਦਾ ਇਕ ਹਿੱਸਾ ਡਿੱਗ ਗਿਆ ਜਿਥੇ ਕਰੀਬ 260 ਲੋਕ ਹਾਜ਼ਰ ਸਨ। ਮਲਬੇ ਹੇਠਾਂ ਦੱਬੇ 50 ਸਾਲ ਦੇ ਇਕ ਵਿਅਕਤੀ ਨੂੰ ਬਾਹਰ ਕੱਢਿਆ ਗਿਆ ਪਰ ਬਾਅਦ 'ਚ ਉਸ ਦੀ ਮੌਤ ਹੋ ਗਈ। ਇਸ ਹਾਦਸੇ 'ਚ 40 ਵਿਅਕਤੀ ਜ਼ਖ਼ਮੀ ਹੋਏ ਹਨ। ਸੂਲੀਵਾਨ ਦੇ ਮੇਅਰ ਕਲਿੰਟ ਲੈਂਬ ਨੇ ਕਿਹਾ ਕਿ ਕਾਊਂਟੀ ਦਾ ਦੱਖਣੀ ਇਲਾਕਾ ਉੱਜੜ ਗਿਆ ਹੈ ਅਤੇ ਕਈ ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ 12 ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀਆਂ ਰਿਪੋਰਟਾਂ ਹਨ।

# ਫਿਰਕੂ ਹਿੰਸਾ: ਕੇਂਦਰੀ ਬਲਾਂ ਦੀਆਂ 10 ਕੰਪਨੀਆਂ ਬਿਹਾਰ ਭੇਜੀਆਂ



**ਨਵੀਂ ਦਿੱਲੀ:** ਰਾਮ ਨੌਮੀ ਮੌਕੇ ਸਾਸਾਰਾਮ ਤੇ ਬਿਹਾਰ ਸ਼ਰੀਫ ਵਿਚ ਭੜਕੀ ਫਿਰਕੂ ਹਿੰਸਾ ਮਗਰੋਂ ਕੇਂਦਰੀ ਹਥਿਆਰਬੰਦ ਬਲਾਂ ਦੀਆਂ 10 ਕੰਪਨੀਆਂ ਬਿਹਾਰ ਭੇਜੀਆਂ ਗਈਆਂ ਹਨ। ਇਨ੍ਹਾਂ 10 ਕੰਪਨੀਆਂ ਵਿਚੋਂ ਚਾਰ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀ.ਆਰ.ਪੀ.ਐਫ), ਇਕ ਇੰਡੋ-ਤਿੱਬਤ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਤੇ ਬਾਕੀ ਸਸ਼ਤਰ ਸੀਮਾ ਬਲ (ਐਸ.ਐਸ.ਬੀ) ਦੀਆਂ ਹਨ।

ਨਾਲੰਦਾ ਦੇ ਬਿਹਾਰ ਸ਼ਰੀਫ ਤੇ ਰੋਹਤਾਸ ਜ਼ਿਲ੍ਹੇ ਦੇ ਸਾਸਾਰਾਮ ਵਿਚ 31 ਮਾਰਚ ਨੂੰ ਭੜਕੀ ਹਿੰਸਾ ਮਗਰੋਂ ਸੁਰੱਖਿਆ ਵਧਾ ਦਿੱਤੀ ਗਈ ਹੈ। ਸੂਬਾਈ ਪੁਲਿਸ ਨੇ ਟਵੀਟ ਕਰਕੇ ਕਿਹਾ ਕਿ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਨਾਲੰਦਾ ਦੇ ਬਿਹਾਰ ਸ਼ਰੀਫ ਵਿਚ ਦੋ ਧਿਰਾਂ ਵਿਚ ਹੋਈ ਝੜਪ ਵਿਚ ਇਕ ਵਿਅਕਤੀ ਮਾਰਿਆ ਗਿਆ ਸੀ ਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ। ਇਸ ਦੌਰਾਨ ਸਾਸਾਰਾਮ ਕਸਬੇ ਵਿਚ ਹੋਏ ਧਮਾਕੇ ਵਿਚ ਛੇ ਵਿਅਕਤੀ ਜ਼ਖ਼ਮੀ ਹੋ ਗਏ। ਨਾਲੰਦਾ ਪੁਲਿਸ ਨੇ ਕਿਹਾ ਕਿ ਸੱਜਰੀ ਝੜਪਾਂ ਮਗਰੋਂ ਮਾਰੇ ਛਾਪਿਆਂ ਦੌਰਾਨ 75 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਬਿਹਾਰ ਪੁਲਿਸ ਨੇ ਇਕ ਟਵੀਟ ਵਿਚ ਕਿਹਾ, "ਬਿਹਾਰ ਸ਼ਰੀਫ ਵਿਚ ਹਾਲਾਤ ਆਮ ਵਾਂਗ ਹੋ ਗਏ ਹਨ...ਹਾਲਾਤ ਪੂਰੀ ਤਰ੍ਹਾਂ ਕੰਟਰੋਲ ਵਿਚ ਹਨ। ਹੁਣ ਤੱਕ ਦੀ ਜਾਂਚ ਮਗਰੋਂ ਜ਼ਿਲ੍ਹਾ ਪੁਲਿਸ ਨੇ ਹੁਣ ਤੱਕ ਕੁੱਲ 77 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸੀਨੀਅਰ ਅਧਿਕਾਰੀਆਂ ਨੇ ਹਿੰਸਾ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਡੇਰੇ ਲਾਏ ਹੋਏ ਹਨ...ਇਲਾਕੇ ਵਿਚ ਢੁਕਵੇਂ ਸੁਰੱਖਿਆ ਬਲਾਂ ਦੀ ਤਾਇਨਾਤੀ ਕੀਤੀ ਗਈ ਹੈ।" ਇਸ ਦੌਰਾਨ ਪੁਲਿਸ ਨੇ ਕੁਝ ਇਲਾਕਿਆਂ ਵਿਚ ਤਲਖੀ ਵਧਣ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਅਫਵਾਹਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀ ਕਿਸੇ ਅਫਵਾਹ ਵੱਲ ਧਿਆਨ ਨਾ ਦੇਣ।

## ਰੂਸ ਨੂੰ ਦੋ ਅਮਰੀਕੀ ਨਾਗਰਿਕ ਰਿਹਾਅ ਕਰਨ ਦੀ ਅਪੀਲ

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਰੂਸ ਤੋਂ ਦੋ ਅਮਰੀਕੀ ਨਾਗਰਿਕਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਵਿਦੇਸ਼ ਵਿਭਾਗ ਨੇ ਇਥੇ ਇਹ ਜਾਣਕਾਰੀ ਸਾਂਝੀ ਕੀਤੀ। ਬਲਿੰਕਨ ਨੇ ਰੂਸ ਦੇ ਹਮਰੁਤਬਾ ਸਰਗੇਈ ਲਾਵਰੋਵ ਨਾਲ ਫੋਨ 'ਤੇ ਗੱਲ ਕੀਤੀ ਅਤੇ ਪਿਛਲੇ ਹਫਤੇ ਹਿਰਾਸਤ ਵਿਚ ਲਏ ਗਏ 'ਵਾਲ ਸਟਰੀਟ ਜਨਰਲ' ਅਖ਼ਬਾਰ ਦੇ ਪੱਤਰਕਾਰ ਅਤੇ ਇਕ ਹੋਰ ਅਮਰੀਕੀ ਨਾਗਰਿਕ ਪੋਲ ਵਹੇਲਨ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਵਿਦੇਸ਼ ਵਿਭਾਗ ਮੁਤਾਬਕ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਗੱਲਬਾਤ ਵਿਚ ਬਲਿੰਕਨ ਨੇ ਕ੍ਰੈਮਲਿਨ ਵੱਲੋਂ ਪੱਤਰਕਾਰ ਇਵਾਨ ਗੇਸ਼ਰਕੋਵਿਚ ਨੂੰ ਜਾਸੂਸੀ ਦੇ ਦੋਸ਼ ਹੇਠ ਹਿਰਾਸਤ ਵਿਚ ਲਏ ਜਾਣ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ। ਬਲਿੰਕਨ ਨੇ ਗੇਸ਼ਰਕੋਵਿਚ ਨੂੰ ਵੀ ਤੁਰਤ ਰਿਹਾਅ ਕਰਨ ਦੀ ਅਪੀਲ ਕੀਤੀ।

# ਪੰਜਾਬ ਦੀ ਨਵੀਂ ਆਬਕਾਰੀ ਨੀਤੀ ਨੇ ਚੰਡੀਗੜ੍ਹ ਦੇ ਠੇਕੇਦਾਰਾਂ ਨੂੰ ਲਾਇਆ ਰਗੜਾ

**ਚੰਡੀਗੜ੍ਹ:** ਪੰਜਾਬ ਦੀ ਨਵੀਂ ਆਬਕਾਰੀ ਨੀਤੀ ਦਾ ਸੇਕ ਰਾਜਧਾਨੀ ਚੰਡੀਗੜ੍ਹ ਨੂੰ ਲੱਗ ਰਿਹਾ ਹੈ। ਇਸੇ ਕਰਕੇ ਚੰਡੀਗੜ੍ਹ ਨੂੰ ਇਸ ਵਾਰ ਸ਼ਰਾਬ ਠੇਕਿਆਂ ਦੀ ਨਿਲਾਮੀ ਲਈ ਖ਼ਰੀਦਦਾਰ ਵੀ ਨਹੀਂ ਮਿਲ ਰਹੇ ਹਨ। ਯੂਟੀ ਦੇ ਕਰ ਤੇ ਆਬਕਾਰੀ ਵਿਭਾਗ ਵੱਲੋਂ ਸ਼ਹਿਰ ਦੇ 95 ਸ਼ਰਾਬ ਠੇਕਿਆਂ ਨੂੰ ਨਿਲਾਮ ਕਰਨ ਲਈ ਚਾਰ ਵਾਰ ਨਿਲਾਮੀ ਕੀਤੀ ਗਈ ਪਰ ਉਸ ਦੇ ਬਾਵਜੂਦ ਸਾਰੇ ਠੇਕੇ ਨਿਲਾਮ ਨਹੀਂ ਹੋ ਸਕੇ। ਪ੍ਰਾਪਤ ਜਾਣਕਾਰੀ ਅਨੁਸਾਰ ਯੂਟੀ ਪ੍ਰਸ਼ਾਸਨ ਚਾਰ ਵਾਰ ਠੇਕਿਆਂ ਦੀ ਨਿਲਾਮੀ ਦੌਰਾਨ 95 ਵਿਚੋਂ ਸਿਰਫ 66 ਠੇਕੇ ਹੀ ਨਿਲਾਮ ਕਰ ਸਕਿਆ ਹੈ। ਹਾਲੇ ਵੀ ਸ਼ਹਿਰ ਵਿਚ 29 ਠੇਕੇ ਨਿਲਾਮ ਹੋਣੇ ਬਾਕੀ ਹਨ।

ਉਧਰ, ਨਵੀਂ ਆਬਕਾਰੀ ਨੀਤੀ ਲਾਗੂ ਹੋਣ ਨਾਲ ਪੰਜਾਬ 'ਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੀ ਕੀਮਤ 'ਚ ਵਾਧਾ ਹੋ ਗਿਆ ਹੈ। ਹਰ ਕੰਪਨੀ ਦੀ ਸ਼ਰਾਬ ਦੀ ਕੀਮਤ ਵਿਚ ਅਲੱਗ-ਅਲੱਗ ਤਰ੍ਹਾਂ ਦਾ ਵਾਧਾ ਹੋਵੇਗਾ। ਬੀਅਰ ਦੀਆਂ ਕੀਮਤਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਆਬਕਾਰੀ ਮਹਿਕਮੇ ਵੱਲੋਂ ਐਤਕੀਂ ਵਿਦੇਸ਼ੀ ਸ਼ਰਾਬ ਦੀ ਕੀਮਤ ਵਿਚ ਕਟੌਤੀ ਕੀਤੀ ਗਈ ਹੈ।



ਆਬਕਾਰੀ ਮਹਿਕਮੇ ਵੱਲੋਂ ਇਨ੍ਹਾਂ ਕੀਮਤਾਂ ਵਿਚ ਵਾਧੇ ਦਾ ਕਾਰਨ ਐਕਸ ਡਿਸਟਿਲਰੀ ਕੀਮਤ ਵਿਚ 1.9 ਫ਼ੀਸਦੀ ਦੇ ਵਾਧੇ ਨੂੰ ਦੱਸਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਸੂਬੇ ਵਿਚ ਸਾਰੇ ਠੇਕਿਆਂ ਦੀ ਨਿਲਾਮੀ ਕਰ ਕੇ 7,989 ਕਰੋੜ ਦੀ ਰਾਖਵੀਂ ਕੀਮਤ ਦੇ ਮੁਕਾਬਲੇ 8,007 ਕਰੋੜ ਰੁਪਏ ਕਮਾਏ ਹਨ। ਵਰ੍ਹਾ 2023-24 ਲਈ ਆਬਕਾਰੀ ਤੋਂ 9,745 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਹੈ। ਪੰਜਾਬ ਸਰਕਾਰ ਨੇ 171 ਗਰੁੱਪਾਂ ਦੀ ਨਿਲਾਮੀ ਮੁਕੰਮਲ ਕਰ ਲਈ ਹੈ ਜਿਸ ਵਿਚੋਂ ਕਰੀਬ 70 ਫ਼ੀਸਦੀ ਗਰੁੱਪਾਂ ਦਾ ਕੰਮ ਪੁਰਾਣੇ ਕਾਰੋਬਾਰੀਆਂ ਨੂੰ ਹੀ ਰੀਨਿਊ ਕੀਤਾ ਗਿਆ ਹੈ।

ਰੀਨਿਊ ਕੀਤੇ ਗਰੁੱਪਾਂ ਵਿਚ ਤਿੰਨ ਸਲੈਬ ਬਣਾਏ ਗਏ ਸਨ। ਜਿੱਥੇ ਕਿਤੇ ਸ਼ਰਾਬ ਦੀ ਵਿਕਰੀ ਵਧੇਰੇ ਸੀ, ਉਥੇ 16 ਫ਼ੀਸਦੀ ਦੇ ਵਾਧੇ ਨਾਲ ਗਰੁੱਪ ਰੀਨਿਊ ਕੀਤਾ ਗਿਆ ਅਤੇ ਦਰਮਿਆਨੀ ਵਿੱਕਰੀ ਵਾਲੇ ਗਰੁੱਪ ਨੂੰ 12 ਫੀਸਦੀ ਵਾਧੇ ਨਾਲ ਅਤੇ ਘੱਟ ਵਿੱਕਰੀ ਵਾਲੇ ਗਰੁੱਪ ਨੂੰ 10 ਫ਼ੀਸਦੀ ਦੇ ਵਾਧੇ ਨਾਲ ਰੀਨਿਊ ਕੀਤਾ ਗਿਆ ਹੈ। ਵਰ੍ਹਾ 2022-23 ਦੌਰਾਨ ਆਬਕਾਰੀ ਕਮਾਈ ਦਾ ਟੀਚਾ 9600 ਕਰੋੜ ਦਾ ਰੱਖਿਆ ਗਿਆ ਸੀ ਅਤੇ ਹੁਣ ਤੱਕ ਸਰਕਾਰ ਨੂੰ 8900 ਕਰੋੜ ਦੀ ਆਮਦਨ ਹੋ ਚੁੱਕੀ ਹੈ।

ਦੱਸਣਯੋਗ ਹੈ ਕਿ ਪਿਛਲੇ ਸਾਲ ਜੂਨ 2022 ਵਿਚ ਨੌਂ ਮਹੀਨਿਆਂ ਲਈ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਕੀਤੀ ਗਈ ਸੀ ਤਾਂ ਸਰਕਾਰ ਨੂੰ 5,446 ਕਰੋੜ ਰੁਪਏ ਦੀ ਆਮਦਨ ਹੋਈ ਸੀ। ਐਤਕੀਂ ਆਬਕਾਰੀ ਵਿਭਾਗ ਨੇ ਹਰ ਲਾਇਸੈਂਸਿੰਗ ਯੂਨਿਟ ਨੂੰ ਸ਼ਰਾਬ ਦੇ ਦੋ ਮਾਡਲ ਠੇਕੇ ਸਥਾਪਿਤ ਕਰਨ ਵਾਸਤੇ ਵੀ ਕਿਹਾ ਹੈ। ਵੱਡੇ ਸ਼ਹਿਰਾਂ ਵਿਚ ਵਿਸ਼ੇਸ਼ ਵਾਈਨ ਅਤੇ ਬੀਅਰ ਦੀਆਂ ਦੁਕਾਨਾਂ ਵੀ ਖੋਲ੍ਹ ਰਹੀ ਹੈ।

## ਪਹਿਲਾਂ ਤਸਕਰੀ ਕਰ ਕੇ ਹੀ ਚੰਡੀਗੜ੍ਹ 'ਚ ਸ਼ਰਾਬ ਦੀ ਵਿਕਰੀ ਜ਼ਿਆਦਾ ਸੀ: ਚੀਮਾ

**ਚੰਡੀਗੜ੍ਹ:** ਵਿੱਤ ਅਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਸਾਰੇ ਗਰੁੱਪਾਂ ਦੀ ਨਿਲਾਮੀ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਐਤਕੀਂ ਜ਼ਿਆਦਾਤਰ ਗਰੁੱਪ ਛੋਟੇ ਸ਼ਰਾਬ ਠੇਕੇਦਾਰਾਂ ਵੱਲੋਂ ਲਏ ਗਏ ਹਨ ਜਦੋਂਕਿ ਪਿਛਲੀਆਂ ਸਰਕਾਰਾਂ ਨੇ ਸ਼ਰਾਬ ਦੇ ਵੱਡੇ ਠੇਕੇਦਾਰਾਂ ਨੂੰ ਫ਼ਾਇਦਾ ਪਹੁੰਚਾਇਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸ਼ਰਾਬ ਦੇ ਭਾਅ ਹੋਰਨਾਂ ਸੂਬਿਆਂ ਨਾਲੋਂ ਘੱਟ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਵੀਂ ਆਬਕਾਰੀ ਨੀਤੀ ਨਾਲ ਆਮਦਨ ਵਿਚ ਕਰੀਬ 43 ਫ਼ੀਸਦੀ ਦਾ ਵਾਧਾ ਹੋਇਆ ਹੈ ਜੋ ਆਪਣੇ ਆਪ ਵਿਚ ਰਿਕਾਰਡ ਹੈ। ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਸ਼ਰਾਬ ਦੀ ਤਸਕਰੀ ਨੂੰ ਠੱਲ੍ਹ ਪਈ ਹੈ। ਇਸ ਦੇ ਨਤੀਜੇ ਵਜੋਂ ਚੰਡੀਗੜ੍ਹ ਵਿੱਚ ਸ਼ਰਾਬ ਦੇ ਠੇਕੇ ਨਿਲਾਮ ਨਹੀਂ ਹੋ ਰਹੇ ਹਨ। ਪਹਿਲਾਂ ਤਸਕਰੀ ਕਰ ਕੇ ਹੀ ਚੰਡੀਗੜ੍ਹ ਵਿਚ ਸ਼ਰਾਬ ਦੀ ਵਿਕਰੀ ਜ਼ਿਆਦਾ ਸੀ।

# ਦੀਪ ਸਿੱਧੂ ਦੇ ਜਨਮ ਦਿਨ ਮੌਕੇ ਰੀਨਾ ਦਰਬਾਰ ਸਾਹਿਬ ਨਤਮਸਤਕ



**ਅੰਮ੍ਰਿਤਸਰ:** ਮਰਹੂਮ ਅਦਾਕਾਰ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਸਾਬਕਾ ਮੁਖੀ ਦੀਪ ਸਿੱਧੂ ਦੇ ਜਨਮ ਦਿਨ ਮੌਕੇ ਉਸ ਦੀ ਮਹਿਲਾ ਮਿੱਤਰ ਰੀਨਾ ਰਾਏ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਉਸ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

ਇਸ ਮੌਕੇ ਉਸ ਨੇ ਪਿੰਗਲਵਾੜਾ ਦੇ ਬੱਚਿਆਂ ਨੂੰ ਦੀਪ ਸਿੱਧੂ ਦੀ ਤਸਵੀਰ ਵਾਲੀਆਂ ਕਾਪੀਆਂ ਤੇ ਬੈਗ ਵੀ ਵੰਡੇ। ਉਸ ਨੇ ਚਿੱਟੇ ਰੰਗ ਦਾ ਸੂਟ ਪਾਇਆ ਅਤੇ ਸਿਰ 'ਤੇ ਕੇਸਰੀ ਸਜਾਈ ਹੋਈ ਸੀ। ਜ਼ਿਕਰਯੋਗ ਹੈ ਕਿ ਜਦੋਂ ਦੀਪ ਸਿੱਧੂ ਸੜਕ ਹਾਦਸੇ ਦਾ ਸ਼ਿਕਾਰ ਹੋਇਆ ਸੀ ਤਾਂ ਉਸ ਦੀ ਇਹ ਮਹਿਲਾ ਮਿੱਤਰ ਉਸ ਦੇ ਨਾਲ ਕਾਰ ਵਿਚ ਸਵਾਰ ਸੀ ਪਰ ਉਸ ਨੂੰ ਕੋਈ ਝਰੀਟ ਤੱਕ ਨਹੀਂ ਆਈ ਸੀ। ਇਸ ਘਟਨਾ ਤੋਂ ਬਾਅਦ ਉਸ 'ਤੇ ਕਈ ਦੋਸ਼ ਲੱਗੇ ਸਨ, ਜਿਸ ਮਗਰੋਂ ਉਹ ਵਿਦੇਸ਼ ਚਲੀ ਗਈ ਸੀ। ਦੀਪ ਸਿੱਧੂ ਦੀ ਮੌਤ ਬਾਰੇ ਪੈਦਾ ਹੋਏ ਸ਼ੰਕਿਆਂ ਸਬੰਧੀ ਇਕ ਸਵਾਲ ਦੇ ਜਵਾਬ ਵਿਚ ਉਸ ਨੇ ਆਖਿਆ ਕਿ ਉਹ ਇਕ ਸੜਕ ਹਾਦਸਾ ਸੀ, ਜੋ ਉਸ ਲਈ ਜਾਨ ਲੇਵਾ ਸਾਬਤ ਹੋਇਆ। ਰੀਨਾ ਨੇ ਕਿਹਾ ਕਿ ਉਸ ਖਿਲਾਫ ਲੱਗ ਰਹੇ ਦੋਸ਼ਾਂ ਦੀ ਪ੍ਰਵਾਹ ਨਹੀਂ ਕਰਦੀ। ਮੀਡੀਆ ਨਾਲ ਗੱਲਬਾਤ ਕਰਦਿਆਂ ਰੀਨਾ ਰਾਏ ਨੇ ਆਖਿਆ ਕਿ ਦੀਪ ਸਿੱਧੂ ਵੱਲੋਂ ਸਥਾਪਤ ਕੀਤੀ ਗਈ ਜਥੇਬੰਦੀ ਨੂੰ ਸਮਾਂ ਆਉਣ 'ਤੇ ਸੁਰਜੀਤ ਕੀਤਾ ਜਾਵੇਗਾ। ਇਸ ਵੇਲੇ ਇਹ ਜਥੇਬੰਦੀ ਅੰਮ੍ਰਿਤਪਾਲ ਸਿੰਘ ਵੱਲੋਂ ਚਲਾਈ ਜਾ ਰਹੀ ਹੈ। ਉਸ ਨੇ ਅੰਮ੍ਰਿਤਪਾਲ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# 'ਆਪ' ਵਿਧਾਇਕ ਅੰਮ੍ਰਿਤਪਾਲ ਵਿਆਹ ਦੇ ਬੰਧਨ 'ਚ ਬੱਝੇ

**ਮੋਗਾ:** ਬਾਘਾ ਪੁਰਾਣਾ ਤੋਂ 'ਆਪ' ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਬਾਬਾ ਰੇਸ਼ਮ ਸਿੰਘ ਚੱਕਪੱਖੀ ਸ੍ਰੀ ਮੁਕਤਸਰ ਸਾਹਿਬ ਦੀ ਪੋਤੀ ਰਾਜਵੀਰ ਕੌਰ ਨਾਲ ਵਿਆਹ ਬੰਧਨ ਵਿਚ ਬੱਝ ਗਏ ਹਨ। ਇਸੇ ਵਰ੍ਹੇ 22 ਫਰਵਰੀ ਨੂੰ ਉਨ੍ਹਾਂ ਦਾ ਮੰਗਣਾ ਹੋਇਆ ਸੀ। ਵਿਆਹ ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੀ ਪਤਨੀ ਨੇ ਵੀ ਸ਼ਿਰਕਤ ਕੀਤੀ।

ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਕੀਤੇ ਗਏ ਟਵੀਟ ਤੋਂ ਜਾਣਕਾਰੀ ਮਿਲੀ ਹੈ ਕਿ ਇਹ ਵਿਆਹ ਸਮਾਗਮ ਸ਼ਿਮਲਾ ਨੇੜਲੇ ਹਿੱਲ ਸਟੇਸ਼ਨ ਕੁਫਰੀ ਵਿਚ ਕਰਵਾਇਆ ਗਿਆ ਹੈ। ਇਸ ਮੌਕੇ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਸੁਰਮਾ ਪਾਉਣ ਦੀ ਰਸਮ ਨਿਭਾਈ। ਵਿਆਹ ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਮਾਤਾ ਹਰਪਾਲ ਕੌਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਹੋਰ ਵਿਧਾਇਕਾਂ ਨੇ ਸ਼ਾਮਲ ਹੋ ਕੇ ਨਵੀਂ ਵਿਆਹੀ ਜੋੜੀ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।



ਜ਼ਿਕਰਯੋਗ ਹੈ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਫਿਰੋਜ਼ਪੁਰ ਸ਼ਹਿਰੀ ਤੋਂ 'ਆਪ' ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੂਜਾ ਵਿਆਹ ਕਰਵਾਇਆ। ਇਸ ਤੋਂ ਇਲਾਵਾ ਵਿਧਾਇਕਾ ਨਰਿੰਦਰ ਕੌਰ ਭਰਾਜ, ਫਾਜ਼ਿਲਕਾ ਤੋਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਤੇ ਹਾਲ ਹੀ ਵਿਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਵਿਆਹ ਬੰਧਨ 'ਚ ਬੱਝ ਚੁੱਕੇ ਹਨ।

# ਮੈਨੂੰ ਵਿਧਾਨ ਸਭਾ ਚੋਣ ਧੱਕੇ ਨਾਲ ਲੜਵਾਈ ਗਈ: ਰਾਜੇਵਾਲ

**ਚੰਡੀਗੜ੍ਹ:** ਵਿਧਾਨ ਸਭਾ ਦੀਆਂ ਚੋਣਾਂ ਤੋਂ ਇਕ ਸਾਲ ਬਾਅਦ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਹ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਲੜਨਾ ਨਹੀਂ ਸੀ ਚਾਹੁੰਦੇ। ਉਨ੍ਹਾਂ ਨੂੰ ਧੱਕੇ ਨਾਲ ਚੋਣ ਲੜਵਾਈ ਗਈ। ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਸਾਨ ਆਗੂ ਰਾਜੇਵਾਲ ਨੇ ਕਿਹਾ "ਉਸ ਵੇਲੇ ਸਾਰੇ ਇਕੱਠੇ ਹੋ ਗਏ ਸਨ ਤੇ ਮੈਨੂੰ ਕਿਹਾ ਕਿ ਤੁਹਾਨੂੰ ਚੋਣ ਲੜਨੀ ਪਵੇਗੀ, ਤੁਸੀਂ ਸਾਨੂੰ ਜਵਾਬ ਨਹੀਂ ਦੇ ਸਕਦੇ।

ਸੰਯੁਕਤ ਸਮਾਜ ਮੋਰਚਾ ਬਣਾਉਣ ਬਾਰੇ ਮੈਨੂੰ ਕੁਝ ਵੀ ਨਹੀਂ ਸੀ ਪਤਾ। ਪ੍ਰੈੱਸ ਮਿਲਣੀ ਦੌਰਾਨ ਅਚਾਨਕ ਮੇਰੇ ਪਿੱਛੇ ਲਿਆ ਕੇ ਇਕ ਬੋਰਡ ਖੜ੍ਹਾ ਕਰ ਦਿੱਤਾ ਅਤੇ ਸੰਯੁਕਤ ਸਮਾਜ ਮੋਰਚਾ ਬਣਾਉਣ ਬਾਰੇ ਮੇਰੇ ਤੋਂ ਪੁੱਛਿਆ ਵੀ ਨਹੀਂ ਗਿਆ।" ਕਿਸਾਨ ਆਗੂ ਨੇ ਕਿਹਾ ਕਿ ਸੰਯੁਕਤ ਸਮਾਜ ਮੋਰਚਾ, ਜਿਨ੍ਹਾਂ ਵੱਲੋਂ ਬਣਾਇਆ ਗਿਆ ਸੀ, ਉਹ ਅੱਜ ਕਿਸਾਨੀ ਮੰਗਾਂ ਤੋਂ ਭੱਜ ਕੇ ਸਿਆਸਤ 'ਚ ਆ ਚੁੱਕੇ ਹਨ। ਕਿਸਾਨ ਆਗੂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਵੱਲੋਂ ਕਦੇ ਸਰਕਾਰ ਤੋਂ ਕੋਈ ਫਾਇਦਾ ਨਹੀਂ ਲਿਆ ਗਿਆ ਅਤੇ ਨਾ ਹੀ ਕੋਈ ਚੇਅਰਮੈਨੀ ਲਈ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਤੋਂ ਕਿਸਾਨਾਂ ਲਈ ਲੜਦੇ ਆ ਰਹੇ ਹਨ। ਅੰਦੋਲਨ ਦੌਰਾਨ ਉਨ੍ਹਾਂ ਕਿਸਾਨਾਂ ਦੀਆਂ ਮੰਗਾਂ ਜ਼ੋਰਦਾਰ ਢੰਗ ਨਾਲ ਸਰਕਾਰ ਕੋਲ ਚੁੱਕੀਆਂ ਸਨ ਤੇ ਮੰਗਾਂ ਦਾ ਹੱਲ ਕਰਵਾ ਕੇ ਦਿੱਤਾ। ਸ੍ਰੀ ਰਾਜੇਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਫਸਲਾਂ ਦੇ ਖਰਾਬੇ ਲਈ 15 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਘੱਟ ਹੈ। ਫਸਲਾਂ ਦੇ ਖਰਾਬੇ ਲਈ ਘੱਟੋ-ਘੱਟ 50-50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

# ਵਿਜੀਲੈਂਸ ਨੇ ਮਨਪ੍ਰੀਤ ਬਾਦਲ ਖ਼ਿਲਾਫ਼ ਪੜਤਾਲ ਤੇਜ਼ ਕੀਤੀ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਅਨਾਜ ਦੀ ਢੋਆ-ਢੁਆਈ ਦੌਰਾਨ ਹੋਏ ਘਪਲੇ ਸਬੰਧੀ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਜਾਂਚ ਆਰੰਭ ਦਿੱਤੀ ਹੈ। 23 ਅਗਸਤ 2022 ਨੂੰ ਸਾਬਕਾ ਮੁੱਖ ਸੰਸਦੀ ਸਕੱਤਰ ਅਤੇ ਮੌਜੂਦਾ ਭਾਜਪਾ ਆਗੂ ਸਰੂਪ ਚੰਦ ਸਿੰਗਲਾ ਨੇ ਐਸ.ਐਸ.ਪੀ. ਵਿਜੀਲੈਂਸ ਬਠਿੰਡਾ ਨੂੰ 2017 ਤੋਂ 2022 ਦੌਰਾਨ ਅਨਾਜ ਦੀ ਢੋਆ-ਢੁਆਈ ਦੌਰਾਨ ਗੜਬੜ ਹੋਣ ਸਬੰਧੀ ਸ਼ਿਕਾਇਤ ਦੇ ਕੇ ਮਨਪ੍ਰੀਤ ਬਾਦਲ ਖ਼ਿਲਾਫ਼ ਜਾਂਚ ਕਰਨ ਲਈ ਕਿਹਾ ਸੀ। ਵਿਜੀਲੈਂਸ ਵੱਲੋਂ ਸਾਬਕਾ ਵਿੱਤ ਮੰਤਰੀ ਦੇ ਰਿਸ਼ਤੇਦਾਰ ਨਾਲ ਤਾਇਨਾਤ ਪ੍ਰਾਈਵੇਟ ਡਰਾਈਵਰ ਤੇ ਇਕ ਗੰਨਮੈਨ ਦੇ ਬੈਂਕ ਖਾਤੇ ਵੀ ਖੰਗਾਲੇ ਜਾ ਰਹੇ ਹਨ। ਅਹਿਮ ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਜੀਲੈਂਸ ਨੂੰ ਇਸ ਮਾਮਲੇ ਵਿਚ ਤੇਜ਼ੀ ਨਾਲ ਨਿਰਪੱਖ ਜਾਂਚ ਕਰਨ ਲਈ ਆਖਿਆ ਹੈ। ਸਿੰਗਲਾ ਨੇ ਇਲਜ਼ਾਮ ਲਾਏ ਸਨ ਕਿ ਮਨਪ੍ਰੀਤ ਦੇ ਰਿਸ਼ਤੇਦਾਰ ਦੇ ਡਰਾਈਵਰ ਜਗਜੀਤ ਸਿੰਘ ਦੇ ਨਾਮ 'ਤੇ ਜੇਬੀ ਕੰਟਰੈਕਟਰ



ਫਰਮ ਬਣਾ ਕੇ ਉਸ ਨੂੰ ਉਕਤ ਕਾਰੋਬਾਰ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ ਵਿਜੀਲੈਂਸ ਰੇਂਜ ਬਠਿੰਡਾ ਨੇ ਜਗਜੀਤ ਸਿੰਘ ਨੂੰ ਤਲਬ ਵੀ ਕੀਤਾ ਸੀ ਪਰ ਉਹ ਹਾਜ਼ਰ ਨਹੀਂ ਹੋਇਆ ਸੀ। ਉਸ ਵੇਲੇ ਮਾਮਲੇ ਦੀ ਪੜਤਾਲ ਡੀ.ਐਸ.ਪੀ. ਕੁਲਵੰਤ ਸਿੰਘ ਕਰ ਰਹੇ ਸਨ, ਜਿਨ੍ਹਾਂ ਤੋਂ ਹੁਣ ਜਾਂਚ ਤਬਦੀਲ ਕਰਾ ਲਈ ਗਈ ਹੈ। ਹੁਣ ਇਸ ਮਾਮਲੇ ਦੀ ਜਾਂਚ ਡੀ.ਐਸ.ਪੀ. ਸੰਦੀਪ ਸਿੰਘ ਨੂੰ ਸੌਂਪੀ ਗਈ ਹੈ। ਸੂਤਰਾਂ ਅਨੁਸਾਰ ਜਗਜੀਤ ਸਿੰਘ ਦੇ ਖਾਤਿਆਂ 'ਚੋਂ ਹੋਰ ਫਰਮਾਂ ਵਿਚ ਲਗਾਈ ਗਈ ਰਕਮ ਬਾਰੇ ਘੋਖ ਕੀਤੀ ਜਾ ਰਹੀ ਹੈ। ਵਿਜੀਲੈਂਸ ਨੇ ਇਕ ਫਰਮ ਦੇ ਬੈਂਕ ਖਾਤੇ ਦੀ ਜਾਣਕਾਰੀ ਵੀ ਹਾਸਲ ਕੀਤੀ ਹੈ। ਵਿਜੀਲੈਂਸ ਅਧਿਕਾਰੀ ਨੇ ਦੱਸਿਆ ਕਿ ਗੰਨਮੈਨ ਨੂੰ ਵੀ ਤਲਬ ਕੀਤਾ ਗਿਆ ਸੀ, ਪਰ ਉਹ ਹਾਜ਼ਰ ਨਹੀਂ ਹੋਇਆ।

ਅਧਿਕਾਰੀ ਦੱਸਦੇ ਹਨ ਕਿ ਪੁੱਡਾ ਬਠਿੰਡਾ ਦੀ ਇਕ ਕਮਰਸ਼ੀਅਲ ਸਾਈਟ ਨੂੰ ਰਿਹਾਇਸ਼ੀ ਸਾਈਟ 'ਚ ਤਬਦੀਲ ਕਰਨ ਤੇ ਉਸ ਮਗਰੋਂ ਤਿੰਨ ਬੋਲੀਕਾਰਾਂ ਵੱਲੋਂ ਫੌਰੀ ਦੂਸਰੇ ਨਾਮ 'ਤੇ ਤਬਦੀਲ ਕੀਤੇ ਜਾਣ ਦੀ ਜਾਂਚ ਵੀ ਚੱਲ ਰਹੀ ਹੈ। ਖੁਰਾਕ ਤੇ ਸਪਲਾਈ ਵਿਭਾਗ ਬਠਿੰਡਾ ਦਾ ਰਿਕਾਰਡ ਵੀ ਦੇਖਿਆ ਜਾ ਰਿਹਾ ਹੈ ਤੇ ਪਹਿਲਾਂ ਜਾਂਚ ਦੌਰਾਨ ਮਨਪ੍ਰੀਤ ਬਾਦਲ ਦੇ ਪੁਰਾਣੇ ਨਜ਼ਦੀਕੀਆਂ ਨੂੰ ਵੀ ਵਿਜੀਲੈਂਸ ਨੇ ਸੱਦਿਆ ਸੀ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਬਜਟ 'ਤੇ ਤਿੱਖੀ ਟਿੱਪਣੀ ਕੀਤੀ ਸੀ, ਜਿਸ ਦਾ ਜਵਾਬ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿੱਚ ਬਿਨਾਂ ਨਾਮ ਲਏ ਦਿੱਤਾ ਸੀ।

## ਧਰਮਸੋਤ ਦੇ ਪੁੱਤਰ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਨੇ ਹੁਣ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਪੁੱਤਰ ਹਰਪ੍ਰੀਤ ਸਿੰਘ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ। ਵਿਜੀਲੈਂਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ 60 ਲੱਖ ਰੁਪਏ ਵਿਚ ਪਲਾਟ ਖਰੀਦ ਕੇ ਸਾਬਕਾ ਮੰਤਰੀ ਦੇ ਪੁੱਤਰ ਨੂੰ ਸਿਰਫ 25 ਲੱਖ ਰੁਪਏ ਵਿਚ ਵੇਚਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਵਿਜੀਲੈਂਸ ਵੱਲੋਂ ਮੁਲਜ਼ਮ ਰਾਜੇਸ਼ ਚੋਪੜਾ ਅਤੇ ਰਾਜ ਕੁਮਾਰ ਨਾਗਪਾਲ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਅਦਾਲਤ ਨੇ ਉਨ੍ਹਾਂ ਨੂੰ 6 ਦਿਨਾਂ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ ਨੂੰ ਪਹਿਲਾਂ ਤੋਂ ਹੀ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬਤੌਰ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ।

## ਗੋਲਡੀ ਬਰਾੜ ਸਮੇਤ 28 ਗੈਂਗਸਟਰਾਂ ਦੀ ਸੂਚੀ ਸੌਂਪੀ

**ਨਵੀਂ ਦਿੱਲੀ:** ਕੇਂਦਰੀ ਜਾਂਚ ਏਜੰਸੀ ਨੇ 28 ਗੈਂਗਸਟਰਾਂ ਦੀ ਸੂਚੀ ਗ੍ਰਹਿ ਮੰਤਰਾਲੇ ਨੂੰ ਸੌਂਪੀ ਗਈ ਹੈ। ਇਨ੍ਹਾਂ ਦਾ ਸਬੰਧ ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ, ਰਾਜਸਥਾਨ ਤੇ ਹੋਰ ਰਾਜਾਂ ਨਾਲ ਹੈ ਜੋ ਵਿਦੇਸ਼ਾਂ ਵਿਚ ਰਹਿ ਕੇ ਭਾਰਤ ਵਿਚ ਟਾਰਗੇਟ ਕਿਲਿੰਗ ਤੇ ਫਿਰੌਤੀ ਦੀਆਂ ਕਾਰਵਾਈਆਂ ਕਰ ਰਹੇ ਹਨ। ਇਨ੍ਹਾਂ ਗੈਂਗਸਟਰਾਂ ਨੂੰ ਭਾਰਤ ਲਿਆਉਣ ਦੀ ਰਣਨੀਤੀ ਉਲੀਕੀ ਜਾ ਰਹੀ ਹੈ। ਇਨ੍ਹਾਂ ਗੈਂਗਸਟਰਾਂ ਵਿਚ ਗੋਲਡੀ ਬਰਾੜ, ਅਨਮੋਲ ਬਿਸ਼ਨੋਈ, ਕੁਲਦੀਪ ਸਿੰਘ ਯੂ.ਏ.ਈ, ਜਗਜੀਤ ਸਿੰਘ ਮਲੇਸ਼ੀਆ, ਧਰਮ ਅਮਰੀਕਾ, ਰੋਹਿਤ ਗੋਦਾਰਾ ਆਦਿ ਦੇ ਨਾਮ ਸ਼ਾਮਲ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 8 ਅਪਰੈਲ, 2023

# ਉਥਲ-ਪੁਥਲ

ਪੰਜਾਬ ਵਿਚ ਬੇਮੌਸਮੇ ਮੀਂਹ ਨਾਲਹਰ ਪਾਸੇ ਉਥਲ-ਪੁਥਲਹੋ ਗਈ ਹੈ। ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦੀ ਵਾਢੀ ਤੋਂ ਐਨ ਪਹਿਲਾਂ ਪਏ ਮੀਹਾਂਅਤੇ ਝੁੱਲੀ ਹਨੇਰੀ ਨੇ ਕਿਸਾਨਾਂ ਹੀ ਨਹੀਂ ਸਗੋਂ ਵਪਾਰੀਆਂ ਅਤੇ ਸਰਕਾਰ ਨੂੰਵੀ ਬੇਚੈਨੀ ਕਰ ਕੇ ਰੱਖ ਦਿੱਤਾ ਹੈ। ਪੰਜਾਬ ਸਰਕਾਰ ਨੇ ਫ਼ਸਲਾਂ ਦੇ ਖਰਾਬੇ 'ਤੇ ਵਧੇਰੇ ਰਾਹਤ ਦੇਣ ਅਤੇ ਛੇਤੀ ਅਦਾਇਗੀਆਂ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਯੂਨੀਅਨਾਂ ਕੁਝ ਹੋਰ ਵੀ ਮੰਗ ਰਹੀਆਂ ਹਨ ਜਿਨ੍ਹਾਂ ਵਿਚੋਂ ਖਰੀਦ ਦੇ ਮਾਪਦੰਡਾਂ 'ਚ ਢਿੱਲ ਦਿੱਤੇ ਜਾਣਾ ਅਹਿਮ ਹੈ। ਮੁੱਖ ਮੰਤਰੀ ਭਗਵੰਤ ਮਾਨ ਨਵੀਂ ਫ਼ਸਲ ਬੀਮਾ ਯੋਜਨਾ ਲਿਆਉਣ ਬਾਰੇ ਕਹਿ ਚੁੱਕੇ ਹਨ ਕਿ ਕੇਂਦਰ ਦੀ ਬੀਮਾ ਸਕੀਮ ਮਹਿਜ਼ ਕਾਗਜ਼ਾਂ ਤਕ ਹੀ ਸੀਮਤ ਹੈ। ਦਹਾਕਿਆਂ ਬੱਧੀ ਯਤਨਾਂ ਦੇ ਬਾਵਜੂਦ ਫ਼ਸਲਾਂ ਦੇ ਬੀਮੇ ਦੀ ਯੋਜਨਾ ਨੂੰ ਦੇਸ਼ ਭਰ 'ਚ ਕਿਧਰੇ ਵੀ ਬਹੁਤਾ ਹੁੰਗਾਰਾ ਨਹੀਂ ਮਿਲਿਆ। ਸੁਸਤ ਪਹੁੰਚ ਵਾਲਾ ਇਹ ਵਰਤਾਰਾ ਹੁਣ ਵੀ ਜਾਰੀ ਹੈ। ਇਸ ਦਾ ਮੁੱਖ ਕਾਰਨ ਫ਼ਸਲ ਬੀਮਾ ਯੋਜਨਾ ਵਿਚਲੀਆਂ ਪ੍ਰਸ਼ਾਸਕੀ ਤਰੁੱਟੀਆਂ ਅਤੇ ਜਟਿਲ ਨਿਯਮ ਹਨ ਜੋ ਕਿਸਾਨਾਂ ਨੂੰ ਇਸ ਯੋਜਨਾ ਤੋਂ ਪਰ੍ਹੇ ਧੱਕਦੇ ਹਨ। ਭਾਰਤਵਿਚ ਬਹੁਗਿਣਤੀ ਕਿਸਾਨ ਛੋਟੇ ਅਤੇ ਦਰਮਿਆਨੇ ਪੱਧਰ ਦੇ ਹਨ ਜਿਸ ਕਾਰਨ ਉਨ੍ਹਾਂ ਵਾਸਤੇ ਬੀਮਾ ਰਾਸ਼ੀ ਦੀ ਅਦਾਇਗੀ ਕਰਨਾ ਮੁਸ਼ਕਿਲ ਕੰਮ ਹੈ। ਇਸ ਤੋਂ ਇਲਾਵਾ ਵਿੱਤੀ ਮਾਮਲਿਆਂ ਬਾਰੇ ਕਿਸਾਨਾਂ 'ਚ ਜਾਗਰੂਕਤਾ ਨਾ ਹੋਣਾ ਵੀ ਇਸ ਦੇ ਰਾਹ 'ਚ ਅੜਿੱਕਾ ਬਣਦਾ ਹੈ। ਸਰਕਾਰੀ ਪੱਖ ਦੇ ਮਾਹਿਰ ਅਕਸਰ ਹੀ ਕਿਸਾਨਾਂ 'ਚ ਜਾਗਰੂਕਤਾ ਦੀ ਘਾਟ ਅਤੇ ਦਿਲਚਸਪੀ ਨਾ ਹੋਣ ਨੂੰ ਮੁੱਖ ਕਾਰਨ ਦੱਸਦੇ ਹਨ।

2019 ਦੇ ਨੈਸ਼ਨਲ ਸੈਂਪਲ ਸਰਵੇਖਣ ਅਨੁਸਾਰ ਲਗਭਗ 10 ਫ਼ੀਸਦੀ ਕਿਸਾਨਾਂ ਨੇ ਹੀ ਫ਼ਸਲੀ ਬੀਮਾ ਕਰਵਾਇਆ ਸੀ। ਪਾਰਦਰਸ਼ਤਾ ਦੀ ਘਾਟ, ਬੀਮਾ ਰਾਸ਼ੀ ਦੀ ਅਦਾਇਗੀ ਦੇਰ ਨਾਲ ਹੋਣ ਜਾਂ ਨਾ ਹੋਣ ਜਿਹੀਆਂ ਕਮੀਆਂ ਨੂੰ ਦੂਰ ਕਰਨ ਵਾਸਤੇ 2016 'ਚ ਸਾਉਣੀ ਦੀਆਂ ਫ਼ਸਲਾਂ ਤੋਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਤਹਿਤ ਇਸ ਨੂੰ ਨਵਾਂ ਰੂਪ ਦਿੱਤਾ ਗਿਆ ਸੀ। ਇਨ੍ਹਾਂ ਸੋਧਾਂ ਦਾ ਮੁੱਖ ਮੰਤਵ ਵਧੇਰੇ ਕਿਸਾਨਾਂ ਅਤੇ ਵਧੇਰੇ ਖੇਤਰਾਂ ਨੂੰ ਬੀਮਾ ਯੋਜਨਾ ਦੇ ਦਾਇਰੇ 'ਚ ਲੈਣਾ ਸੀ। ਇਸ ਦੇ ਬਾਵਜੂਦ ਫ਼ਸਲੀ ਬੀਮਾ ਯੋਜਨਾ ਲਾਗੂ ਕਰਨ ਦੇ ਰਾਹ ਵਿਚ ਹੋਰ ਵੀ ਕਈ ਰੁਕਾਵਟਾਂ ਅਤੇ ਚੁਣੌਤੀਆਂ ਹਨ। ਇਸ ਕਾਰੋਬਾਰ ਵਿਚ ਪ੍ਰਾਈਵੇਟ ਖੇਤਰ ਦੀਆਂ ਕੰਪਨੀਆਂ ਦਾ ਬੋਲਬਾਲਾ ਹੈ। ਆਧੁਨਿਕ ਤਕਨਾਲੋਜੀ ਦੀ ਅਣਹੋਂਦ ਕਾਰਨ ਫ਼ਸਲਾਂ ਦੇ ਨੁਕਸਾਨ ਦਾ ਸਹੀ ਅਨੁਮਾਨ ਲਾਉਣ ਦੇ ਢੰਗ ਤਰੀਕੇ ਤੈਅ ਨਹੀਂ ਕੀਤੇ ਜਾ ਸਕਦੇ।ਆਂਧਰਾ ਪ੍ਰਦੇਸ਼, ਬਿਹਾਰ, ਤਿਲੰਗਾਨਾ, ਝਾਰਖੰਡ ਅਤੇ ਪੱਛਮੀ ਬੰਗਾਲ ਦੇ ਨਾਲ ਨਾਲ ਹੁਣ ਗੁਜਰਾਤ ਵੀ ਉਨ੍ਹਾਂ ਰਾਜਾਂ ਵਿਚ ਸ਼ਾਮਿਲ ਹੋ ਗਿਆ ਹੈ ਜਿਨ੍ਹਾਂ ਨੇ ਆਰਥਿਕ ਦਿੱਕਤਾਂ ਕਾਰਨ ਫ਼ਸਲ ਬੀਮਾ ਯੋਜਨਾ ਤੋਂ ਲਾਂਭੇ ਰਹਿਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਇਸ ਸਕੀਮ ਦਾ ਵਿਰੋਧ ਕਰਦਾ ਰਿਹਾ ਹੈ।ਆਉਣ ਵਾਲੇ ਸਮੇਂ 'ਚ ਕੁਦਰਤੀ ਅਤੇ ਮੌਸਮੀ ਆਫਤਾਂ ਹੋਰ ਵਧਣ ਦੇ ਅਨੁਮਾਨ ਹਨ। ਅਜਿਹੀਆਂ ਆਫ਼ਤਾਂ ਦਾ ਖੇਤੀ ਸੈਕਟਰ 'ਤੇ ਸਿੱਧਾ ਅਸਰ ਪੈਂਦਾ ਹੈ। ਹੁਣ ਮੁੱਖ ਪ੍ਰਸ਼ਨ ਇਹ ਹੈ ਕਿ ਫ਼ਸਲ ਬੀਮਾ ਯੋਜਨਾ ਤਹਿਤ ਫ਼ਸਲਾਂ ਦੇ ਬੀਮੇ ਕਰਕੇ ਇਸ ਨੁਕਸਾਨ ਦੀ ਪੂਰਤੀ ਕੀਤੀ ਜਾ ਸਕਦੀ ਹੈ ਜਾਂ ਨਹੀਂ? ਕੀ ਫ਼ਸਲ ਬੀਮਾ ਯੋਜਨਾ ਸਰਲ ਅਤੇ ਕਿਸਾਨਾਂ ਦੇ ਹਿੱਤ ਨੂੰ ਮੁੱਖ ਰੱਖਣ ਵਾਲੀ ਬਣ ਸਕਦੀ ਹੈ? ਖੇਤੀ ਮਾਹਿਰਾਂ ਦੇ ਇਕ ਹਿੱਸੇ ਦਾ ਕਹਿਣਾ ਹੈ ਕਿ ਪ੍ਰਾਈਵੇਟ ਖੇਤਰ ਦੀਆਂ ਬੀਮਾ ਕੰਪਨੀਆਂ ਆਪਣੀਆਂ ਸਕੀਮਾਂ ਕਿਸਾਨਾਂ ਅਨੁਸਾਰ ਨਹੀਂ ਚਲਾਉਣਗੀਆਂ ਉਨ੍ਹਾਂ ਦਾ ਮੁੱਖ ਮੰਤਵ ਤਾਂ ਮੁਨਾਫ਼ਾ ਹੈ।

ਇਸ ਹਫਤੇ ਦੀ ਦੂਜੀ ਵੱਡੀ ਖਬਰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਬਾਰੇ ਹੈ।ਡੋਨਲਡ ਟਰੰਪ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ (ਮੌਜੂਦਾ ਜਾਂ ਸਾਬਕਾ) ਬਣ ਗਏ ਹਨ ਜਿਨ੍ਹਾਂ ਨੂੰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਰਾਸ਼ਟਰਪਤੀ ਦੇ ਅਹੁਦੇ ਲਈ 2016 'ਚ ਚੋਣ ਲੜਦਿਆਂ ਪ੍ਰਚਾਰ ਦੌਰਾਨ ਇਕ ਪੋਰਨ ਸਟਾਰ ਨੂੰ ਚੁੱਪ ਕਰਾਉਣ ਬਦਲੇ ਪੈਸੇ ਦੇਣ ਦੇ ਮਾਮਲੇ 'ਚ ਮੈਨਹਟਨ ਗਰੈਂਡ ਜਿਊਰੀ ਨੇ ਉਨ੍ਹਾਂ ਵਿਰੁੱਧ ਅਪਰਾਧਿਕ ਦੋਸ਼ ਤੈਅ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਧਰ, ਰਾਸ਼ਟਰਪਤੀ ਦੇ ਅਹੁਦੇ ਲਈ 2024 ਦੀਆਂ ਚੋਣਾਂ 'ਚ ਰਿਪਬਲਿਕਨ ਪਾਰਟੀ ਦੇ ਮੋਹਰੀ ਦਾਅਵੇਦਾਰ ਟਰੰਪ ਨੇ ਖ਼ੁਦ ਨੂੰ ਬੇਗੁਨਾਹ ਦੱਸਦਿਆਂ ਇਨ੍ਹਾਂ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਅਤੇ ਚੋਣ ਪ੍ਰਕਿਰਿਆ 'ਚ ਅੜਿੱਕਾ ਪਾਉਣ ਵਾਲੇ ਕਰਾਰ ਦਿੱਤਾ ਹੈ।ਰਿਪੋਰਟਾਂ ਮੁਤਾਬਿਕ ਅਕਤੂਬਰ 2016 ਵਿਚ ਟਰੰਪ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਵੇਲੇ ਪ੍ਰਚਾਰ ਦੌਰਾਨ ਪੋਰਨ ਸਟਾਰ ਸਟੌਰਮੀ ਡੇਨੀਅਲਜ਼ ਨੂੰ ਕਥਿਤ ਸਬੰਧਾਂ ਬਾਰੇ ਚੁੱਪ ਰਹਿਣ ਲਈ 130,000 ਡਾਲਰ ਦਿੱਤੇ ਸਨ। ਇਹ ਅਦਾਇਗੀ ਰਾਸ਼ਟਰਪਤੀ ਦੀ ਚੋਣ ਤੋਂ ਕੁਝ ਹਫ਼ਤੇ ਪਹਿਲਾਂ ਕੀਤੀ ਸੀ ਜੋ ਚੋਣ ਪ੍ਰਚਾਰ ਫੰਡ ਦੇ ਨਿਯਮਾਂ ਦੀ ਕਥਿਤ ਉਲੰਘਣਾ ਸੀ ਅਤੇ ਇਹ ਅਦਾਇਗੀ 'ਕਾਨੂੰਨੀ ਸੇਵਾਵਾਂ' ਦੇ ਨਾਂ 'ਤੇ ਕੀਤੀ ਗਈ ਸੀ। ਟਰੰਪ ਵੱਲੋਂ ਇਸ ਨੂੰ 'ਸਾਧਾਰਨ ਨਿੱਜੀ ਅਦਾਇਗੀ' ਕਰਾਰ ਦਿੰਦਿਆਂ ਇਸ ਦਾ ਸਬੰਧ ਚੋਣ ਫੰਡ ਨਾਲ ਨਾ ਹੋਣ ਦਾ ਦਾਅਵਾ ਵਾਰ-ਵਾਰ ਕੀਤਾ ਜਾ ਰਿਹਾ ਹੈ।

ਉਧਰ, ਗਰੈਂਡ ਜਿਊਰੀ ਵੱਲੋਂ ਦੋਸ਼ ਤੈਅ ਕਰਕੇ ਸੁਣਵਾਈ ਸ਼ੁਰੂ ਕਰਨ ਦੇ ਫ਼ੈਸਲੇ ਦਾ ਟਰੰਪ ਦੀ 2024 'ਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਦੀ ਮੁਹਿੰਮ 'ਤੇ ਸਿੱਧਾ ਅਸਰ ਪਵੇਗਾ। ਟਰੰਪ ਖਿਲਾਫ਼ 2020 'ਚ ਜਾਰਜੀਆ ਦੀ ਚੋਣ ਹਾਰਨ ਤੋਂ ਬਾਅਦ ਇਸ ਫ਼ੈਸਲੇ ਨੂੰ ਬਦਲਣ ਦਾ ਯਤਨ ਕਰਨ ਅਤੇ ਆਪਣੇ ਸਮਰਥਕਾਂ ਨੂੰ 6 ਜਨਵਰੀ 2021 ਨੂੰ ਕੈਪੀਟਲ ਹਿੱਲ 'ਤੇ ਹਮਲਾ ਕਰਨ ਲਈ ਉਕਸਾਉਣ ਦੇ ਦੋਸ਼ ਲੱਗੇ ਹਨ ਜਿਨ੍ਹਾਂ ਦੀ ਜਾਂਚ ਚੱਲ ਰਹੀ ਹੈ। ਮਹੀਨਾ ਪਹਿਲਾਂ ਉਨ੍ਹਾਂ ਨੇ ਮੈਨਹਟਨ ਗਰੈਂਡ ਜਿਊਰੀ ਦੇ ਆਪਣੇ ਖਿਲਾਫ਼ ਆਉਣ ਵਾਲੇ ਫ਼ੈਸਲੇ ਦਾ ਅਨੁਮਾਨ ਲਗਾਉਂਦਿਆਂ ਦੇਸ਼ ਭਰ 'ਚ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਸੀ। ਆਉਣ ਵਾਲਾ ਵਕਤ ਹੀ ਦੱਸੇਗਾ ਕਿ ਟਰੰਪ ਇਨ੍ਹਾਂ ਦੋਸ਼ਾਂ 'ਚੋਂ ਬਰੀ ਹੁੰਦੇ ਹਨ ਜਾਂ ਨਹੀਂ ਪਰ ਇਹ ਸਪਸ਼ਟਹੋ ਗਿਆ ਹੈ ਕਿ ਟਰੰਪ ਜੋ ਵਿਹਾਰ ਸਿਆਸੀ ਖੇਤਰ ਵਿਚ ਕਰਦਾ ਹੈ, ਉਹ ਘੱਟੋ-ਘੱਟ ਅਮਰੀਕਾ ਵਿਚ ਸੰਭਵ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਜ਼ਾਰ-ਏ-ਅਟਕ.ਲਪੱਚੂ

ਵਿੱਚ ਸੱਥਾਂ ਦੇ ਗੱਲਾਂ ਇਹ ਚੱਲ ਰਹੀਆਂ, ਰਿਹਾ ਵਰਤ 'ਵਰਤਾਰਾ' ਮੱਕਾਰ ਦਾ ਜੀ।
'ਪੱਕੀ ਗੱਲ' ਕਹਿ ਕੋਈ 'ਨਿਬੇੜ' ਦੇਵੇ, ਜਿਹਦੇ ਤਾਂਈਂ ਯਕੀਨ 'ਗ੍ਰਿਫਤਾਰ'ਦਾ ਜੀ।
ਬਹੁਤੇ ਦੁਬਿਧਾ ਦੇ ਵਿੱਚ ਨੇ ਫਸੇ ਹੋਏ, ਸੱਚ ਮੰਨ ਲਿਆ ਕਿਸੇ 'ਫਰਾਰ' ਦਾ ਜੀ।
ਕੋਈ ਆਖਦਾ 'ਉੱਪਰੋਂ' ਹੁਕਮ ਆਇਆ, ਪਤਾ 'ਇੱਧਰਲੇ' ਮੈਨੂੰ ਇਨਕਾਰ ਦਾ ਜੀ।
ਫੇਸ-ਬੁੱਕ ਤਾਂ ਅਟਕ.ਲਾਂ ਨਾ.ਲ ਭਰਦੀ, ਪੁਰਜ਼ੋਰ ਹੈ ਕੁਫਰ-ਪ੍ਰਚਾਰ ਦਾ ਜੀ।
ਗੇਲੂ ਪੁੱਛਦਾ ਸੁਣੀ ਬਖਤੌਰਿਆ ਉਏ, 'ਸਿੱਕਾ' ਚੱਲਦਾ ਕਿਹੜੀ ਸਰਕਾਰ ਦਾ ਜੀ?

# ਪੰਜਾਬ ਸਿਆਸੀ ਪਾਰਟੀਆਂ ਦੀ ਪ੍ਰਯੋਗਸ਼ਾਲਾ ਬਣਿਆ

***ਪੰਜਾਬ ਅੱਜ ਵੱਡੀ ਆਰਥਿਕ, ਸਮਾਜਿਕ ਅਤੇ ਸਿਆਸੀ ਉਥਲ-ਪੁਥਲ ਵਿਚੋਂ ਲੰਘ ਰਿਹਾ ਹੈ। ਕਈ ਦਹਾਕਿਆਂ ਤੋਂ ਕੇਂਦਰੀ ਸਰਕਾਰਾਂ ਨੇ ਪੰਜਾਬ ਨਾਲ ਬੇਇਨਸਾਫੀ ਹੀ ਕੀਤੀ ਹੈ ਅਤੇ ਸੂਬੇ ਦੀ ਸੱਤਾ 'ਤੇ ਕਾਬਜ਼ ਰਹੀਆਂ ਸਿਆਸੀ ਜਮਾਤਾਂ ਨੇ ਵੀ ਪੰਜਾਬ ਨਾਲ ਵਫਾਦਾਰੀ ਨਹੀਂ ਕਮਾਈ ਜਿਸ ਦੇ ਨਤੀਜੇ ਵਜੋਂ ਘੁੱਗ ਵੱਸਦਾ ਪੰਜਾਬ ਅੱਜ ਵਾਲੇ ਹਾਲਾਤ ਤੱਕ ਅੱਪੜ ਗਿਆ ਹੈ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਇਸ ਬਾਰੇ ਤਫਸੀਲ ਸਹਿਤ ਟਿੱਪਣੀ ਕੀਤੀ ਹੈ।***

ਦੋ ਹਫਤਿਆਂ ਤੋਂ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਵਰਤਾਰੇ ਕਾਰਨ ਪੰਜਾਬ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੁਨੀਆ ਸਾਹਮਣੇ ਪੰਜਾਬ ਬਾਰੇ ਇਸ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਗਿਆ ਹੈ ਜਿਵੇਂ ਪੰਜਾਬ ਵਿਚ ਕੋਈ ਬਹੁਤ ਵੱਡੀ ਬਗਾਵਤ ਜਨਮ ਲੈ ਚੁੱਕੀ ਹੋਵੇ ਅਤੇ ਹਕੂਮਤ ਵੱਲੋਂ ਉਸ ਨੂੰ ਰੋਕਣ ਲਈ ਵਾਹ ਲਾਈ ਜਾ ਰਹੀ ਹੋਵੇ। ਪੰਜਾਬ ਦੇ ਵਸਨੀਕ ਜਾਣਦੇ ਹਨ ਕਿ ਇਹ ਐਡਾ ਵੱਡਾ ਮਸਲਾ ਨਹੀਂ ਸੀ ਜਿੱਡਾ ਸਰਕਾਰ ਅਤੇ ਦਰਬਾਰੀ ਮੀਡੀਆ ਨੇ ਇਸ ਨੂੰ ਬਣਾ ਧਰਿਆ ਹੈ ਕਿਉਂਕਿ ਜੇ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨਾ ਹੀ ਸੀ ਤਾਂ ਉਸ ਦੇ ਘਰ ਜਾ ਕੇ ਆਥਣ-ਸਵੇਰ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਅੰਮ੍ਰਿਤਪਾਲ



ਸਿੰਘ ਜਨਤਕ ਤੌਰ 'ਤੇ ਵਿਚਰ ਰਿਹਾ ਸੀ, ਸਰਕਾਰ ਉਸ ਨੂੰ ਪੁਲਿਸ ਸਟੇਸ਼ਨ ਜਾਂ ਅਦਾਲਤ ਵਿਚ ਪੇਸ਼ ਹੋਣ ਲਈ ਵੀ ਕਹਿ ਸਕਦੀ ਸੀ ਪਰ ਅਜਿਹਾ ਕਰਨ ਦੀ ਥਾਂ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕੇਂਦਰ ਤੇ ਸੂਬਾ ਸਰਕਾਰ ਵੱਲੋਂ ਸਾਂਝਾ ਅਪ੍ਰੇਸ਼ਨ ਚਲਾਇਆ ਗਿਆ ਤੇ ਸੂਬੇ ਦੇ ਕੁੱਝ ਹਿੱਸਿਆਂ ਵਿਚ ਧਾਰਾ 144 ਲਗਾਈ ਗਈ, ਪੂਰੇ ਪੰਜਾਬ ਵਿਚ ਇੰਟਰਨੈੱਟ ਬੰਦ ਕਰ ਦਿੱਤਾ ਗਿਆ। ਇਸ ਮਾਮਲੇ 'ਤੇ ਮੀਡੀਆ ਵਿਚ ਅਕਸਰ ਮਿਹਣੋ-ਮਿਹਣੀ ਹੋਣ ਵਾਲੀ ਭਾਜਪਾ ਅਤੇ 'ਆਪ' ਦਾ ਇੱਕਦਮ ਏਕਾ ਨਜ਼ਰ ਆਇਆ ਤੇ ਕੇਂਦਰ ਸਰਕਾਰ ਦੀ ਸਰਪ੍ਰਸਰਤੀ ਹੇਠ ਸੂਬਾ ਸਰਕਾਰ ਨੇ ਅਪ੍ਰੇਸ਼ਨ ਚਲਾਉਂਦਿਆਂ ਸੂਬੇ ਵਿਚ ਬੇਲੋੜੀ ਸਨਸਨੀ ਪੈਦਾ ਕੀਤੀ ਤੇ ਹਊਆ ਖੜ੍ਹਾ ਕੀਤਾ। ਤੱਥ ਇਹ ਹੈ ਕਿ ਭਾਜਪਾ ਅਤੇ ਕੇਜਰੀਵਾਲ ਟੀਮ ਨੇ ਦਰਬਾਰੀ ਮੀਡੀਆ ਰਾਹੀਂ ਪੂਰੇ ਮਾਮਲੇ ਨੂੰ ਸਿਰਫ ਵਧਾ-ਚੜ੍ਹਾ ਕੇ ਪੇਸ਼ ਹੀ ਨਹੀਂ ਕੀਤਾ ਬਲਕਿ ਗਹੁ ਨਾਲ ਤੱਕਿਆਂ ਪਤਾ ਲੱਗਦਾ ਹੈ ਕਿ ਇਹਨਾਂ ਇਸ ਮਾਮਲੇ ਨੂੰ ਸਿਰਜਿਆ ਵੀ ਹੈ।

ਜਿਸ ਤਰ੍ਹਾਂ ਸੂਬੇ ਵਿਚ ਬੇਕਸੂਰ ਸਿੱਖ ਨੌਜਵਾਨਾਂ ਦੀਆਂ ਧੜਾਧੜ ਗ੍ਰਿਫਤਾਰੀਆਂ ਕੀਤੀਆਂ ਗਈਆਂ, ਪੱਤਰਕਾਰਾਂ ਨੂੰ ਡਰਾਉਣ-ਧਮਕਾਉਣ ਲਈ ਉਹਨਾਂ ਦੇ ਘਰਾਂ ਤੱਕ ਪੁਲਿਸ ਭੇਜੀ ਗਈ, ਉਸ ਤੋਂ ਭਗਵੰਤ ਮਾਨ ਸਰਕਾਰ ਦਾ ਲੋਕ-ਪੱਖੀ ਹੋਣ ਦਾ ਮਖੌਟਾ ਲਹਿ ਚੁੱਕਾ ਹੈ। ਇਸ ਸਰਕਾਰ ਨੇ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਵਰਗਾ ਬਦਨਾਮ ਕਾਲਾ ਕਾਨੂੰਨ ਪੰਜਾਬੀਆਂ 'ਤੇ ਮੜ੍ਹ ਕੇ ਸਿੱਧ ਕੀਤਾ ਕਿ ਇਹ ਹਾਕਮ ਜਮਾਤ ਧਿਰਾਂ ਦੀਆਂ ਬਾਕੀ ਪਾਰਟੀਆਂ ਵਰਗੀ ਲੋਕ-ਦੋਖੀ ਪਾਰਟੀ ਹੈ।

ਪੰਜਾਬ ਵਿਚ ਥੋਪੇ ਇਸ ਮਾਹੌਲ ਦੌਰਾਨ ਹਾਕਮ ਜਮਾਤ ਦੀ ਹਰ ਧਿਰ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰਦੀ ਨਜ਼ਰ ਆਈ। ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਸੂਬਾ ਸਰਕਾਰ ਨੂੰ ਸ਼ਿਸ਼ਕੇਰਦੇ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਬਿਕਰਮ ਸਿੰਘ ਮਜੀਠੀਆ ਵਰਗੇ ਲੀਡਰ ਹੁਣ ਪੀੜਤ ਲੋਕਾਂ ਦੇ ਪੱਖ ਵਿਚ ਖੜ੍ਹਨ ਦਾ ਢੌਂਗ ਕਰ ਰਹੇ ਹਨ। ਸੂਬੇ ਵਿਚ ਸਰਗਰਮ ਰੇਤ ਮਾਫੀਆ, ਡਰੱਗ ਮਾਫੀਆ, ਟਰਾਂਸਪੋਰਟ ਮਾਫੀਆ ਲਈ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਕਾਂਗਰਸ ਹੁਣ ਦੁੱਧ ਧੋਤੀਆਂ ਹੋਣ ਦਾ ਅਡੰਬਰ ਰਚ ਰਹੀਆਂ ਹਨ।

'ਆਪ' ਸਰਕਾਰ ਵੱਲੋਂ ਗ੍ਰਿਫਤਾਰ ਕੀਤੇ ਨੌਜਵਾਨਾਂ ਦੀ ਰਿਹਾਈ ਲਈ ਕਾਨੂੰਨੀ ਟੀਮਾਂ ਬਣਾਉਣ ਵਾਲੇ ਅਕਾਲੀ ਦਲ (ਬਾਦਲ) ਦੇ ਰਾਜ ਦੌਰਾਨ ਅਨੇਕਾਂ ਸਿੱਖ ਨੌਜਵਾਨ ਤਸ਼ੱਦਦ ਦਾ ਸ਼ਿਕਾਰ ਹੋਏ ਹਨ। ਸੁਮੇਧ ਸੈਣੀ ਵਰਗੇ ਬਦਨਾਮ ਪੁਲਿਸ ਅਫਸਰ ਨੂੰ ਡੀ.ਜੀ.ਪੀ. ਲਾਉਣ ਵਾਲੇ ਹੁਣ ਪੁਲਿਸ ਧੱਕੇਸ਼ਾਹੀ ਖਿਲਾਫ ਬੋਲਣ ਦੀ ਗੱਲ ਕਰ ਰਹੇ ਹਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਗ੍ਰਿਫਤਾਰ ਨੌਜਵਾਨਾਂ ਦੀ ਰਿਹਾਈ ਲਈ ਸੂਬਾ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦੇਣਾ ਚੰਗੀ ਗੱਲ ਹੈ ਪਰ ਜਥੇਦਾਰ ਨੂੰ ਉਸ ਸਮੇਂ ਵੀ ਅਜਿਹੇ ਅਲਟੀਮੇਟਮ ਦੇਣੇ ਚਾਹੀਦੇ ਸਨ ਜਦ ਬਾਦਲ ਸਰਕਾਰ ਵੱਲੋਂ ਕੋਟਕਪੂਰਾ ਗੋਲੀ ਕਾਂਡ ਸਮੇਂ ਸ਼ਾਂਤਮਈ ਧਰਨਾ ਦੇ ਰਹੇ ਸਿੱਖਾਂ 'ਤੇ ਜਬਰ



ਢਾਹਿਆ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਵੰਤ ਮਾਨ ਸਰਕਾਰ ਮੀਡੀਆ ਅਦਾਰਿਆਂ 'ਤੇ ਰੋਕਾਂ ਮੜ੍ਹ ਕੇ ਪੰਜਾਬੀਆਂ ਤੋਂ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਖੋਹ ਰਹੀ ਹੈ ਤੇ ਸਾਨੂੰ ਮੀਡੀਆ ਦੀ ਆਜ਼ਾਦੀ ਲਈ ਬੋਲਣਾ ਚਾਹੀਦਾ ਹੈ ਪਰ ਨਾਲ ਇਹ ਵੀ ਬੋਲਣਾ ਚਾਹੀਦਾ ਹੈ ਕਿ ਬਾਦਲ ਸਰਕਾਰ ਅਤੇ ਕਾਂਗਰਸ ਸਰਕਾਰਾਂ ਵੀ ਇਹੋ ਕੁੱਝ ਕਰਦੀਆਂ ਰਹੀਆਂ ਹਨ। ਬਾਦਲ ਸਰਕਾਰ ਸਮੇਂ ਫਾਸਟਵੇਅ ਤੋਂ ਅਨੇਕਾਂ ਚੈਨਲ ਬੰਦ ਕੀਤੇ ਜਾਂਦੇ ਰਹੇ ਹਨ।

ਇਹ ਸੱਚ ਹੈ ਕਿ ਭਾਰਤ ਵਿਚ ਮੀਡੀਆ ਨੂੰ ਪਹਿਲੀ ਵਾਰ ਨਹੀਂ ਦਬਾਇਆ ਜਾ ਰਿਹਾ ਬਲਕਿ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਦੇ ਹਾਲਾਤ ਬਣੇ ਹਨ; ਇੰਦਰਾ ਗਾਂਧੀ ਨੇ ਐਮਰਜੈਂਸੀ ਦੌਰਾਨ ਮੀਡੀਆ 'ਤੇ ਪਾਬੰਦੀਆਂ ਮੜ੍ਹੀਆਂ ਸਨ ਤੇ ਹੁਣ ਭਾਜਪਾ ਹਕੂਮਤ ਦੌਰਾਨ ਅਣ-ਐਲਾਨੀ ਐਮਰਜੈਂਸੀ ਵਰਗਾ ਮਾਹੌਲ ਹੈ ਤੇ ਮੀਡੀਆ ਦੀ ਆਜ਼ਾਦੀ ਹੋਰ ਸੁੰਗੜੀ ਹੈ। ਭਾਰਤ ਵਿਚ ਪੱਤਰਕਾਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਇਸ ਲਈ ਜਥੇਦਾਰ ਵੱਲੋਂ 7 ਅਪਰੈਲ ਨੂੰ ਪੱਤਰਕਾਰਾਂ ਦੀ ਬੁਲਾਈ ਇਕੱਤਰਤਾ ਦਾ ਦਾਇਰਾ ਵਿਸ਼ਾਲ ਤੇ ਇਸ ਦੀ ਚੋਟ ਸਮੂਹ ਸਰਕਾਰਾਂ ਦੇ ਨਾਲ-ਨਾਲ ਹਾਕਮ ਧਿਰ ਦੀ ਪੁਸ਼ਤ-ਪਨਾਹੀ ਹੇਠ ਕੁਫਰ ਤੋਲ ਰਿਹਾ ਦਰਬਾਰੀ ਮੀਡੀਆ ਵੀ ਹੋਣਾ ਚਾਹੀਦਾ ਹੈ। ਇਸ ਸਿਆਸੀ ਫਿਜ਼ਾ ਵਿਚ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਆਪਣਾ ਘੋੜਾ ਭਜਾ ਰਿਹਾ ਹੈ, ਉਹ ਅੰਮ੍ਰਿਤਪਾਲ ਸਿੰਘ ਨੂੰ ਆਤਮ-ਸਮਰਪਣ ਕਰਨ ਦੀ ਥਾਂ ਰਾਵੀ ਪਾਰ ਪਾਕਿਸਤਾਨ ਜਾਣ ਦੀਆਂ ਨਸੀਹਤਾਂ ਦੇ ਰਿਹਾ ਹੈ ਹਾਲਾਂਕਿ ਖੁਦ ਮਾਨ ਸਾਹਿਬ ਭਾਰਤੀ ਸੰਵਿਧਾਨ ਦੇ ਸਾਊ ਪੁੱਤ ਹੋਣ ਦਾ ਸਬੂਤ ਦਿੰਦਿਆਂ ਐਮ.ਪੀ. ਵਜੋਂ ਸਹੁੰ ਚੁੱਕ ਲਈ ਸੀ।

ਕਾਂਗਰਸ ਪਾਰਟੀ ਇਸ ਵਰਤਾਰੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੀ ਹੈ ਹਾਲਾਂਕਿ ਸੁਖਪਾਲ ਸਿੰਘ ਖਹਿਰਾ ਨੇ ਕਾਲੇ ਕਾਨੂੰਨਾਂ ਖਿਲਾਫ ਆਪਣੀ ਆਵਾਜ਼ ਚੁੱਕੀ ਹੈ। ਪਿਛਲੇ ਕੁੱਝ ਮਹੀਨਿਆਂ ਦੌਰਾਨ ਕਾਂਗਰਸ ਪਾਰਟੀ ਦਾ ਸੂਬਾ ਪ੍ਰਧਾਨ ਰਾਜਾ ਵੜਿੰਗ ਤਾਂ ਪੂਰੀ ਤਰ੍ਹਾਂ ਭਗਵੰਤ ਮਾਨ ਸਰਕਾਰ ਦੇ ਪੱਖ ਵਿਚ ਭੁਗਤਦਾ ਨਜ਼ਰ ਆ ਰਿਹਾ ਹੈ। ਰਾਜਾ ਵੜਿੰਗ ਇੱਕ ਪਾਸੇ ਇਸ ਅਪ੍ਰੇਸ਼ਨ ਦੇ ਮਾਮਲੇ ਵਿਚ ਭਗਵੰਤ ਮਾਨ ਦੀ ਪਿੱਠ ਥਾਪੜਦਾ ਨਜ਼ਰ ਆ ਰਿਹਾ ਹੈ, ਦੂਜੇ ਪਾਸੇ ਦੱਬਵੀਂ ਜਿਹੀ ਆਵਾਜ਼ ਵਿਚ ਸਰਕਾਰ ਦੀਆਂ ਵਧੀਕੀਆਂ ਖਿਲਾਫ ਬਿਆਨ ਵੀ ਜਾਰੀ ਕਰ ਰਿਹਾ ਹੈ।

ਧਾਰਮਿਕ ਘੱਟ-ਗਿਣਤੀਆਂ ਨੂੰ ਦਬਾ ਕੇ ਬਹੁ-ਗਿਣਤੀ ਦੀ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਤੋਂ ਬਾਹਰ ਦੇਸ਼ ਭਰ ਵਿਚ ਸਿੱਖਾਂ ਖਿਲਾਫ ਬਿਰਤਾਂਤ ਸਿਰਜਣ ਦਾ ਯਤਨ ਕੀਤਾ ਹੈ। ਫਿਰਕੂ ਰਾਜਨੀਤੀ ਕਰਨ ਵਾਲੀ ਭਾਜਪਾ ਨੇ 2024 ਦੀਆਂ ਚੋਣਾਂ ਤੋਂ ਪਹਿਲਾਂ ਦੇਸ਼ ਭਰ ਵਿਚ ਲਾਹਾ ਲੈਣ ਲਈ 'ਆਪ' ਸਰਕਾਰ ਨਾਲ ਰਲ ਕੇ ਪੰਜਾਬ ਵਿਚ ਪ੍ਰਯੋਗ ਕੀਤਾ ਜਾਪਦਾ ਹੈ। ਲੱਗਦਾ ਹੈ, ਭਾਜਪਾ ਇਸ ਅਪ੍ਰੇਸ਼ਨ ਰਾਹੀਂ ਹਊਆ ਖੜ੍ਹਾ ਕਰ ਕੇ ਅਤੇ ਡਰ ਦੀ ਭਾਵਨਾ ਪੈਦਾ ਕਰ ਕੇ ਹਿੰਦੂ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਕਰਨ ਲੱਗੀ ਹੋਈ ਹੈ।

ਹਕੀਕਤ ਇਹ ਵੀ ਹੈ ਕਿ 'ਆਪ' ਸਰਕਾਰ ਨੇ ਅੰਮ੍ਰਿਤਪਾਲ ਸਿੰਘ ਮਾਮਲੇ ਨੂੰ ਹੱਦੋਂ ਵੱਧ ਉਭਾਰ ਕੇ ਆਪਣੀਆਂ ਨਾਕਾਮੀਆਂ ਛੁਪਾਉਣ ਦਾ ਯਤਨ ਕੀਤਾ ਹੈ। ਬਠਿੰਡਾ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਦ ਅਤੇ ਕਿੱਥੋਂ ਹੋਈ? ਸਿੱਧੂ ਮੂਸੇਵਾਲਾ ਦੇ ਅਸਲੀ ਕਾਤਲ ਅਜੇ ਤੱਕ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਕਿਉਂ ਹਨ? ਭਗਵੰਤ ਮਾਨ ਨੇ ਕਿਹਾ ਸੀ ਕਿ ਗੋਲਡੀ ਬਰਾੜ ਨੂੰ ਵਿਦੇਸ਼ ਵਿਚ ਨਜ਼ਰਬੰਦ ਕਰ ਲਿਆ ਹੈ, ਤਾਂ ਉਸ ਦਾ ਕੀ ਬਣਿਆ? ਸੂਬਾ ਸਰਕਾਰ ਨੇ ਇੱਕ ਸਾਲ ਵਿਚ ਕੀ ਬਦਲਾਅ ਲਿਆਂਦਾ? ਔਰਤਾਂ ਦੇ ਖਾਤਿਆਂ ਵਿਚ ਇੱਕ-ਇੱਕ ਹਜ਼ਾਰ ਰੁਪਿਆ ਕਿਉਂ ਨਹੀਂ ਆਇਆ? ਅਜਿਹੇ ਸਵਾਲਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਭਗਵੰਤ ਮਾਨ ਸਰਕਾਰ ਨੇ ਇਸ ਛੋਟੇ ਜਿਹੇ ਮਾਮਲੇ ਨੂੰ ਉਭਾਰ ਕੇ ਖਾਲਿਸਤਾਨ ਦਾ ਬੇਲੋੜਾ ਬਿਰਤਾਂਤ ਸਿਰਜਿਆ ਹੈ। ਸਿੱਧੂ ਮੂਸੇਵਾਲਾ ਦੇ ਸਮਰਥਕ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਸਰਕਾਰ ਨੇ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ 'ਤੇ ਹੋਣ ਵਾਲਾ ਇਕੱਠ ਸੀਮਤ ਕਰਨ ਲਈ ਇੰਟਰਨੈੱਟ ਬੰਦ ਕਰ ਕੇ ਹਊਆ ਖੜ੍ਹਾ ਕੀਤਾ।

ਅੰਮ੍ਰਿਤਪਾਲ ਸਿੰਘ ਵੱਲੋਂ ਜਾਰੀ ਕੀਤੀਆਂ ਦੋਵਾਂ ਵੀਡੀਓ ਰਾਹੀਂ ਉਸ ਨੇ ਜਥੇਦਾਰ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਣ ਦੀ ਅਪੀਲ ਕੀਤੀ ਹੈ। ਜਦ ਗਰਮ ਖਿਆਲੀ ਸਿੱਖ ਧੜਿਆਂ ਵੱਲੋਂ ਕੁੱਝ ਵਰ੍ਹੇ ਪਹਿਲਾਂ ਬੁਲਾਏ ਸਰਬੱਤ ਖਾਲਸਾ ਨੇ ਸਮਾਂਤਰ ਜਥੇਦਾਰ ਬਣਾਏ ਸਨ ਤਦ ਅੰਮ੍ਰਿਤਪਾਲ ਸਿੰਘ ਵੱਲੋਂ ਜਥੇਦਾਰ ਸਾਹਿਬ ਤੋਂ ਇਸ ਤਰ੍ਹਾਂ ਦੀ ਮੰਗ ਕਰਨਾ ਗਰਮ ਖਿਆਲੀ ਧੜਿਆਂ ਤੋਂ ਪਾਸਾ ਵੱਟ ਕੇ ਬਾਦਲ ਦਲ ਤੋਂ ਉਮੀਦ ਕਰਨਾ ਆਖਰਕਾਰ ਕੀ ਦਰਸਾਉਂਦਾ ਹੈ। ਜ਼ਾਹਿਰ ਹੈ ਕਿ ਸਿੱਖ ਹਲਕਿਆਂ ਵਿਚ ਅਲੱਗ-ਥਲੱਗ ਪੈ ਚੁੱਕਿਆ ਬਾਦਲ ਪਰਿਵਾਰ ਆਪਣੇ ਉਭਾਰ ਲਈ ਮੁੜ ਸਰਗਰਮੀ ਵਿੱਢ ਰਿਹਾ ਹੈ।

ਸਦੀਆਂ ਤੋਂ ਭਾਰਤ ਦੇ ਸਭ ਤੋਂ ਮਹੱਤਵਪੂਰਨ ਖੇਤਰ ਵਜੋਂ ਜਾਣਿਆਂ ਜਾਂਦਾ ਪੰਜਾਬ ਅੱਜ ਵੱਡੇ ਆਰਥਿਕ, ਸਮਾਜਿਕ ਅਤੇ ਸਿਆਸੀ ਸੰਕਟ ਦਾ ਸਾਹਮਣਾ ਕਰਦਿਆਂ ਵੱਡੀ ਉਥਲ-ਪੁਥਲ ਦਾ ਸ਼ਿਕਾਰ ਹੈ। ਪਿਛਲੇ ਕਈ ਦਹਾਕਿਆਂ ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਰਹੀਆਂ ਕੇਂਦਰੀ ਸਰਕਾਰਾਂ ਨੇ ਤਾਂ ਪੰਜਾਬ ਨਾਲ ਬੇਇਨਸਾਫੀ ਕੀਤੀ ਹੈ ਬਲਕਿ ਸੂਬੇ ਦੀ ਸੱਤਾ 'ਤੇ ਕਾਬਜ਼ ਰਹੀਆਂ ਸੂਬਾ ਸਰਕਾਰਾਂ ਨੇ ਵੀ ਪੰਜਾਬ ਨਾਲ ਵਫਾਦਾਰੀ ਨਹੀਂ ਕਮਾਈ ਜਿਸ ਦੇ ਨਤੀਜੇ ਵਜੋਂ ਘੁੱਗ ਵਸਦਾ ਪੰਜਾਬ ਅੱਜ ਲੋੜੋਂ ਜ਼ਿਆਦਾ ਪਰਵਾਸ ਕਾਰਨ ਉਜਾੜੇ ਦਾ ਸ਼ਿਕਾਰ ਹੋ ਰਿਹਾ ਹੈ। ਬੇਰੁਜ਼ਗਾਰੀ ਦੇ ਝੰਬੇ ਪੰਜਾਬੀ ਨੌਜਵਾਨਾਂ ਦਾ ਇੱਕ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਧਸ ਗਿਆ ਹੈ ਤੇ ਅਨਿਸ਼ਚਤ ਭਵਿੱਖ ਕਾਰਨ 'ਖਲਾਅ' ਦਾ ਸ਼ਿਕਾਰ ਹੈ। ਇਸੇ 'ਖਲਾਅ' ਵਿਚੋਂ ਰਾਜਨੀਤਕ ਪਾਰਟੀਆਂ ਆਪਣੇ ਹਿੱਤਾਂ ਦੀ ਪੂਰਤੀ ਲਈ ਪੰਜਾਬ ਨੂੰ ਪ੍ਰਯੋਗਸ਼ਾਲਾ ਵਜੋਂ ਵਰਤ ਰਹੀਆਂ ਹਨ।

# ਨਫਰਤੀ ਮੁਹਿੰਮ ਅਤੇ ਸੁਪਰੀਮ ਕੋਰਟ ਦੀਆਂ ਨਸੀਹਤਾਂ

**ਘੱਟਗਿਣਤੀਆਂ ਖਿਲਾਫ ਨਫਰਤੀ ਮੁਹਿੰਮ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ ਜੋਟੀਦਾਰ ਪਾਰਟੀਆਂ ਦਾ ਮੁੱਖ ਏਜੰਡਾ ਰਿਹਾ ਹੈ। ਹੁਣ ਜਿਵੇਂ-ਜਿਵੇਂ 2024 ਵਾਲੀਆਂ ਲੋਕ ਸਭਾ ਚੋਣਾਂ ਅਤੇ ਅਗਲੇ ਮਹੀਨਿਆਂ ਵਿਚ ਕੁਝ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਇਸ ਜ਼ਹਿਰੀਲੀ ਮੁਹਿੰਮ ਦੇ ਹੋਰ ਵੀ ਵਿਕਰਾਲ ਰੂਪ ਅਖਤਿਆਰ ਕਰਨ ਦਾ ਖਦਸ਼ਾ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਇਸ ਮਸਲੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ।**

29 ਮਾਰਚ ਨੂੰ ਸੁਪਰੀਮ ਕੋਰਟ ਦੇ ਬੈਂਚ ਨੇ ਨਫਰਤੀ ਭਾਸ਼ਣਾਂ ਬਾਰੇ ਸਖ਼ਤ ਟਿੱਪਣੀਆਂ ਕਰਦਿਆਂ ਭਾਰਤੀ ਸਟੇਟ ਨੂੰ 'ਨਿਪੁੰਸਕ' ਅਤੇ 'ਨਿਸੱਤਾ' ਤੱਕ ਕਹਿ ਦਿੱਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਸਿਰਫ ਐੱਫ.ਆਈ.ਆਰ. ਦਰਜ ਨਾ ਕਰੋ, ਤੁਹਾਨੂੰ ਅੱਗੇ ਕਾਰਵਾਈ ਵੀ ਕਰਨੀ ਪਵੇਗੀ। ਸਰਵਉੱਚ ਅਦਾਲਤ ਮਹਾਰਾਸ਼ਟਰ ਸਮੇਤ ਵੱਖ-ਵੱਖ ਰਾਜਾਂ ਦੀ ਸਟੇਟ ਅਥਾਰਟੀਜ਼ ਵੱਲੋਂ ਨਫਰਤੀ ਬਿਆਨ ਦੇਣ ਵਾਲਿਆਂ ਵਿਰੁੱਧ ਪਰਚੇ ਦਰਜ ਕਰਨ 'ਚ ਅਸਫਲ ਰਹਿਣ ਬਾਬਤ ਮਾਣਹਾਨੀ ਪਟੀਸ਼ਨ ਉੱਪਰ ਸੁਣਵਾਈ ਕਰ ਰਹੀ ਸੀ।

ਪਟੀਸ਼ਨ ਕਰਤਾ ਵੱਲੋਂ ਪਟੀਸ਼ਨ ਰਾਹੀਂ ਬੈਂਚ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਅਨੁਸਾਰ ਪਿਛਲੇ ਚਾਰ ਮਹੀਨਿਆਂ 'ਚ ਮਹਾਰਾਸ਼ਟਰ ਵਿਚ 50 ਰੈਲੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਖੁੱਲ੍ਹੇਆਮ ਜ਼ਹਿਰ ਉਗਲੀ ਗਈ ਹੈ ਪਰ ਮਹਾਰਾਸ਼ਟਰ ਸਰਕਾਰ ਵੱਲੋਂ ਸਪੁਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਨਫਰਤੀ ਭਾਸ਼ਣਾਂ ਨੂੰ ਰੋਕਣ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-774342**


ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਕੇਰਲ ਆਧਾਰਿਤ ਕਾਰਕੁਨ ਸ਼ਾਹੀਨ ਅਬਦੁੱਲਾ ਨੇ ਪਟੀਸ਼ਨ ਦਾਇਰ ਕੀਤੀ ਸੀ ਕਿ 'ਸਕਲ ਹਿੰਦੂ ਸਮਾਜ' ਵੱਲੋਂ 'ਹਿੰਦੂ ਜਨ ਆਕ੍ਰੋਸ਼ ਮੋਰਚਾ' ਦੇ ਨਾਂ ਹੇਠ ਮਹਾਰਾਸ਼ਟਰ ਵਿਚ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਭਾਸ਼ਣਾਂ/ਬਿਆਨਾਂ ਰਾਹੀਂ ਬਹੁਗਿਣਤੀ ਹਿੰਦੂ ਫਿਰਕੇ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਲਈ ਉਕਸਾਇਆ ਜਾ ਰਿਹਾ ਹੈ। ਪਟੀਸ਼ਨ ਕਰਤਾ ਨੇ ਮੰਗ ਕੀਤੀ ਸੀ ਕਿ 29 ਜਨਵਰੀ ਨੂੰ ਮੁੰਬਈ ਵਿਚ ਕੀਤੀ ਜਾਣ ਵਾਲੀ ਅਗਲੀ ਰੈਲੀ ਉੱਪਰ ਪਾਬੰਦੀ ਲਗਾਈ ਜਾਵੇ। ਬੈਂਚ ਨੇ ਇਸ ਸ਼ਰਤ 'ਤੇ ਰੈਲੀ ਦੀ ਇਜਾਜ਼ਤ ਦੇ ਦਿੱਤੀ ਕਿ 'ਕੋਈ ਵੀ ਨਫਰਤੀ ਭਾਸ਼ਣ ਨਹੀਂ ਦੇਵੇਗਾ।' ਬੈਂਚ ਨੇ ਇਹ ਆਦੇਸ਼ ਵੀ ਦਿੱਤਾ ਸੀ ਕਿ ਰੈਲੀ ਦੀ ਵੀਡੀਓਗ੍ਰਾਫੀ ਕੀਤੀ ਜਾਵੇ ਅਤੇ ਵੀਡੀਓ ਬੈਂਚ ਅੱਗੇ ਪੇਸ਼ ਕੀਤੀ ਜਾਵੇ ਪਰ ਮਹਾਰਾਸ਼ਟਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕੋਈ ਕਾਰਵਾਈ ਤਾਂ ਕੀ ਕਰਨੀ ਸੀ ਸਗੋਂ ਸੱਤਾਧਾਰੀ ਭਾਜਪਾ ਦੇ ਐੱਮ.ਪੀ. ਤਾਂ ਖ਼ੁਦ ਇਨ੍ਹਾਂ ਰੈਲੀਆਂ 'ਚ ਹਿੱਸਾ ਲੈਂਦੇ ਹਨ। ਦਰਅਸਲ, ਆਰ.ਐੱਸ.ਐੱਸ.-ਭਾਜਪਾ ਦੀਆਂ ਸਰਕਾਰਾਂ ਅਜਿਹੇ ਅਦਾਲਤੀ ਹੁਕਮਾਂ ਨੂੰ ਟਿੱਚ ਸਮਝਦੀਆਂ ਹਨ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਜੋ ਸਰਕਾਰੀ ਪੱਖ ਦੀ ਨੁਮਾਇੰਦਗੀ ਦੇ ਨਾਂ ਹੇਠ ਸੰਘ ਬ੍ਰਿਗੇਡ ਦੀ ਕਾਨੂੰਨੀ ਡਿਫੈਂਸ ਦਾ ਮੁਖੀ ਹੈ, ਨੇ ਤਾਂ ਪਟੀਸ਼ਨ ਨੂੰ ਰੱਦ ਕਰਾਉਣ ਲਈ ਇੱਥੋਂ ਤੱਕ ਦਲੀਲ ਦਿੱਤੀ ਕਿ ਕੇਰਲ ਦਾ ਬੰਦਾ ਮਹਾਰਾਸ਼ਟਰ 'ਚ ਹੋ ਰਹੀਆਂ ਰੈਲੀਆਂ ਦੇ ਮਾਮਲੇ ਕਿਉਂ ਉਠਾ ਰਿਹਾ ਹੈ; ਕਿ ਸਿਰਫ ਇਕ ਫਿਰਕੇ ਦੇ ਨਫਰਤੀ ਬਿਆਨਾਂ ਨੂੰ ਚੁਣਿਆ ਜਾਂਦਾ ਹੈ ਅਤੇ ਪਟੀਸ਼ਨ 'ਚ ਵੀ ਚੁਣਵੀਆਂ ਘਟਨਾਵਾਂ ਨੂੰ ਲਿਆ ਗਿਆ ਹੈ। ਇਹ ਅਸਲ ਮੁੱਦੇ ਨੂੰ ਘੱਟੇ ਰੋਲ਼ਣ ਦੀ ਚਾਲ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਜੋ ਆਦੇਸ਼ ਦਿੱਤੇ, ਉਨ੍ਹਾਂ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ।

ਬੈਂਚ ਨੇ ਇਹ ਵੀ ਕਿਹਾ ਕਿ ਜਿਸ ਵਕਤ ਧਰਮ ਅਤੇ ਸਿਆਸਤ ਵੱਖ-ਵੱਖ ਹੋ ਗਏ, ਇਹ ਸਭ ਕੁਝ ਬੰਦ ਹੋ ਜਾਵੇਗਾ ਪਰ ਸਵਾਲ ਤਾਂ ਇਹ ਹੈ ਕਿ ਭਾਜਪਾ ਵਰਗੀਆਂ ਤਾਕਤਾਂ ਜਿਨ੍ਹਾਂ ਦਾ ਪ੍ਰੋਜੈਕਟ ਹੀ ਧਰਮਤੰਤਰੀ ਹਿੰਦੂ ਰਾਸ਼ਟਰ ਬਣਾਉਣਾ ਹੈ, ਉਹ ਧਰਮ ਅਤੇ ਸਿਆਸਤ ਨੂੰ ਵੱਖ ਕਿਉਂ ਕਰਨਗੀਆਂ। ਬੈਂਚ ਦਾ ਇਹ ਕਹਿਣਾ ਕਿ 'ਫਰਿੰਜ ਐਲੀਮੈਂਟ' ਯਾਨੀ ਜਿਨ੍ਹਾਂ ਦਾ ਹੁਕਮਰਾਨ ਧਿਰ ਨਾਲ ਦੂਰ ਦਾ ਸਬੰਧ ਹੈ, ਭੜਕਾਊ ਬਿਆਨ ਦੇ ਰਹੇ ਹਨ, ਇਹ ਸਚਾਈ ਤੋਂ ਅੱਖਾਂ ਮੀਟਣਾ ਹੈ। ਦਰਅਸਲ ਇਨ੍ਹਾਂ ਅਨਸਰਾਂ ਦਾ ਆਰ.ਐੱਸ.ਐੱਸ.-ਭਾਜਪਾ ਨਾਲ ਸਬੰਧ ਦੂਰ ਦਾ ਨਹੀਂ ਹੈ ਇਹ ਇਨ੍ਹਾਂ ਦੇ ਆਪਣੇ ਹੀ ਮੈਂਬਰ ਹਨ ਜੋ ਲੁਕਵੇਂ ਰੂਪ 'ਚ ਆਰ.ਐੱਸ.ਐੱਸ.-ਭਾਜਪਾ ਨਾਲ ਡੂੰਘੇ ਰੂਪ 'ਚ ਜੁੜੇ ਹੋਏ ਹਨ। ਐਸੇ ਸਬੰਧ ਜਵਾਬਦੇਹੀ ਤੋਂ ਬਚਣ ਅਤੇ ਆਪਣੇ ਨਫਰਤੀ ਏਜੰਡੇ ਨੂੰ ਚੱਲਦਾ ਰੱਖਣ ਦਾ ਸੋਚਿਆ-ਸਮਝਿਆ ਮਖੌਟਾ ਹਨ। ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਆਰ.ਐੱਸ.ਐੱਸ. ਦੇ ਖੁੱਲ੍ਹੇ ਫਰੰਟ ਹਨ। ਇਨ੍ਹਾਂ ਨੇ ਅੱਗੇ ਵੱਖ-ਵੱਖ ਨਾਵਾਂ ਹੇਠ ਬਹੁਤ ਸਾਰੀਆਂ ਸੰਸਥਾਵਾਂ ਬਣਾ ਰੱਖੀਆਂ ਹਨ। ਇਨ੍ਹਾਂ ਸੰਸਥਾਵਾਂ ਅਤੇ ਆਰ.ਐੱਸ.ਐੱਸ. ਦੀ ਬਹੁਤ ਸਾਰੇ ਦਹਿਸ਼ਤਵਾਦੀ ਬੰਬ ਕਾਂਡਾਂ ਵਿਚ ਭੂਮਿਕਾ ਜੱਗ ਜ਼ਾਹਿਰ ਹੋ ਚੁੱਕੀ ਹੈ ਅਤੇ ਕੁਝ ਕੇਸ ਅਜੇ ਵੀ ਅਦਾਲਤਾਂ 'ਚ ਸੁਣਵਾਈ ਅਧੀਨ ਹਨ। ਇਨ੍ਹਾਂ ਵਿਰੁੱਧ ਨਾ ਕਦੇ ਐੱਨ.ਐੱਸ.ਏ. ਲਗਾਇਆ ਜਾਂਦਾ



ਇਕ ਬਾਜ਼ਾਰ ਵਿਚ ਲਾਏ ਹਿੰਦੂ ਰਾਸ਼ਟਰ ਦੇ ਬੈਨਰ।

**'ਸਿਟੀਜ਼ਨਜ਼ ਐਂਡ ਲਾਇਰਜ਼ ਇਨੀਸ਼ੀਏਟਿਵ' ਨੇ ਰਾਮ ਨੌਮੀ ਦਾ ਇਤਿਹਾਸਕ ਪ੍ਰਸੰਗ 'ਚ ਅਧਿਐਨ ਕਰਦੇ ਹੋਏ 174 ਪੰਨਿਆਂ ਦੀ ਖ਼ਾਸ ਰਿਪੋਰਟ 'ਰੂਟਸ ਆਫ ਰੈਥ' ਜਾਰੀ ਕੀਤੀ ਹੈ ਜਿਸ ਦੀ ਪ੍ਰਸਤਾਵਨਾ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਰੋਹਿੰਟਨ ਐੱਫ. ਨਰੀਮਨ ਨੇ ਅਤੇ ਆਦਿਕਾ ਸੁਪਰੀਮ ਕੋਰਟ ਦੇ ਉੱਘੇ ਵਕੀਲ ਚੰਦਰ ਉਦੈ ਸਿੰਘ ਨੇ ਲਿਖੀ ਹੈ। ਰਿਪੋਰਟ ਕਹਿੰਦੀ ਹੈ ਕਿ ਅਪਰੈਲ 2022 ਦੇ ਰਾਮਨੌਮੀ ਅਤੇ ਹਨੂਮਾਨ ਜੈਅੰਤੀ ਜਲੂਸਾਂ 'ਚ ਸਪਸ਼ਟ ਅਤੇ ਭਿਆਨਕ ਸਾਂਝੇ ਪੈਟਰਨ ਹਨ।**




ਰਾਮ ਨੌਮੀ ਬਾਰੇ ਖਾਸ ਰਿਪੋਰਟ 'ਰੂਟਸ ਆਫ ਰੈਥ' ਦਾ ਮੁਖੜਾ।

ਹੈ ਨਾ ਯੂ.ਏ.ਪੀ.ਏ.। ਨਾ ਕਦੇ ਕੇਂਦਰੀ ਗ੍ਰਹਿ ਮੰਤਰੀ ਜਾਂ ਕੋਈ ਹੋਰ ਭਾਜਪਾਈ ਆਗੂ ਇਨ੍ਹਾਂ ਨੂੰ ਕਦੇ ਅਮਨ-ਕਾਨੂੰਨ ਲਈ ਖ਼ਤਰਾ ਦੱਸਦਾ ਹੈ ਕਿਉਂਕਿ ਇਹ ਇਨ੍ਹਾਂ ਦੇ ਆਪਣੇ ਪਾਲੇ ਹੋਏ ਦਹਿਸ਼ਤਵਾਦੀ ਗੈਂਗ ਹਨ। ਅਮਿਤ ਸ਼ਾਹ ਸਿਰਫ ਉਸ ਰਾਜ ਸਰਕਾਰ ਦੇ ਮੁੱਖ ਮੰਤਰੀ ਦੀ ਬਾਂਹ ਮਰੋੜਨ ਲਈ ਫੋਨ ਕਰਦਾ ਹੈ ਜਿੱਥੇ ਵਿਰੋਧੀ ਧਿਰ ਦੀ ਸਰਕਾਰ ਹੈ। ਪੱਛਮੀ ਬੰਗਾਲ 'ਚ ਰਾਮ ਨੌਮੀ ਮੌਕੇ ਹਿੰਸਾ ਬਾਬਤ ਮਮਤਾ ਬੈਨਰਜੀ ਨੂੰ ਫੋਨ ਕਰਕੇ 'ਅਮਨ-ਕਾਨੂੰਨ' ਦੀ ਸਥਿਤੀ ਬਾਰੇ ਚਿੰਤਾ ਪ੍ਰਗਟਾਈ ਗਈ ਪਰ ਕਰਨਾਟਕ ਵਿਚ ਭਾਜਪਾਈ ਮੁੱਖ ਮੰਤਰੀ ਦੀ ਪਿੱਠ ਥਾਪੜੀ ਗਈ ਕਿ ਉਸ ਨੇ ਮੁਸਲਮਾਨਾਂ ਦਾ 4ਫੀਸਦੀ ਰਾਖਵਾਂ ਕੋਟਾ ਖ਼ਤਮ ਕਰ ਕੇ 'ਬਹਾਦਰੀ ਵਾਲਾ' ਕੰਮ ਕੀਤਾ ਹੈ ਅਤੇ ਇਸ ਨੂੰ ਰਾਜ ਦੇ ਰਸੂਖਵਾਨ ਭਾਈਚਾਰਿਆਂ ਲਿੰਗਾਇਤ ਅਤੇ ਵੋਕਾਲਿਗਾ ਵਿਚ ਬਰਾਬਰ ਵੰਡ ਦਿੱਤਾ ਗਿਆ ਹੈ। ਜੈਨੀਆਂ (ਦਿਗੰਬਰ) ਅਤੇ ਇਸਾਈਆਂ ਲਈ ਕੋਟਾ ਬਰਕਰਾਰ ਰੱਖਿਆ ਗਿਆ ਹੈ ਕਿਉਂਕਿ ਭਾਜਪਾ ਦੀ ਚੋਣ ਪਾਲਾਬੰਦੀ ਦੇ ਹੱਕ 'ਚ ਜਾਂਦਾ ਹੈ। ਹਾਲਾਂਕਿ ਕਰਨਾਟਕ ਵਿਚ ਨਫਰਤੀ ਭਾਸ਼ਣਾਂ ਨਾਲ ਭੜਕਾਇਆ ਮਾਹੌਲ ਪੱਛਮੀ ਬੰਗਾਲ ਤੋਂ ਘੱਟ ਖ਼ਤਰਨਾਕ ਨਹੀਂ ਹੈ। ਕਰਨਾਟਕਾ ਵਿਚ 10 ਮਈ ਨੂੰ ਵਿਧਾਨ ਸਭਾ ਸਭਾ ਹੋਣਗੀਆਂ ਅਤੇ ਆਰ.ਐੱਸ.ਐੱਸ.-ਭਾਜਪਾ ਫਿਰਕੂ ਪਾਲਾਬੰਦੀ ਦੀ ਸਿਆਸਤ ਰਾਹੀਂ ਪਾਲੀ ਸਿਆਸੀ ਫਸਲ ਵੱਢਣ ਦੀ ਪੂਰੀ ਤਿਆਰੀ 'ਚ ਹੈ।

ਦਰਅਸਲ, ਸਟੇਟ ਨਿਪੁੰਸਕ ਅਤੇ ਨਿਸੱਤਾ ਨਹੀਂ ਹੈ, ਇਹ ਸਿਲੈਕਟਿਵ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨਫਰਤ ਭੜਕਾਊ ਗਰੁੱਪਾਂ ਦੀ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਕਰਦੀਆਂ ਹਨ ਅਤੇ ਕਦੇ ਵੀ ਐਸੀਆਂ ਕਾਰਵਾਈਆਂ ਦੀ ਨਿਖੇਧੀ ਨਹੀਂ ਕਰਦੀਆਂ ਕਿਉਂਕਿ ਨਫਰਤੀ ਬਿਆਨ ਅਤੇ ਭਾਸ਼ਣ ਹਿੰਦੂ ਰਾਸ਼ਟਰ ਲਈ ਡੂੰਘੀ ਫਿਰਕੂ ਪਾਲਾਬੰਦੀ ਕਰਨ ਦੀ ਯੋਜਨਾ ਦਾ ਹਿੱਸਾ ਹਨ। ਅਖੌਤੀ ਹਿੰਦੂ ਸਾਧਾਂ-ਸਾਧਵੀਆਂ, ਧਰਮ ਗੁਰੂਆਂ, ਧਰਮ ਪ੍ਰਚਾਰਕਾਂ ਦਾ ਸਾਲਮ ਬ੍ਰਿਗੇਡ ਹੈ ਜੋ ਮੁਸਲਮਾਨਾਂ ਅਤੇ ਇਸਾਈਆਂ ਵਿਰੁੱਧ ਨਫਰਤ ਭਰਨ ਲਈ ਭਗਵੇ ਆਈ.ਟੀ. ਸੈੱਲ ਨਾਲ ਮਿਲ ਕੇ ਦਿਨ-ਰਾਤ ਮਸ਼ੀਨ ਵਾਂਗ ਕੰਮ ਕਰਦਾ ਹੈ। ਬਾਗੇਸ਼ਵਰ ਧਾਮ ਬਾਬਾ 'ਮਾਥੇ ਪਰ ਤਿਲਕ ਹੋਗਾ, ਭਾਰਤ ਹਿੰਦੂ ਰਾਸ਼ਟਰ ਹੋਗਾ' ਦੇ ਐਲਾਨ ਕਰ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲਾ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਦੀ ਸਜ਼ਾ ਮੁਆਫ ਕਰਾਉਂਦਾ ਹੈ ਅਤੇ ਗੁਜਰਾਤ 'ਚ ਭਾਜਪਾ ਦੇ ਆਗੂ ਉਨ੍ਹਾਂ ਦਾ ਬਾਹਵਾਂ ਅੱਡ ਕੇ ਸਵਾਗਤ ਕਰਦੇ ਹਨ ਕਿਉਂਕਿ ਉਹ 'ਸੰਸਕਾਰੀ ਬ੍ਰਾਹਮਣ' ਹਨ। ਇਕ ਬਲਾਤਕਾਰੀ ਸੈਲੇਸ਼ ਭੱਟ ਨੂੰ ਭਾਜਪਾ ਦੇ ਐੱਮ.ਪੀ. ਅਤੇ ਵਿਧਾਇਕ ਨਾਲ ਸਰਕਾਰੀ ਮੰਚ ਉੱਪਰ ਸ਼ੁਸ਼ੋਭਿਤ ਕੀਤਾ ਜਾਂਦਾ ਹੈ।

ਨਫਰਤੀ ਮੁਹਿੰਮ ਨੂੰ ਰਾਜਕੀ ਅਤੇ ਰਾਜਸੀ ਸਰਪ੍ਰਸਤੀ ਦੀ ਇਕ ਹੋਰ ਤਾਜ਼ਾ ਮਿਸਾਲ ਰਾਮ ਨੌਮੀ ਦੇ ਧਾਰਮਿਕ ਦਿਹਾੜੇ ਨੂੰ ਸੰਘ ਪਰਿਵਾਰ ਵੱਲੋਂ ਮੁਸਲਮਾਨਾਂ ਵਿਰੁੱਧ ਹਿੰਸਾ ਅਤੇ ਨਫਰਤ ਭੜਕਾਉਣ ਦਾ ਮੰਚ ਬਣਾਉਣਾ ਹੈ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਹੈ ਕਿ ਮੁਲਕ ਵਿਚ ਇਸ ਵਾਰ ਰਾਮ ਨੌਮੀ ਦੇ ਜਲੂਸਾਂ ਦੌਰਾਨ ਹਿੰਸਾ ਦੀਆਂ ਘਟਨਾਵਾਂ ਵਿਚ 22 ਲੋਕ ਜ਼ਖ਼ਮੀ ਹੋਏ ਹਨ ਅਤੇ 54 ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਹਾਰਾਸ਼ਟਰ, ਗੁਜਰਾਤ, ਪੱਛਮੀ ਬੰਗਾਲ, ਬਿਹਾਰ ਅਤੇ ਕਰਨਾਟਕ ਵਿਚ ਇਨ੍ਹਾਂ ਜਲੂਸਾਂ ਦੌਰਾਨ ਦੋ ਫਿਰਕਿਆਂ 'ਚ ਹਿੰਸਕ ਝੜਪਾਂ ਅਤੇ ਪਥਰਾਓ ਕੀਤੇ ਜਾਣ ਦੀਆਂ ਘਟਨਾਵਾਂ ਵਾਪਰੀਆਂ ਹਨ। ਪੱਛਮੀ ਬੰਗਾਲ ਅਤੇ ਕਰਨਾਟਕ ਤੋਂ ਤਾਂ ਹਿੰਸਾ 'ਚ ਮੌਤਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਮੱਧ ਪ੍ਰਦੇਸ਼ ਦੇ ਖਰਗੋਨ 'ਚ ਰਾਮ ਨੌਮੀ ਮੌਕੇ 'ਜੈ ਹਿੰਦੂ ਰਾਸ਼ਟਰ' ਦੇ ਬੈਨਰ ਜਨਤਕ ਤੌਰ 'ਤੇ ਲਗਾਏ ਗਏ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਪਿਛਲੇ ਸਾਲ ਅਪ੍ਰੈਲ 2022 'ਚ ਵੀ ਮੱਧ ਪ੍ਰਦੇਸ਼ ਦੇ ਖਰਗੋਨ ਅਤੇ ਹੋਰ ਰਾਜਾਂ ਵਿਚ ਰਾਮ ਨੌਮੀ ਅਤੇ ਹਨੂਮਾਨ ਜੈਅੰਤੀ ਦੇ ਮੌਕੇ ਮੁਸਲਮਾਨ ਮੁਹੱਲਿਆਂ 'ਚ ਜਲੂਸ ਕੱਢ ਕੇ ਅਤੇ ਕਈ ਥਾਈਂ ਮਸਜਿਦਾਂ ਉੱਪਰ ਧਾਵਾ ਬੋਲ ਕੇ ਭਗਵੇ ਝੰਡੇ ਲਹਿਰਾਏ ਗਏ ਸਨ। ਗੁੰਡਾਗਰਦੀ ਕਰ ਕੇ ਮੁਸਲਮਾਨਾਂ ਨੂੰ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਤਾਂ ਜੋ ਉਹ ਅੱਗਿਓਂ ਕੋਈ ਵਿਰੋਧ ਕਰਨ ਅਤੇ ਉਸ ਵਿਰੋਧ ਨੂੰ ਫਿਰ ਸਾਰੇ ਮੁਸਲਮਾਨਾਂ ਉੱਪਰ ਹਮਲਾ ਕਰਨ ਤੇ ਉਨ੍ਹਾਂ ਦੇ ਘਰਾਂ ਤੇ ਦੁਕਾਨਾਂ ਦੀ ਭੰਨਤੋੜ ਕਰਨ ਲਈ ਵਰਤਿਆ ਜਾ ਸਕੇ। ਫਿਰ ਪੁਲਿਸ ਆ ਧਮਕਦੀ ਸੀ ਅਤੇ ਦੰਗਈਆਂ ਵਿਰੁੱਧ ਕਾਰਵਾਈ ਦੇ ਬਹਾਨੇ ਉਨ੍ਹਾਂ ਦੇ ਘਰਾਂ-ਦੁਕਾਨਾਂ ਉੱਪਰ ਬੁਲਡੋਜ਼ਰ ਚਲਾਉਣਾ ਸ਼ੁਰੂ ਕਰ ਦਿੰਦੀ ਸੀ। ਰਾਜਸਥਾਨ ਦੇ ਕਰੌਲੀ ਵਿਚ ਨਵੇਂ ਹਿੰਦੂ ਵਰ੍ਹੇ ਦਾ ਜਸ਼ਨ ਮਨਾਉਣ ਲਈ ਆਰ.ਐੱਸ.ਐੱਸ. ਦੇ ਆਗੂ ਦੀ ਅਗਵਾਈ ਹੇਠ ਜੋ ਰੈਲੀ ਕੱਢੀ ਗਈ ਉਹ ਭੜਕਾਊ ਨਾਅਰਿਆਂ ਕਾਰਨ ਸਾੜਫੂਕ ਅਤੇ ਹਮਲਿਆਂ ਵਿਚ ਬਦਲ ਗਈ ਸੀ। 62 ਦੁਕਾਨਾਂ/ਕਾਰੋਬਾਰਾਂ ਦੀ ਭੰਨਤੋੜ ਹੋਈ ਸੀ ਜਿਨ੍ਹਾਂ ਵਿੱਚੋਂ 59 ਮੁਸਲਮਾਨਾਂ ਦੀਆਂ ਸਨ। ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਦੇ ਖ਼ਰਗੋਨ ਅਤੇ ਸੇਧਵਾਂ ਜ਼ਿਲ੍ਹਿਆਂ ਵਿਚ ਮੁਸਲਮਾਨਾਂ ਨੂੰ ਮਾਰਨ ਦੇ ਸੱਦੇ ਦਿੰਦੇ ਭੜਕਾਊ ਗੀਤ ਡੀ.ਜੇ. ਉੱਪਰ ਲਗਾ ਕੇ ਮਸਜਿਦਾਂ ਅੱਗੇ ਡਾਂਸ ਕੀਤੇ ਗਏ ਸਨ। ਫਿਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 45 ਮਕਾਨ ਬੁਲਡੋਜ਼ਰ ਚਲਾ ਕੇ ਇਸ ਬਹਾਨੇ ਢਾਹ ਦਿੱਤੇ ਗਏ ਕਿ ਇਨ੍ਹਾਂ ਮੁਸਲਮਾਨਾਂ ਨੇ ਰਾਮ ਨੌਮੀ ਦੇ ਜਲੂਸ ਉੱਪਰ ਪਥਰਾਓ ਕੀਤਾ ਸੀ ਅਤੇ ਇਹ ਮਕਾਨ ਗ਼ੈਰ-ਕਾਨੂੰਨੀ ਉਸਾਰੀਆਂ ਸਨ। ਖਰਗੋਨ ਵਿਚ ਹਿੰਸਾ ਸ਼ੁਰੂ ਹੋਣ ਤੋਂ ਪਹਿਲਾਂ ਭਾਜਪਾ ਦਾ ਆਗੂ ਕਪਿਲ ਮਿਸ਼ਰਾ ਉੱਥੇ ਸ੍ਰੀਰਾਮ ਜਨਉਤਸਵ ਸੋਭਾ ਯਾਤਰਾ ਵਿਚ ਉਚੇਚੇ ਤੌਰ 'ਤੇ ਜਾ ਕੇ ਸ਼ਾਮਿਲ ਹੋਇਆ ਸੀ ਜੋ ਕਿਸੇ ਡੂੰਘੀ ਸਾਜ਼ਿਸ਼ ਦਾ ਸਾਫ ਸੰਕੇਤ ਸੀ। ਇਸੇ ਕਪਿਲ ਮਿਸ਼ਰਾ ਨੇ ਫਰਵਰੀ 2020 'ਚ ਉੱਤਰ-ਪੂਰਬੀ ਦਿੱਲੀ ਵਿਚ ਮੁਸਲਿਮ ਵਿਰੋਧੀ ਹਿੰਸਾ ਦੀ ਅਗਵਾਈ ਕੀਤੀ ਸੀ ਅਤੇ ਪਿਛਲੇ ਸਾਲ ਜਹਾਂਗੀਰਪੁਰੀ (ਦਿੱਲੀ) ਵਿਚ ਰਾਮ ਨੌਮੀ ਮੌਕੇ ਹੋਏ ਟਕਰਾਓ ਦੇ ਬਹਾਨੇ ਮੁਸਲਿਮ ਫਿਰਕੇ ਵਿਰੁੱਧ ਭੜਕਾਊ ਬਿਆਨਬਾਜ਼ੀ ਕਰਨ 'ਚ ਵੀ ਸਭ ਤੋਂ ਅੱਗੇ ਸੀ। ਨਾ ਇਸ ਵਿਰੁੱਧ ਕਦੇ ਕੋਈ ਪਰਚਾ ਦਰਜ ਹੋਇਆ ਅਤੇ ਨਾ ਇਸ ਨੂੰ ਹਿਰਾਸਤ 'ਚ ਲਿਆ ਗਿਆ।

**ਭਗਵੀਂ ਹਕੂਮਤ ਦੀ ਰਾਜਸੀ ਅਤੇ ਰਾਜਕੀ ਪੁਸ਼ਤਪਨਾਹੀ ਹੇਠ ਹਿੰਦੂ ਤਿਓਹਾਰਾਂ ਦੀ ਪ੍ਰੋਮੋਸ਼ਨ ਅਤੇ ਮੁਸਲਮਾਨਾਂ ਦੇ ਧਾਰਮਿਕ ਕਾਰਜਾਂ 'ਚ ਖਲਲ ਪਾਉਣ ਦੀ ਧੌਂਸ ਨਾਲੋ-ਨਾਲ ਕੰਮ ਕਰ ਰਹੀ ਹੈ। ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨੋਂ ਰੋਕਣ ਲਈ ਹਿੰਦੂਤਵੀ ਗਰੁੱਪ ਲਗਾਤਾਰ ਮੁਹਿੰਮ ਚਲਾ ਰਹੇ ਹਨ। ਨਮਾਜ਼ ਵਾਲੀ ਥਾਂ 'ਤੇ ਸਪੀਕਰ ਲਗਾ ਕੇ ਉੱਚੀ ਆਵਾਜ਼ 'ਚ ਹਨੂਮਾਨ ਚਾਲੀਸਾ ਪੜ੍ਹਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ।**

ਪੁਲਿਸ ਹਿੰਦੂਤਵੀ ਅਗਵਾਈ ਵਾਲੇ ਹਿੰਸਕ ਹਜੂਮਾਂ ਦੀ ਸੁਰੱਖਿਆ ਛੱਤਰੀ ਦਾ ਕੰਮ ਕਰਦੀ ਹੈ ਅਤੇ ਅਕਸਰ ਮੁਸਲਮਾਨਾਂ ਵਿਰੁੱਧ ਹਿੰਦੂ ਪੱਖੀ ਝੁਕਾਅ ਨਾਲ ਪੇਸ਼ ਆਉਂਦੀ ਵੀ ਦੇਖੀ ਜਾ ਸਕਦੀ ਹੈ। ਪੁਲਿਸ ਦੀ ਹਮਾਇਤ ਅਤੇ ਮਦਦ ਦੇਖ ਕੇ ਹਿੰਦੂ ਜਨੂਨੀ ਹੋਰ ਵੀ ਭੂਤਰ ਜਾਂਦੇ ਹਨ ਅਤੇ ਮੁਸਲਮਾਨਾਂ ਨੂੰ ਧੱਕ ਕੇ ਕੰਧ ਨਾਲ ਲਾਉਣ ਅਤੇ ਬੇਵਸੀ ਦਾ ਅਹਿਸਾਸ ਕਰਾਉਣ ਲਈ ਬੇਖ਼ੌਫ ਹੋ ਕੇ ਹਿੰਸਾ ਕਰਦੇ ਹਨ। ਅਦਾਲਤ 'ਚ ਪੁਲਿਸ ਹਿੰਦੂਆਂ ਦੇ ਜਲੂਸਾਂ ਨੂੰ ਸ਼ਾਂਤਮਈ ਦੱਸਦੀ ਹੈ ਅਤੇ ਕਹਿੰਦੀ ਹੈ ਕਿ ਉਨ੍ਹਾਂ ਦੇ ਵੱਲੋਂ ਜੋ ਕੀਤਾ ਗਿਆ, ਉਹ ਮੁਸਲਮਾਨਾਂ ਦੀ ਹਿੰਸਾ ਦਾ ਪ੍ਰਤੀਕਰਮ ਸੀ। ਇਹੀ ਪੱਖ ਦਿੱਲੀ ਪੁਲਿਸ ਨੇ ਜਹਾਂਗੀਰਪੁਰੀ ਦੀ ਹਿੰਸਾ ਬਾਰੇ ਅਦਾਲਤ 'ਚ ਰੱਖਿਆ ਸੀ।

ਲਿਹਾਜ਼ਾ, ਨਫਰਤੀ ਭਾਸ਼ਣ ਸਿਰਫ ਉਹ ਨਹੀਂ ਹਨ ਜਿਨ੍ਹਾਂ ਬਾਰੇ ਕੋਈ ਫਿਕਰਮੰਦ ਨਾਗਰਿਕ ਅਦਾਲਤ 'ਚ ਪਟੀਸ਼ਨ ਦਾਇਰ ਕਰਕੇ ਕਾਰਵਾਈ ਦੀ ਮੰਗ ਕਰਦਾ ਹੈ। ਨਫਰਤੀ ਭਾਸ਼ਣ ਵਿਆਪਕ ਯੋਜਨਾਬੱਧ ਮੁਹਿੰਮ ਹੈ ਜੋ ਕਈ ਰੂਪਾਂ 'ਚ ਸਾਹਮਣੇ ਆ ਰਹੀ ਹੈ। ਹਾਲ ਹੀ ਵਿਚ 25 ਮਾਰਚ ਨੂੰ 'ਸਿਟੀਜ਼ਨਜ਼ ਐਂਡ ਲਾਇਰਜ਼ ਇਨੀਸ਼ੀਏਟਿਵ' ਨੇ ਰਾਮ ਨੌਮੀ ਦਾ ਇਤਿਹਾਸਕ ਪ੍ਰਸੰਗ 'ਚ ਅਧਿਐਨ ਕਰਦੇ ਹੋਏ 174 ਪੰਨਿਆਂ ਦੀ ਖ਼ਾਸ ਰਿਪੋਰਟ 'ਰੂਟਸ ਆਫ ਰੈਥ' ਜਾਰੀ ਕੀਤੀ ਹੈ ਜਿਸ ਦੀ ਪ੍ਰਸਤਾਵਨਾ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਰੋਹਿੰਟਨ ਐੱਫ. ਨਰੀਮਨ ਨੇ ਅਤੇ ਆਦਿਕਾ ਸੁਪਰੀਮ ਕੋਰਟ ਦੇ ਉੱਘੇ ਵਕੀਲ ਚੰਦਰ ਉਦੈ ਸਿੰਘ ਨੇ ਲਿਖੀ ਹੈ। ਰਿਪੋਰਟ ਕਹਿੰਦੀ ਹੈ ਕਿ ਅਪਰੈਲ 2022 ਦੇ ਰਾਮਨੌਮੀ ਅਤੇ ਹਨੂਮਾਨ ਜੈਅੰਤੀ ਜਲੂਸਾਂ 'ਚ ਸਪਸ਼ਟ ਅਤੇ ਭਿਆਨਕ ਸਾਂਝੇ ਪੈਟਰਨ ਹਨ। ਭਗਵਾਧਾਰੀ ਮਰਦਾਂ ਦੇ ਵੱਡੇ-ਵੱਡੇ ਹਜੂਮ ਤਲਵਾਰਾਂ, ਤ੍ਰਿਸ਼ੂਲ ਅਤੇ ਕੁਝ ਮਾਮਲਿਆਂ 'ਚ ਬੰਦੂਕਾਂ/ਪਿਸਤੌਲ ਲੈ ਕੇ ਇਕੱਠੇ ਹੋਏ। ਉਹ ਜਾਣ-ਬੁੱਝ ਕੇ ਉਨ੍ਹਾਂ ਰਸਤਿਆਂ ਤੋਂ ਜਲੂਸ ਲੈ ਕੇ ਗਏ ਜੋ ਵੱਡੀਆਂ ਮਸਜਿਦਾਂ ਅਤੇ ਮੁਸਲਮਾਨ ਬਹੁਗਿਣਤੀ ਵਾਲੇ ਇਲਾਕੇ ਹਨ। ਹਿੰਸਾ ਉੱਥੇ ਜਲੂਸ ਲਿਜਾ ਕੇ ਮਸਜਿਦਾਂ ਅੱਗੇ ਹਿੰਦੂ ਰਾਸ਼ਟਰ ਦੇ ਨਾਅਰੇ ਲਾਉਣ ਅਤੇ ਵਹੀਕਲਾਂ ਉੱਪਰ ਲਗਾਏ ਵੱਡੇ-ਵੱਡੇ ਡੀ.ਜੇ. ਸਿਸਟਮ ਉੱਪਰ ਉੱਚੀ ਆਵਾਜ਼ 'ਚ ਮੁਸਲਿਮ ਵਿਰੋਧੀ ਗੀਤ-ਸੰਗੀਤ ਵਜਾਉਣ ਤੋਂ ਸ਼ੁਰੂ ਹੋਈ। ਭਾਜਪਾ ਦੇ ਆਗੂ ਹੁਣ ਰਾਮ ਨੌਮੀ ਮੌਕੇ ਖੁੱਲ੍ਹ ਕੇ ਹਿੰਸਾ ਕਰਵਾਉਂਦੇ ਹਨ ਅਤੇ ਇਸ ਮੌਕੇ ਨੂੰ ਆਪਣੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਹੱਕ 'ਚ ਹਿੰਦੂ ਫਿਰਕੇ ਨੂੰ ਲਾਮਬੰਦ ਕਰਨ ਲਈ ਬਖ਼ੂਬੀ ਵਰਤਦੇ ਹਨ। ਰਾਮ ਨੌਮੀ ਉਨ੍ਹਾਂ ਰਾਜਾਂ 'ਚ ਵੀ ਬਕਾਇਦਾ ਮੁਹਿੰਮ ਦੇ ਰੂਪ 'ਚ ਮਨਾਈ ਜਾਣ ਲੱਗੀ ਹੈ ਜਿੱਥੇ ਇਹ ਕਦੇ ਮਨਾਈ ਹੀ ਨਹੀਂ ਸੀ ਜਾਂਦੀ, ਜਿਵੇਂ ਪੱਛਮੀ ਬੰਗਾਲ, ਕੇਰਲ ਆਦਿ।

ਭਗਵੀਂ ਹਕੂਮਤ ਦੀ ਰਾਜਸੀ ਅਤੇ ਰਾਜਕੀ ਪੁਸ਼ਤਪਨਾਹੀ ਹੇਠ ਹਿੰਦੂ ਤਿਓਹਾਰਾਂ ਦੀ ਪ੍ਰੋਮੋਸ਼ਨ ਅਤੇ ਮੁਸਲਮਾਨਾਂ ਦੇ ਧਾਰਮਿਕ ਕਾਰਜਾਂ 'ਚ ਖ਼ਲਲ ਪਾਉਣ ਦੀ ਧੌਂਸ ਨਾਲੋ-ਨਾਲ ਕੰਮ ਕਰ ਰਹੀ ਹੈ। ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨੋਂ ਰੋਕਣ ਲਈ ਹਿੰਦੂਤਵੀ ਗਰੁੱਪ ਲਗਾਤਾਰ ਮੁਹਿੰਮ ਚਲਾ ਰਹੇ ਹਨ। ਨਮਾਜ਼ ਵਾਲੀ ਥਾਂ 'ਤੇ ਸਪੀਕਰ ਲਗਾ ਕੇ ਉੱਚੀ ਆਵਾਜ਼ 'ਚ ਹਨੂਮਾਨ ਚਾਲੀਸਾ ਪੜ੍ਹਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਹ ਬਿਰਤਾਂਤ ਪ੍ਰਚਾਰਿਆ ਜਾਂਦਾ ਹੈ ਕਿ 'ਬਾਹਰਲੇ ਅਨਸਰਾਂ' ਕਾਰਨ ਇਲਾਕੇ ਦੀ ਸੁਰੱਖਿਆ ਨੂੰ ਖ਼ਤਰਾ ਹੈ। ਉੱਤਰ ਪ੍ਰਦੇਸ਼ ਵਿਚ ਪਿਛਲੇ ਇਕ ਹਫਤੇ 'ਚ ਨਮਾਜ਼ ਨੂੰ ਰੋਕਣ ਦੀਆਂ ਤਿੰਨ ਘਟਨਾਵਾਂ ਸਾਹਮਣੇ ਆਈਆਂ ਹਨ। 24 ਮਾਰਚ ਨੂੰ ਮੁਰਾਦਾਬਾਦ 'ਚ ਅਤੇ 26 ਮਾਰਚ ਨੂੰ ਗਰੇਟਰ ਨੋਇਡਾ 'ਚ। ਇਹ ਵੀ ਧਿਆਨ 'ਚ ਰਹੇ ਕਿ ਇਹ ਰੁਕਾਵਟ ਹੁਣ ਬਾਹਰਲੇ ਅਨਸਰਾਂ ਵੱਲੋਂ ਨਹੀਂ ਸਗੋਂ ਮੁਹੱਲੇ ਦੇ ਲੋਕਾਂ ਵੱਲੋਂ ਪਾਈ ਜਾਂਦੀ ਹੈ ਜੋ ਇਸ ਦਾ ਸਬੂਤ ਹੈ ਕਿ ਫਿਰਕੂ ਪਾਲਾਬੰਦੀ ਆਪਣਾ ਰੰਗ ਦਿਖਾ ਰਹੀ ਹੈ। ਪੁਲਿਸ 'ਸ਼ਿਕਾਇਤ' ਦੇ ਆਧਾਰ 'ਤੇ ਤੁਰੰਤ ਹਰਕਤ 'ਚ ਆਉਂਦੀ ਹੈ ਅਤੇ ਸਮੂਹਿਕ ਤੌਰ 'ਤੇ ਨਮਾਜ਼ ਪੜ੍ਹਨ ਉੱਪਰ ਰੋਕ ਲਗਾ ਕੇ ਬਹੁਗਿਣਤੀ ਨੂੰ ਖ਼ੁਸ਼ ਕਰ ਦਿੰਦੀ ਹੈ।

2024 ਦੀਆਂ ਲੋਕ ਸਭਾ ਚੋਣਾਂ ਅਤੇ ਅਗਲੇ ਮਹੀਨਿਆਂ 'ਚ ਕੁਝ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਕਾਰਨ ਇਹ ਜ਼ਹਿਰੀਲੀ ਮੁਹਿੰਮ ਹੋਰ ਵੀ ਵਿਕਰਾਲ ਰੂਪ ਅਖ਼ਤਿਆਰ ਕਰੇਗੀ। ਪਾਰਲੀਮੈਂਟਰੀ ਵਿਰੋਧੀ ਧਿਰ 'ਚ ਇਸ ਫਾਸ਼ੀਵਾਦੀ ਮੁਹਿੰਮ ਨੂੰ ਟੱਕਰ ਦੇਣ ਦਾ ਦਮ-ਖ਼ਮ ਨਹੀਂ ਹੈ। ਨਫਰਤੀ ਭਾਸ਼ਣਾਂ ਦੀ ਮੁਹਿੰਮ ਨਾ ਪਾਰਲੀਮੈਂਟ 'ਚ ਜਾਬ੍ਹਾਂ ਦੇ ਭੇੜ ਨਾਲ ਰੁਕ ਸਕਦੀ ਹੈ ਨਾ ਅਦਾਲਤੀ ਆਦੇਸ਼ਾਂ ਨਾਲ। ਇਨ੍ਹਾਂ ਨੂੰ ਠੱਲ੍ਹ ਜਾਗਦੀਆਂ ਜ਼ਮੀਰਾਂ ਵਾਲੇ ਸਮੂਹ ਧਰਮ ਨਿਰਪੱਖ, ਅਮਨਪਸੰਦ ਲੋਕਾਂ ਦੇ ਸ਼ਾਹੀਨ ਬਾਗ ਅਤੇ ਕਿਸਾਨ ਅੰਦੋਲਨ ਵਰਗੇ ਵੱਡੇ ਮੋਰਚੇ ਹੀ ਪਾ ਸਕਦੇ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ, ਅਤੇ ਸਿੱਖਾਂ ਦੀ ਮੌਜੂਦਾ ਸਥਿਤੀ

ਸ੍ਰੀ ਅਕਾਲ ਤਖ਼ਤ ਸਾਹਿਬ ਖ਼ਾਲਸਾਈ ਪ੍ਰਭੂਸੱਤਾ ਦਾ ਸਰਬਉੱਚ ਕੇਂਦਰ ਹੈ। ਸਿੱਖਾਂ ਦੀ ਦੁਸ਼ਮਣ ਹਿੰਦੁਸਤਾਨੀ ਹਕੂਮਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਲਾਉਣ 'ਤੇ ਤੁਲੀ ਹੋਈ ਹੈ। ਜੂਨ ਚੁਰਾਸੀ ਦੇ ਘੱਲੂਘਾਰੇ ਵੇਲੇ ਹਿੰਦੁਸਤਾਨੀ ਹਕੂਮਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫੌਜੀ ਹਮਲਾ ਕਰ ਕੇ ਆਪਣੀ ਸੱਤਾ ਜਮਾਉਣ ਦੀ ਕੋਸ਼ਿਸ਼ ਕੀਤੀ। ਇਹ ਕੋਸ਼ਿਸ਼ ਕਾਮਯਾਬ ਨਾ ਹੋਈ। ਇਸ ਤੋਂ ਬਾਅਦ ਹਿੰਦੁਸਤਾਨੀ ਹਕੂਮਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅੰਦਰੋਂ ਢਾਹ ਲਾਉਣ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। ਸ਼੍ਰੋਮਣੀ ਅਕਾਲੀ ਦਲ ਦੇ ਕੁਝ ਸਮਝੌਤਾਵਾਦੀ ਧੜੇ, ਜਿਹੜੇ ਹਿੰਦੁਸਤਾਨੀ



**ਪ੍ਰਭਸ਼ਰਨਦੀਪ ਸਿੰਘ**

ਹਕੂਮਤ ਨਾਲ ਸਾਂਝ-ਭਿਆਲੀ ਵਿੱਚੋਂ, ਸਿੱਖਾਂ ਦੇ ਹਿਤਾਂ ਨੂੰ ਦਾਅ 'ਤੇ ਲਾ ਕੇ, ਸੱਤਾ ਹਾਸਲ ਕਰਨੀ ਚਾਹੁੰਦੇ ਸਨ, ਅਜਿਹੇ ਮਨਸੂਬਿਆਂ ਦੀ ਪੂਰਤੀ ਲਈ ਹਕੂਮਤ ਦੇ ਕੰਮ ਆਏ। ਸਮਝੌਤਾਵਾਦੀ ਅਕਾਲੀ ਧੜਿਆਂ ਦੀ ਸਦਾ ਇਹੀ ਦਲੀਲ ਰਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਦਾ ਅਧਿਕਾਰ ਹੈ। ਉਨ੍ਹਾਂ ਮੁਤਾਬਿਕ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਹੈ, ਇਸ ਲਈ, ਇਹ ਸਰਬੱਤ ਖ਼ਾਲਸਾ ਦਾ ਨਵਾਂ ਰੂਪ ਹੈ। ਇਹ ਦਲੀਲ ਸਹੀ ਨਹੀਂ ਹੈ। ਪਹਿਲੀ ਗੱਲ, ਸ਼੍ਰੋਮਣੀ ਕਮੇਟੀ ਸੰਸਾਰ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੀ। ਦੂਜੀ ਗੱਲ, ਸ਼੍ਰੋਮਣੀ ਕਮੇਟੀ ਦੀ ਚੋਣ ਨੇਮ ਅਨੁਸਾਰ ਹਰ ਪੰਜ ਸਾਲ ਬਾਅਦ ਨਹੀਂ ਹੁੰਦੀ। ਹਿੰਦੁਸਤਾਨੀ ਹਕੂਮਤ ਲੋਕ ਸਭਾ, ਵਿਧਾਨ ਸਭਾ, ਪੰਚਾਇਤੀ ਚੋਣਾਂ, ਅਤੇ ਨਗਰ ਕੌਂਸਲ ਚੋਣਾਂ ਆਦਿ ਬਾਕਾਇਦਾ ਨੇਮ ਅਨੁਸਾਰ ਕਰਵਾਉਂਦੀ ਹੈ। ਸਿਰਫ਼ ਸ਼੍ਰੋਮਣੀ ਕਮੇਟੀ ਚੋਣਾਂ ਦੇ ਮੁਆਮਲੇ ਵਿੱਚ ਹਕੂਮਤ ਇਸ ਨੇਮ ਦੀ ਉਲੰਘਣਾ ਕਰਦੀ ਹੈ। ਇਸ ਦੀ ਵਜ੍ਹਾ ਹੈ ਕਿ ਹਿੰਦੁਸਤਾਨੀ ਹਕੂਮਤ ਆਪਣੇ ਮਨਚਾਹੇ ਅਕਾਲੀ ਧੜਿਆਂ ਨੂੰ ਸਿੱਖਾਂ ਦੇ ਆਗੂਆਂ ਵਜੋਂ ਉਭਾਰ ਕੇ ਰੱਖਣਾ ਚਾਹੁੰਦੀ ਹੈ। ਜਿਸ ਵੀ ਅਕਾਲੀ ਧੜੇ ਕੋਲ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਹੁੰਦਾ ਹੈ ਉਸ ਦਾ ਸਿੱਖਾਂ ਵਿੱਚ ਪ੍ਰਭਾਵ ਵਧਦਾ ਹੈ। ਇਸ ਦੇ ਨਾਲ ਹੀ ਉਹ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਕਰ ਸਿੱਖਾਂ ਦੇ ਸਰਬਉੱਚ ਕੇਂਦਰ ਨੂੰ ਵੀ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦਾ ਹੈ। ਸ਼੍ਰੋਮਣੀ ਕਮੇਟੀ ਦੀਆਂ ਨੇਮ ਅਨੁਸਾਰ ਚੋਣਾਂ ਨਾ ਹੋਣ ਕਰਕੇ ਹਕੂਮਤ ਆਪਣੀ ਮਨ-ਮਰਜ਼ੀ ਦੇ ਧੜਿਆਂ ਨੂੰ ਜਿੰਨਾ ਚਿਰ ਚਾਹੇ ਪ੍ਰਬੰਧ 'ਤੇ ਕਾਬਜ਼ ਰੱਖਦੀ ਹੈ। ਇਹ ਗ਼ੈਰ-ਜਮਹੂਰੀ ਅਤੇ ਗ਼ੈਰ-ਵਿਧਾਨਿਕ ਹੈ।

ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਬਾਅਦ ਅਕਾਲੀ ਦਲ ਦੇ ਬਾਦਲ, ਟੌਹੜਾ, ਅਤੇ ਲੌਂਗੋਵਾਲ ਆਦਿਕ ਧੜੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਰਹੇ ਹਨ। ਸ. ਗੁਰਚਰਨ ਸਿੰਘ ਟੌਹੜਾ ਸਭ ਤੋਂ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਹਨ। ਇਨ੍ਹਾਂ ਧੜਿਆਂ ਨੇ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਘਟਾਉਣ ਵਿੱਚ ਝਿਜਕ ਨਹੀਂ ਵਿਖਾਈ।

ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਬਾਅਦ ਸਿੱਖ ਭਾਰਤੀ ਹਕੂਮਤ ਨਾਲ ਜ਼ੋਰਦਾਰ ਲੜਾਈ ਲੜ ਰਹੇ ਸਨ। ਉਸ ਵੇਲੇ ਸੰਘਰਸ਼ ਕਰ ਰਹੀਆਂ ਪੰਥਕ ਧਿਰਾਂ ਦੀ ਸਦਾ ਇਹੀ ਭਾਵਨਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਪ੍ਰਭੂਸੱਤਾ ਸੰਪੰਨ ਹਸਤੀ ਬਰਕਰਾਰ ਰੱਖੀ ਜਾਵੇ। ਇਸ ਲਈ, ਪੰਥਕ ਧਿਰਾਂ ਸਿੱਖ ਰਵਾਇਤਾਂ ਅਨੁਸਾਰ ਸਰਬੱਤ ਖ਼ਾਲਸਾ ਦੀ ਪੁਨਰ-ਸੁਰਜੀਤੀ ਲਈ ਯਤਨਸ਼ੀਲ ਸਨ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ ਸਰਬੱਤ ਖ਼ਾਲਸਾ ਦੀ ਪਰੰਪਰਾ ਨੂੰ ਮਾਨਤਾ ਦੇਣ ਤੋਂ ਇਨਕਾਰੀ ਬਣੇ ਰਹੇ।

ਉਸ ਦੌਰ ਵਿੱਚ ਪੰਥਕ ਧਿਰਾਂ ਨੇ ਸਮੇਂ-ਸਮੇਂ 'ਤੇ ਸਰਬੱਤ ਖ਼ਾਲਸਾ ਬੁਲਾਇਆ। ਸਰਬੱਤ ਖ਼ਾਲਸਾ ਸਮਾਗਮਾਂ ਦੌਰਾਨ ਪੰਥਕ ਧਿਰਾਂ ਨੇ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੀ ਚੋਣ ਵੀ ਕੀਤੀ। ਪਰ ਪੰਥਕ ਧਿਰਾਂ ਕੋਲ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਨਾ ਆਇਆ। ਕਿਉਂਕਿ ਜਦੋਂ ਤੱਕ ਹਿੰਦੁਸਤਾਨੀ ਹਕੂਮਤ ਪੁਲਿਸ ਤਸ਼ੱਦਦ, ਲੰਮੀਆਂ ਕੈਦਾਂ, ਅਤੇ ਆਪਣੇ ਪ੍ਰਚਾਰ ਸਾਧਨਾਂ ਨਾਲ ਪੰਥਕ ਧਿਰਾਂ ਨੂੰ ਸਿਆਸੀ ਪਿੜ ਵਿੱਚੋਂ ਬਾਹਰ ਨਹੀਂ ਸੀ ਕਰ ਦਿੰਦੀ, ਉਦੋਂ ਤੱਕ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਂਦੀ ਹੀ ਨਹੀਂ ਸੀ। ਪੰਥਕ ਧਿਰਾਂ ਕੋਲ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਨਹੀਂ ਸੀ ਹੁੰਦਾ। ਇਸ ਲਈ, ਉਨ੍ਹਾਂ ਵੱਲੋਂ ਸਰਬੱਤ ਖ਼ਾਲਸਾ ਰਾਹੀਂ ਚੁਣੇ ਜਥੇਦਾਰ ਤਖ਼ਤ ਸਾਹਿਬਾਨ ਦੀ ਸਹੀ ਨੁਮਾਇੰਦਗੀ ਕਰਨ ਦੀ ਸਥਿਤੀ ਵਿੱਚ ਨਹੀਂ ਸੀ ਆਉਂਦੇ। ਅਜਿਹੇ ਹਾਲਾਤ ਦੌਰਾਨ ਪੰਥ ਸਾਹਮਣੇ ਕਈ ਹੋਰ ਚੁਣੌਤੀਆਂ ਆ ਜਾਂਦੀਆਂ ਹਨ, ਕੋਈ ਨਾ ਕੋਈ ਸੰਗੀਨ ਮਸਲੇ ਖੜ੍ਹੇ ਹੋ ਜਾਂਦੇ ਹਨ, ਜਿਨ੍ਹਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਠੋਸ ਫ਼ੈਸਲੇ ਦੀ ਲੋੜ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਬਹੁਤ ਵਾਰ ਅਜਿਹੇ ਸੰਗੀਨ ਮਸਲੇ ਖੜ੍ਹੇ ਕਰਨ ਪਿੱਛੇ ਵੀ ਹਿੰਦੁਸਤਾਨੀ ਹਕੂਮਤ ਦੀਆਂ ਖ਼ੁਫ਼ੀਆ ਏਜੰਸੀਆਂ ਦਾ ਹੱਥ ਹੁੰਦਾ ਹੈ। ਅਜਿਹੇ ਮੌਕਿਆ 'ਤੇ ਸਮਝੌਤਾਵਾਦੀ ਅਕਾਲੀ ਧੜਿਆਂ ਦੇ ਵਿਰੁੱਧ ਖੜ੍ਹੇ ਸਿੱਖ ਵੀ ਉਸ ਜਥੇਦਾਰ ਨੂੰ ਮਾਨਤਾ ਦੇ ਦਿੰਦੇ ਹਨ ਜਿਸ ਕੋਲ ਅਸਲ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਮਾਇੰਦਗੀ ਦਾ ਅਧਿਕਾਰ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਮਾਇੰਦਗੀ ਦਾ ਅਧਿਕਾਰ ਉਸ ਜਥੇਦਾਰ ਕੋਲ ਹੁੰਦਾ ਹੈ ਜਿਸ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਕਰਦੀ ਹੈ।

ਇਹ ਇੱਕ ਅੰਤਰ-ਵਿਰੋਧ ਹੈ ਜਿਸ ਨੂੰ ਸਰਕਾਰ ਪੱਖੀ ਧਿਰਾਂ ਪੰਥਕ ਧਿਰਾਂ ਦੇ ਦਾਅਵੇ ਦੀ ਖਿੱਲੀ ਉਡਾਉਣ ਲਈ ਵਰਤਦੀਆਂ ਰਹੀਆਂ ਹਨ। ਇਸ ਅੰਤਰ-ਵਿਰੋਧ ਦੇ ਪੈਦਾ ਹੋਣ ਦਾ ਕਾਰਨ ਸਿੱਖਾਂ ਦਾ ਹਿੰਦੁਸਤਾਨੀ ਹਕੂਮਤ ਦੇ ਅਧੀਨ ਹੋਣਾ ਹੈ। ਅੱਜ ਪੰਜਾਬ ਹਿੰਦੁਸਤਾਨ ਦੀ ਬਸਤੀ ਹੈ। ਸਿੱਖ ਹਿੰਦੂ ਬਸਤੀਵਾਦੀ ਸੱਤਾ ਦੇ ਅਧੀਨ ਹਨ। ਹਿੰਦੂ ਬਸਤੀਵਾਦੀ ਹਾਕਮ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਖ਼ਤਮ ਕਰਨ ਲਈ ਉਤਾਰੂ ਹਨ।

2016 ਵਿੱਚ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਬਾਦਲ ਧੜੇ ਨੇ ਸਰਸੇ ਵਾਲੇ ਬਦਚਲਣ ਸਿੱਖ ਵਿਰੋਧੀ ਡੇਰਾ ਮੁਖੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀਨਾਮਾ ਦਿਵਾਇਆ। ਬਾਦਲ ਧੜੇ ਦਾ ਹਿਤ ਸੀ ਕਿ ਉਕਤ ਡੇਰਾ ਮੁਖੀ ਉਨ੍ਹਾਂ ਨੂੰ ਵੋਟਾਂ ਪੁਆਵੇਗਾ ਜਿਹੜੀਆਂ ਉਨ੍ਹਾਂ ਲਈ ਸੱਤਾ ਵਿੱਚ ਆਉਣ ਵਾਸਤੇ ਸਹਾਈ ਹੋਣਗੀਆਂ। ਬਾਦਲ ਧੜੇ ਦੀ ਇਹ ਹਰਕਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਨੂੰ ਖ਼ਤਮ ਕਰਨ ਵਾਲਾ ਕਦਮ ਸੀ। ਸਿੱਖਾਂ ਲਈ ਇਹ ਅਸਹਿ ਸੀ। ਉਸ ਵੇਲੇ ਦੇਸ-ਬਦੇਸ ਵਿੱਚ ਵਸਦੇ ਸਿੱਖਾਂ ਵਿੱਚ ਇਹ ਭਾਵਨਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਕਾਲੀ ਦਲ ਦੇ ਬਾਦਲ ਧੜੇ ਤੋਂ ਆਜ਼ਾਦ ਕਰਵਾਇਆ ਜਾਵੇ।

ਸਿੱਖਾਂ ਦੀ ਇਸ ਭਾਵਨਾ ਨੂੰ ਸਮਝਦਿਆਂ ਪੰਥਕ ਆਗੂ ਸ. ਸਿਮਰਨਜੀਤ ਸਿੰਘ ਮਾਨ ਨੇ ਸਰਬੱਤ ਖ਼ਾਲਸਾ ਦਾ ਸੱਦਾ ਦਿੱਤਾ। ਮਾਨ ਸਾਹਿਬ ਦੇ ਸੱਦੇ ਨੂੰ ਦੇਸ-ਬਦੇਸ ਵਿੱਚੋਂ ਪੁਰਜ਼ੋਰ ਹੁੰਗਾਰਾ ਮਿਲਿਆ। ਸਰਬੱਤ ਖ਼ਾਲਸਾ ਹੋਇਆ। ਤਖ਼ਤ ਸਾਹਿਬਾਨ ਦੇ ਨਵੇਂ ਜਥੇਦਾਰਾਂ ਦੀ ਚੋਣ ਹੋਈ। ਪਰ ਸ਼੍ਰੋਮਣੀ ਕਮੇਟੀ ਦੀ ਚੋਣ ਨਾ ਹੋਈ। ਹਿੰਦੁਸਤਾਨੀ ਹਕੂਮਤ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਨਹੀਂ ਕਰਵਾਈ। ਉਸ ਵੇਲੇ ਪੰਥਕ ਧਿਰਾਂ ਚੋਣਾਂ ਜਿੱਤਣ ਦੀ ਸਥਿਤੀ ਵਿੱਚ ਸਨ। ਜੇ ਚੋਣ ਹੁੰਦੀ ਤਾਂ ਪੰਥਕ ਧਿਰਾਂ ਕੋਲ ਤਖ਼ਤ ਸਾਹਿਬਾਨ ਸਮੇਤ ਸਮੂਹ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਆ ਜਾਣਾ ਸੀ। ਇਸ ਨਾਲ, ਸਰਬੱਤ ਖ਼ਾਲਸਾ ਦੇ ਚੁਣੇ ਹੋਏ ਜਥੇਦਾਰ ਸਾਹਿਬਾਨ ਨੇ ਤਖ਼ਤ ਸਾਹਿਬਾਨ ਦੀ ਬਾਕਾਇਦਾ ਨੁਮਾਇੰਦਗੀ ਵੀ ਕਰਨੀ ਸੀ। ਪਰ ਹਿੰਦੂ ਬਸਤੀਵਾਦੀ ਹਕੂਮਤ ਕੋਲ ਇਹ ਤਾਕਤ ਹੈ ਕਿ ਉਹ ਸਰਬੱਤ ਖ਼ਾਲਸਾ ਦੇ ਚੁਣੇ ਹੋਏ ਜਥੇਦਾਰ ਸਾਹਿਬਾਨ ਨੂੰ ਤਖ਼ਤ ਸਾਹਿਬਾਨ ਦੀ ਨੁਮਾਇੰਦਗੀ ਨਾ ਕਰਨ ਦੇਵੇ। ਬਸਤੀਵਾਦੀ ਹਕੂਮਤ ਲਗਾਤਾਰ ਆਪਣੀ ਇਸ ਤਾਕਤ ਦੀ ਵਰਤੋਂ ਕਰਦੀ ਆ ਰਹੀ ਹੈ।

ਸੁਆਲ ਹੈ ਕਿ ਸਿੱਖ ਇਸ ਸਥਿਤੀ ਨਾਲ ਨਜਿੱਠਣ ਕਿਵੇਂ? ਮੇਰਾ ਸੁਝਾਅ ਹੈ ਕਿ ਇਸ ਸਥਿਤੀ ਨਾਲ ਨਜਿੱਠਣ ਲਈ ਸਮੂਹ ਸਿੱਖ ਧਿਰਾਂ ਨੂੰ ਸਾਂਝੇ ਮੰਚ 'ਤੇ ਆਉਣ ਦੀ ਲੋੜ ਹੈ; ਪੰਥਕ ਧਿਰਾਂ ਨੂੰ ਸਮਝੌਤਾਵਾਦੀ ਅਕਾਲੀ ਧੜਿਆਂ ਨਾਲ ਮਿਲ ਕੇ ਕੰਮ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ; ਪੰਥਕ ਧਿਰਾਂ ਨੂੰ ਬਾਦਲ ਧੜੇ ਨਾਲ ਸੰਵਾਦ ਵਿੱਚ ਆਉਣਾ ਚਾਹੀਦਾ ਹੈ। ਸਿੱਖਾਂ ਦੀ ਇਹ ਲੋੜ ਹੈ ਕਿ ਉਹ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ 'ਤੇ ਤਾਲਮੇਲ ਰਾਹੀਂ ਦਬਾਅ ਬਣਾ ਕੇ ਰੱਖਣ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਧੜੇ ਨੂੰ ਆਪਣੀ ਮਨ-ਮਰਜ਼ੀ ਕਰਨ ਦੀ ਖੁੱਲ੍ਹ ਨਾ ਹੋਵੇ।

ਇਸ ਦਿਸ਼ਾ ਵਿੱਚ ਪਹਿਲਾ ਕਦਮ ਅਗਲਾ ਸਰਬੱਤ ਖ਼ਾਲਸਾ ਹੋ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਇਸ ਮੁਆਮਲੇ ਵਿੱਚ ਪਹਿਲਕਦਮੀ ਕਰਨੀ ਚਾਹੀਦੀ ਹੈ। ਸਮੂਹ ਪੰਥਕ ਧਿਰਾਂ ਨੂੰ ਇਸ ਸਰਬੱਤ ਖ਼ਾਲਸਾ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਸਿੱਖਾਂ ਦੀ ਇਹ ਆਮ ਸਹਿਮਤੀ ਬਣਨੀ ਚਾਹੀਦੀ ਹੈ ਕਿ ਸਾਰੇ ਸਿਆਸੀ ਮੱਤਭੇਦਾਂ ਦੇ ਬਾਵਜੂਦ ਅਸੀਂ ਆਪਣੀਆਂ ਸਰਬਉੱਚ ਸੰਸਥਾਵਾਂ ਬਚਾ ਕੇ ਰੱਖਣੀਆਂ ਹਨ।

ਇਸ ਦੇ ਨਾਲ ਹੀ ਸਾਨੂੰ ਸਰਬੱਤ ਖ਼ਾਲਸਾ ਦੇ ਸਰੂਪ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ। ਸਰਬੱਤ ਖ਼ਾਲਸਾ ਸਮੂਹ ਸਿੱਖਾਂ ਦਾ ਇਕੱਠ ਨਹੀਂ ਹੁੰਦਾ। ਸਰਬੱਤ ਖ਼ਾਲਸਾ ਸਮੂਹ ਸਿੱਖਾਂ ਦੇ ਨੁਮਾਇੰਦਿਆਂ ਦਾ ਇਕੱਠ ਹੁੰਦਾ ਹੈ। ਇਸ ਇਕੱਠ ਵਿੱਚ ਸਮੂਹ ਸਿੱਖ ਜਥੇਬੰਦੀਆਂ, ਸੰਸਥਾਵਾਂ, ਅਤੇ ਸੰਪਰਦਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਨੁਮਾਇੰਦਾ ਪੰਥਕ ਵਿਦਵਾਨਾਂ ਨੂੰ ਵੀ ਸ਼ਾਮਲ ਕਰਨ ਚਾਹੀਦਾ ਹੈ। ਆਮ ਸਿੱਖਾਂ ਦਾ ਵੱਡਾ ਇਕੱਠ ਸਰਬੱਤ ਖ਼ਾਲਸਾ ਨੂੰ ਜਨਤਕ ਅਤੇ ਨੈਤਿਕ ਹਮਾਇਤ ਦੇ ਕੇ ਇਸ ਦੀ ਵਾਜਬੀਅਤ ਸਥਾਪਿਤ ਕਰਦਾ ਹੈ। ਸਰਬੱਤ ਖ਼ਾਲਸਾ ਦੇ ਗੁਰਮਤੇ ਸਿੱਖ ਨੁਮਾਇੰਦਿਆਂ ਦੀ ਬੈਠਕ ਵਿੱਚ ਹੀ ਤਿਆਰ ਹੁੰਦੇ ਹਨ। ਪਰ ਗੁਰਮਤਿਆਂ ਦੀ ਅੰਤਮ ਪ੍ਰਵਾਨਗੀ ਸਰਬੱਤ ਖ਼ਾਲਸਾ ਵਿੱਚ ਸ਼ਾਮਲ ਸੰਗਤਾਂ ਦੇ ਵੱਡੇ ਇਕੱਠ ਤੋਂ ਲਈ ਜਾਂਦੀ ਹੈ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਲਈ ਸੁਝਾਅ ਹੈ ਕਿ ਉਹ ਦੇਸ-ਬਦੇਸ ਦੀਆਂ ਸੰਗਤਾਂ ਨਾਲ ਸੰਪਰਕ ਕਰਕੇ ਇਸ ਅਮਲ ਦੀ ਸ਼ੁਰੂਆਤ ਕਰਨ। ਸਮੂਹ ਪੰਥਕ ਧਿਰਾਂ ਅਤੇ ਵਿਦਵਾਨਾਂ ਦੇ ਸੁਝਾਅ ਲੈਣ ਅਤੇ ਸਰਬੱਤ ਖ਼ਾਲਸਾ ਰਾਹੀਂ ਸਿੱਖਾਂ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਦਾ ਉਪਰਾਲਾ ਕਰਨ।

# ਇਹੁ ਅਚਾਰਾ ਸਿਖੁ ਰੀ

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਇਹ ਕਥਨ ਦਰਅਸਲ ਅਰਧ ਵਾਕ ਹੈ। ਇਹਦਾ ਪਹਿਲਾ ਸ਼ਬਦ 'ਇਹੁ' ਅਤੇ ਅਖ਼ੀਰਲਾ ਸ਼ਬਦ 'ਰੀ' ਧਿਆਨ ਖਿਚਦੇ ਹਨ। ਸ਼ਬਦ 'ਇਹੁ' ਦੱਸਦਾ ਹੈ ਕਿ ਪਾਤਸ਼ਾਹ ਇਸ ਤੁਕ ਦੇ ਪਹਿਲੇ ਹਿੱਸੇ ਵੱਲ ਸੰਕੇਤ ਕਰ ਰਹੇ ਹਨ ਤੇ 'ਰੀ' ਅਜਿਹਾ ਇਸਤਰੀਵਾਚਕ ਮੁਖਾਤਿਬ ਹੈ, ਜਿਹਤੋਂ ਕਿਸੇ ਵੱਲੋਂ ਕਿਸੇ ਨੂੰ ਕੁਝ ਕਹਿਣ ਦਾ ਸੰਕੇਤ ਮਿਲਦਾ ਹੈ। ਅਸਲ ਵਿਚ ਇੱਥੇ ਕਹਿਣ ਅਤੇ ਸੁਨਣ ਵਾਲੇ ਦੋ ਨਹੀਂ ਹਨ ਤੇ ਇਹ ਇਕ ਸਵਗਤ ਕਥਨ (soilloquy) ਹੈ।

ਕਦੇ ਕਦੇ ਅਸੀਂ ਕਿਸੇ ਵਿਸ਼ੇਸ਼ ਮਨੋਦਸ਼ਾ ਵਿਚ ਆਪਣੇ ਆਪ ਨੂੰ ਮੁਖਾਤਿਬ ਹੁੰਦੇ ਹਾਂ ਤੇ ਆਪਣੇ ਆਪ ਨਾਲ ਹੀ ਗੱਲਾਂ ਕਰਨ ਲੱਗ ਪੈਂਦੇ ਹਾਂ। ਅਜਿਹੇ ਸਮੇਂ ਅਸੀਂ ਆਪ ਹੀ ਕਹਿਣ ਵਾਲੇ ਹੁੰਦੇ ਹਾਂ ਤੇ ਆਪ ਹੀ ਸੁਣਨ ਵਾਲੇ ਹੁੰਦੇ ਹਾਂ। ਗੁਰਬਾਣੀ ਵਿਚ



**ਅਵਤਾਰ ਸਿੰਘ**
**ਫ਼ੋਨ: 94175-18384**

ਅਜਿਹੇ ਸਵਗਤ ਕਥਨ ਵੇਲੇ ਆਪਣੇ ਦੋ ਆਪੇ ਇਸਤਰੀਵਾਚਕ ਹੋ ਜਾਂਦੇ ਹਨ, ਜਿਵੇਂ ਦੋ ਸਹੇਲੀਆਂ ਆਪਸ ਵਿਚ ਗੱਲ ਕਰਦੀਆਂ ਹੋਣ।

ਇਸ ਲਹਿਜ਼ੇ ਵਿਚ ਪਾਤਸ਼ਾਹ ਮਨੁੱਖੀ ਆਪੇ ਨੂੰ ਸਖੀ ਅੰਦਾਜ਼ ਵਿਚ ਮੁਖਾਤਿਬ ਹੋ ਕੇ ਸਿਰਫ਼ ਕੋਈ ਵਿਸ਼ੇਸ਼ ਆਚਰਣ ਸਿੱਖਣ ਦਾ ਆਦੇਸ਼ ਹੀ ਨਹੀਂ ਦੇ ਰਹੇ, ਬਲਕਿ ਦੱਸ ਵੀ ਰਹੇ ਹਨ ਕਿ ਇਹੋ ਜਿਹੇ ਆਚਰਣ ਨਾਲ ਸਿੱਖ ਹੋਈਦਾ ਹੈ ਜਾਂ ਕਹਿ ਲਉ ਇਹੋ ਜਿਹੇ ਆਚਰਣ ਵਾਲਾ ਵਿਅਕਤੀ ਹੀ ਸਿੱਖ ਹੁੰਦਾ ਹੈ। 'ਧੰਮਪਦ' ਵਿਚ ਬੁੱਧ ਸਵਾਲ ਕਰਦੇ ਹਨ 'ਕੋ ਇਮਮ ਪੱਥਵਿਮ ਵਿਜੇਸਤਿ' ਕਿ ਇਸ ਰਾਹ ਨੂੰ ਕੌਣ ਜਿੱਤੇਗਾ। ਫਿਰ ਆਪ ਹੀ ਜਵਾਬ ਦਿੰਦੇ ਹਨ 'ਸੇਖੋ ਪੱਥਵਿਮ ਵਿਜੇਸਤਿ' ਕਿ ਸਿੱਖ ਹੀ ਇਸ ਰਾਹ ਨੂੰ ਜਿੱਤੇਗਾ। ਇੱਥੇ 'ਪੱਥਵਿਮ' ਦਾ ਅਰਥ ਜਗਤ ਜਾਂ ਸੰਸਾਰ ਦਾ ਰਾਹ ਹੈ। ਗੁਰੂ ਨਾਨਕ ਨੇ ਵੀ ਬੁੱਧ ਦੇ ਉਕਤ ਸਵਾਲ ਦਾ ਜਵਾਬ ਦਿੱਤਾ ਕਿ ਇਸ ਜਗਤ ਨੂੰ ਉਹੀ ਜਿੱਤ ਸਕੇਗਾ, ਜਿਹੜਾ ਆਪਣੇ ਮਨ ਨੂੰ ਜਿੱਤ ਲਵੇਗਾ। ਉਨ੍ਹਾਂ ਨੇ ਬੜੇ ਹੀ ਸੰਖੇਪ ਅਤੇ ਭਾਵਪੂਰਤ ਅੰਦਾਜ਼ ਵਿਚ ਕਿਹਾ: ਮਨਿ ਜੀਤੈ ਜਗੁ ਜੀਤੁ॥

ਇਸੇ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਬਚਨ ਕੀਤਾ ਕਿ ਸਿੱਖ ਦਾ ਅਜਿਹਾ ਆਚਰਣ ਹੁੰਦਾ ਹੈ। ਕਿਹੋ ਜਿਹਾ? ਇਹਦਾ ਜਵਾਬ ਇਸ ਵਾਕ ਦੇ ਪਹਿਲੇ ਹਿੱਸੇ ਵਿਚ ਦੱਸਿਆ ਕਿ 'ਸੰਤਾ ਕੀ ਹੋਇ ਦਾਸ ਰੀ'। ਸੰਪੂਰਨ ਵਾਕ ਦਾ ਭਾਵ ਇਹ ਹੋਇਆ ਕਿ ਜਿਨ੍ਹਾਂ ਦੀ ਪ੍ਰਕਿਰਤੀ ਵਿਚ ਸੰਤ ਲੋਕਾਂ ਪ੍ਰਤੀ ਨਿਮਰ ਭਾਵ ਹੋਵੇ, ਉਹੋ ਜਿਹੇ ਆਚਰਣ ਵਾਲੇ ਵਿਅਕਤੀ ਨੂੰ ਸਿੱਖ ਕਹਿੰਦੇ ਹਨ।

ਜੇ ਬਾਣੀ ਦੀਆਂ ਲਗਾਂ ਮਾਤਰਾਂ ਨੂੰ ਕਿਸੇ ਵਿਆਕਰਨਕ ਨੇਮ ਦੀ ਬਜਾਇ ਵਿਸ਼ੇਸ਼ ਉਚਾਰਣ ਦਾ ਅੰਗ ਮੰਨ ਲਈਏ ਤਾਂ ਇਸ ਪੰਕਤੀ ਦਾ ਅਰਥ ਇਹ ਬਣਦਾ ਹੈ ਕਿ ਪਾਤਸ਼ਾਹ ਮਨੁੱਖ ਨੂੰ ਆਦੇਸ਼ ਦੇ ਰਹੇ ਹਨ ਕਿ ਉਹ ਸੰਤ ਲੋਕਾਂ ਪ੍ਰਤੀ ਦਾਸ ਭਾਵ ਅਰਥਾਤ ਨਿਮਰਤਾ ਵਾਲਾ ਆਚਰਣ ਅਪਣਾ ਲਵੇ। ਇਸ ਆਦੇਸ਼ ਤੋਂ ਸਪੱਸ਼ਟ ਹੁੰਦਾ ਹੈ ਕਿ ਨਿਮਰ ਭਾਵ ਦੇ ਵਿਪਰੀਤ ਅਹੰਕਾਰ ਵਾਲਾ ਜਾਂ ਉੱਚ ਭਾਵ ਵਾਲਾ ਆਚਰਣ ਸਿੱਖੀ ਦਾ ਅੰਗ ਨਹੀਂ ਹੈ। ਪੰਚਮ ਪਾਤਸ਼ਾਹ ਦੀ ਨਿਮਰ ਭਾਵੀ ਸਿੱਖਿਆ ਕਿਸੇ ਵਿਸ਼ੇਸ਼ ਕਿੱਤੇ ਅਤੇ ਖ਼ਿੱਤੇ ਦੇ ਲੋਕਾਂ ਤੱਕ ਸੀਮਤ ਨਹੀਂ, ਬਲਕਿ ਇਹ ਆਦੇਸ਼ ਅਤੇ ਸੱਚ ਸਮੁੱਚੇ ਸੰਸਾਰ ਲਈ ਹੈ। ਜਗਤ ਜਲੰਦੇ ਨੇ ਜੇ ਆਪਣੇ ਅੰਦਰ ਬਲਦੀ ਅਹੰਕਾਰ ਅਗਨੀ ਤੋਂ ਮੁਕਤੀ ਹਾਸਲ ਕਰਨੀ ਹੈ ਤਾਂ ਅਜਿਹਾ ਨਿਮਰ ਭਾਵ ਅਪਣਾਉਣਾ ਲਾਜ਼ਮੀ ਹੈ।

ਕਈ ਸਾਲ ਪਹਿਲਾਂ ਕੁਝ ਸੁਹਿਰਦ ਸੱਜਣਾਂ ਨੇ ਉੱਦਮ ਕਰ ਕੇ ਅੰਤਰ ਰਾਸ਼ਟਰੀ ਕਿਸਮ ਦੀ ਸੰਸਥਾ ਸਿੱਖ ਰਿਸਰਚ ਇੰਸਟੀਚਿਊਟ ਦਾ ਨਿਰਮਾਣ ਕੀਤਾ, ਜਿਹਦੇ ਅਧੀਨ ਬਹੁਤ ਸਾਰੇ ਕਾਰਜ ਕੀਤੇ ਅਤੇ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦਾ ਮਨੋਰਥ ਇਸ ਸੰਸਥਾ ਦੇ ਨਾਂ ਦੀ ਸੰਖੇਪਤਾ ਵਿਚੋਂ ਹੀ ਸਪੱਸ਼ਟ ਹੋ ਜਾਂਦਾ ਹੈ। ਇਸ ਸੰਸਥਾ ਦੇ ਕਾਰਜ ਹੁਣ ਬੱਝਵੇਂ ਰੂਪ ਵਿਚ ਸਭ ਦੇ ਸਾਹਮਣੇ ਹੋਣਗੇ, ਜਿਸ ਕਰਕੇ ਹੁਣ ਉਨ੍ਹਾਂ ਦਾ ਯਕਮੁਸ਼ਤ ਲਾਹਾ ਲਿਆ ਜਾ ਸਕੇਗਾ।

ਵੱਡੀ ਗੱਲ ਇਹ ਹੈ ਕਿ ਅਜਿਹਾ ਲਾਹਾ ਲੈਣ ਲਈ ਕਿਸੇ ਨੂੰ ਕਿਤੇ ਜਾਣਾ ਨਹੀਂ ਪਵੇਗਾ,




ਨਾਂ ਨੂੰ ਸੰਖੇਪ ਕਰ ਕੇ ਐਸ ਆਰ ਆਈ ਅਰਥਾਤ ਸਿੱਖ ਰੀ (SikhRI) ਬਣਦਾ ਹੈ, ਜਿਸ ਵਿਚ ਪੰਚਮ ਪਾਤਸ਼ਾਹ ਦੀ ਉਕਤ ਪੰਕਤੀ 'ਇਹੁ ਅਚਾਰਾ ਸਿਖੁ ਰੀ' ਵਿਚਲੇ ਆਸ਼ੇ ਅਤੇ ਆਦੇਸ਼ ਦਾ ਸੰਕੇਤ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਤੁਕ ਗੁਰਮਤਿ ਦੇ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਅਤੇ ਨਿਚੋੜ ਹੈ। ਆਪਾ ਗਵਾਏ ਬਿਨਾ ਸਹੁ ਨਹੀਂ ਪਾਇਆ ਜਾ ਸਕਦਾ। ਇਸ ਲਈ ਆਪੇ ਤੋਂ ਦਰਕਿਨਾਰ ਹੋਣਾ ਜਾਂ ਤਟਸਥ ਹੋਣਾ ਹੀ ਸਿੱਖੀ ਜਾਂ ਸਿੱਖੀ ਦਾ ਰਾਹ ਅਤੇ ਸਿੱਖ ਜੀਵਨ ਜਾਚ ਹੈ।

ਹੁਣ ਇਹਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਅਤੇ ਵਿਆਖਿਆ ਦਾ ਇਕ ਹੋਰ ਕਾਰਜ ਜੋੜਿਆ ਗਿਆ ਹੈ, ਜਿਹਦੇ ਵਿਚ ਬਹੁਤ ਸਾਰੇ ਅਜਿਹੇ ਵਿਅਕਤੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਹੜੇ ਪਹਿਲਾਂ ਹੀ ਕਿਸੇ ਨਾ ਕਿਸੇ ਤਰ੍ਹਾਂ ਅਜਿਹੇ ਕਾਰਜ ਨੂੰ ਸਮਰਪਿਤ ਸਨ। ਪਰ ਹੁਣ ਉਹ ਇਸ ਸੰਸਥਾ ਦਾ ਹਿੱਸਾ ਬਣ ਗਏ ਹਨ ਤੇ ਉਨ੍ਹਾਂ ਦੇ ਵਿਕੋਲਿਤਰੇ ਬਲਕਿ ਆਪਣੇ ਮੋਬਾਈਲ, ਟੈਬ ਜਾਂ ਲੈਪਟੌਪ 'ਤੇ ਇਸ ਲਿੰਕ app.gurugranthsahib.io 'ਤੇ ਕਲਿੱਕ ਕਰਨਾ ਪਵੇਗਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਅੱਖਰ ਅੱਖਰ, ਸ਼ਬਦ ਸ਼ਬਦ ਅਤੇ ਹਰ ਵਾਕ ਬੜੇ ਹੀ ਸਰਲ ਅਤੇ ਸੁਖੈਨ ਰੂਪ ਵਿਚ ਸਮਝਿਆ ਜਾ ਸਕੇਗਾ। ਬਾਣੀ ਦਾ ਉਚਾਰਣ, ਵਿਆਕਰਨ, ਕਾਵਿ ਕਲਾ, ਸੰਗੀਤ, ਦਰਸ਼ਨ ਅਤੇ ਆਚਰਨ ਇੱਕੋ ਕਲਿੱਕ ਨਾਲ ਸਾਮਰੱਥ ਹੋਵੇਗਾ। ਇਹ ਵੀ ਨਹੀਂ ਕਿ ਜੋ ਇਕ ਵਾਰ ਲਿਖਿਆ ਗਿਆ ਪੱਥਰ 'ਤੇ ਲੀਕ ਹੋ ਗਿਆ। ਕਮੀਆਂ ਪੇਸ਼ੀਆਂ ਸਾਹਮਣੇ ਆਉਂਦੀਆਂ ਰਹਿਣਗੀਆਂ ਤੇ ਨਾਲੋ ਨਾਲ ਦਰੁਸਤ ਹੁੰਦੀਆਂ ਰਹਿਣਗੀਆਂ। ਹਰ ਨੇਕ ਸੁਝਾਅ ਸਿਰ ਮੱਥੇ ਮੰਨਿਆ ਜਾਵੇਗਾ ਤੇ ਵਿਕਾਸਗਤ ਅਤੇ ਮੌਲਿਕ ਕਾਰਜ ਸੰਪੰਨਤਾ ਵੱਲ ਹਮੇਸ਼ਾ ਵਧਦਾ ਰਹੇਗਾ।

ਕਈ ਲੋਕ ਕੁਝ ਕਰਨ ਲਈ ਇਹੋ ਜਿਹਾ ਸੁਪਨਾ ਲੈਂਦੇ ਹਨ ਤੇ ਝੱਟਪਟ ਇਮਾਰਤ ਉਸਾਰਨ ਬਾਬਤ ਸੋਚਣ ਲੱਗ ਪੈਂਦੇ ਹਨ। ਫਿਰ ਉਹ ਇਸ ਕੰਮ ਲਈ ਮੋਟੀਆਂ ਰਕਮਾਂ ਉਗਰਾਹੁੰਦੇ ਹਨ ਤਾਂ ਇਮਾਰਤ ਤਾਮੀਰ ਹੋਣ ਲੱਗਦੀ ਹੈ। ਪਿੰਡ ਵਸਦਾ ਦੇਖ ਕੇ ਉਚੱਕੇ ਸਕੀਮਾਂ ਘੜਨ ਲੱਗ ਪੈਂਦੇ ਹਨ ਤੇ ਪਿੰਡ ਵੱਸਣ ਤੋਂ ਪਹਿਲਾਂ ਹੀ ਉਸ ਇਮਾਰਤ ਅਤੇ ਸੰਸਥਾ 'ਤੇ ਕਾਬਜ਼ ਹੋ ਜਾਂਦੇ ਹਨ। ਇਹਦੇ ਨਾਲ ਹੀ ਕਿਸੇ ਭਲੇ ਪੁਰਸ਼ ਦੇ ਸੁਪਨੇ ਦਾ ਭੋਗ ਪੈ ਜਾਂਦਾ ਹੈ ਤੇ ਉਹ ਭਲਾ ਪੁਰਸ਼ ਪਛਤਾਉਣ ਜੋਗੇ ਹੱਥ ਮਲਦਾ ਰਹਿ ਜਾਂਦਾ ਹੈ। ਨਾ ਉਹ ਕਿਸੇ ਨੂੰ ਕੁਝ ਕਹਿਣ ਜੋਗਾ ਰਹਿੰਦਾ ਹੈ ਤੇ ਨਾ ਕੁਝ ਕਰਨ ਜੋਗਾ ਬਚਦਾ ਹੈ। ਵਿਚਾਰਾ ਕਿਸੇ ਨੂੰ ਕੋਸਣ ਦੇ ਇਲਾਵਾ ਕੁਝ ਵੀ ਨਹੀਂ ਕਰ ਸਕਦਾ।

ਪਰ ਇਹ 'ਸਿੱਖ ਰੀ' ਨੇ ਜਿਸ ਕਾਰਜ ਦਾ ਸੁਪਨਾ ਲਿਆ, ਉਹਦੇ ਲਈ ਇਮਾਰਤ ਦੀ ਉੱਕਾ ਲੋੜ ਨਹੀਂ ਹੈ। ਬਿਨਾ ਬਾਂਸ ਦੇ ਬਾਂਸਰੀ ਵੱਜ ਰਹੀ ਹੈ। ਜਿੱਥੇ ਕੋਈ ਹੈ, ਉੱਥੋਂ ਹੀ ਇੰਟਰਨੈੱਟ ਰਾਹੀਂ ਕਾਰਜ ਹੋ ਰਿਹਾ ਹੈ। ਲੋੜ ਹੈ ਸਿਰਫ਼ ਮਿਹਨਤ, ਗਿਆਨ ਅਤੇ ਲਗਨ ਦੀ। ਸਾਰੇ ਸੱਜਣ ਬੜੇ ਹੀ ਸੇਵਾ ਅਤੇ ਨਿਮਰ ਭਾਵ ਨਾਲ ਆਪੋ ਆਪਣੇ ਹਿੱਸੇ ਦਾ ਕਾਰਜ ਕਰਦੇ ਹਨ। ਜਿਵੇਂ ਗੁਰਮਤਿ ਗਿਆਨ ਦੀ ਵਰਚੁਅਲ ਬੈਠਕ ਅਤੇ ਗੋਸ਼ਟ ਚੱਲ ਰਹੀ ਹੋਵੇ। ਸਾਰੇ ਸੱਜਣ ਦੂਰ ਦੂਰ ਬੈਠੇ ਹੋਏ ਵੀ ਏਨੇ ਨੇੜੇ ਮਹਿਸੂਸ ਕਰਦੇ ਹਨ ਕਿ ਨੇੜੇ ਬੈਠੇ ਵੀ ਏਨੇ ਨੇੜੇ ਨਹੀਂ ਹੁੰਦੇ। ਇਸ ਸੰਸਥਾ ਦਾ ਹਿੱਸਾ ਹੋਣ ਦਾ ਅਜਿਹਾ ਅਨੁਭਵ ਅਤੇ ਅਹਿਸਾਸ ਹੈ, ਜਿਵੇਂ ਕੋਈ ਰੂਹਾਨੀ ਸਤਿਸੰਗ ਹੋਵੇ।

ਇਸ ਟੀਮ ਵਿਚ ਕਾਰਪੋਰੇਟ ਜਿਹੇ ਅੱਵਲ ਦੋਮ ਦਾ ਭਾਵ ਨਹੀਂ ਹੈ। ਸਾਰੇ ਕਿਰਤੀ ਹਨ ਤੇ ਰਲ ਮਿਲ ਕੇ ਕਾਰਜ ਕਰਦੇ ਹਨ। ਕਿਸੇ ਤਰ੍ਹਾਂ ਦੀ ਰੋਕ ਟੋਕ ਦੇ ਬਗੈਰ ਸੇਧ ਲਈ ਅਤੇ ਦਿੱਤੀ ਜਾਂਦੀ ਹੈ। ਹਰ ਕੋਈ ਹਰ ਕਿਸੇ ਨੂੰ ਇਵੇਂ ਮਿਲਦਾ ਹੈ, ਜਿਵੇਂ ਭਗਤ ਰਵਿਦਾਸ ਜੀ ਦੇ ਬੇਗਮਪੁਰੇ ਵਿਚ ਕੋਈ ਮਿਲ ਸਕਦਾ ਹੈ - ਦੋਮ ਨ ਸੇਮ ਏਕ ਸੋ ਆਹੀ॥

ਅਰਦਾਸ ਹੈ ਕਿ ਇਹ ਕਾਰਜ ਇਸੇ ਸੇਵਾ ਅਤੇ ਨਿਮਰ ਭਾਵ ਨਾਲ ਨੇਪਰੇ ਚੜ੍ਹੇ ਤੇ ਜਗਤ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਹਲੇਮੀ ਰਾਜ ਦਾ ਸੁਪਨਾ ਸਾਕਾਰ ਹੋਵੇ, ਜਿਹਦੇ ਵਿਚ ਕੋਈ ਵੀ ਕਿਸੇ ਨੂੰ ਤੰਗ ਨਾ ਕਰੇ, ਨਾ ਤੰਗ ਹੋਵੇ, ਨਾ ਉੱਚਾ ਬੋਲੇ ਨਾ ਸੁਣੇ। ਹਰ ਕੋਈ ਸੁਖੀ ਸੁਖੀ ਜੀਵੇ ਤੇ ਜੀਣ ਦੇਵੇ। ਹਰ ਕੋਈ ਕਿਰਤ ਕਰੇ, ਨਾਮ ਜਪੇ ਤੇ ਵੰਡ ਕੇ ਛਕੇ।

# ਜਿੰਨੀਆ ਵੱਡੀਆਂ ਬੈਂਕਾਂ, ਓਨਾ ਵੱਡਾ ਸੰਕਟ

***ਕੁਝ ਕਹਿੰਦੇ-ਕਹਾਉਂਦੇ ਅਮਰੀਕੀ ਬੈਂਕ ਡੁੱਬਣ ਨਾਲ ਕਈ ਮੁਲਕਾਂ ਦੇ ਵਿੱਤੀ ਅਦਾਰਿਆਂ ਅੰਦਰ ਵਾਹਵਾ ਖਲਬਲੀ ਮਚੀ ਹੋਈ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਇਮਦਾਦ ਵਾਲੇ ਐਲਾਨ ਨਾਲ ਭਾਵੇਂ ਹਾਲਾਤ ਨੂੰ ਸੰਭਾਲਣ ਦਾ ਯਤਨ ਕੀਤਾ ਹੈ ਪਰ ਸੰਸਾਰ ਭਰ ਵਿਚ ਚੱਲ ਰਹੀ ਆਰਥਿਕ ਮੰਦੀ ਕਾਰਨ ਵੱਖ-ਵੱਖ ਅਦਾਰਿਆਂ ਦੀ ਹਾਲਤ ਬਹੁਤੀ ਪੁਖਤਾ ਨਹੀਂ। ਸੁਸ਼ਮਾ ਰਾਮਚੰਦਰਨ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਸਮੁੱਚੇ ਹਾਲਾਤ 'ਤੇ ਟਿੱਪਣੀ ਕਰਦਿਆਂ ਇਨ੍ਹਾਂ ਅਦਾਰਿਆਂ ਦੀਆਂ ਸੀਮਾਵਾਂ ਅਤੇ ਸਮਰੱਥਾਵਾਂ ਬਾਰੇ ਵਿਚਾਰ-ਚਰਚਾ ਕੀਤੀ ਹੈ।***

**ਸੁਸ਼ਮਾ ਰਾਮਚੰਦਰਨ**

ਸਿਲੀਕੌਨ ਵੈਲੀ ਨਾਲ ਨਾਕਾਮੀ ਦਾ ਸ਼ਬਦ ਜੋੜਨਾ ਬਹੁਤ ਔਖਾ ਲੱਗਦਾ ਹੈ। ਸਟਾਰਟਅੱਪ ਕੰਪਨੀਆਂ ਲਈ ਇਹ ਬਹੁਤ ਹੀ ਮੁਕੱਦਸ ਮੁਕਾਮ ਗਿਣੀ ਜਾਂਦੀ ਹੈ ਜਿਸ ਦੇ ਕਲਾਵੇ ਵਿਚ ਦੁਨੀਆਂ ਦੀਆਂ ਸਫ਼ਲਤਾ ਦੀਆਂ ਸਭ ਤੋਂ ਵੱਡੀਆਂ ਕਹਾਣੀਆਂ ਉਗਮਦੀਆਂ ਹਨ। ਇਹ ਜਗ੍ਹਾ ਐਪਲ, ਗੂਗਲ, ਇੰਟੈੱਲ, ਐੱਚ.ਪੀ., ਫੇਸਬੁੱਕ, ਅਡੋਬ ਅਤੇ ਈਬੇਅ ਜਿਹੀਆਂ ਨਾਮੀ ਅਤੇ ਵੱਡੀਆਂ ਤਕਨੀਕੀ ਕੰਪਨੀਆਂ ਦਾ ਸਦਰ-ਮੁਕਾਮ ਬਣੀ ਹੋਈ ਹੈ। ਇਸ ਲਈ ਜਦੋਂ ਇਸ ਜਗ੍ਹਾ ਨਾਲ ਕਿਸੇ ਮੋਹਰੀ ਬੈਂਕ ਦੇ ਡੁੱਬ ਜਾਣ ਅਤੇ ਫਿਰ ਉਸ ਦਾ ਕੰਟਰੋਲ ਯੂ.ਐੱਸ. ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ (ਐਫ.ਡੀ.ਆਈ.ਸੀ.) ਦੇ ਹੱਥਾਂ ਵਿਚ ਲੈਣ ਦੀ ਖ਼ਬਰ ਸੁਣਨ ਨੂੰ ਮਿਲਦੀ ਹੈ ਤਾਂ ਲੋਕ ਦੰਗ ਰਹਿ ਜਾਂਦੇ ਹਨ। ਹਾਲ ਹੀ ਵਿਚ ਸਿਲੀਕੌਨ ਵੈਲੀ ਬੈਂਕ (ਐੱਸ.ਵੀ.ਬੀ.) ਦਾ ਨਾਂ ਫੋਰਬਸ ਵੱਲੋਂ ਜਾਰੀ ਕੀਤੀ ਸਰਬੋਤਮ ਬੈਂਕਾਂ ਦੀ ਸੂਚੀ ਵਿਚ ਸ਼ੁਮਾਰ ਹੋਇਆ ਸੀ ਤੇ ਹੁਣ ਇਹ ਬੈਂਕ ਡੁੱਬ ਗਿਆ ਹੈ ਕਿਉਂਕਿ ਅਦਾਰੇ ਨੂੰ ਚਲਾਉਣ ਲਈ ਇਸ ਕੋਲ ਲੋੜੀਂਦੇ ਫੰਡ ਨਹੀਂ ਬਚੇ ਸਨ। ਇਸ ਸੰਕਟ ਦਾ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਅਮਰੀਕਾ ਦਾ 16ਵਾਂ ਸਭ ਤੋਂ ਵੱਡਾ ਬੈਂਕ ਹੈ ਜਿਸ ਕੋਲ ਅੰਦਾਜ਼ਨ 200 ਅਰਬ ਡਾਲਰ ਦੇ ਅਸਾਸੇ ਹਨ।

ਬੈਂਕ ਡੁੱਬਣ ਨਾਲ ਪੈਣ ਵਾਲੇ ਅਸਰ ਅਮਰੀਕਾ ਤੱਕ ਹੀ ਮਹਿਦੂਦ ਨਹੀਂ ਰਹਿਣਗੇ ਸਗੋਂ ਇਸ ਦੀਆਂ ਛੱਲਾਂ ਭਾਰਤ ਤੱਕ ਪਹੁੰਚ ਰਹੀਆਂ ਹਨ। ਬੈਂਕ ਡੁੱਬਣ ਦੀ ਖ਼ਬਰ ਆਉਣ ਤੋਂ ਬਾਅਦ ਭਾਰਤੀ ਸਟਾਰਟਅੱਪਸ ਵਿਚ ਘਬਰਾਹਟ ਫੈਲ ਗਈ ਕਿਉਂਕਿ ਕਈ ਭਾਰਤੀ ਸਟਾਰਟਅੱਪਸ ਅਤੇ ਤਕਨੀਕੀ ਕੰਪਨੀਆਂ ਤੇ ਵੈਂਚਰ ਕੈਪੀਟਲ ਫੰਡ (ਜ਼ਿਆਦਾ ਜੋਖ਼ਮ ਭਰੇ ਕਾਰੋਬਾਰਾਂ ਦੇ ਪ੍ਰੋਜੈਕਟ) ਕੰਪਨੀਆਂ ਦੀਆਂ ਜਮਾਂਪੂੰਜੀਆਂ ਇਸ ਬੈਂਕ ਕੋਲ ਰੱਖੀਆਂ ਹੋਈਆਂ ਸਨ। ਐੱਸ.ਵੀ.ਬੀ. ਨਵੇਂ ਉੱਦਮਾਂ ਲਈ ਆਸਾਨ ਸ਼ਰਤਾਂ 'ਤੇ ਕਰਜ਼ਾ ਦਿੰਦਾ ਸੀ ਅਤੇ ਪਿਛਲੇ ਕੁਝ ਦਹਾਕਿਆਂ ਤੋਂ ਇਹ ਸਟਾਰਟਅੱਪ ਕੰਪਨੀਆਂ ਲਈ ਸਭ ਤੋਂ ਪਸੰਦੀਦਾ ਬੈਂਕ ਬਣਿਆ ਹੋਇਆ ਸੀ। ਇਕ ਅੰਦਾਜ਼ੇ ਮੁਤਾਬਿਕ ਅਮਰੀਕਾ ਵਿਚਲੀਆਂ 50 ਫ਼ੀਸਦੀ ਵੈਂਚਰ ਕੈਪੀਟਲ ਆਧਾਰਿਤ ਸਟਾਰਟਅੱਪਸ ਦੀਆਂ ਜਮ੍ਹਾਂਪੂੰਜੀਆਂ ਐੱਸ.ਵੀ.ਬੀ. ਕੋਲ ਸਨ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ ਤਾਂ ਐਕਸੀਲਰੇਟਰ ਵਾਈਕੰਬੀਨੇਟਰ ਦੀ ਸਹਾਇਤਾਯਾਫ਼ਤਾ ਪ੍ਰਾਪਤ ਘੱਟੋ-ਘੱਟ 60 ਵੈਂਚਰਾਂ ਦੇ ਖਾਤੇ ਇਸੇ ਬੈਂਕ ਵਿਚ ਸਨ।

ਇਸ ਘਟਨਾਕ੍ਰਮ ਦੇ ਨਿਕਲਣ ਵਾਲੇ ਸਿੱਟਿਆਂ ਬਾਰੇ ਅਜੇ ਖੁਲਾਸੇ ਹੋ ਰਹੇ ਹਨ ਪਰ ਇਹ ਤੱਥ ਆ ਚੁੱਕੇ ਹਨ ਕਿ ਬੈਂਕ ਬੰਦ ਕਰ ਦਿੱਤਾ ਗਿਆ ਹੈ ਅਤੇ ਇਸ ਦਾ ਕੰਟਰੋਲ ਐਫ.ਡੀ.ਆਈ.ਸੀ. ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ। ਸ਼ੁਰੂਆਤੀ ਤੌਖ਼ਲੇ ਇਹ ਸਨ ਕਿ ਖਾਤਾ ਧਾਰਕਾਂ ਨੂੰ 250000 ਡਾਲਰ ਤੱਕ ਬੀਮੇ ਦੀ ਰਕਮ ਮੋੜੀ ਜਾਵੇਗੀ ਜਿਸ ਕਰ ਕੇ ਬਹੁਤ ਸਾਰੀਆਂ ਸਟਾਰਟਅੱਪਸ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿਉਂਕਿ ਉਨ੍ਹਾਂ ਨੇ ਵੱਡੀਆਂ-ਵੱਡੀਆਂ ਰਕਮਾਂ ਬੈਂਕ ਕੋਲ ਰੱਖੀਆਂ ਹੋਈਆਂ ਸਨ। ਬਹੁਤ ਸਾਰੇ ਲੋਕਾਂ ਨੂੰ ਉਜਰਤਾਂ ਦੀਆਂ ਅਦਾਇਗੀਆਂ ਦੇ ਮੁੱਦੇ ਇਸੇ ਹਫ਼ਤੇ ਜਾਰੀ ਹੋਣ ਦੀ ਆਸ ਸੀ। ਬਹਰਹਾਲ, ਸਥਿਤੀ ਉਦੋਂ ਬਦਲ ਗਈ ਜਦੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਕਿ ਐੱਸ.ਵੀ.ਬੀ. ਅਤੇ ਸਿਗਨੇਚਰ ਬੈਂਕ ਦੇ ਗਾਹਕਾਂ ਨੂੰ ਉਨ੍ਹਾਂ ਦੇ ਸਾਰੇ ਫੰਡਾਂ ਤੱਕ ਰਸਾਈ ਹਾਸਲ ਹੈ। ਸਾਫ਼ ਜ਼ਾਹਰ ਹੈ ਕਿ ਇਹ ਮੌਜੂਦਾ ਪ੍ਰਸ਼ਾਸਨ ਲਈ ਸਿਆਸੀ ਫ਼ੈਸਲਾ ਹੋਵੇਗਾ ਤੇ ਉਹ ਇਹ ਚਾਹੁੰਦਾ ਹੋਵੇਗਾ ਕਿ ਅਮਰੀਕੀ ਬੈਂਕਿੰਗ ਪ੍ਰਣਾਲੀ ਦੀ ਭਰੋਸੇਯੋਗਤਾ ਮੁਤੱਲਕ ਉੱਠ ਰਹੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਜਾਣ।

ਇਹ ਖ਼ਬਰ ਆਉਣ ਤੋਂ ਪਹਿਲਾਂ ਹੀ ਜ਼ਿਆਦਾਤਰ ਵਿਸ਼ਲੇਸ਼ਕਾਂ ਨੇ ਸਿਲੀਕੌਨ ਬੈਂਕ ਡੁੱਬਣ ਨਾਲ ਹੋਰ ਬੈਂਕਾਂ 'ਤੇ ਪੈਣ ਵਾਲੇ ਅਸਰਾਂ ਦੀ ਸੰਭਾਵਨਾ ਨੂੰ ਮੁੱਢੋਂ ਰੱਦ ਕਰ ਦਿੱਤਾ ਸੀ। ਇਹ ਕਿਹਾ ਜਾ ਰਿਹਾ ਹੈ ਕਿ ਇਸ ਦਾ 2008 ਦੇ ਵਿੱਤੀ ਸੰਕਟ ਵਰਗਾ ਅਸਰ ਨਹੀਂ ਪਵੇਗਾ। ਵੱਡਾ ਫਿਕਰ ਇਹ ਹੈ ਕਿ ਮੁੜ ਵਿੱਤੀ ਸੰਕਟ ਪੈਦਾ ਨਾ ਹੋ ਜਾਵੇ ਜਿਸ ਕਰ ਕੇ ਪੱਛਮੀ ਦੇਸ਼ਾਂ ਦੇ ਕਈ ਵੱਡੇ ਬੈਂਕ ਢਹਿ-ਢੇਰੀ ਹੋ ਗਏ ਹਨ। ਤੱਥ ਇਹ ਹੈ ਕਿ ਇਸ ਨੁਕਤੇ 'ਤੇ ਕੋਈ ਜ਼ਾਮਨੀ ਨਹੀਂ ਦਿੱਤੀ ਜਾ ਸਕਦੀ, ਖ਼ਾਸਕਰ ਇਸ ਤੱਥ ਦੇ ਮੱਦੇਨਜ਼ਰ ਕਿ ਹਾਲੀਆ ਦਿਨਾਂ ਵਿਚ ਐੱਸ.ਵੀ.ਬੀ. ਇਕਲੌਤਾ ਬੈਂਕ ਨਹੀਂ ਹੈ ਜੋ ਡੁੱਬਿਆ ਹੈ। ਪਿਛਲੇ ਹਫ਼ਤੇ ਦੋ ਹੋਰ ਅਮਰੀਕੀ ਬੈਂਕ ਬੰਦ ਹੋ ਗਏ ਹਨ। ਇਨ੍ਹਾਂ 'ਚੋਂ ਇਕ ਸਿਲਵਰਗੇਟ ਮੁਕਾਬਲਤਨ ਛੋਟਾ ਬੈਂਕ ਸੀ ਜੋ ਆਮ ਤੌਰ 'ਤੇ ਕ੍ਰਿਪਟੋ ਕਰੰਸੀ ਖੇਤਰ ਲਈ ਸੇਵਾਵਾਂ ਦਿੰਦਾ ਸੀ। ਕ੍ਰਿਪਟੋ ਕਰੰਸੀ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਹੋਣ ਅਤੇ ਐਫ.ਟੀ.ਐਕਸ. ਦਾ ਦੀਵਾਲਾ ਨਿਕਲਣ ਤੋਂ ਬਾਅਦ ਇਸ ਬੈਂਕ ਦੀ ਹਾਲਤ ਵੀ ਡਾਵਾਂਡੋਲ ਸੀ। ਦੂਜੇ ਬੈਂਕ ਦਾ ਨਾਂ ਸਿਲਵਰਗੇਟ ਹੈ ਜੋ ਪਿਛਲੇ ਹਫ਼ਤੇ ਦੇ ਅਖੀਰ ਵਿਚ ਬੰਦ ਹੋ ਗਿਆ। ਇਹ ਕਾਫ਼ੀ ਗੰਭੀਰ ਮਾਮਲਾ ਹੈ ਕਿਉਂਕਿ ਇਸ ਦੇ ਅਸਾਸਿਆਂ ਦੀ ਕੀਮਤ 100 ਅਰਬ ਡਾਲਰ ਦੇ ਕਰੀਬ ਦੱਸੀ ਜਾਂਦੀ ਹੈ। ਇਹ ਘਟਨਾਵਾਂ ਦੱਸ ਰਹੀਆਂ ਹਨ ਕਿ ਅਮਰੀਕੀ ਬੈਂਕਿੰਗ ਪ੍ਰਣਾਲੀ ਵਿਚ ਸਭ ਅੱਛਾ ਨਹੀਂ ਚੱਲ ਰਿਹਾ।

ਕਈ ਹੋਰ ਪੱਛਮੀ ਦੇਸ਼ਾਂ ਨੇ ਵੀ ਪੇਸ਼ਬੰਦੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਬਰਤਾਨੀਆ ਵਿਚ ਐੱਚ.ਐੱਸ.ਬੀ.ਸੀ. ਨੇ ਐੱਸ.ਵੀ.ਬੀ. ਦੀ ਬਰਤਾਨਵੀ ਸ਼ਾਖਾ ਆਪਣੇ ਕੰਟਰੋਲ ਵਿਚ ਲੈ ਲਈ ਹੈ। ਉਂਝ, ਇਨ੍ਹਾਂ ਦੇਸ਼ਾਂ ਅੰਦਰ ਨਿਗਰਾਨ ਅਦਾਰਿਆਂ ਨੂੰ ਸਖ਼ਤੀ ਵਰਤਣ ਦੀ ਲੋੜ ਹੈ। ਮਿਸਾਲ ਦੇ ਤੌਰ 'ਤੇ ਅਮਰੀਕਾ ਵਿਚ 2008 ਦੇ ਵਿੱਤੀ ਸੰਕਟ ਤੋਂ ਬਾਅਦ ਸਖ਼ਤ ਨਿਗਰਾਨੀ ਰੱਖੇ ਜਾਣ ਦੇ ਬਾਵਜੂਦ ਬੈਂਕਾਂ ਦੀ ਹਾਲਤ ਵਿਚ ਬਹੁਤਾ ਸੁਧਾਰ ਨਹੀਂ ਆ ਸਕਿਆ ਅਤੇ ਐੱਸ.ਵੀ.ਬੀ. ਕਾਂਡ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਮੰਨਿਆ ਜਾ ਰਿਹਾ ਹੈ।

ਇਸ ਬੈਂਕ ਦੇ ਡੁੱਬਣ ਦੇ ਕਾਰਨ ਕੁਝ ਨੁਕਤਿਆਂ ਦੁਆਲੇ ਘੁੰਮਦੇ ਹਨ। ਪਹਿਲਾ, ਅਮਰੀਕੀ ਵਿਆਜ ਦਰਾਂ ਵਿਚ ਤਿੱਖਾ ਵਾਧਾ ਜਿਨ੍ਹਾਂ ਕਰ ਕੇ ਬੈਂਕਾਂ ਦੇ ਦੀਰਘਕਾਲੀ ਬੌਂਡਾਂ ਦੇ ਵੱਡੇ ਪੋਰਟਫੋਲੀਓ ਦੀ ਕੀਮਤ ਘਟ ਗਈ। ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ ਜਦੋਂ ਤਕਨੀਕੀ ਸਟਾਰਟਅੱਪ ਕੰਪਨੀਆਂ ਲਈ ਫੰਡਾਂ ਦੀ ਘਾਟ ਆ ਰਹੀ ਸੀ ਅਤੇ ਵੈਂਚਰਜ਼ ਨੂੰ ਬੈਂਕਾਂ ਵਿਚ ਪਏ ਫੰਡਾਂ ਦੀ ਜ਼ਿਆਦਾ ਲੋੜ ਭਾਸ ਰਹੀ ਸੀ। ਫੰਡਾਂ ਦੀ ਆਮਦ ਵਿਚ ਆ ਰਹੀ ਗਿਰਾਵਟ ਐੱਸ.ਵੀ.ਬੀ. ਦੇ ਕਿਆਸ ਨਾਲੋਂ ਕਿਤੇ ਜ਼ਿਆਦਾ ਵਧ ਗਈ। ਇਕ ਹੋਰ ਸਮੱਸਿਆ ਇਹ ਸੀ ਕਿ ਬੈਂਕਾਂ ਦੇ ਗਾਹਕਾਂ ਵਜੋਂ ਵੱਖੋ-ਵੱਖਰੇ ਪੋਰਟਫੋਲੀਓ ਦੀ ਬਜਾਇ ਵੈਂਚਰ ਸਰਮਾਏਦਾਰਾਂ ਦੀ ਗਿਣਤੀ ਵਿਚ ਇਜ਼ਾਫ਼ਾ ਹੋ ਗਿਆ। ਆਖ਼ਰੀ ਗੱਲ ਇਹ ਹੈ ਕਿ ਕੁਝ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਬੈਂਕ ਦੇ ਫੰਡਾਂ ਦਾ ਜ਼ਿਆਦਾਤਰ ਹਿੱਸਾ ਵੈਂਚਰ ਕੈਪੀਟਲ ਫਰਮਾਂ ਦੇ ਕਰੀਬ 50 ਸੀ.ਈ.ਓਜ਼ ਦੇ ਖਾਤਿਆਂ ਨਾਲ ਜੁੜਿਆ ਹੋਇਆ ਸੀ। ਇਨ੍ਹਾਂ 'ਚੋਂ ਕਈ ਸੀ.ਈ.ਓਜ਼ ਉਦੋਂ ਘਬਰਾ ਗਏ ਜਦੋਂ ਪਿਛਲੇ ਹਫ਼ਤੇ ਐੱਸ.ਵੀ.ਬੀ. ਨੇ 2.25 ਅਰਬ ਡਾਲਰ ਦੇ ਫੰਡ ਜੁਟਾਉਣ ਲਈ 21 ਅਰਬ ਡਾਲਰ ਦੀਆਂ ਸਕਿਉਰਿਟੀਆਂ ਵੇਚਣ ਦਾ ਫ਼ੈਸਲਾ ਕਰ ਲਿਆ। ਕਈ ਸੀ.ਈ.ਓਜ਼ ਨੇ ਆਪਣੇ ਸਟਾਰਟਅੱਪਸ ਨੂੰ ਇਕਦਮ ਪੈਸੇ ਕਢਵਾਉਣ ਲਈ ਆਖ ਦਿੱਤਾ ਜਿਸ ਕਰ ਕੇ ਬੈਂਕ ਕਸੂਤੀ ਸਥਿਤੀ ਵਿਚ ਫਸ ਗਿਆ ਤੇ ਅੰਤ ਨੂੰ ਡੁੱਬ ਗਿਆ।

ਭਾਰਤ ਦੇ ਤਕਨੀਕੀ ਸਟਾਰਟਅੱਪਸ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣਾ ਪੈਸਾ ਸ਼ਾਇਦ ਵਾਪਸ ਮਿਲ ਜਾਵੇ ਪਰ ਵੱਖ-ਵੱਖ ਬੈਂਕਾਂ ਵਿਚ ਪੈਸਾ ਰੱਖਣਾ ਸਮਝਦਾਰੀ ਵਾਲੀ ਗੱਲ ਜਾਪਦੀ ਹੈ। ਦੂਜਾ, ਵਿੱਤੀ ਖੇਤਰ ਵਿਚ ਵਾਰ-ਵਾਰ ਇਸ ਕਿਸਮ ਦੀਆਂ ਘਟਨਾਵਾਂ ਵਾਪਰਨ ਨਾਲ ਅਮਰੀਕਾ ਵਰਗੇ ਮੁਲਕਾਂ ਵਿਚ ਆਵਾਸ ਤਬਦੀਲ ਕਰਨਾ ਲੰਮੇ ਦਾਅ ਤੋਂ ਫ਼ਾਇਦੇਮੰਦ ਨਹੀਂ ਰਹੇਗਾ। ਭਾਰਤੀ ਬੈਂਕਿੰਗ ਨਿਗਰਾਨ ਅਦਾਰਾ ਵਧੇਰੇ ਸਖ਼ਤ ਹੋ ਸਕਦਾ ਹੈ ਪਰ ਜ਼ਿਆਦਾ ਧਰਵਾਸ ਵਾਲੀ ਗੱਲ ਤਾਂ ਇਹ ਹੈ ਕਿ ਕੀ ਫੰਡ ਸੁਰੱਖਿਅਤ ਹਨ।

ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤੀ ਬੈਂਕਿੰਗ ਪ੍ਰਣਾਲੀ ਕੋਲ ਔਖੇ ਹਾਲਾਤ 'ਚੋਂ ਉਭਰਨ ਦੀ ਸਮੱਰਥਾ ਜ਼ਿਆਦਾ ਜਾਪਦੀ ਹੈ। ਇੱਥੇ ਇਹੋ ਜਿਹੇ ਹਾਲਾਤ ਬਣਨ ਦੀ ਸੰਭਾਵਨਾ ਇਸ ਲਈ ਨਹੀਂ ਹੈ ਕਿਉਂਕਿ ਨਿਗਰਾਨ ਕਿਸੇ ਵੀ ਬੈਂਕ ਨੂੰ ਆਪਣੇ ਫੰਡਾਂ ਦਾ ਵੱਡਾ ਹਿੱਸਾ ਸਿਰਫ਼ ਬੌਂਡਾਂ ਵਿਚ ਰੱਖਣ ਦੀ ਆਗਿਆ ਨਹੀਂ ਦੇਣਗੇ। ਮੈਕੁਆਇਰ ਜਿਹੀਆਂ ਆਲਮੀ ਵਿੱਤੀ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਪਹਿਲਾਂ ਹੀ ਆਖ ਚੁੱਕੀਆਂ ਹਨ ਕਿ ਇੱਥੋਂ ਦੇ ਬੈਂਕਿੰਗ ਖੇਤਰ ਦੇ ਲਪੇਟ ਵਿਚ ਆਉਣ ਦਾ ਖ਼ਤਰਾ ਬਹੁਤ ਘੱਟ ਹੈ ਕਿਉਂਕਿ ਘਰੇਲੂ ਜਮਾਂਪੂੰਜੀਆਂ ਅਤੇ ਸਰਕਾਰੀ ਸਕਿਉਰਿਟੀਆਂ ਵਿਚ ਨਿਵੇਸ਼ 'ਤੇ ਨਿਰਭਰਤਾ ਬਹੁਤ ਜ਼ਿਆਦਾ ਹੈ। ਸਾਫ਼ ਹੈ ਕਿ ਭਾਰਤ ਜਿਹੇ ਉਭਰਦੇ ਅਰਥਚਾਰਿਆਂ ਵਿਚ ਨਿਗਰਾਨੀ ਦੇ ਮੁੱਦਿਆਂ ਨੂੰ ਲੈ ਕੇ ਪੱਛਮੀ ਦੇਸ਼ਾਂ ਦੇ ਸਮੀਖਿਅਕਾਂ ਵੱਲੋਂ ਹਾਲੀਆ ਸਮਿਆਂ ਵਿਚ ਜਤਾਏ ਜਾਂਦੇ ਤੌਖ਼ਲੇ ਨਿਰਮੂਲ ਹਨ। ਦਰਅਸਲ, ਹੁਣ ਸਮਾਂ ਆ ਗਿਆ ਹੈ ਕਿ ਵਿਕਸਤ ਅਰਥਚਾਰੇ ਆਪੋ-ਆਪਣੇ ਨਿਗਰਾਨੀ ਦੇ ਮੁੱਦਿਆਂ ਦੀ ਪੜਚੋਲ ਕਰਨ ਅਤੇ ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਦਰੁਸਤੀ ਕਦਮ ਉਠਾਉਣ ਕਿਉਂਕਿ ਬੈਂਕਾਂ ਡੁੱਬਣ ਨਾਲ ਵਿਅਕਤੀਆਂ ਤੇ ਕਾਰਪੋਰੇਟ ਦੋਵਾਂ ਨੂੰ ਸੱਟ ਵੱਜਦੀ ਹੈ। ਚਲੰਤ ਸੰਕਟ ਬਾਬਤ ਕੀਤੀ ਝਟਪਟ ਕਾਰਵਾਈ ਸਲਾਹੁਣਯੋਗ ਹੈ ਪਰ ਇਨ੍ਹਾਂ ਨੂੰ ਬਚਾਉਣ ਲਈ ਕੀਤੀ ਜਾ ਰਹੀ ਚਾਰਾਜੋਈ ਮਸਲੇ ਦਾ ਦੀਰਘਕਾਲੀ ਹੱਲ ਨਹੀਂ ਹੈ। ਭਵਿੱਖ ਵਿਚ ਅਜਿਹੇ ਸੰਕਟਾਂ ਦੀ ਰੋਕਥਾਮ ਦਾ ਹੱਲ ਲੱਭਣਾ ਜ਼ਰੂਰੀ ਹੈ, ਨਹੀਂ ਤਾਂ ਦੁਨੀਆ ਭਰ ਦੀਆਂ ਵਿੱਤੀ ਪ੍ਰਣਾਲੀਆਂ ਇਸ ਦੀ ਲਪੇਟ ਵਿਚ ਆ ਸਕਦੀਆਂ ਹਨ।




# ਸਰਕਾਰੀ ਸਕੂਲ...

**ਸੁੱਚਾ ਸਿੰਘ ਖੱਟੜਾ**
**ਫੋਨ: +91-94176-52947**

ਹਾਂ ਬਈ ਸੱਜਣੋ! ਮੈਂ ਪੰਜਾਬ ਦਾ ਸਰਕਾਰੀ ਸਕੂਲ ਹਾਂ। ਮੇਰੀ ਉਮਰ ਸਵਾ ਕੁ ਸਦੀ ਦੀ ਹੋ ਗਈ ਹੈ। ਮੇਰੇ ਵਿਹੜੇ ਵਿਚ ਲੱਗਿਆ ਪਿੱਪਲ ਮੇਰੇ ਨਾਲੋਂ ਦਸ ਕੁ ਸਾਲ ਛੋਟਾ ਹੈ। ਢਾਈ ਕੁ ਕਿਲੋਮੀਟਰ ਦੀ ਦੂਰੀ ਤੋਂ ਕਿਸੇ ਸੱਜਣ ਨੇ ਆਪਣੇ ਪਿੰਡੋਂ ਖੱਦਰ ਦੀ ਖੇਸੀ ਵਿਚ ਪਿਆਰ ਨਾਲ ਆਪਣੀ ਪਿੱਠ ਉੱਤੇ ਬੱਚਿਆਂ ਵਾਂਗ ਲਿਆਂਦਾ ਅਤੇ ਮੇਰੇ ਸਾਹਮਣੇ ਵਾਲੇ ਵਿਹੜੇ ਵਿਚ ਲਗਾਇਆ ਸੀ। ਜਿਵੇਂ-ਜਿਵੇਂ ਮੇਰਾ ਵਿਕਾਸ ਹੋਇਆ, ਉਵੇਂ-ਉਵੇਂ ਹੀ ਇਹ ਪਿੱਪਲ ਵਧਿਆ। ਇੱਥੇ ਅਸੀਂ ਅਜਿਹੇ ਥਾਂ ਸਥਿਤ ਹਾਂ ਜਿੱਥੇ ਬਹੁਤ ਕੁਝ ਇਤਿਹਾਸਕ ਸਾਡੇ ਦੋਹਾਂ ਦੀਆਂ ਅੱਖਾਂ ਸਾਹਮਣੇ ਉਸਰਿਆ ਅਤੇ ਵਾਪਰਿਆ। ਕੇਵਲ ਡੇਢ ਸੌ ਮੀਟਰ ਸਾਹਮਣੇ ਰੋਪੜ-ਆਨੰਦਪੁਰ ਸਾਹਿਬ-ਨੰਗਲ ਭਾਖੜਾ ਸੜਕ ਅਤੇ ਉਸ ਤੋਂ ਸੱਠ ਮੀਟਰ ਅੱਗੇ ਰੋਪੜ-ਨੰਗਲ ਭਾਖੜਾ ਰੇਲ ਪਟੜੀ ਵੀ ਸਾਡੀਆਂ ਅੱਖਾਂ ਸਾਹਮਣੇ ਬਣੀਆਂ। ਨੰਗਲ ਭਾਖੜਾ ਪ੍ਰੋਜੈਕਟ ਦੀ ਉਸਾਰੀ ਲਈ ਸਾਜ਼ੋ-ਸਾਮਾਨ ਇਨ੍ਹਾਂ ਤੋਂ ਬਿਨਾ ਪੁੱਜ ਸਕਣਾ ਸੰਭਵ ਹੀ ਨਹੀਂ ਸੀ।

ਪੰਡਿਤ ਜਵਾਹਰ ਲਾਲ ਨਹਿਰੂ ਆਜ਼ਾਦ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਸੀ ਜਿਸ ਨੇ ਆਪਣਾ ਇਹ ਚਹੇਤਾ ਪ੍ਰੋਜੈਕਟ ਬਹੁਤ ਚਾਅ ਨਾਲ ਬਣਾਇਆ ਸੀ। ਉਹ ਇਸੇ ਸਾਹਮਣੇ ਵਾਲੀ ਰੇਲ ਪਟੜੀ ਉਤੋਂ ਹੀ ਤਿੰਨ ਵਾਰ ਇਸ ਨੂੰ ਦੇਖਣ ਲਈ ਆਏ ਸਨ। ਵਿਸ਼ੇਸ਼ ਗੱਡੀ ਰਾਹੀਂ ਨਹੀਂ ਸਗੋਂ ਟਾਈਮ ਟੇਬਲ ਵਾਲੀ ਹੀ ਸਵਾਰੀ ਗੱਡੀ ਵਿਚ ਫੁੱਲਾਂ ਨਾਲ ਸ਼ਿੰਗਾਰਿਆ ਡੱਬਾ ਉਨ੍ਹਾਂ ਲਈ ਹੁੰਦਾ ਸੀ; ਕੋਲੇ ਭਾਫ ਵਾਲਾ ਇਸ ਦਾ ਇੰਜਣ ਵੀ ਇਸੇ ਤਰ੍ਹਾਂ ਫੁੱਲਾਂ ਨਾਲ ਸ਼ਿੰਗਾਰਿਆ ਹੁੰਦਾ ਸੀ। ਲਾਲ ਪੱਗਾਂ, ਗੋਡਿਆਂ ਤੱਕ ਨਿੱਕਰਾਂ ਵਾਲੀਆਂ ਖਾਕੀ ਵਰਦੀਆਂ ਵਿਚ ਸਿਪਾਹੀ ਤਿੰਨ ਦਿਨ ਪਹਿਲਾਂ ਤੋਂ ਪਟੜੀ ਉੱਤੇ ਆ ਖੜ੍ਹਦੇ ਸਨ। ਖਾਕੀ ਵਰਦੀ, ਲਾਲ ਪੱਗਾਂ, ਹੱਥ ਵਿਚ ਡਾਂਗਾਂ ਵਾਲਿਆਂ ਨੂੰ ਦੇਖ ਪਿੰਡਾਂ ਦੇ ਬੱਚੇ ਵਾਪਸ ਘਰਾਂ ਨੂੰ ਦੌੜ ਜਾਂਦੇ ਸਨ।

ਖੈਰ! ਮੈਨੂੰ 1968 ਵਿਚ ਅੱਠਵੀਂ ਅਤੇ 1975 ਵਿਚ ਦਸਵੀਂ ਤੱਕ ਵਧਾ ਦਿੱਤਾ ਗਿਆ। ਪੰਜਾਹਵਿਆਂ ਵਿਚ ਊਨਾ (ਹੁਣ ਹਿਮਾਚਲ ਪ੍ਰਦੇਸ਼ ਵਿਚ) ਤੋਂ ਵੀ ਅੱਗਿਓਂ ਬਾਬੂ ਰਾਮ ਨਾਂ ਦਾ ਅਧਿਆਪਕ ਇੱਥੇ ਹੀ ਇੱਕ ਕਮਰੇ ਵਿਚ ਰਹਿੰਦਾ ਸੀ। ਉਸ ਨੇ ਤੇਲੀਆ ਜਿਹੀ ਜਿਲਦ ਵਾਲੀ ਕਾਪੀ ਬਣਾਈ ਹੋਈ ਸੀ ਜਿਸ ਵਿਚੋਂ ਉਹ ਅਜਿਹੇ ਸਵਾਲ ਕਰਵਾਉਂਦਾ ਸੀ ਜਿਹੜੇ ਗਣਿਤ ਦੀਆਂ ਕਿਤਾਬਾਂ ਵਿਚ ਨਹੀਂ ਸਨ ਹੁੰਦੇ। ਕਿਹੋ ਜਿਹੇ ਸਨ ਉਨ੍ਹਾਂ ਸਮਿਆਂ ਦੇ ਅਧਿਆਪਕ! ਅਧਿਆਪਕਾਂ ਲਈ ਪੜ੍ਹਾਉਣ ਤੋਂ ਬਿਨਾ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਅੱਜ ਵਾਂਗ ਅਧਿਆਪਕਾਂ ਦੇ ਚਿਹਰਿਆਂ ਉਤੇ ਪ੍ਰੇਸ਼ਾਨੀ, ਕਾਹਲੀ ਅਤੇ ਬੈਚੇਨੀ ਉਦੋਂ ਉੱਕਾ ਨਹੀਂ ਸੀ ਹੁੰਦੀ।

ਮੇਰੇ ਦੋਸਤ ਪਿੱਪਲ ਨੇ ਆਪਣੇ ਟਾਹਣਿਆਂ ਹੇਠ 1977 ਵਿਚ ਪਹਿਲੀ ਵਾਰ ਕਿਸੇ ਅਧਿਆਪਕਾ ਦਾ ਵੈਸਪਾ ਸਕੂਟਰ ਦੇਖਿਆ ਸੀ। ਹੁਣ 2005-06 ਤੋਂ ਬੜੀ ਤੇਜ਼ੀ ਨਾਲ ਸਭ ਕਾਰਾਂ ਵਿਚ ਆਉਣ ਵਾਲੇ ਬਣ ਗਏ। ਪੁਰਾਣੇ ਵਿਦਿਆਰਥੀਆਂ ਵਿਚੋਂ ਅਨੇਕਾਂ ਅਧਿਆਪਕ, ਇੰਜਨੀਅਰ, ਫੌਜ ਵਿਚ ਵੱਡੇ ਛੋਟੇ ਰੈਂਕਾਂ ਵਾਲੇ ਬਣੇ ਦੇਖ ਕੇ ਮੈਂ ਅਤੇ ਪਿੱਪਲ ਫੁੱਲੇ ਨਹੀਂ ਸਮਾਉਂਦੇ; ਹੁਣ ਤਾਂ ਦਸ ਪੰਦਰਾਂ ਸਾਲਾਂ ਤੋਂ ਜਿਹੜੇ ਵੀ ਪੜ੍ਹ ਕੇ ਨਿਕਲਦੇ ਹਨ, ਬੇਯਕੀਨੀ, ਪ੍ਰੇਸ਼ਾਨੀ ਅਤੇ ਚਿੰਤਾਵਾਂ ਵਿਚ ਡੁੱਬੇ ਜਿਹੇ ਚਿਹਰਿਆਂ ਨਾਲ ਹੀ ਇੱਥੇ ਆਉਂਦੇ ਹਨ।

ਮੈਨੂੰ ਯਾਦ ਹੈ... ਜਦੋਂ ਮੈਂ ਪ੍ਰਾਇਮਰੀ ਤੋਂ ਮਿਡਲ ਬਣਿਆ ਤਾਂ ਨਵੇਂ ਅਧਿਆਪਕਾਂ ਨਾਲ ਚਪੜਾਸੀ ਵੀ ਭੇਜਿਆ ਗਿਆ ਸੀ। ਜਦੋਂ ਦਸਵੀਂ ਬਣਿਆ ਤਾਂ ਗਣਿਤ, ਸਾਇੰਸ, ਡੀ.ਪੀ.ਈ., ਕਲਰਕ , ਚੌਕੀਦਾਰ, ਸਫਾਈ ਸੇਵਕ, ਮਾਲੀ ਦੀ ਇੱਕ-ਇੱਕ ਅਤੇ ਐੱਸ.ਐੱਸ. ਮਾਸਟਰਾਂ ਦੀਆਂ 2 ਅਸਾਮੀਆਂ ਦਿੱਤੀਆਂ ਗਈਆਂ। ਇੱਥੇ ਹੁਣ ਸਾਰੇ ਦਰਜਾ ਚਾਰ ਸੇਵਾ ਮੁਕਤ ਅਤੇ ਨਾਲ ਹੀ ਅਸਾਮੀਆਂ ਲੁਪਤ ਵਾਲਾ ਭਾਣਾ ਵਾਪਰ ਗਿਆ ਹੈ। ਇਸੇ ਸਕੂਲ ਤੋਂ ਪੜ੍ਹਿਆ ਇੱਕ ਨੌਜਵਾਨ ਇਹ ਸਾਰੇ ਕੰਮ ਕਰਦਾ ਹੈ। ਇਸ ਨੂੰ ਜੋ ਵੀ ਮਹੀਨਾ ਦਿੱਤਾ ਜਾਂਦਾ ਹੈ, ਸਟਾਫ ਮੈਂਬਰ ਹੀ ਆਪਣੀਆਂ ਜੇਬਾਂ ਤੋਂ ਦਿੰਦੇ ਹਨ। ਬੇਰੁਜ਼ਗਾਰੀ ਦਾ ਕਿਹੋ ਜਿਹਾ ਪ੍ਰਬੰਧ ਹੋਣ ਲੱਗ ਪਿਆ ਹੈ?

ਕਦੇ ਆਸੇ ਪਾਸੇ ਦੇ ਪਿੰਡਾਂ ਦੇ ਸਾਰੇ ਬੱਚੇ ਇੱਥੇ ਹੀ ਆ ਕੇ ਪੜ੍ਹਦੇ ਸਨ। ਮੇਰੇ ਸਾਰੇ ਹੀ ਕਮਰੇ ਖਚਾਖਚ ਭਰੇ ਰਹਿੰਦੇ ਸਨ। ਹੁਣ ਪਤਾ ਨਹੀਂ ਕੀ ਭਾਣਾ ਵਾਪਰਿਆ ਹੈ, ਹਰ ਸਾਲ ਇੱਕ ਦੋ ਕਮਰੇ ਵਿਹਲੇ ਹੀ ਰਹਿਣ ਲੱਗ ਪਏ ਹਨ। ਕਿਥੇ ਗਏ ਉਹ ਬੱਚੇ ਜੋ ਇਨ੍ਹਾਂ ਵਿਚ ਰੌਣਕਾਂ ਲਾਉਂਦੇ ਸਨ? ਕੀ ਇਨ੍ਹਾਂ ਅਧਿਆਪਕਾਂ ਵਿਚ ਕੋਈ ਕਮੀ ਹੈ? ਕੋਈ ਦੱਸਦਾ ਨਹੀਂ। ਕੀ ਸਕੂਲਾਂ ਵਿਚ ਕਮੀ ਹੈ? ਓ ਮੇਰਿਓ ਲੋਕੋ! ਕਮਰਿਆਂ, ਬੱਚਿਆਂ ਅਤੇ ਅਧਿਆਪਕਾਂ ਨਾਲ ਹੀ ਸਰਕਾਰੀ ਸਕੂਲ ਨਹੀਂ ਬਣਦਾ! ਇਨ੍ਹਾਂ ਮੇਰੇ ਵਰਗੇ ਬਹੁਤ ਸਾਰੇ ਸਰਕਾਰੀ ਸਕੂਲਾਂ ਦੀ ਮੌਤ ਦੇ ਕਾਰਨ ਬੁੱਝਣੇ ਬਣਦੇ ਹਨ।

ਲੱਗਦਾ ਹੈ, ਹੁਣ ਮੇਰਾ ਵੀ ਅੰਤ ਆ ਰਿਹਾ ਹੈ ਪਰ ਮੈਨੂੰ ਚਿੰਤਾ ਆਪਣੇ ਸਾਥੀ ਪਿੱਪਲ ਦੀ ਹੈ ਜਿਹੜਾ ਬੱਚਿਆਂ ਨੂੰ ਧੁੱਪ ਪਹੁੰਚਦੀ ਕਰਨ ਲਈ ਸਰਦੀਆਂ ਚੜ੍ਹਦਿਆਂ ਸਾਰ ਪੱਤੇ ਅਤੇ ਟਾਹਣੀਆਂ ਊਠਾਂ ਵਾਲਿਆਂ ਨੂੰ ਕਟਵਾ ਦਿੰਦਾ ਹੈ ਅਤੇ ਫਿਰ ਨਵੀਆਂ ਜਮਾਤਾਂ ਲੱਗਦਿਆਂ ਹੀ ਨਵੀਂ ਛਾਂ ਦੇਣ ਲਈ ਨਵੇਂ ਨਕੋਰ ਪੱਤੇ ਲੈ ਕੇ ਫਿਰ ਤਿਆਰ-ਬਰ-ਤਿਆਰ ਉਨ੍ਹਾਂ ਦੇ ਸਵਾਗਤ ਵਿਚ ਖੜ੍ਹਾ ਹੁੰਦਾ ਹੈ। ਪਿੰਡਾਂ ਵਾਲਿਓ! ਚੇਤੇ ਰੱਖਿਓ!! ਮੈਂ ਅਤੇ ਮੇਰੇ ਮਿੱਤਰ ਪਿੱਪਲ ਨੇ ਆਪਣੀ ਗੋਦ ਵਿਚ ਤੁਹਾਡੇ ਬੱਚੇ ਬਿਠਾਏ, ਪੜ੍ਹਾਏ, ਰੁਆਏ, ਰੁਸਾਏ, ਮਨਾਏ, ਹੱਸਾਏ ਅਤੇ ਖਿਡਾਏ ਹਨ; ਐਵੇਂ ਸਾਨੂੰ ਭੁੱਲ ਨਾ ਜਾਇਓ ਤੇ ਅਣਆਈ ਮੌਤੇ ਮਰਨ ਲਈ ਮਜਬੂਰ ਨਾ ਕਰਿਓ।

ੴ ਸਤਿਗੁਰ ਪ੍ਰਸਾਦਿ

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
# ਖਾਲਸਾ ਸਿਰਜਣਾ ਦਿਹਾੜੇ
# ਅਤੇ ਵਿਸਾਖੀ ਦੀ
# ਲੱਖ ਲੱਖ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**From:**
**Major Gurcharn Singh Jhaj**
**Jaidev Singh Bhattal & Sukhraj Singh Takher**
**and their families.**

SIKH Religious Society
PALATINE GURDWARA
1280 Winnetka St. Palatine IL 60067 , (847) 358 1117
Email: contactus@srschicago.org | Web: srschicago.org

# ਖਾਲਸਾ ਸਾਜਨਾ ਦਿਵਸ

## ਵਿਸ਼ੇਸ਼ ਦੀਵਾਨ

### ਸ਼ੁੱਕਰਵਾਰ ਅਪ੍ਰੈਲ 14:

ਅਰੰਭ ਸ੍ਰੀ ਅਖੰਡ ਪਾਠ 6 ਵਜੇ ਸਵੇਰੇ
ਸ਼ਾਮ ਦਾ ਦੀਵਾਨ 5:30 ਤੋਂ 9 ਵਜੇ

### ਐਤਵਾਰ ਅਪ੍ਰੈਲ 16

ਅੰਮ੍ਰਿਤ ਸੰਚਾਰ 7 ਵਜੇ ਸਵੇਰੇ
ਆਸਾ ਕੀ ਵਾਰ 7:30 ਤੋਂ 9:15ਸਵੇਰੇ
ਭੋਗ ਸ਼੍ਰੀ ਅਖੰਡ ਪਾਠ 9:15 ਵਜੇ ਸਵੇਰੇ
ਕੀਰਤਨ ਅਤੇ ਕਥਾ 10 ਵਜੇ ਤੋਂ 1:30 ਬਾਦ ਦੁਪਹਿਰ
ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 11 ਵਜੇ ਸਵੇਰੇ



### ਅੰਮ੍ਰਿਤ ਸੰਚਾਰ
### ਐਤਵਾਰ ਅਪ੍ਰੈਲ 16

ਕਕਾਰ ਉਪਲਬਧ ਕਰਾਏ ਜਾਣਗੇ। ਕੇਸੀ ਇਸ਼ਨਾਨ ਕਰਕੇ ਤਿਆਰ ਬਰ ਤਿਆਰ ਹੋ ਕੇ ਪਹੁੰਚੋ ਜੀ।





ਗੁਰਬਾਣੀ ਕਥਾ ਵਿਚਾਰ ਭਾਈ ਪਰਮਜੀਤ ਸਿੰਘ ਜੀ ਖਾਲਸਾ
ਮੰਗਲਵਾਰ ਅਪ੍ਰੈਲ 11 ਤੋਂ ਅਪ੍ਰੈਲ 15, ਸ਼ਾਮ 7:30 ਤੋਂ 8:30 ਵਜੇ



ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਸਮਾਗਮ ਅਪ੍ਰੈਲ 23

ਭਾਈ ਕਰਮਜੀਤ ਸਿੰਘ ਸ਼ਾਂਤ ਸ਼ੁੱਕਰਵਾਰ ਅਪ੍ਰੈਲ 14 ਤੋਂ ਐਤਵਾਰ ਅਪ੍ਰੈਲ 16
ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ ਬੁੱਧਵਾਰ ਅਪ੍ਰੈਲ 26 ਤੋਂ ਐਤਵਾਰ ਅਪ੍ਰੈਲ 30

# ਕਲਾ ਦਾ ਸਿਆਸੀ ਤੇ ਸਮਾਜਿਕ ਰੰਗ ਵਿਵਾਨ ਸੁੰਦਰਮ

*ਵਿਵਾਨ ਸੁੰਦਰਮ (28 ਮਈ 1943-29 ਮਾਰਚ 2023) ਨੇ ਚਿੱਤਰਕਲਾ ਤੋਂ ਇਲਾਵਾ ਕਲਾ ਦੀਆਂ ਹੋਰ ਵੰਨਗੀਆਂ ਜਿਵੇਂ ਪ੍ਰਿੰਟ ਮੇਕਿੰਗ, ਫੋਟੋਗ੍ਰਾਫੀ, ਸਕੱਲਪਚਰ, ਇੰਸਟਾਲੇਸ਼ਨ ਅਤੇ ਵੀਡੀਓ ਆਰਟ ਨੂੰ ਆਪਣੀ ਕਲਾ ਸਾਧਨਾ ਦਾ ਮਾਧਿਅਮ ਬਣਾਇਆ। ਉਸ ਦੀਆਂ ਕਿਰਤਾਂ ਵਿਚ ਸਿਆਸੀ ਰੰਗ ਬਹੁਤ ਗੂੜ੍ਹਾ ਹੈ ਅਤੇ ਕੁਦਰਤ ਨਾਲ ਸੰਵਾਦ ਲਗਾਤਾਰ ਚੱਲਦਾ ਹੈ। ਚਿੱਤਰਕਾਰ ਪ੍ਰੇਮ ਸਿੰਘ ਨੇ ਉਨ੍ਹਾਂ ਦੀ ਕਲਾ ਅਤੇ ਜੀਵਨ ਬਾਰੇ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।*

## ਕਲਾ ਪਰਿਕਰਮਾ

29 ਮਾਰਚ, 2023 ਦੀ ਸਵੇਰ ਸੋਸ਼ਲ ਮੀਡੀਆ ਰਾਹੀਂ ਦੁਖਦਾਈ ਖ਼ਬਰ ਮੈਨੂੰ ਮਿਲੀ ਕਿ ਕਲਾਕਾਰ ਵਿਵਾਨ ਸੁੰਦਰਮ ਨਹੀਂ ਰਹੇ। ਕਲਾ ਜਗਤ ਵਿਚ ਸੋਗ ਛਾ ਗਿਆ। ਵਿਵਾਨ ਦੇ ਚਲਾਣੇ ਦੀ ਖ਼ਬਰ ਮਿਲਣ ਮਗਰੋਂ ਹਰ ਕੋਈ ਇਸ ਕਲਾਕਾਰ ਨਾਲ ਬਿਤਾਏ ਪਲਾਂ ਨੂੰ ਯਾਦ ਕਰ ਰਿਹਾ ਸੀ। ਮੈਨੂੰ ਇਹ ਤਾਂ ਯਾਦ ਨਹੀਂ ਕਿ ਮੈਂ ਉਸ ਨੂੰ ਪਹਿਲੀ ਵਾਰ ਕਦੋਂ ਮਿਲਿਆ ਪਰ ਮੈਨੂੰ ਉਸ ਦੀ ਕਲਾ-ਸਿਰਜਣਾ ਵਿਚ ਰੁਚੀ ਹਮੇਸ਼ਾ ਰਹੀ। ਸਾਡੇ ਦੋਵਾਂ ਦਾ ਜਨਮ 1943 ਦਾ ਹੈ। ਮੈਂ ਉਸ ਨਾਲੋਂ ਕੋਈ ਪੰਜ ਕੁ ਹਫ਼ਤੇ ਵੱਡਾ ਹਾਂ।

ਬੜੌਦਾ ਅਤੇ ਲੰਡਨ ਦੇ ਪੜ੍ਹੇ ਇਸ ਕਲਾਕਾਰ ਉੱਤੇ ਸਿਰਜਣਾਤਮਕ ਸੋਚ-ਦ੍ਰਿਸ਼ਟੀ ਤੇ ਸ਼ਕਤੀ ਦੀ ਰਹਿਮਤ ਸੀ। ਵਿਵਾਨ ਸੁੰਦਰਮ ਦੀ ਕਲਾ ਯਾਤਰਾ ਇਸ ਰੱਬੀ ਦਾਤ ਨੂੰ ਤਸਦੀਕ ਕਰਦੀ ਹੈ।




ਪ੍ਰੇਮ ਸਿੰਘ
ਫੋਨ: +91-98110-52271

1967 'ਚ ਦਿੱਲੀ ਵਿਖੇ ਕੇਂਦਰੀ ਸਰਕਾਰ ਲਈ ਸੇਵਾਵਾਂ ਨਿਭਾਉਂਦੇ ਸਮੇਂ ਮੈਨੂੰ ਪਤਾ ਲੱਗਾ ਸੀ ਕਿ ਵਿਵਾਨ ਸੁੰਦਰਮ ਭਾਰਤ 'ਚ ਆਧੁਨਿਕ ਕਲਾ ਦੀ ਬਾਨੀ ਅੰਮ੍ਰਿਤਾ ਸ਼ੇਰਗਿੱਲ ਦਾ ਭਾਣਜਾ ਹੈ। ਇਸ ਦੇ ਪਿਤਾ ਕਲਿਆਣ ਸੁੰਦਰਮ ਦਾ ਵਿਆਹ ਅੰਮ੍ਰਿਤਾ ਦੀ ਭੈਣ ਇੰਦਰਾ ਸ਼ੇਰਗਿੱਲ ਨਾਲ ਹੋਇਆ ਸੀ। ਇਹ ਜਾਣ ਕੇ ਨੇੜਤਾ ਹੋਰ ਵਧੀ।

ਮੈਂ ਚੰਡੀਗੜ੍ਹ ਆਰਟ ਕਾਲਜ ਦਾ ਪ੍ਰਿੰਸੀਪਲ ਹੁੰਦਿਆਂ ਜਦੋਂ ਵੀ ਮੈਂ ਆਪਣੇ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਰੂ-ਬ-ਰੂ ਹੋਣ ਲਈ ਸੱਦਾ ਦਿੱਤਾ, ਉਹ ਹਮੇਸ਼ਾ ਆਇਆ। ਆਇਆ ਹੀ ਨਹੀਂ ਸਗੋਂ ਜਿਸ ਵਿਦਵਤਾ ਤੇ ਸੰਵੇਦਨਸ਼ੀਲਤਾ ਨਾਲ ਉਸ ਨੇ ਹਰ ਇੱਕ ਦਾ ਮਨ ਜਿੱਤਿਆ, ਉਸ ਉੱਤੇ ਮੈਨੂੰ ਹਮੇਸ਼ਾ ਮਾਣ ਰਹੇਗਾ। ਇਸ ਬਾਰੇ ਮੈਂ ਉਸ ਦੀ ਜੀਵਨ ਸਾਥਣ ਗੀਤਾ ਕਪੂਰ ਨਾਲ ਵੀ ਗੱਲ ਕੀਤੀ। ਇਸੇ ਮਹੀਨੇ ਲਗਭਗ 15-20 ਦਿਨ ਪਹਿਲਾਂ ਤ੍ਰਿਵੈਣੀ ਵਿਚ ਮੇਰੀ ਗੀਤਾ ਕਪੂਰ ਨਾਲ ਗੱਲਬਾਤ ਹੋਈ ਸੀ। ਵਿਵਾਨ ਉਨ੍ਹੀਂ ਦਿਨੀਂ ਬਿਮਾਰੀ ਨਾਲ ਜੂਝ ਰਿਹਾ ਸੀ।

ਆਦਰਸ਼ ਵਿੱਦਿਆ, ਸੁਖੀ ਤੇ ਸਿਹਤਮੰਦ ਪਾਲਣ-ਪੋਸ਼ਣ ਅਤੇ ਚੰਗੀ ਸੁਹਬਤ ਨੇ ਹਿਮਾਚਲ ਦੀਆਂ ਪਹਾੜੀਆਂ 'ਚ ਜਨਮੇ ਇਸ ਸ਼ਖ਼ਸ ਨੂੰ ਸੂਖ਼ਮ ਅਤੇ ਸੰਵੇਦਨਸ਼ੀਲ ਕਲਾਕਾਰ ਬਣਾਇਆ।





*ਚਿੱਤਰਕਾਰ ਵਿਵਾਨ ਸੁੰਦਰਮ (ਉਪਰ) ਅਤੇ (ਹੇਠਾਂ) ਉਸ ਦੀ ਕਲਾ ਕਿਰਤ।*

ਅੰਮ੍ਰਿਤਾ ਸ਼ੇਰਗਿੱਲ ਵੱਲੋਂ ਵਿਰਸੇ 'ਚ ਮਿਲੀ ਪ੍ਰੇਰਨਾ ਅਤੇ ਕਲਾ ਸਮੀਖਿਅਕ, ਇਤਿਹਾਸਕਾਰ ਤੇ ਕਿਊਰੇਟਰ ਗੀਤਾ ਕਪੂਰ ਦੇ ਜੀਵਨ ਭਰ ਸਾਥ ਤੇ ਸਹਿਯੋਗ ਨੇ ਵਿਵਾਨ ਸੁੰਦਰਮ ਦੀ ਕਲਾ ਪ੍ਰਤੀ ਰੁਚੀ ਅਤੇ ਰੁਝਾਨ ਨੂੰ ਸਥਾਈ ਬਣਾਇਆ। ਇਸ ਵਿਚ ਮੈਂ ਭਾਰਤੀ ਕਲਾ ਤੇ ਇਸ ਦੇ ਇਤਿਹਾਸ ਨੂੰ ਵੀ ਜੋੜਦਾ ਹਾਂ। ਕਲਾ ਦਾ ਵਿਸਥਾਰ ਹੋਣਾ ਹੀ ਇਸ ਨੂੰ ਜ਼ਿੰਦਾ ਰੱਖਦਾ ਹੈ। ਇਸ ਦਾ ਸਮੇਂ-ਸਮੇਂ ਹੁੰਦਾ ਆਲੋਚਨਾਤਮਕ ਮੁਲਾਂਕਣ ਕਲਾ ਦੀ ਪ੍ਰਸੰਗਕਤਾ 'ਚ ਵਾਧਾ ਕਰਦਾ ਹੈ।

ਕਸੌਲੀ ਵਿਖੇ ਸੁੰਦਰਮ ਪਰਿਵਾਰ ਦਾ ਘਰ ਹੈ। ਕਿਸੇ ਸਮੇਂ ਇਸੇ ਘਰ ਵਿਚ ਵਿਵਾਨ ਸੁੰਦਰਮ ਨੇ ਪੰਜਾਬ ਯੂਨੀਵਰਸਿਟੀ ਦੇ ਕਲਾ ਇਤਿਹਾਸ ਦੇ ਮੁਖੀ ਡਾ. ਬੀ.ਐਨ. ਗੋਸਵਾਮੀ ਦੇ ਸਹਿਯੋਗ ਨਾਲ ਗਰਮੀ ਰੁੱਤੇ ਕਲਾਕਾਰਾਂ ਦੇ ਕੈਂਪ ਲਾਏ। ਕਈ ਪ੍ਰਤਿਭਾਸ਼ਾਲੀ ਕਲਾਕਾਰਾਂ (ਨੌਜਵਾਨ ਅਤੇ ਅਨੁਭਵੀ) ਨੇ ਇਨ੍ਹਾਂ ਕੈਂਪਾਂ ਵਿਚ ਸ਼ਿਰਕਤ ਕੀਤੀ। ਇੱਥੇ ਸਿਰਜੀਆਂ ਕਈ ਕਲਾ-ਕ੍ਰਿਤਾਂ ਪੰਜਾਬ ਯੂਨੀਵਰਸਿਟੀ ਦੇ ਫਾਈਨ ਆਰਟਸ ਮਿਊਜ਼ੀਅਮ ਦੇ ਸਥਾਈ ਸੰਗ੍ਰਹਿ ਵਿਚ ਹਨ।


ਕਲਾ ਦਾ ਮਨੁੱਖ ਦੇ ਜਨਮ ਤੋਂ ਲੈ ਕੇ ਹੁਣ ਤਕ ਦਾ ਕੀਤਾ ਸਫ਼ਰ ਦਰਸਾਉਂਦਾ ਹੈ ਕਿ ਇਹ ਕਿਵੇਂ ਮਾਨਵਤਾ ਨੂੰ ਸੋਹਣਾ ਅਤੇ ਸੁਹਜਾਤਮਕ ਬਣਾਉਂਦੀ ਹੈ। ਕਲਾਕਾਰ ਸਮੇਂ-ਸਮੇਂ ਮਨੁੱਖਤਾ ਨੂੰ ਢਾਹ ਲਾਉਂਦੀਆਂ ਤਾਕਤਾਂ ਵਿਰੁੱਧ ਸਵਾਲ ਖੜ੍ਹੇ ਕਰਦਾ ਹੈ। ਉਸ ਦੀ ਕਲਾ ਉਸ ਦਾ ਹਲਫ਼ਨਾਮਾ ਹੈ।

ਵਿਵਾਨ ਸੁੰਦਰਮ ਵੀ ਕੁਝ ਐਸੀ ਹੀ ਮਿੱਟੀ ਦਾ ਬਣਿਆ ਹੋਇਆ ਸੀ। ਭੂਤਕਾਲ ਨੂੰ ਵਰਤਮਾਨ ਨਾਲ ਤੇ ਵਰਤਮਾਨ ਨੂੰ ਭਵਿੱਖ ਨਾਲ ਮੇਲਦਾ-ਵਿਚਾਰਦਾ ਤੇ ਦਰਦਮੰਦ ਹੋ ਇਸ ਨੂੰ ਆਪਣੀਆਂ ਡਰਾਇੰਗਜ਼, ਪੇਂਟਿੰਗਜ਼, ਸਕੱਲਪਚਰਜ਼ ਅਤੇ ਇਨਸਟਾਲੇਸ਼ਨਜ਼ ਵਿਚ ਪ੍ਰਗਟਾ ਕੇ ਆਪਣੀ ਆਵਾਜ਼ ਬੁਲੰਦ ਕਰਦਾ। ਉਸ ਦੀ ਕਲਾ ਕਦੇ ਵੀ ਚਲਦੇ ਪਾਣੀਆਂ ਨਾਲ ਨਹੀਂ ਤੁਰਦੀ ਸਗੋਂ ਇਸ ਦੇ ਉਲਟ ਚਲਦਿਆਂ ਇਸ ਨੂੰ ਟੱਕਰ ਦਿੰਦੀ ਜਾਪਦੀ ਹੈ। ਆਤਮ-ਚਿੰਤਨ ਕਰਨ ਲਈ ਆਖਦੀ ਹੈ। ਇਸ ਤਰ੍ਹਾਂ ਦੀ ਸੋਚ ਅਡੋਲ ਸਾਹਸ ਮੰਗਦੀ ਹੈ।

ਕਲਾਕਾਰ ਆਮ ਕਰ ਕੇ ਆਪਣੀ ਕਲਾ ਰਾਹੀਂ ਸਿਆਸੀ ਅਤੇ ਸਮਾਜਿਕ ਟਿੱਪਣੀਆਂ ਕਰਨ ਤੋਂ ਗੁਰੇਜ਼ ਕਰਦੇ ਹਨ। ਵਿਵਾਨ ਸੁੰਦਰਮ ਦੀ ਕਲਾ ਇਸ ਪੱਖ ਤੋਂ ਚਿੰਤਨ ਭਰਪੂਰ ਵੀ ਹੈ।

30 ਮਾਰਚ 2023 ਨੂੰ ਨਵੀਂ ਦਿੱਲੀ ਦੇ ਲੋਧੀ ਸ਼ਮਸ਼ਾਨਘਾਟ 'ਚ ਉਸ ਦੀ ਚਿਤਾ ਨੂੰ ਅਗਨੀ ਦਿਖਾਈ ਗਈ। ਵਿਵਾਨ ਸੁੰਦਰਮ ਜਿਹਾ ਕਲਾਕਾਰ ਇਸ ਧਰਤੀ ਤੋਂ ਸਦਾ ਲਈ ਚਲਾ ਜਾਂਦਾ ਹੈ ਪਰ ਉਸ ਦੀ ਕਲਾ ਦੀ ਗੂੰਜ ਉਸ ਨੂੰ ਹਮੇਸ਼ਾ ਕਲਾ ਜਗਤ ਵਿਚ ਜੀਵਤ ਰੱਖਦੀ ਹੈ।





*ਵਿਵਾਨ ਸੁੰਦਰਮ ਦੀ ਦੋ ਹੋਰ ਕਲਾ ਕਿਰਤਾਂ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਪਰੈਲ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-581



*ਸੱਚੇ ਦਿਲ ਦੇ ਦੋਵੇਂ ਹੁੰਦੇ, ਜਾਨਵਰ ਜਾਂ ਬਾਲ,
ਰੂਹਾਂ ਤੋਂ ਕਰ ਕੇ ਪਿਆਰ, ਸੌਂ ਗਏ ਨਾਲ਼ੋ ਨਾਲ਼।
ਨ ਹੈ ਉਮਰਾਂ ਦਾ ਪਾੜਾ, ਨਾ ਸੇਜ ਤਲਾਈਆਂ,
ਰੜੇ ਮੈਦਾਨੀਂ ਢੇਰ ਉੱਤੇ, ਦੇਖੋ ਨੀਂਦਾਂ ਆਈਆਂ।*

### ਕੈਪਸ਼ਨ ਮੁਕਾਬਲਾ-579



ਭੱਠੀ ਵਾਲੀ ਨੇ ਭੱਠੀ ਤਪਾਈ
ਬੱਚਿਆਂ ਨੇ ਰਲ ਰੌਣਕ ਲਾਈ
ਆਪਣੇ ਪਰਾਗੇ ਸੀ ਉਡੀਕ ਕਰਦੇ
ਰੁੰਘਾ ਦੇਣ ਤੋਂ ਰਤਾ ਨਾ ਡਰਦੇ
ਕੋਈ ਖਿੱਲਾਂ ਕੋਈ ਮੰਗਦਾ ਰੋੜੇ
ਸਰਦੀ ਦੇ ਦਿਨ ਰਹਿ ਗਏ ਥੋੜ੍ਹੇ।
ਪਿੰਡਾਂ ਦੀ ਇਹ ਰੀਤ ਪੁਰਾਣੀ,
ਹੱਟੀ, ਭੱਠੀ, ਸੱਥ ਤੇ ਢਾਣੀ।
***-ਹਰਜੋਤ ਕੌਰ ਮਹੇਸ਼ਪੁਰਾ।***
***ਫੋਨ: 734-883-6704***

---

ਪਰਛਾਵਾਂ ਢਲਦਿਆਂ ਹੀ
ਬਾਲ ਛਿਟੀਆਂ ਅਤੇ ਸੁੱਕੇ ਪੱਤੇ
ਤਪ ਜਾਂਦੀ ਜਦ ਕੜਾਹੀ ਧੰਤੀ ਦੀ
ਕਰ ਸੈਨਤਾਂ ਇਕ ਦੂਜੇ ਨੂੰ
ਹਮਉਮਰ ਬੱਚੇ
ਲੈ ਪੱਲਿਆਂ 'ਚ ਦਾਣੇ,
ਆ ਬਹੁੜਦੇ ਕੋਲ ਭੱਠੀ ਵਾਲੀ ਦੇ
ਕਿਸੇ ਨੂੰ ਮੁਰਮੁਰ, ਕਿਸੇ ਨੂੰ ਖਿੱਲਾਂ
ਰੱਖ ਆਪਣੀ ਚੁੰਗ ਲੱਪ ਭਰ,
ਮਿਟਾ ਵਾਰੀ ਦਾ ਰੌਲਾ ਰੱਪਾ
ਹੱਸ ਹੱਸ ਵਿਦਾ ਕਰਦੀ
ਰੋਜ਼ ਦੇ ਗਾਹਕਾਂ ਨੂੰ
ਇੰਜ ਸਮਾਜਿਕ ਭਾਈਚਾਰਾ
ਆਪਸੀ ਏਕਾ ਪੈਦਾ ਕਰਦਾ।
***-ਦਰਸ਼ਨ ਪਾਲ ਦੋਸਾਂਝ।***

---

ਤਾਈ ਸੱਤੋ ਭੱਠੀ ਤਪਾਈ,
ਰੱਖੇ ਕੁੱਜਾ, ਛਾਨਣੀ, ਨਾਲ ਕੜਾਹੀ।
ਤਾਈ ਛੋਲਿਆਂ ਦੀ ਚੁੰਗ ਪਾਈ,
ਰਗੜ ਕੇ ਉਸਦੀ ਦਾਲ਼ ਬਣਾਈ।
ਮੱਕੀ ਦੀਆਂ ਜੋ ਚੁੰਗਾਂ ਆਈਆਂ,
ਸਭ ਦੀਆਂ ਉਸ ਖਿੱਲਾਂ ਬਣਾਈਆਂ।
ਤਾਈ ਨਾ ਕਿਸੇ ਨੂੰ ਛੱਡੇ,
ਦਾਣਿਆਂ ਦੀ ਲੱਪ ਪਹਿਲਾਂ ਕੱਢੇ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

## ਆਈ ਹੈ ਵਿਸਾਖੀ ਤਲਵੰਡੀ ਚੱਲੀਏ

ਆਈ ਹੈ ਵਿਸਾਖੀ ਤਲਵੰਡੀ ਚੱਲੀਏ
ਦੋਸਤਾਂ, ਯਾਰਾਂ ਨੂੰ ਵੀ ਸੁਨੇਹੇ ਘੱਲੀਏ।
ਏਥੇ ਆਏ ਸਨ ਸਾਡੇ ਦਸਮ ਪਿਤਾ
ਗੁਰੂ ਗ੍ਰੰਥ ਸਾਰਾ ਉਨ੍ਹਾਂ ਦਿੱਤਾ ਸੀ ਲਿਖਾ।
ਬਚੀ ਹੋਈ ਸਿਆਹੀ ਨਾਲ਼ੇ ਸਭ ਕਲਮਾਂ
ਪਾਣੀ ਵਿਚ ਸਾਰਾ ਕੁਝ ਦਿੱਤਾ ਸੀ ਵਹਾਅ।
'ਗੁਰੂ ਕਾਸ਼ੀ' ਬਣੂੰ ਇਹ ਦਿੱਤਾ ਵਰਦਾਨ
ਬਣਨਗੇ ਕਵੀ ਨਾਲ਼ੇ ਲੇਖਕ ਮਹਾਨ।
ਸ਼ਰਧਾ ਦੇ ਨਾਲ ਜਿਹੜਾ ਗੁਰੂ ਨੂੰ ਧਿਆਵੇ
ਮਨਮੰਗੀਆਂ ਮੁਰਾਦਾਂ ਸਾਰੀਆਂ ਉਹ ਪਾਵੇ।
ਹਰ ਸਾਲ ਏਥੇ ਮੇਲਾ ਲੱਗਦਾ ਹੈ ਭਾਰੀ
ਦੂਰੋਂ-ਦੂਰੋਂ ਆਉਂਦੇ ਲੋਕੀਂ
ਖਿੱਚ ਕੇ ਤਿਆਰੀ।
ਮੇਲੇ ਵਿਚ ਛੋਟੇ-ਵੱਡੇ ਝੂਟਦੇ ਚੰਡੋਲਾਂ
ਹੱਸਦੇ ਤੇ ਗਾਉਂਦੇ, ਨਾਲ਼ੇ ਕਰਦੇ ਕਲੋਲਾਂ।
ਕਈ ਥਾਈਂ ਮੇਲੇ ਵਿਚ ਲੱਗਣ ਨੁਮਾਇਸ਼ਾਂ
ਬੱਚੇ ਕਰਦੇ ਨੇ ਅੱਡ-ਅੱਡ ਫਰਮਾਇਸ਼ਾਂ।
ਅੱਡੋ-ਅੱਡ 'ਕੱਠ ਕਰੇ ਹਰ ਪਾਰਟੀ
ਕਹਿਣ ਦੂਜੇ ਤਾਈਂ ਥੋਨੂੰ ਜਾਣਦੇ ਅਸੀਂ।
ਦੂਰ ਪਰ੍ਹੇ ਇਕ ਪਾਸੇ ਢੋਲ ਵੱਜਿਆ
ਜਾਪਦਾ ਹੈ ਸਾਰਾ ਮੇਲਾ ਓਥੇ ਲੱਗਿਆ।
ਵਿਕਦੇ ਪਕੌੜੇ ਵਿਚ ਬਣੇ ਤੇਲ ਦੇ
'ਰੂਹੀ' ਖਾਵੇ ਮਜ਼ੇ ਨਾਲ ਕਈ ਮੇਲ ਦੇ।
ਆਖਦੀ 'ਰਮਨ' ਮੈਂ ਲੰਗਰ ਛਕਣਾ
ਭੁੱਖੇ ਢਿੱਡ ਰਹਿ ਕੇ ਨਹੀਂਓਂ ਮੇਲਾ ਵੇਖਣਾ।
ਹੁਣ ਹਰ ਸਾਲ ਤਲਵੰਡੀ ਜਾਵਾਂਗੇ
'ਨਵ-ਦੀਪ' ਨਾਲ ਹੀ ਮੇਲਾ ਮਨਾਵਾਂਗੇ।
ਹਰ ਵੇਲੇ ਪ੍ਰਭੂ ਆਪਣਾ ਧਿਆਈਏ ਜੀ
ਮੇਲਿਆਂ ਨੂੰ ਨਾਲ਼ ਸ਼ਰਧਾ ਮਨਾਈਏ ਜੀ।
***-ਪ੍ਰੋ. ਨਵ ਸੰਗੀਤ ਸਿੰਘ***

# ੴ GURDWARA GURU NANAK DARBAR

There is Only One God

Temporal & Spiritual Balance of Authority

1610 West Street, Southington, CT 06489, Tel: (860) 621-3015

www.ctsikhs.com




## ਪਹਿਲੀ ਖਾਲਸਾ ਸਾਜਨਾ ਦਿਵਸ (ਸਿੱਖ ਡੇਅ) ਪਰੇਡ

ਐਤਵਾਰ 16 ਅਪ੍ਰੈਲ 2023 ਸਵੇਰੇ 10:00 ਵਜੇ (ਮੀਂਹ ਵਰਿਆ ਤਾਂ – 23 ਅਪ੍ਰੈਲ)

ਮੇਨ ਸਟ੍ਰੀਟ – ਟਾਉਨ ਗ੍ਰੀਨ, ਸਾਉਥਿੰਗਟਨ, ਕਨੈਟੀਕਟ

**ਗੁਰਦੁਆਰਾ ਗੁਰੂ ਨਾਨਕ ਦਰਬਾਰ,** 1610 ਵੈਸਟ ਸਟਰੀਟ, ਸਾਉਥਿੰਗਟਨ, ਕਨੈਕਟੀਕਟ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਜੀ ਦਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਧੂਮ ਧਾਮ ਨਾਲ 12 ਅਪ੍ਰੈਲ ਤੋ 16 ਅਪ੍ਰੈਲ 2023 ਤਕ ਮਨਾਇਆ ਜਾ ਰਿਹਾ ਹੈ ਜੀ॥ 12 ਅਪ੍ਰੈਲ, ਬੁੱਧਵਾਰ ਨੂੰ ਸ਼ਾਮ 7:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰਭੰ ਹੋਣਗੇ ਜਿਨਾਂ ਦੇ ਭੋਗ 14 ਅਪ੍ਰੈਲ, ਸ਼ੁੱਕਰਵਾਰ ਸ਼ਾਮ 7:00 ਵਜੇ ਪੈਣਗੇ ਉਪਰੰਤ ਹਰਜਸ ਕੀਰਤਨ ਹੋਵੇਗਾ ਜੀ॥ ਐਤਵਾਰ 16 ਅਪ੍ਰੈਲ ਨੂੰ ਸਵੇਰੇ 10:00 ਵਜੇ ਸਾਉਥਿੰਗਟਨ ਟਾਉਨ ਗ੍ਰੀਨ ਤੇ ਸਿੱਖ ਡੇਅ ਪਰੇਡ ਨਿਕਲੇਗੀ ਉਪਰੰਤ ਗੁਰੁਘਰ ਵਿਖੇ ਸਾਰਾ ਦਿਨ ਦੀਵਾਨ ਸਜਣਗੇ॥





* ਗੁਰੂ ਕਾ ਲੰਗਰ ਅਤੁੱਟ ਵਰਤੇਗਾ
* ਤਰ੍ਹਾਂ ਤਰ੍ਹਾਂ ਦੇ ਖਾਣਿਆਂ ਦੇ ਸਟਾਲ ਲੱਗਣਗੇ
* ਬੱਚਿਆਂ ਵਾਸਤੇ ਖਾਸ ਸਟਾਲ ਹੋਣਗੇ।

ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਹੁਮ ਹੁਮਾ ਕੇ ਪਹੁੰਚੋ ਅਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਕਨੈਕਟੀਕਟ ਸਿੱਖ ਐਸੋਸੀਏਸ਼ਨ ਇੰਕ (860) 621-3015

| | | |
|---|---|---|
| ਸ. ਬ੍ਰਹਮ ਸਿੰਘ, ਪ੍ਰਧਾਨ | ਸ. ਕੰਵਲਪ੍ਰੀਤ ਸਿੰਘ, ਸਕੱਤਰ | ਸ. ਹਰਪਾਲ ਸਿੰਘ, ਖਜ਼ਾਨਚੀ |
| (203) 246-5405 | (860) 478-0080 | (203) 516-8947 |

# ਗੁਰਮਤਿ, ਪੰਜਾਬੀ ਕੌਮ ਅਤੇ ਵੈਦਿਕ ਫਿਲਾਸਫੀ

ਸ. ਕਰਮ ਬਰਸਟ ਜੀ ਆਪਣੀ ਲਿਖਤ 'ਅਜੋਕਾ ਪੰਜਾਬ, ਸਿੱਖ ਭਾਈਚਾਰਾ, ਗੁਰਬਾਣੀ ਅਤੇ ਮਾਰਕਸਵਾਦ' ਵਿਚ ਲਿਖਦੇ ਹਨ, "ਅਜੋਕੇ ਸਿੱਖ ਚਿੰਤਕਾਂ ਤੇ ਗਰਮ ਖਿਆਲੀਆਂ ਨੂੰ ਪਤਾ ਨਹੀਂ ਦਸ਼ਰਥ ਪੁੱਤਰ ਰਾਮ ਚੰਦਰ ਨਾਲ ਕਾਹਦੀ ਚਿੜ੍ਹ ਹੈ?

... ਗੁਰਬਚਨ ਸਿੰਘ ਵੀ ਇਸ ਤੋਂ ਮੁਕਤ ਨਹੀਂ ਹੋ ਪਾਏ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 2533 ਵਾਰ ਰਾਮ ਦਾ ਜ਼ਿਕਰ ਹੋਇਆ ਹੈ ਪਰ ਇਨ੍ਹਾਂ ਦਾ ਦਾਅਵਾ ਹੈ ਕਿ ਇਹ 'ਰਾਮ' ਦਸ਼ਰਥ ਪੁੱਤਰ ਨਹੀਂ ਹੈ ਸਗੋਂ ਪਰਮਾਤਮਾ ਦਾ ਹੀ ਰੂਪ ਹੈ। ਵੈਸੇ ਹਿੰਦੂ ਮਤਿ ਅਨੁਸਾਰ ਰਾਮ ਤੇ ਕ੍ਰਿਸ਼ਨ ਤਿੰਨ ਵਡੇ ਅਵਤਾਰਾਂ ਵਿਚੋਂ ਵਿਸ਼ਨੂੰ ਦੇ ਹੀ ਵਖ ਵਖ ਯੁਗਾਂ ਵਿਚ ਵਖ ਵਖ ਰੂਪ ਹਨ। ਪਰੰਤੂ ਗੁਰਬਚਨ ਜੀ ਖੁਦ ਹੀ ਆਪਾ ਵਿਰੋਧੀ ਗੱਲ ਕਰਦੇ ਹੋਏ ਫੁਰਮਾਉਂਦੇ ਹਨ ਕਿ 'ਸਾਡਾ ਮਨੁਖੀ ਸਰੀਰ ਤੇ ਜਿੰਦ ਅਲਹ ਤੇ ਰਾਮ ਦੀ ਦੇਣ ਹੈ। ਅਲਹ ਮੁਸਲਮਾਨਾਂ ਲਈ ਉਚਤਮ ਰਬੀ ਹਸਤੀ ਹੈ ਅਤੇ ਰਾਮ ਹਿੰਦੂਆਂ ਲਈ ਅਵਤਾਰੀ ਮਹਾਂਪੁਰਖ ਹੈ।' ਜੇ ਦਸ਼ਰਥ ਪੁੱਤਰ ਰਾਮ ਹੀ ਹਿੰਦੂਆਂ ਦਾ ਅਵਤਾਰੀ ਮਹਾਂਪੁਰਖ ਨਹੀਂ ਹੈ ਤਾਂ ਫਿਰ ਗੁਰਬਾਣੀ ਕਿਹੜੇ ਰਾਮ ਦੀ ਗੱਲ ਕਰਦੀ ਹੈ?"



ਸ. ਕਰਮ ਬਰਸਟ ਜੀ ਜੇ ਆਪਣੇ ਮਨ ਵਿਚ ਬਣੀਆਂ ਤੇ ਆਪਣੀ ਸੋਚ ਵਿਚ ਪਰਪੱਕ ਹੋ ਗਈਆਂ ਕੁਝ ਧਾਰਨਾਵਾਂ ਤੋਂ ਮੁਕਤ ਹੋ ਕੇ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦੇ ਅਤੇ ਉਸ ਦੀ ਖੁਦ ਵਿਆਖਿਆ ਕਰਨ ਦਾ ਯਤਨ ਕਰਦੇ ਤਾਂ ਉਨ੍ਹਾਂ ਨੂੰ ਫਿਲਾਸਫੀ ਦੇ ਪੱਧਰ ਉਤੇ ਕੁਝ ਬਹੁਤ ਖੂਬਸੂਰਤ ਅਨੁਭਵ ਹੁੰਦੇ। ਗੁਰਮੁਖੀ ਲਿਪੀ ਵਿਚ ਲਿਖੇ ਹੋਣ ਕਰਕੇ ਪੰਜਾਬੀ ਪਾਠਕਾਂ ਦੀ ਇਹ ਖੁਸ਼ਕਿਸਮਤੀ ਹੈ ਕਿ ਉਹ ਕੁਝ ਸ਼ਬਦਾਂ ਦੇ ਗਿਆਨ ਨਾਲ ਗੁਰਮਤਿ ਦੀ ਵਿਆਖਿਆ ਖੁਦ ਕਰਨ ਦੇ ਯੋਗ ਹਨ।

**ਗੁਰਬਚਨ ਸਿੰਘ**
**ਫੋਨ: +91-98156-98451**

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ :

ਜਪਿ ਮਨ ਸਿਰੀ ਰਾਮੁ॥ ਰਾਮ ਰਮਤ ਰਾਮੁ॥ ਸਤਿ ਸਤਿ ਰਾਮੁ॥
ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ॥ 1॥ ਰਹਾਉ॥
ਰਾਮੁ ਆਪੇ ਆਪਿ ਆਪੇ ਸਭੁ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ ਜਗੇ॥
ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮ ਰਾਇ ਸੋ ਜਨੁ ਰਾਮ ਨਾਮ ਲਿਵ ਲਾਗੇ॥
ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ॥
ਜਨ ਨਾਨਕ ਕਾ ਅੰਗੁ ਕੀਆ ਮੇਰੈ ਰਾਮ ਰਾਇ ਦੁਸਮਨ ਦੂਖ ਗਏ ਸਭਿ ਭਗੇ॥ (1202)

ਹੇ ਮੇਰੇ ਮਨ! ਸ੍ਰੀ ਰਾਮ ਦਾ ਜਾਪ ਕਰ। ਰਾਮ! ਕਿਹੜਾ ਰਾਮ? ਰਮਤ ਰਾਮ, ਜਿਹੜਾ ਅਸੀਮ ਅਤੇ ਸਦੀਵੀ ਬ੍ਰਹਿਮੰਡ (ਬ੍ਰਹਮ) ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਜਿਹੜਾ ਰਾਮ ਸਤਿ ਸਤਿ ਭਾਵ ਸਦੀਵੀ ਸੱਚ ਹੈ। ਉਸ ਰਾਮ ਦਾ ਜਾਪ ਕਰ। ਅਗਲੀ ਰਹਾਉ ਦੀ ਪੰਕਤੀ ਵਿਚ ਗੁਰੂ ਸਾਹਿਬ ਆਪਣੀ ਇਸ ਧਾਰਨਾ ਨੂੰ ਫਿਰ ਦੁਹਰਾਉਂਦੇ ਹਨ। ਬੋਲੋ ਭਈਆ! ਰਾਮ ਰਾਮ ਰਾਮ, ਜਿਹੜਾ ਰਾਮ ਸਭ ਥਾਂ ਰਮਿਆ ਹੋਇਆ ਹੈ। ਇਹ ਰਮਿਆ ਹੋਇਆ ਰਾਮ ਹੀ ਸਰਬ-ਸ਼ਕਤੀਮਾਨ ਹੈ। ਇਹੀ ਰਮਤ ਰਾਮ ਕਰਤਾ ਦੇ ਰੂਪ ਵਿਚ ਸਿਰਜਣਹਾਰ ਹੈ। ਇਸੇ ਰਾਮ ਦਾ ਸਾਰੇ ਜਗਤ ਵਿਚ ਪਸਾਰਾ ਹੈ। ਮੇਰਾ ਇਹ ਰਮਤ ਰਾਮ ਜਿਸ ਕਿਸੇ ਜਨ ਉਤੇ ਆਪਣੀ ਮੇਹਰ ਕਰਦਾ ਹੈ, ਉਸ ਜਨ ਦੀ ਰਾਮ ਰਾਇ ਭਾਵ ਇਸ ਰਾਮ ਨਾਮ ਵਿਚ ਲਿਵ ਲੱਗ ਜਾਂਦੀ ਹੈ। ਫਿਰ ਗੁਰੂ ਸਾਹਿਬ 'ਹਰਿ ਸੰਤਹੁ' ਭਾਵ ਆਪਣੇ ਚਾਰ-ਚੁਫੇਰੇ ਫੈਲੇ ਹਰਿ ਜੀਉ ਦੀ ਹੋਂਦ ਨੂੰ ਮੰਨਣ ਵਾਲੇ ਸੰਤਾਂ ਨੂੰ ਮੁਖਾਤਿਬ ਹੋ ਕੇ ਬਚਨ ਕਰਦੇ ਹਨ, ਕਿ ਇਸ ਰਾਮ ਨਾਮ ਦੀ ਵਡਿਆਈ ਇਹ ਹੈ ਕਿ ਇਹ ਰਾਮ ਨਾਮ ਕਲਯੁਗ ਵਿਚ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ। ਜਨ ਨਾਨਕ ਨੇ ਜਦੋਂ ਦੀ ਇਸ ਰਾਮ ਨਾਲ ਸਾਂਝ ਪਾਈ ਹੈ, ਉਦੋਂ ਦੇ ਉਸ ਦੇ ਸਾਰੇ ਦੁਖ ਦੂਰ ਹੋ ਗਏ ਹਨ।

ਰਮਤ ਰਾਮੁ ਸਭ ਰਹਿਓ ਸਮਾਇ॥ (865)
ਰਾਮ ਰਮਤ ਸੰਤਨ ਸੁਖੁ ਮਾਨਾ (743)
ਰਾਮ ਰਮਤ ਹਰਿ ਹਰਿ ਸੁਖੁ ਪਾਇਆ। (1348)
ਰਮਤ ਰਾਮ ਘਟ ਘਟ ਆਧਾਰ। (897)

ਗੁਰੂ ਗ੍ਰੰਥ ਸਾਹਿਬ ਵਿਚ ਰਾਮ ਦਾ ਵਾਰ ਵਾਰ ਜ਼ਿਕਰ ਕੀਤਾ ਗਿਆ ਹੈ ਪਰ ਇਹ ਰਾਮ ਉਹ ਨਹੀਂ ਹੈ ਜਿਸਦਾ ਬ੍ਰਾਹਮਣੀ ਵਿਦਵਾਨ ਅਕਸਰ ਹਵਾਲਾ ਦੇਂਦੇ ਹਨ। ਇਹ ਰਾਮ ਇਸ ਬ੍ਰਹਿਮੰਡ ਦੇ ਕਣ-ਕਣ ਵਿਚ ਰਮਿਆ ਹੋਇਆ ਰਾਮ ਹੈ। ਕੁਦਰਤ ਦੇ ਕਣ ਕਣ ਵਿਚ ਰਮਿਆ ਹੋਇਆ ਰਾਮ ਹੀ ਸਿਰਜਣਹਾਰ ਕਰਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਮਤ ਰਾਮ ਅਤੇ ਦਸ਼ਰਥ ਪੁੱਤਰ ਰਾਮ ਚੰਦਰ ਵਿਚਕਾਰ ਬੜਾ ਸਪੱਸ਼ਟ ਨਿਖੇੜਾ ਕੀਤਾ ਗਿਆ ਹੈ :

ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥ (954)

ਯੂ ਪੀ ਤੇ ਬਿਹਾਰ ਦੇ ਮਜ਼ਦੂਰਾਂ ਕੋਲੋਂ ਕੰਮ ਕਰਵਾ ਕੇ ਜਿਹੜੇ ਪੰਜਾਬੀ ਲੋਕ 'ਭਈਏ' ਸ਼ਬਦ ਨਾਲ ਮੁਖਾਤਿਬ ਹੋ ਕੇ ਉਨ੍ਹਾਂ ਨਾਲ ਨਫਰਤ ਪ੍ਰਗਟ ਕਰਦੇ ਹਨ, ਉਨ੍ਹਾਂ ਵਾਸਤੇ ਗੁਰੂ ਸਾਹਿਬ ਦੇ ਇਹ ਬਚਨ ਕਿੰਨੇ ਕੀਮਤੀ ਹਨ। ਗੁਰੂ ਸਾਹਿਬ ਭਈਆ ਸ਼ਬਦ ਦੀ ਵਰਤੋਂ ਕਿੰਨੇ ਪਿਆਰ ਨਾਲ ਕਰ ਰਹੇ ਹਨ।

ਆਪਣੇ ਇਸ ਸੁਆਲ ਦੀ ਪੁਸ਼ਟੀ ਲਈ ਸ. ਕਰਮ ਬਰਸਟ ਗੁਰਬਾਣੀ ਵਿਚੋਂ ਇਕ ਹੋਰ ਮਿਸਾਲ ਦੇਂਦੇ ਹਨ :

ਜੋਗੀ ਗੋਰਖੁ ਗੋਰਖ ਕਰੈ॥
ਹਿੰਦੂ ਰਾਮ ਨਾਮ ਉਚਰੈ॥ (ਅੰਗ ???)

ਸ. ਕਰਮ ਬਰਸਟ ਜੀ ਜੇ ਇਸੇ ਸਬਦ ਦੀਆਂ ਅਗਲੀਆ ਦੋ ਤੁਕਾਂ ਵੀ ਪੜ੍ਹਦੇ ਤਾਂ ਉਨ੍ਹਾਂ ਦੇ ਮਨ ਵਿਚ ਇਹ ਸੁਆਲ ਪੈਦਾ ਹੀ ਨਹੀਂ ਸੀ ਹੋਣਾ। ਉਨ੍ਹਾਂ ਨੂੰ ਆਪਣੇ ਆਪ ਹੀ ਸਪੱਸ਼ਟ ਹੋ ਜਾਣਾ ਸੀ ਕਿ ਇੱਥੇ ਰਾਮ ਸ਼ਬਦ ਦਾ ਅਰਥ ਕੀ ਹੈ?

ਜੋਗੀ ਗੋਰਖੁ ਗੋਰਖੁ ਕਰੈ॥
ਹਿੰਦੂ ਰਾਮ ਨਾਮੁ ਉਚਰੈ॥
ਮੁਸਲਮਾਨ ਕਾ ਏਕੁ ਖੁਦਾਇ॥
ਕਬੀਰ ਕਾ ਸੁਆਮੀ ਰਹਿਆ ਸਮਾਇ॥ (1160)

ਜੋਗੀ ਵਾਰ ਵਾਰ ਗੋਰਖ ਦਾ ਨਾਂ ਧਿਆਉਂਦਾ ਹੈ। ਹਿੰਦੂ ਰਾਮ ਦਾ ਨਾਂ ਧਿਆਉਂਦਾ ਹੈ। ਮੁਸਲਮਾਨ ਇਕ ਖੁਦਾ ਦਾ ਨਾਂ ਧਿਆਉਂਦਾ ਹੈ। ਪਰ ਕਬੀਰ ਦਾ ਮਾਲਕ (ਸੁਆਮੀ) ਹਰੇਕ ਥਾਂ ਸਮਾਇਆ ਹੋਇਆ ਹੈ।

ਗੁਰਮਤਿ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਜ਼ਿਕਰ ਵੀ ਇਸੇ ਰੂਪ ਵਿਚ ਕੀਤਾ ਗਿਆ ਹੈ। ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰੀ ਰੂਪ ਦਾ ਖੰਡਨ ਕੀਤਾ ਗਿਆ ਹੈ ਪਰ ਉਨ੍ਹਾਂ ਦੇ ਸਰਬ-ਵਿਆਪੀ ਰੂਪ ਨੂੰ ਬੁਲੰਦ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਕਮਾਲ ਦੀ ਖੂਬਸੂਰਤੀ ਨਾਲ ਵਸੀਹ ਲੋਕ ਮਾਨਸਿਕਤਾ ਵਿਚ ਡੂੰਘੇ ਧਸੇ ਹੋਏ ਸਾਰੇ ਧਾਰਮਿਕ ਸੰਕਲਪਾਂ (ਨਾਵਾਂ) ਨੂੰ ਏਕੋ ਕਰਤਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਮਨੁੱਖੀ ਮਨਾਂ ਵਿਚ 'ਰੱਬੀ' ਹੋਂਦ ਤੇ ਹਸਤੀ ਬਾਰੇ ਬਣੇ ਸਾਰੇ ਸੰਕਲਪਾਂ ਨੂੰ ਗੁਰਮਤਿ 'ਏਕੋ' ਸਿਰਜਣਹਾਰ ਕਰਤਾ ਨਾਲ ਜੋੜਦੀ ਹੈ।

ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥ ਖੁਦਿ ਖੁਦਾਇ ਵਡ ਬੇਸੁਮਾਰ॥ 1॥
ਓੁੰ ਨਮੋ ਭਗਵੰਤ ਗੁਸਾਈ॥ ਖਾਲਕੁ ਰਵਿ ਰਹਿਆ ਸਰਬ ਠਾਈ॥ 1॥ ਰਹਾਉ॥
ਜਗੰਨਾਥ ਜਗਜੀਵਨ ਮਾਧੋ॥ ਭਉ ਭੰਜਨ ਰਿਦ ਮਾਹਿ ਅਰਾਧੋ॥
ਰਿਖੀਕੇਸ ਗੋਪਾਲ ਗੋੁਵਿੰਦ॥ ਪੂਰਨ ਸਰਬਤ੍ਰ ਮੁਕੰਦ॥ 2॥
ਮਿਹਰਵਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥ 3॥
ਨਾਰਾਇਣ ਨਰਹਰ ਦਇਆਲ॥ ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ॥ ਲੀਲਾ ਕਿਛੁ ਲਖੀ ਨ ਜਾਇ॥ 4॥
ਮਿਹਰ ਦਇਆ ਕਰਿ ਕਰਨੈਹਾਰ॥ ਭਗਤਿ ਬੰਦਗੀ ਦੇਹਿ ਸਿਰਜਣਹਾਰ।
ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥ (896)

ਸਮੁੱਚੀ ਖਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਰਬ-ਵਿਆਪਕ ਹੈ। ਉਹ ਸਭਨੀ ਥਾਂਈਂ ਰਮਿਆ ਹੋਇਆ ਹੈ। ਓਹੀ ਕਾਰਨ ਹੈ। ਓਹੀ ਕਰਨ ਵਾਲਾ ਹੈ। ਉਹ ਬਖਸ਼ਿੰਦ ਹੈ। ਉਹ ਸਾਰਿਆਂ ਦੀ ਪਾਲਣਾ ਕਰਨ ਵਾਲਾ ਅਤੇ ਸਾਰਿਆਂ ਉਤੇ ਰਹਿਮਤਾਂ ਕਰਨ ਵਾਲਾ ਹੈ। ਅਲਹ ਦੇ ਰੂਪ ਵਿਚ ਉਹ ਅਪਹੁੰਚ ਤੇ ਬੇਅੰਤ ਹੈ। ਉਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਇਹ ਖਾਲਕ ਹੀ ਆਪ ਖੁਦਾ ਹੈ। ਇਹ ਖਾਲਕ ਮਨੁੱਖੀ ਗਿਣਤੀਆਂ-ਮਿਣਤੀਆਂ ਦੇ ਕਲਾਵੇ ਵਿਚ ਨਹੀਂ ਆਉਂਦਾ। ਵੈਦਿਕ ਫਿਲਾਸਫੀ ਵਿਚਲਾ ਓਮ ਨਮੋ ਭਗਵੰਤ ਤੇ ਗੁਸਾਈਂ ਵੀ ਇਹੀ ਖਾਲਕ ਹੈ। ਹਿੰਦੂ ਮਤਿ ਅਨੁਸਾਰ ਗੁਸਾਈਂ ਕ੍ਰਿਸ਼ਨ ਜੀ ਦਾ ਇਕ ਨਾਮ ਵੀ ਹੈ। ਇਹੀ ਖਾਲਕ ਧਰਤੀ ਦਾ ਮਾਲਕ ਹੈ ਤੇ ਇਹੀ ਜਗਤ ਦਾ ਪਾਲਕ ਹੈ। ਸਮੁੱਚੇ ਜਗਤ ਨੂੰ ਜੀਵਨ ਦੇਣ ਵਾਲਾ ਜਗੰਨਾਥ ਤੇ ਸਮੁੱਚੀ ਦੌਲਤ ਦਾ ਮਾਲਕ ਵੀ ਇਹੀ ਖਾਲਕ ਹੈ। ਇਸ ਨੂੰ ਹਿਰਦੇ ਭਾਵ ਮਨ ਵਿਚ ਵਸਾਉਣ ਨਾਲ ਸਾਰੇ ਕਲਪਿਤ ਡਰ ਦੂਰ ਹੋ ਜਾਂਦੇ ਹਨ। ਮਨੁੱਖੀ ਇੰਦਰੀਆਂ ਦਾ ਮਾਲਕ ਵੀ ਇਹੀ ਖਾਲਕ ਹੈ, ਜਿਹੜਾ ਪੂਰਨ ਹੈ, ਸਰਬਵਿਆਪੀ ਹੈ ਤੇ ਮੁਕਤੀਦਾਤਾ ਹੈ। ਇਹ ਖਾਲਕ ਮਿਹਰਬਾਨ ਹੈ। ਇਹ ਖਾਲਕ ਸਾਰਿਆਂ ਦੇ ਦਿਲਾਂ ਦਾ ਮਾਲਕ ਹੈ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿਤੇ ਹਨ ਅਤੇ ਮੈਨੂੰ ਹੁਣ ਪਤਾ ਲੱਗਾ ਹੈ ਕਿ ਇਹ ਏਕੋ ਹੀ ਅਲਹ ਤੇ ਇਹ ਏਕੋ ਹੀ ਪਾਰਬ੍ਰਹਮ ਹੈ।

ਭਾਵ ਵੈਦਿਕ ਫਿਲਾਸਫੀ ਅਤੇ ਇਸਲਾਮੀ ਫਿਲਾਸਫੀ ਵਿਚਲੀ ਰੱਬੀ ਹਸਤੀ ਇਕੋ (ਏਕੋ) ਹੀ ਹੈ। ਇਸ ਏਕੋ ਸਿਰਜਣਹਾਰ ਕਰਤਾ ਨੂੰ ਮੁਖਾਤਿਬ ਹੋ ਕੇ ਗੁਰੂ ਸਾਹਿਬ ਇਸ ਕੋਲੋਂ ਮੇਹਰ, ਦਇਆ ਤੇ ਬੰਦਗੀ ਦੀ ਮੰਗ ਕਰਦੇ ਹਨ। ਇਸ ਇਕ ਸਬਦ ਵਿਚ ਹੀ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮੀ ਫਿਲਾਸਫੀ ਵਿਚਲੀ 'ਰੱਬੀ ਹਸਤੀ' ਬਾਰੇ ਵਰਤੇ ਜਾਂਦੇ ਨਾਵਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ਭਾਵ 'ਏਕੋ' (ਦਾਤਾ-ਕਰਤਾ) ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ। ਇਹ ਏਕੋ ਹੀ ਅਲਹ ਖੁਦਾ ਮਉਲਾ ਪੈਗੰਬਰ ਅਤੇ ਕੁਰਾਨ ਕਤੇਬ ਵਿਚਲਾ ਪਵਿਤਰ ਰੱਬ ਹੈ। ਇਹ ਏਕੋ ਹੀ ਵੈਦਿਕ ਮਤਿ ਵਿਚਲਾ ਭਗਵੰਤ ਗੁਸਾਈਂ ਨਾਰਾਇਣ ਨਰਹਰ ਓਮ ਨਮੋ ਬਾਸੁਦੇਵ ਰਿਖੀਕੇਸ਼ ਗੋਪਾਲ ਗੋਬਿੰਦ ਮੁਕੰਦ ਕ੍ਰਿਸ਼ਨ ਜਗੰਨਾਥ ਮਾਧੋ ਜਗਜੀਵਨ ਹੈ। ਗੁਰਮਤਿ ਹਿੰਦੂਆਂ ਨੂੰ ਇਸੇ ਸਿਰਜਣਹਾਰ ਦੀ ਭਗਤੀ ਤੇ ਮੁਸਲਮਾਨਾਂ ਨੂੰ ਅਲਹ ਦੇ ਰੂਪ ਵਿਚ ਇਸੇ ਮਉਲਾ ਦੀ ਬੰਦਗੀ ਕਰਨ ਦੀ ਪ੍ਰੇਰਨਾ ਕਰਦੀ ਹੈ।

ਜਦੋਂ ਗੁਰੂ ਸਾਹਿਬ ਬਚਨ ਕਰਦੇ ਹਨ ਕਿ ਸਾਡਾ ਮਨੁੱਖੀ ਸਰੀਰ ਤੇ ਜਿੰਦ ਅਲਹ ਤੇ ਰਾਮ ਦੀ ਦੇਣ ਹੈ ਤਾਂ ਉਨ੍ਹਾਂ ਦਾ ਭਾਵ ਵੀ ਇਹੀ ਹੈ ਕਿ : ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ (1349 )

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (162)
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (292)

ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਫੈਲਿਆ ਪਸਰਿਆ ਇਹ ਅਸੀਮ ਤੇ ਸਦੀਵੀ ਬ੍ਰਹਮੰਡ ਇਕ ਇਕਾਈ ਹੈ ਅਤੇ ਹੋਰ ਦੂਜਾ ਕੋਈ 'ਰੱਬ' ਕਿਤੇ ਨਜ਼ਰ ਨਹੀਂ ਆਉਂਦਾ। ਇਹੀ ਇਕ ਸਾਡਾ ਰਾਖਾ ਤੇ ਮਾਲਕ ਹੈ। ਇਹੀ ਏਕੋ ਸਾਡਾ ਪਾਲਕ ਹੈ।

ਗੁਰੂ ਸਾਹਿਬ ਇਸ 1 ਨਾਲ ਵੈਦਿਕ ਫਿਲਾਸਫੀ ਦਾ ਓਅੰਕਾਰ ਅਖਰ ਜੋੜਦੇ ਹਨ - ੴ (ਇਕ ਓਅੰਕਾਰ, 1+ਓਮ+ਆਕਾਰ)

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥ (296)

ਸਾਡਾ ਮਾਲਕ ਸਿਰਜਣਹਾਰ ਜਲ (ਪਾਣੀ) ਥਲ (ਧਰਤੀ) ਮਹੀਅਲਿ (ਆਕਾਸ਼) ਵਿਚ ਰਮਿਆ ਹੋਇਆ ਹੈ। ਇਹੀ ਸਿਰਜਣਹਾਰ ੴ (ਏਕੰਕਾਰ) ਭਾਂਤ ਭਾਂਤ ਦੇ ਅਨੇਕ ਰੂਪਾਂ ਵਿਚ ਸਾਡੇ ਆਲੇ-ਦੁਆਲੇ ਪਸਰਿਆ ਹੋਇਆ ਹੈ। ਤਥਾ ਇਹ ਅਸੀਮ ਤੇ ਸਦੀਵੀ ਬ੍ਰਹਮ (ਬ੍ਰਹਿਮੰਡ) — ਦ੍ਰਿਸ਼ਟਗੋਚਰ ਹੁੰਦਾ 'ਸੰਸਾਰ' ਜਿਸਦਾ ਇਕ ਅੰਸ਼ ਹੈ - ਅੰਕ ਗਣਿਤ ਦੇ ਹਿੰਦਸੇ 1 ਦਾ ਵਿਸਥਾਰ ਹੈ।

ਸ. ਕਰਮ ਬਰਸਟ ਜੀ ਗੁਰਮਤਿ ਨੂੰ ਬਾਕੀ ਦੇ ਸਾਰੇ ਧਰਮਾਂ ਨਾਲ ਰਲਗੱਡ ਕਰਦੇ ਲਿਖਦੇ ਹਨ, "ਕੀ ਗੁਰਬਾਣੀ ਚੌਰਾਸੀ ਲਖ ਜੂਨਾਂ ਤੋਂ ਇਨਕਾਰ ਕਰਦੀ ਹੈ ਜਾਂ ਯਮਰਾਜ ਦੇ ਡੰਡ ਦਾ ਜ਼ਿਕਰ ਨਹੀਂ ਕਰਦੀ। ਸਵਰਗ-ਨਰਕ ਦਾ ਸੰਕਲਪ ਹੀ ਤਾਂ ਸਮੁੱਚੇ ਧਰਮਾਂ ਦੀ ਚੂਲ ਹੈ। ਗੁਰਬਾਣੀ ਵਿਚ ਇਕ ਨਹੀਂ ਅਨੇਕ ਵਾਰ ਨਰਕ ਅਤੇ ਯਮਰਾਜ ਦਾ ਡਰ ਦਿਖਾ ਕੇ ਮਨੁੱਖ ਨੂੰ ਨਾਮ ਜਪਣ ਲਈ ਪ੍ਰੇਰਿਆ ਗਿਆ ਹੈ। ਸ. ਗੁਰਬਚਨ ਸਿੰਘ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਬਹੁਤ ਜ਼ਿਆਦਾ 'ਡਰਾਇਆ' ਗਿਆ ਹੈ।"

ਜਾਪਦਾ ਹੈ ਕਿ ਗੁਰਮਤਿ ਬਾਰੇ ਸ. ਕਰਮ ਬਰਸਟ ਜੀ ਦੀਆਂ ਇਹ ਧਾਰਨਾਵਾਂ ਗੁਰਬਾਣੀ ਪੜ੍ਹ ਕੇ ਨਹੀਂ ਬਲਕਿ ਬਚਪਨ ਵਿਚ ਕਿਸੇ ਪਖੰਡੀ ਸਾਧ ਦੀ ਕਥਾ ਸੁਣ ਕੇ ਬਣੀਆਂ ਹਨ। ਹਵਾਲੇ ਲਈ ਉਨ੍ਹਾਂ ਦੀਆਂ ਦਿੱਤੀਆ ਤੁਕਾਂ ਨੂੰ ਜਦੋਂ ਅਸੀਂ ਮੂਲ ਗੁਰਬਾਣੀ ਦੇ ਪ੍ਰਸੰਗ ਵਿਚ ਰੱਖ ਕੇ ਉਨ੍ਹਾਂ ਦੇ ਭਾਵਅਰਥ ਕਰਦੇ ਹਾਂ ਤਾਂ ਉਹ ਕੁਝ ਹੋਰ ਹੀ ਬਿਆਨ ਕਰਦੇ ਹਨ।

ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰ ਫਿਰ ਜੋਨੀ ਜੋਇਆ॥ ਅੰਗ-???)

ਇਨ੍ਹਾਂ ਦੋਹਾਂ ਤੁਕਾਂ ਤੋਂ ਪਹਿਲੀ ਰਹਾਉ ਦੀ ਤੁਕ ਹੈ। ਰਹਾਉ ਦਾ ਭਾਵਅਰਥ ਹੈ ਠਹਿਰੋ! ਇਹ ਸਾਰੇ ਸਬਦ ਦਾ ਤਤਸਾਰ ਹੈ!

ਏਕਾ ਨਿਰਭਉ ਬਾਤ ਸੁਨੀ॥ ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ॥ (ਅੰਗ 998)

ਅਰਥਾਤ ਜਿਸ ਨੇ ਨਿਰਭਉ ਏਕੋ ਦੀ ਗੱਲ ਸੁਣੀ ਹੈ, ਉਹ ਆਪਣੇ ਗੁਰੂ ਨਾਲ ਮਿਲ ਕੇ ਉਸ ਦੇ ਗੁਣ ਗਾਉਂਦਾ ਹੈ ਅਤੇ ਨਿਡਰ ਹੋ ਕੇ ਸੁਖ ਦਾ ਅਹਿਸਾਸ ਕਰਦਾ ਹੈ। ਪਰ ਜਿਹੜੇ ਦੇਹ ਧਾਰ ਕੇ ਦੇਵਤਿਆਂ ਤੋਂ ਡਰੀ ਜਾਂਦੇ ਹਨ, ਉਹ ਜਿੰਨੀ ਮਰਜ਼ੀ ਸਾਧਨਾ ਕਰ ਲੈਣ, ਉਨ੍ਹਾਂ ਦਾ ਡਰ ਖਤਮ ਨਹੀਂ ਹੁੰਦਾ। ਉਹ ਚੌਰਾਸੀ ਲੱਖ ਜੂਨਾਂ ਵਿਚ ਪੈਣ ਦੇ ਭਰਮ ਵਿਚ ਹੀ ਫਸੇ ਵਾਰ ਵਾਰ ਜੰਮਦੇ-ਮਰਦੇ ਰਹਿੰਦੇ ਹਨ।

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥ ਅੰਗ-??)

ਇਸ ਤੁਕ ਤੋਂ ਪਹਿਲੀਆ ਦੋ ਤੁਕਾਂ ਹਨ :

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥ (ਅੰਗ 88)

ਜਿਨ੍ਹਾਂ ਨੇ ਸਤਿ ਦਾ ਗਿਆਨ ਰੱਖਣ ਵਾਲੇ ਗੁਰੂ ਦੀ ਸੇਵਾ (ਪਛਾਣ) ਨਹੀਂ ਕੀਤੀ ਅਤੇ ਉਸ ਦੇ ਸ਼ਬਦਾਂ ਉਤੇ ਵਿਚਾਰ ਨਹੀਂ ਕੀਤੀ, ਉਨ੍ਹਾਂ ਦੇ ਆਤਮ ਵਿਚ ਗਿਆਨ ਦੀ ਰੌਸ਼ਨੀ ਨਹੀਂ ਹੁੰਦੀ। ਉਹ ਮੁਰਦਿਆਂ ਵਾਂਗ ਹੀ ਸਾਰੀ ਜ਼ਿੰਦਗੀ ਬਤੀਤ ਕਰ ਜਾਂਦੇ ਹਨ ਤੇ ਚੌਰਾਸੀ ਲੱਖ ਜੂਨਾਂ ਦੇ ਗੇੜ ਵਿਚ ਪਏ ਵਾਰ ਵਾਰ

## ਪ੍ਰਤੀਕਰਮ

ਜੰਮਦੇ-ਮਰਦੇ ਰਹਿੰਦੇ ਹਨ। ਲਖ ਚਉਰਾਸੀਹ ਫਿਰ ਫਿਰ ਆਵੈ ਬਿਰਥਾ ਜਨਮੁ ਗਵਾਇਆ॥ (ਅੰਗ-??)

ਇਸ ਤੋਂ ਪਹਿਲੀ ਤੁਕ ਹੈ :

ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ॥ (ਅੰਗ 69)

ਆਪਣੇ ਮਨ ਦੀ ਮੰਨਣ ਵਾਲੇ ਮਨਮੁਖ ਬੰਦੇ ਨੂੰ ਸਬਦ ਵਿਚ ਪ੍ਰਗਟ ਹੋਇਆ ਗਿਆਨ ਚੰਗਾ ਨਹੀਂ ਲਗਦਾ ਅਤੇ ਉਹ ਵਾਰ ਵਾਰ ਜੰਮਣ-ਮਰਨ ਤੇ 84 ਲੱਖ ਜੂਨਾਂ ਦੇ ਭਰਮ-ਜਾਲ ਵਿਚ ਫਸਿਆ ਹੀ ਆਪਣਾ ਜਨਮ ਐਵੇਂ ਬਿਰਥਾ ਗੁਆ ਜਾਂਦਾ ਹੈ।

ਪੁਨਰ ਜਨਮ ਬਾਰੇ ਗੁਰਮਤਿ ਬੜੀ ਸਪੱਸ਼ਟ ਹੈ। ਗੁਰੂ ਨੇ ਸਾਡੀ ਅਕਲ ਦੇ ਦਰਵਾਜ਼ੇ ਖੋਲ੍ਹ ਕੇ ਇਹ ਅਨੁਭਵੀ ਸੋਝੀ ਦਿੱਤੀ ਹੈ ਕਿ ਪੁਨਰ ਜਨਮ ਨਹੀਂ ਹੁੰਦਾ। ਕਰਤਾ ਆਪ ਹੀ ਆਪਣੇ ਨਾਲ ਮੇਲ ਕਰਵਾ ਲੈਂਦਾ ਹੈ। ਪੁਨਰ ਜਨਮ ਦੀ ਕੋਈ ਹੋਂਦ ਨਹੀਂ। ਇਸ ਏਕੋ ਕਰਤਾ ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਣ-ਜਾਣ ਭਾਵ ਜੰਮਣ-ਮਰਨ ਬਣਿਆ ਹੋਇਆ ਹੈ।

ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥ (383)
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥ (433)

ਨਰਕ-ਸੁਰਗ ਦੀ ਸਾਰੀ ਚਰਚਾ ਬਾਰੇ ਗੁਰਮਤਿ ਦਾ ਫੁਰਮਾਨ ਹੈ ਕਿ ਸੰਤਾਂ ਨੇ ਨਰਕ-ਸੁਰਗ ਦੇ ਸਾਰੇ ਵਰਤਾਰੇ ਦਾ ਹੀ ਖੰਡਨ ਕਰ ਦਿੱਤਾ ਹੈ। ਹੁਣ ਉਹ ਆਪਣੇ ਗੁਰੂ ਦੇ ਦਿੱਤੇ ਆਤਮਿਕ ਗਿਆਨ ਦੀ ਰੋਸ਼ਨੀ ਵਿਚ ਨਰਕ-ਸੁਰਗ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਕਵਨੁ ਨਰਕੁ ਕਵਨੁ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰਪ੍ਰਸਾਦੇ॥ (969)

ਸ. ਕਰਮ ਬਰਸਟ ਹੁਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਰਮਤਿ ਨੇ ਸਾਰੇ ਧਰਮਾਂ ਦੀ ਹਾਂ ਪੱਖੀ ਪੜਚੋਲ ਕੀਤੀ ਹੈ। ਕੁਦਰਤੀ ਨੇਮਾਂ (ਹੁਕਮ) ਉਤੇ ਪੂਰੇ ਉਤਰਦੇ ਹਰੇਕ ਧਰਮ ਦੇ ਸੰਕਲਪ ਨੂੰ ਪ੍ਰਵਾਨ ਕੀਤਾ ਹੈ ਤੇ ਕੁਦਰਤੀ ਨੇਮਾਂ ਉਤੇ ਪੂਰੇ ਨਾ ਉਤਰਦੇ ਸੰਕਲਪਾਂ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ ਹੈ। ਭਾਵੇਂ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਰੂਪ ਵਿਚ ਉਨ੍ਹਾਂ ਨੂੰ ਇਸ ਦੀ ਬੜੀ ਮਹਿੰਗੀ ਕੀਮਤ ਤਾਰਨੀ ਪਈ ਹੈ। ਮਸਲਨ ਇਕ ਪਾਸੇ ਗੁਰਮਤਿ ਕਹਿੰਦੀ ਹੈ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥ (141)

ਭਾਵ ਮੁਸਲਮਾਨ ਬਣਨਾ ਬੜਾ ਔਖਾ ਹੈ ਪਰ ਜੇ ਕੋਈ ਸੱਚੇ ਅਰਥਾਂ ਵਿਚ ਮੁਸਲਮਾਨ ਹੋਵੇ ਤਾਂ ਹੀ ਉਹ ਆਪਣੇ-ਆਪ ਨੂੰ ਮੁਸਲਮਾਨ ਕਹਾਵੇ ਤੇ ਫਿਰ ਉਹ ਮੁਸਲਮਾਨ ਬਣ ਕੇ ਇਸਲਾਮ ਦੇ ਸਾਰੇ ਚੰਗੇ ਗੁਣ ਧਾਰਨ ਕਰੇ।

ਪਰ ਦੂਜੇ ਪਾਸੇ ਇਹ ਵੀ ਗੁਰਮਤਿ ਦਾ ਹੀ ਫੁਰਮਾਨ ਹੈ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥ (466)

ਅਰਥਾਤ ਦੱਬੇ ਮੁਰਦਿਆਂ ਦੀ ਮਿੱਟੀ ਤਾਂ ਘੁਮਿਆਰ ਦੇ ਭਾਂਡਿਆਂ ਵਿਚ ਲੱਗ ਗਈ ਹੈ, ਜਿਹੜੇ ਅੱਗ ਦੇ ਅੰਗਿਆਰਾਂ ਉਤੇ ਪੱਕ ਕੇ ਤੇ ਹੌਲੀ-ਹੌਲੀ ਵਰਤੋਂ ਵਿਚ ਆ ਕੇ ਟੁੱਟ-ਭੱਜ ਗਏ ਹਨ। (ਗੁਰੂ) ਨਾਨਕ (ਸਾਹਿਬ) ਦੇ ਬਚਨ ਹਨ ਕਿ ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦੇ ਜਿਸ ਕਰਤਾ ਨੇ ਇਹ ਸਾਰਾ ਕੁਝ ਸਿਰਜਿਆ ਹੈ, ਉਹ ਕਰਤਾਰ ਭਾਵ ਸਿਰਜਣਹਾਰ ਹੀ ਇਨ੍ਹਾਂ ਮੁਰਦਿਆਂ ਦੀ ਹੋਣੀ ਜਾਣਦਾ ਹੈ। ਬਾਕੀ ਸਾਰੇ ਕਿਆਫੇ ਫਜ਼ੂਲ ਹਨ।

ਇੱਥੇ ਧਿਆਨ ਵਿਚ ਰਹੇ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਇਕ ਮੂਲ ਕਾਰਨ ਮੁਗਲ ਰਾਜ ਦਾ ਇਹ ਫੁਰਮਾਨ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਧਾਰਨਾ ਨੂੰ ਜਾਂ ਤਾਂ ਹਟਾ ਦਿੱਤਾ ਜਾਵੇ ਤੇ ਜਾਂ 'ਮਿਟੀ ਮੁਸਲਮਾਨ ਕੀ' ਦੀ ਥਾਂ ਮਿਟੀ ਬਈਮਾਨ ਦੀ ਲਿਖਿਆ ਜਾਵੇ। ਔਰੰਗਜ਼ੇਬ ਦੇ ਰਾਜ ਤਕ ਇਹੀ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਮੁਗਲ ਰਾਜ ਤੇ ਸਿੱਖ ਲਹਿਰ ਵਿਚਕਾਰ ਟਕਰਾਅ ਦਾ ਇਹ ਇਕ ਵੱਡਾ ਕਾਰਨ ਸੀ। 'ਬਾਬਾ' ਰਾਮ ਰਾਇ ਦਾ ਸਮੁੱਚਾ ਵਰਤਾਰਾ ਇਸੇ ਟਕਰਾਅ ਦੀ ਦੇਣ ਸੀ।

ਗੁਰਮਤਿ ਨੇ ਇਸਲਾਮ ਵਿਚਲੀ ਸੁੰਨਤ ਦੀ ਪਰੰਪਰਾ ਦੀ ਵੀ ਇਹ ਕਹਿ ਕੇ ਪੜਚੋਲ ਕੀਤੀ ਹੈ ਕਿ ਜੇ ਇਹ ਕੁਦਰਤੀ ਲੋੜ ਹੁੰਦੀ ਤਾਂ ਕੁਦਰਤ ਨੇ ਮਨੁੱਖ ਦੀ ਸੁੰਨਤ ਕਰ ਕੇ ਹੀ ਭੇਜਣੀ ਸੀ।

ਇਸ ਦੇ ਬਾਵਜੂਦ ਸਾਂਈਂ ਮੀਆਂ ਮੀਰ ਵਰਗੇ ਮੁਸਲਮਾਨ

*(ਬਾਕੀ ਅਗਲੇ ਸਫੇ 'ਤੇ)*

# ਗੜ੍ਹਸ਼ੰਕਰ ਦੇ ਰੇਲਵੇ ਸਟੇਸ਼ਨ 'ਤੇ 'ਮਹਾਨ ਕਵੀ ਦਰਬਾਰ' ਵਿਚ ਮੇਰੀ ਪਹਿਲੀ 'ਸਰੂਰ' ਵਾਲੀ ਪੇਸ਼ਕਾਰੀ!




***ਐੱਸ.ਅਸ਼ੋਕ ਭੌਰਾ ਪੰਜਾਬੀ ਸਾਹਿਤਕ ਖੇਤਰ 'ਚ ਇਕ ਜਾਣਿਆ ਪਛਾਣਿਆ ਨਾਮ ਹੈ, 'ਪੰਜਾਬ ਟਾਈਮਜ਼' 'ਚ ਇਸ ਤੋਂ ਪਹਿਲਾਂ ਉਸਨੇ 'ਗੱਲੀਂ ਬਾਤੀਂ', 'ਨੈਣ ਨਕਸ਼', 'ਗੱਲ ਬਣੀ ਕਿ ਨਹੀਂ', 'ਢਾਡੀ ਇਤਿਹਾਸ ਦੇ ਪੰਨੇ', 'ਪੰਜਾਬੀ ਗਾਇਕੀ ਦੇ ਅੰਦਰ ਬਾਹਰ' ਕਾਲਮ ਲਗਾਤਾਰ ਲਿਖੇ ਹਨ। ਇਨ੍ਹਾਂ ਕਾਲਮਾਂ 'ਚ ਉਸਦਾ ਨਵਾਂ ਕਾਲਮ 'ਗਿੱਲਾ ਪੀਣ੍ਹ' ਸ਼ੁਰੂ ਕਰਨ ਦੀ ਖੁਸ਼ੀ ਮਹਿਸੂਸ ਕਰ ਰਹੇ ਹਾਂ।***

ਕਈ ਘਟਨਾਵਾਂ ਹੁੰਦੀਆਂ ਤਾਂ ਕੁੱਤਖਾਨੇ ਵਾਲੀਆਂ ਪਰ ਸਮਾਂ ਪਾ ਕੇ ਤੁਹਾਡਾ ਚਿੱਤ ਖ਼ੁਸ਼ ਕਰ ਦਿੰਦੀਆਂ ਨੇ। ਏਦਾਂ ਦਾ ਹੀ ਖ਼ਲਾਰਾ ਮੈਂ ਪਾਉਣ ਲੱਗਾ ਹਾਂ।

ਪੱਕੀਆਂ ਤਰੀਕਾਂ ਤਾਂ ਯਾਦ ਨਹੀਂ ਪਰ ਏਨਾ ਕੁ ਨੀਂ ਭੁੱਲਦਾ ਕਿ ਮੈਂ ਦਸਵੀਂ ਜਮਾਤ ਦੇ ਇਮਤਿਹਾਨ ਦਾ ਨਤੀਜਾ ਉਡੀਕ ਰਿਹਾ ਸਾਂ। ਇਹ ਵੀ ਯਾਦ ਹੈ ਕਿ ਉਦੋਂ ਸਾਡੇ ਪਿੰਡ ਤਿੰਨ ਕੁ ਅਖ਼ਬਾਰਾਂ ਹੀ ਆਉਂਦੀਆਂ ਸਨ। ਢਾਡੀ ਅਵਤਾਰ ਸਿੰਘ ਭੌਰਾ ਦੇ ਘਰ 'ਅਜੀਤ', ਸਰਪੰਚ ਕੈਪਟਨ ਹਰੀ ਸਿੰਘ ਦੇ 'ਅੰਗੇਰਜ਼ੀ ਟ੍ਰਿਬਿਊਨ' ਅਤੇ ਲਾਲਿਆਂ ਦੇ ਟੱਬਰ ਬਿਸ਼ਨ ਦਾਸ ਹੁਰਾਂ ਦੇ 'ਜਗ ਬਾਣੀ'।

ਇਕ ਦਿਨ ਇਕ ਗੁਆਂਢੀ ਨੇ ਆ ਕੇ ਦੱਸਿਆ ਕਿ ਤੇਰਾ ਨਾਂ ਅਖ਼ਬਾਰ 'ਚ ਛਪਿਆ ਹੋਇਆ ਐ। ਮੈਂ ਕੰਨ ਖੜ੍ਹੇ ਕਰ ਲਏ ਤੇ ਪੁੱਛਿਆ ਕਿ ਵਿਚ ਕੀ ਲਿਖਿਆ ਸੀ?

'ਗੜ੍ਹਸ਼ੰਕਰ ਕਵੀ ਦਰਬਾਰ ਹੋਣਾ ਕੋਈ, ਕਵੀਆਂ 'ਚ ਲਿਖਿਆ ਸੀ ਤੇਰਾ ਨਾਂ ਤੇ ਨਾਲ ਹੀ ਚੂੰਢੀ ਵੱਡ ਗਿਆ 'ਪੜ੍ਹਿਆ ਕਰ ਕਾਕਾ ਜ਼ਿੰਦਗੀ ਬਣ ਜਾਊ, ਕਵੀਆਂ ਕੁਵੀਆਂ ਦੇ ਮੋਢੇ ਨਾਲ ਤਾਂ ਖਾਲੀ ਝੋਲਾ ਹੀ ਟੰਗਿਆ ਰਹਿੰਦੈ'। ਖ਼ੈਰ! ਉਦੋਂ ਕਵਿਤਾ ਦਾ ਤਾਂ ਇਲਮ ਨਹੀਂ ਸੀ ਪਰ ਪ੍ਰਚੱਲਿਤ ਗੀਤਾਂ ਦੀਆਂ ਤਰਜ਼ਾਂ 'ਤੇ ਗਾਣੇ ਲਿਖਣ ਦੀ ਕੋਸ਼ਿਸ਼ ਕਰਨ ਲੱਗ ਪਿਆ ਸੀ। ਕਵੀ ਦਰਬਾਰ 'ਚ ਸੱਦੇ ਦਾ ਚਾਅ ਨਾ ਸਾਂਭਿਆ ਜਾਵੇ ਕਿ ਨਿੱਕੇ ਜਿਹੇ ਨੂੰ ਕਵੀਆਂ 'ਚ ਸ਼ਾਮਿਲ ਕਰ ਲਿਆ ਗਿਆ ਹੈ ਤੇ ਖ਼ਬਰ ਵੀ ਵੱਡੀ ਅਖ਼ਬਾਰ 'ਚ ਲੱਗੀ ਹੈ। ਪਰ ਇਸ ਗੱਲ ਦਾ ਚਿੱਤ ਖ਼ਿਆਲ ਨਹੀਂ ਸੀ ਕਿ ਭੋਲਿਆ ਪੰਛੀਆਂ ਤੇਰੇ ਨਾਲ ਜੱਗੋਂ ਤੇਰਵੀਂ ਨਹੀਂ ਚੌਦਵੀਂ ਹੋਣ ਵਾਲੀ ਐ।

ਦੋ-ਤਿੰਨ ਨਾਂ ਸਾਡੇ ਹਲਕੇ ਦੇ ਕਵੀਆਂ ਦੇ ਹੀ ਸਨ ਤੇ ਹੈਰਾਨ ਬਹੁਤਾ ਇਸ ਕਰਕੇ ਵੀ ਸੀ ਕਿ ਰੇਲਵੇ ਸਟੇਸ਼ਨ 'ਤੇ ਗੱਡੀਆਂ ਤਾਂ ਆਉਂਦੀਆਂ ਜਾਂਦੀਆਂ ਸੁਣੀਆਂ ਸਨ, ਮੁਸਾਫ਼ਿਰ ਉੱਤਰਦੇ-ਚੜ੍ਹਦੇ ਵੇਖੇ ਸਨ ਪਰ ਰੇਲਵੇ ਸਟੇਸ਼ਨ 'ਤੇ ਕਵੀ ਦਰਬਾਰ ਕਦੇ ਨਹੀਂ ਸੀ ਸੁਣਿਆ, ਸੋ ਲੱਗਾ ਕਿ ਬੜੀ ਨਜ਼ਾਰੇ ਵਾਲੀ ਗੱਲ ਹੋਵੇਗੀ।

ਗਰਮੀਆਂ ਦੇ ਦਿਨ, ਜੂਨ ਮਹੀਨਾ ਤੇ ਸਮਾਂ ਸ਼ਾਮ ਸੱਤ ਵਜੇ ਦਾ। ਸਾਡੇ ਘਰ ਮੇਰੀ ਭਰਜਾਈ ਦਾ ਭਰਾ ਆਇਆ ਹੋਇਆ ਸੀ। ਮੈਥੋਂ ਦੋ ਕੁ ਸਾਲ ਵੱਡਾ ਹੋਊ। ਅਸੀਂ ਦੋਵੇਂ ਜਣੇ ਸਾਈਕਲ 'ਤੇ ਚੱਲ ਪਏ। ਪਿੰਡੋਂ ਸਾਡਿਓਂ ਸੱਤ-ਅੱਠ ਕਿਲੋਮੀਟਰ ਹੋਊ ਗੜ੍ਹਸ਼ੰਕਰ। ਚਾਅ ਈ ਕਵੀ ਦਰਬਾਰ ਦਾ ਏਨਾ ਸੀ ਕਿ ਮੈਂ ਸਾਈਕਲ ਨੂੰ ਹੀ ਰੇਲ ਬਣਾ ਕੇ ਰੇਲਵੇ ਸਟੇਸ਼ਨ ਮੂਹਰੇ ਜਾ ਲਾਇਆ।

ਇਹ ਜ਼ਰੂਰ ਦੱਸ ਦਿਆਂਗਾ ਕਿ ਉਨ੍ਹੀਂ ਦਿਨੀਂ ਕਵਿਤਾ ਲਿਖਣ ਵਾਲੇ ਅਤੇ ਕਵੀਆਂ ਦੇ ਪ੍ਰੇਮੀ ਅਮਰੀਕ ਸਿੰਘ ਪ੍ਰਦੇਸੀ ਗੜ੍ਹਸ਼ੰਕਰ ਰੇਲਵੇ ਸਟੇਸ਼ਨ 'ਤੇ ਸਟੇਸ਼ਨ ਮਾਸਟਰ ਹੁੰਦੇ ਸਨ। ਉੱਥੇ ਪਹੁੰਚੇ, ਨਾ ਕੋਈ ਮੇਜ ਨਾ ਕੁਰਸੀ, ਨਾ ਮਾਈਕ, ਨਾ ਸਪੀਕਰ। ਪਲੇਟਫ਼ਾਰਮ 'ਤੇ ਅੱਗੇ ਸੈਲੇ ਵਾਲੇ ਪਾਸੇ ਨੂੰ ਜਾ ਕੇ ਦੇਖਿਆ ਤਾਂ ਦੋ ਕੁ ਜਣੇ ਬੈਠੇ ਸਨ। ਇਕ ਪ੍ਰਦੇਸੀ ਸਟੇਸ਼ਨ ਮਾਸਟਰ ਤੇ ਇਕ ਹੋਰ ਸਾਡੇ ਵੱਲ ਦਾ ਕਵੀ। ਹੈਗਾ ਹੁਣ ਵੀ




ਉਹ ਪਰ ਉਹੀ ਕਰਦਾ ਜੋ ਉਦੋਂ ਕਰਦਾ ਹੁੰਦਾ ਸੀ। ਮੈਨੂੰ ਆਂਹਦੇ, 'ਤੂੰ ਆਂ ਅਸ਼ੋਕ ਭੌਰਾ'। ਮੈਂ ਕਿਹਾ, 'ਹਾਂਜੀ' ਤੇ ਨਾਲ ਹੀ ਹੁਕਮ ਕਰ'ਤਾ, ਬੈਠੀਂ ਫ਼ੇਰ ਪਹਿਲਾਂ ਦਫ਼ਤਰੋਂ ਕੁਰਸੀਆਂ ਚੁੱਕ ਲਿਆ। ਆਪ ਉਹ ਮੁਸਾਫ਼ਿਰਾਂ ਵਾਲੇ ਹਰੇ ਜਿਹੇ ਲੋਹੇ ਦੇ ਬੈਂਚ 'ਤੇ ਬੈਠੇ ਸਨ। ਫ਼ਿਰ ਇਕ ਦੋ ਹੋਰ ਆ ਗਏ।

ਕਵੀ ਦਰਬਾਰ ਤਾਂ ਕੀ ਚੱਲਣਾ ਸੀ, ਕੁਝ ਹੋਰ ਈ ਚੱਲ ਪਿਆ। ਵੱਡੀ ਸਾਰੀ ਬਾਲਟੀ 'ਚ ਦੋ ਬੋਤਲਾਂ ਅਰਿਸਟੋਰੈਟ ਦੀਆਂ ਸੁੱਟੀਆਂ, ਬਰਫ਼ ਦਾ ਡਲਾ ਤੇ ਪਾਣੀ। ਖੜਕਣ ਲੱਗ ਪਈਆਂ ਗਲਾਸੀਆਂ। ਹੱਥੀ ਵਾਲੀ ਛੋਟੀ ਜਿਹੀ ਗੜਵੀ ਨਾਲ ਪੈੱਗ ਪਾਉਣ, ਜਿਹੜੀ ਮਟਕਿਆਂ ਤੋਂ ਪਾਣੀ ਪੀਣ ਲਈ ਰੱਖੀ ਹੁੰਦੀ ਸੀ।

ਮੈਨੂੰ ਪ੍ਰਦੇਸੀ ਕਹਿੰਦਾ, 'ਲਾ ਲੈ ਪੈੱਗ'।

ਮੈਂ ਨਾਂਹ ਕੀਤੀ ਤਾਂ ਦੂਜਾ ਕਹਿੰਦਾ, 'ਕਵੀ ਕਿੱਦਾਂ ਬਣੇਂਗਾਂ ਫ਼ਿਰ? ਕਵਿਤਾ ਤਾਂ ਉੱਤਰਦੀ ਹੀ ਇਹਦੇ ਨਾਲ ਐ ਤੇ ਫ਼ਿਰ ਸ਼ਿਅਰ ਦੇਖੀਂ ਕਿੱਦਾਂ ਕਮਾਲ ਦੇ ਆਉਣਗੇ।'

ਮਾੜੀ ਕਿਸਮਤ ਨੂੰ ਉੱਦਣ ਜ਼ਿੰਦਗੀ 'ਚ ਪਹਿਲੀ ਵਾਰ ਪੈੱਗ ਪੀਤਾ। ਪੰਜ ਸੱਤ ਹੋਰ ਕਵੀ ਆ ਗਏ। ਸਾਰਿਆਂ ਦੇ ਮੱਛਰ ਵੀ ਲੜਨੋਂ ਹਟ ਗਿਆ। ਕਵਿਤਾ ਘੱਟ, ਪੈੱਗ ਵੱਧ ਚੱਲੇ। ਉਹ ਤਾਂ ਪੀਣ ਵਾਲੇ ਡਰੰਮ ਸਨ ਤੇ ਮੇਰੀ ਹਾਲਤ 'ਕੀੜੀ ਨੂੰ ਠੂਠੀ ਦਰਿਆ' ਵਾਲੀ ਹੋ ਗਈ।

ਮੈਨੂੰ ਪੱਕਾ ਤਾਂ ਪਤਾ ਨਹੀਂ ਕਿ ਮੈਂ ਕੋਈ ਕਵਿਤਾ ਜਾਂ ਗੀਤ ਸੁਣਾਇਆ ਜਾਂ ਨਹੀਂ ਪਰ ਇਕ ਦੋ ਦੀਆਂ ਗਜ਼ਲਾਂ ਸੁਣੀਆਂ ਪਹਿਲਾਂ ਜ਼ਰੂਰ, ਚੰਗੀ ਗੱਲ ਇਹ ਸੀ ਕਿ ਮੇਰੇ ਨਾਲ ਗਏ ਰਿਸ਼ਤੇਦਾਰ ਨੇ ਘੁੱਟ ਮੂੰਹ ਨੂੰ ਨਹੀਂ ਲਾਇਆ।

ਲਓ ਜੀ ਰਾਤ ਨੂੰ ਦਸ ਕੁ ਵਜੇ ਜਦੋਂ ਜ਼ਿੰਦਗੀ ਦਾ ਪਹਿਲਾ 'ਮਹਾਨ ਕਵੀ ਦਰਬਾਰ' ਮਨਾ ਕੇ ਸਾਈਕਲ 'ਤੇ ਡੁਲ੍ਹਕਦਾ ਮੁੜਦੀ ਵਾਰ ਪਿੱਛੇ ਬਹਿ ਕੇ ਪਿੰਡ ਨੂੰ ਚੱਲਿਆ ਤਾਂ ਪਤਾ ਕੁਝ ਨਾ ਲੱਗੇ। ਸਾਈਕਲ ਪਿੰਡਾਂ ਰਾਹੀਂ ਪਾ ਲਿਆ। ਰਾਤ ਉੱਦਾਂ ਚਾਨਣੀ ਸੀ। ਰਾਹ 'ਚ ਮੇਰਾ ਢਿੱਡ ਦੁਖਿਆ, ਜੰਗਲ ਪਾਣੀ ਹਾਜਤ ਹੋਈ, ਚੰਨ ਦੀ ਲਿਸ਼ਕੋਰ 'ਚ ਮੈਨੂੰ ਤਾਂ ਖੇਤ ਪੱਧਰਾ ਦਿਖਿਆ ਪਰ ਕੀਤਾ ਹੋਇਆ ਸੀ ਝੋਨਾ ਲਾਉਣ ਲਈ ਕੱਦੂ। ਜਦੋਂ ਖੇਤ ਵਿਚ ਵੜਿਆ ਤਾਂ ਵਿਚ ਹੀ ਫਸ ਗਿਆ। ਜੁੱਤੀ ਗਾਰੇ ਵਿਚ ਰਹਿ ਗਈ, ਲੱਭਦੇ ਦੀਆਂ ਬਾਹਾਂ ਲਿੱਬੜ ਗਈਆਂ। ਰਿਸ਼ਤੇਦਾਰ ਨੇ ਧੂਹ ਖਿੱਚ ਕੇ ਬਾਹਰ ਕੱਢਿਆ ਤੇ ਆੜ ਦੇ ਪਾਣੀ ਨਾਲ ਮੇਰੇ ਮਾੜੇ ਮੋਟੇ ਹੱਥ ਪੈਰ ਧੋਤੇ ਤੇ ਫ਼ਿਰ ਅੱਧੀ ਰਾਤ ਨੂੰ ਨੰਗੇ ਪੈਰੀਂ ਸ਼ਰਾਬੀ ਹੋਇਆ ਮੰਜੇ 'ਤੇ ਆਣ ਡਿੱਗਿਆ। ਮਾਂ ਨੇ ਘੂਰ ਕੇ ਵੇਖਿਆ, ਪਰ ਬੋਲੀ ਕੁਝ ਨਾ। ਮੰਜਾ ਚੱਕੀ ਵਾਂਗ ਘੁੰਮਣ ਲੱਗ ਪਿਆ। ਦਿਲ ਪੱਟ ਹੋਇਆ ਤੇ ਚੱਲ ਪਈਆਂ ਉਲਟੀਆਂ ਜਿਵੇਂ ਭਾਖੜੇ ਦਾ ਫਲੱਡ ਗੇਟ ਖੁੱਲ੍ਹ ਗਿਆ ਹੋਵੇ। ਅੱਧੀਆਂ ਮੰਜੇ 'ਤੇ ਕਰ ਦਿੱਤੀਆਂ ਤੇ ਅੱਧੀਆਂ ਥੱਲੇ। ਮਾਂ ਚੁੱਪ ਚਾਪ ਸਾਫ਼ ਕਰਦੀ ਰਹੀ।

ਸਵੇਰੇ ਉੱਠਿਆ ਤਾਂ ਪੈ ਗਈ ਮਾਂ ਟੁੱਟ ਕੇ। 'ਥੇਹ ਪੈਣਿਆਂ, ਆਹ ਸੀ ਤੇਰਾ ਕਵੀ ਦਰਬਾਰ? ਏਦਾਂ ਦਾ ਕਵੀ ਦਰਬਾਰ ਸਾਨੂੰ ਨਹੀਂ ਚਾਹੀਦਾ ਜਿਹੜਾ ਸ਼ਰਾਬ ਠੇਕੇ 'ਤੇ ਲੱਗਦਾ ਹੋਵੇ। ਜੇ ਅੱਖਰ ਚਾਰ ਪੜ੍ਹਨੇ ਤਾਂ ਠੀਕ ਐ ਨਹੀਂ ਤਾਂ ਘਰੋਂ ਨਿਕਲ ਜਾ, ਕਰੀ ਜਾ ਕਵੀ ਦਰਬਾਰ। ਫੁੱਲ ਭਰ ਤੂੰ ਹੈਗਾਂ ਤੇ ਰਾਹ ਕਿਹੜੇ ਤੁਰ ਪਿਆਂ?'

ਦੋ ਦਿਨ ਤਾਂ ਏਦਾਂ ਰਿਹਾ ਜਿਵੇਂ ਗਰਮੀਆਂ 'ਚ ਗੱਡੇ ਦੇ ਪਹੀਏ ਨਾਲ ਕੁੱਤਾ ਮਿੱਟੀ ਪੱਟ ਕੇ ਪਿਆ ਹੁੰਦੈ।

ਤੀਜੇ ਦਿਨ ਅਖ਼ਬਾਰ 'ਚ ਖ਼ਬਰ ਸੀ, 'ਗੜ੍ਹਸ਼ੰਕਰ 'ਚ ਹੋਇਆ ਵਿਸ਼ਾਲ ਕਵੀ ਦਰਬਾਰ' ਤੇ ਵਿਚ ਲਿਖਿਆ ਸੀ 'ਅਸ਼ੋਕ ਭੌਰੇ ਨੇ ਵੀ ਚੰਗਾ ਰੰਗ ਬੰਨ੍ਹਿਆ'।

ਸੱਚੀਂ ਜ਼ਿੰਦਗੀ ਦਾ ਇਹ ਰੰਗ ਮੇਰੇ ਲਈ ਕਦੇ ਫ਼ਿੱਕਾ ਨਹੀਂ ਪਿਆ।

**ਦੁਮਛੱਲਾ**

ਕਾਲੀ ਘਟਾ ਚੜ੍ਹੀ, ਮੋਰ ਨੇ ਖੰਭ ਖਿਲਾਰ ਕੇ ਪੈਲ਼ੂ ਪਾ ਲਈ ਅਤੇ ਨਾਲ ਹੀ ਅੱਖ 'ਚੋਂ ਅੱਥਰੂ ਸੁੱਟ ਦਿੱਤਾ।

ਕੋਲੋਂ ਲੰਘਦੇ ਕਬੂਤਰ ਨੇ ਪੁੱਛਿਆ, 'ਭਰਾਵਾ ਤੇਰੇ ਸਿਰ 'ਤੇ ਕਲਗੀ, ਖ਼ੂਬਸੂਰਤ ਰੰਗਾਂ ਵਾਲੇ ਖੰਭ, ਏਦਾਂ ਦੇ ਕਿ ਚਿੱਤਰਕਾਰ ਵੀ ਰੰਗ ਨਾ ਭਰ ਸਕੇ, ਤੂੰ ਪੰਛੀਆਂ ਦਾ ਬਾਦਸ਼ਾਹ ਪਰ ਅੱਖ 'ਚੋਂ ਅੱਥਰੂ, ਇਹ ਕੀ?'

ਮੋਰ ਨੇ ਉਦਾਸ ਹੋ ਕੇ ਉੱਤਰ ਦਿੱਤਾ 'ਬਦਸੂਰਤ ਪੈਰਾਂ ਵੱਲ ਨਜ਼ਰ ਚਲੀ ਗਈ ਸੀ'।

'ਮੂਰਖਾ ਜਹਾਨ ਦਿਆ, ਤੇਰੇ ਏਦਾਂ ਦੇ ਪੈਰ ਰੱਬ ਨੇ ਤਾਂ ਬਣਾਏ ਆ ਕਿ ਜ਼ਿੰਦਗੀ ਉੱਪਰ ਨੂੰ ਦੇਖ ਕੇ ਨਹੀਂ ਹੇਠਾਂ ਨੂੰ ਦੇਖ ਕੇ ਜੀਵੀਦੀ ਹੈ।'

ਤੇ 'ਹੂੰ' ਕਹਿ ਕੇ ਕਬੂਤਰ ਉਡਾਰੀ ਮਾਰ ਗਿਆ।

---

ਗੁਰੂ ਘਰ ਦੇ ਸ਼ਰਧਾਲੂ ਰਹੇ। ਪੀਰ ਬੁੱਧੂ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੋ ਕੇ ਪਹਾੜੀ ਰਾਜਿਆਂ ਤੇ ਮੁਗ਼ਲਾਂ ਨਾਲ ਜੰਗ ਲੜਦਿਆਂ ਆਪਣੇ ਚਾਰ ਪੁੱਤਰਾਂ ਤੇ 700 ਮੁਰੀਦਾਂ ਦੀ ਕੁਰਬਾਨੀ ਦਿੱਤੀ। ਭਾਈ ਗਨੀ ਖਾਂ ਅਤੇ ਨਬੀ ਖਾਂ ਗੁਰੂ ਸਾਹਿਬ ਨੂੰ ਉਚ ਦਾ ਪੀਰ ਬਣਾ ਕੇ ਮੁਗ਼ਲ ਫੌਜ ਦੇ ਘੇਰੇ ਵਿਚੋਂ ਬਾਹਰ ਕੱਢ ਕੇ ਲੈ ਗਏ।

ਗੁਰਮਤਿ ਕਿਸੇ ਧਰਮ ਦੇ ਪੈਰੋਕਾਰ ਨੂੰ ਨਫ਼ਰਤ ਨਹੀਂ ਕਰਦੀ ਬਲਕਿ ਹਰੇਕ ਨੂੰ ਕੁਦਰਤ ਦੇ ਨੇਮ ਮੰਨਣ ਲਈ ਪ੍ਰੇਰਦੀ ਹੈ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥ 1॥

ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ 1॥ ਰਹਾਉ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥ 2॥

ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥ 3॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ 4॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ (885)

ਅਰਥਾਤ ਕਾਰਨ ਭਾਵ ਕਰਨ ਵਾਲਾ ਬਖਸ਼ਿੰਦ ਓਹੀ ਸਿਰਜਣਹਾਰ ਹੈ, ਜਿਹੜਾ ਕਿਰਪਾ ਧਾਰ ਕੇ ਸਾਰਿਆਂ ਉਤੇ ਆਪਣੀ ਰਹਿਮਤ ਕਰ ਰਿਹਾ ਹੈ। ਕੋਈ ਇਸ ਨੂੰ ਰਾਮ ਕਹਿੰਦਾ ਹੈ। ਕੋਈ ਇਸ ਨੂੰ ਖ਼ੁਦਾ ਦੇ ਨਾਮ ਨਾਲ ਯਾਦ ਕਰਦਾ ਹੈ। ਕੋਈ ਇਸ ਨੂੰ ਗੁਸਾਈਂ ਤੇ ਕੋਈ ਅਲਹ ਦੇ ਨਾਮ ਨਾਲ ਯਾਦ ਕਰਦਾ ਹੈ। ਜਿਵੇਂ ਉਸ ਕਾਦਰ ਦੇ ਅਨੇਕ ਨਾਂ ਹਨ, ਉਸੇ ਤਰ੍ਹਾਂ ਉਸ ਦੀ ਉਪਾਸਨਾ ਕਰਨ ਦੇ ਵੀ ਅਨੇਕ ਢੰਗ ਹਨ। ਕੋਈ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਦਾ ਹੈ। ਕੋਈ ਹੱਜ ਜਾਂਦਾ ਹੈ। ਕੋਈ ਪੂਜਾ ਕਰਦਾ ਹੈ ਅਤੇ ਕੋਈ ਮੂਰਤੀਆਂ ਅੱਗੇ ਸਿਰ ਨਿਵਾਉਂਦਾ ਹੈ। ਕੋਈ ਵੇਦ ਪੜ੍ਹਦਾ ਹੈ। ਕੋਈ ਕਤੇਬ ਪੜ੍ਹਦਾ ਹੈ। ਕੋਈ ਨੀਲੇ ਬਸਤਰ ਪਹਿਨਦਾ ਹੈ। ਕੋਈ ਸਫੇਦ ਬਸਤਰ ਪਹਿਨਦਾ ਹੈ। ਕੋਈ ਆਪਣੇ-ਆਪ ਨੂੰ ਤੁਰਕ ਕਹਿੰਦਾ ਹੈ। ਕੋਈ ਹਿੰਦੂ ਕਹਿੰਦਾ ਹੈ। ਕੋਈ ਬਹਿਸ਼ਤ ਵਿਚ ਜਾਣਾ ਚਾਹੁੰਦਾ ਹੈ। ਕੋਈ ਸਵਰਗ ਦੀ ਕਾਮਨਾ ਕਰਦਾ ਹੈ। ਗੁਰਮਤਿ ਦਾ ਮੰਨਣਾ ਹੈ ਕਿ ਜਿਸ ਮਨੁੱਖ ਨੇ ਏਕੋ ਦੇ ਹੁਕਮ ਨੂੰ ਪਛਾਣ ਲਿਆ ਹੈ ਭਾਵ ਕੁਦਰਤ ਦੇ ਨੇਮਾਂ ਵਿਚ ਰਹਿ ਕੇ ਜਿਉਣਾ ਸਿੱਖ ਲਿਆ ਹੈ, ਉਸ ਨੇ ਪ੍ਰਭੂਤਾ ਦੇ ਮਾਲਕ ਭਾਵ ਸਰਬ-ਸਮਰੱਥ ਰੱਬ ਦਾ ਭੇਦ ਪਾ ਲਿਆ ਹੈ।

ਸ. ਕਰਮ ਬਰਸਟ ਜੀ ਅੱਗੇ ਲਿਖਦੇ ਹਨ, "ਸ. ਗੁਰਬਚਨ ਸਿੰਘ ਜੀ ਸ਼ੰਕਰਾਚਾਰੀਆ ਉਪਰ ਇਸ ਦੁਨੀਆ ਅਤੇ ਦਿਸਦੀਆਂ ਚੀਜ਼ਾਂ ਨੂੰ ਛ਼ਲਾਵਾ ਜਾਂ ਝੂਠ ਮੰਨਣ ਦਾ ਦੋਸ਼ ਲਾਉਂਦੇ ਹਨ। ਕੀ ਇਸ ਪਉੜੀ ਵਿਚ ਇਸ ਮਾਇਆ ਤੇ ਸ਼ਾਹੀ ਠਾਠ-ਬਾਠ ਵਾਲੀਆਂ ਵਸਤੂਆਂ ਨੂੰ ਛ਼ਲਾਵਾ ਤੇ ਝੂਠ ਨਹੀਂ ਮੰਨਿਆ ਗਿਆ? ਉਸ ਸਾਰੀ ਮਾਇਆ ਦਾ ਜ਼ਿਕਰ ਇਸ ਪਉੜੀ ਵਿਚ ਕੀਤਾ ਗਿਆ ਹੈ। ਗੁਰਬਚਨ ਜੀ ਗੁਰਬਾਣੀ ਅਤੇ ਵੈਦਿਕ ਪਰੰਪਰਾ ਨੂੰ ਇਕ ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ?"

'ਸ਼ੰਕਰਾਚਾਰੀਆ ਉਪਰ ਇਸ ਦੁਨੀਆ ਅਤੇ ਦਿਸਦੀਆ ਚੀਜ਼ਾਂ ਨੂੰ ਛਲਾਵਾ ਜਾਂ ਝੂਠ ਮੰਨਣ' ਦਾ ਦੋਸ਼ ਮੈਂ ਨਹੀਂ ਲਾ ਰਿਹਾ ਬਲਕਿ ਸ਼ੰਕਰਾਚਾਰੀਆ ਦੇ ਉਪਨਿਸ਼ਦਾਂ ਦੇ ਕੀਤੇ ਟੀਕਿਆਂ (ਭਾਸ਼ਯ) ਵਿਚ ਇਹ ਦਰਜ ਹੈ।

ਸਿਰਦਾਰ ਕਪੂਰ ਸਿੰਘ ਦੇ ਕਥਨ ਅਨੁਸਾਰ "ਗੁਰੂ ਨਾਨਕ ਸਾਹਿਬ ਨੇ ਸ਼ੰਕਰਾਚਾਰੀਆ ਦੀ ਉਪਨਿਸ਼ਦਾਂ (ਵੇਦਾਂਤ) ਦੀ ਕੀਤੀ ਵਿਆਖਿਆ ਮਾਯਾਵਾਦ ਦਾ ਪੂਰਨ ਰੂਪ ਵਿਚ ਖੰਡਨ ਕੀਤਾ, ਜਿਸ ਦਾ ਭਾਵ ਸੰਸਾਰ ਨੂੰ ਅਸਾਰ, ਅਸਤਿ ਸਮਝਣਾ ਹੈ ਅਤੇ ਜੋ ਹਿੰਦੂ ਜਾਤੀ ਦੀ ਸਮੁੱਚੀ ਵਿਚਾਰਧਾਰਾ ਉਤੇ ਛਾਇਆ ਹੋਇਆ ਹੈ।"

ਸ਼ੰਕਰਾਚਾਰੀਆ ਦਾ ਇਕ ਪ੍ਰਸਿੱਧ ਮਹਾਂਵਾਕ ਹੈ : 'ਏਕੋ ਬ੍ਰਹਮ ਦੁਤੀਆ ਨਾਸਤਿ'। ਇਸ ਮਹਾਂਵਾਕ ਦਾ ਭਾਵ ਅਰਥ ਹੀ ਇਹ ਹੈ ਕਿ ਸਿਰਫ ਬ੍ਰਹਮ ਸੱਚ ਹੈ ਬਾਕੀ ਦ੍ਰਿਸਟਮਾਨ ਸੰਸਾਰ ਸਮੇਤ ਸਾਰਾ ਕੁਝ ਹੀ ਝੂਠ ਹੈ। ਇਸ ਮਹਾਂਵਾਕ ਦੇ ਨਾਲ ਉਸ ਨੇ ਬੁੱਧ ਮਤਿ ਦੀ ਫਿਲਾਸਫੀ ਦਾ ਖੰਡਨ ਕੀਤਾ। ਬੁੱਧ ਮਤਿ 'ਬ੍ਰਹਮ' ਤੇ ਆਤਮਾ ਦੀ ਹੋਂਦ ਤੋਂ ਇਨਕਾਰੀ ਹੈ। ਬ੍ਰਹਮ ਤੇ ਆਤਮਾ ਦੀ ਹੋਂਦ ਤੋਂ ਇਨਕਾਰੀ ਹੋ ਕੇ ਆਤਮਿਕ ਗਿਆਨ ਦੇ ਵਿਕਾਸ ਦੀ ਜਾਣਕਾਰੀ ਨਹੀਂ ਮਿਲਦੀ। ਬੁੱਧ ਮਤਿ ਦੇ ਹਿੰਦੋਸਤਾਨ ਵਿਚੋਂ ਨਿਕਲਣ ਦਾ ਇਕੋ-ਇਕ ਕਾਰਨ 'ਬ੍ਰਾਹਮਣਾਂ' ਵਲੋਂ ਬੋਧੀਆਂ ਦਾ ਕੀਤਾ ਗਿਆ ਕਤਲੇਆਮ ਨਹੀਂ ਸੀ, ਜਿਵੇਂ ਕਿ ਕੁਝ ਦਲਿਤ ਚਿੰਤਕ ਪ੍ਰਚਾਰਦੇ ਹਨ, ਬਲਕਿ ਸ਼ੰਕਰਾਚਾਰੀਆ ਦਾ ਆਪਣੇ ਇਸ ਮਹਾਂਵਾਕ ਨੂੰ ਲੈ ਕੇ ਬੜੇ ਜ਼ੋਰ-ਸ਼ੋਰ ਨਾਲ ਬੁੱਧ ਮਤਿ ਵਿਰੁੱਧ ਕੀਤਾ ਗਿਆ ਪ੍ਰਚਾਰ ਸੀ, ਜਿਸ ਨੇ ਦੋਬਾਰਾ ਵੈਦਿਕ ਫਿਲਾਸਫੀ ਦੀਆਂ ਜੜ੍ਹਾਂ ਇਸ ਖਿੱਤੇ ਵਿਚ ਲਾਈਆਂ।

ਦਰਅਸਲ ਮਸਲਾ ਵੇਦਾਂ ਵਿਚਲੇ ਆਤਮਿਕ ਗਿਆਨ ਨੂੰ ਅਜੋਕੇ ਪ੍ਰਸੰਗ ਵਿਚ ਨਵਿਆਉਣ ਤੇ ਅਪਨਾਉਣ ਦਾ ਹੈ। ਵੈਦਿਕ ਫਿਲਾਸਫੀ ਵਿਚ ਬਹੁਤ ਕੁਝ ਭਰਮਾਊ ਰਲਿਆ ਹੋਇਆ ਹੈ ਪਰ ਇਸ ਵਿਚ ਆਤਮਿਕ ਗਿਆਨ ਦੇ ਤੱਤ ਵੀ ਮੌਜੂਦ ਹਨ ਇਨ੍ਹਾਂ ਭਰਮਾਊ ਧਾਰਨਾਵਾਂ ਅਤੇ ਇਨ੍ਹਾਂ ਵਿਚਲੇ ਆਤਮਿਕ ਗਿਆਨ ਦੇ ਤੱਤ ਨੂੰ ਨਿਖੇੜਨ ਦੀ ਲੋੜ ਹੈ। ਗੁਰਮਤਿ ਨੇ ਇਹੀ ਕੰਮ ਕੀਤਾ ਹੈ। ਮਸਲਨ ਵੈਦਿਕ ਫਿਲਾਸਫੀ ਵਿਚ ਦਰਜ ਹੈ : ਸ੍ਰਵੇ ਜਨਾ ਸੁਖਿਨੋ ਭਵੰਤੂ (ਸਾਰੇ ਜਨ ਸੁਖੀ ਵਸਣ) ਗੁਰਮਤਿ ਨੇ ਇਸੇ ਵੈਦਿਕ ਧਾਰਨਾ ਨੂੰ ਸਰਬ-ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਰੂਪ ਵਿਚ ਅੱਗੇ ਤੋਰਿਆ ਹੈ। 'ਵਾਸੂਦੇਵਾ ਕਟੁੰਬਕਮ' ਭਾਵ ਸਾਰਾ ਵਿਸ਼ਵ ਇਕ ਪਰਿਵਾਰ ਹੈ ਨੂੰ ਏਕ ਪਿਤਾ ਏਕਸ ਕੇ ਹਮ ਬਾਰਿਕ॥ ਦੇ ਰੂਪ ਵਿਚ ਨਵਿਆਇਆ ਗਿਆ ਹੈ।

ਸ. ਕਰਮ ਬਰਸਟ ਜੀ ਨੇ ਮੇਰੀਆ ਲਿਖਤਾਂ ਨੂੰ ਪੜ੍ਹਿਆ ਬਿਨਾਂ ਹੀ ਮੇਰੇ ਉਤੇ ਦੋਸ਼ ਲਾ ਦਿੱਤਾ ਹੈ ਕਿ 'ਗੁਰਬਚਨ ਜੀ ਗੁਰਬਾਣੀ ਅਤੇ ਵੈਦਿਕ ਪਰੰਪਰਾ ਨੂੰ ਇਕ ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ?'

ਜਦੋਂ ਕਿ ਸਚਾਈ ਇਹ ਹੈ ਕਿ ਸ. ਅਜਮੇਰ ਸਿੰਘ ਨਾਲ ਮੇਰੇ ਮਤਿਭੇਦ ਹੀ ਇਹ ਹਨ ਕਿ ਜੇ ਅਸੀਂ ਗੁਰਮਤਿ ਨੂੰ ਵੈਦਿਕ ਫਿਲਾਸਫੀ ਦੇ ਪ੍ਰਸੰਗ ਵਿਚ ਰੱਖ ਕੇ ਨਹੀਂ ਪੜ੍ਹਾਂਗੇ ਤਾਂ ਨਾ ਤੇ ਅਸੀਂ ਗੁਰਮਤਿ ਦੀ ਮੌਲਿਕਤਾ ਨੂੰ ਜਾਣ ਸਕਾਂਗੇ ਅਤੇ ਨਾ ਹੀ ਗੁਰਮਤਿ ਦੇ ਬਹੁਤ ਸਾਰੇ ਸੰਕਲਪਾਂ ਨੂੰ ਸਮਝ ਸਕਾਂਗੇ।

'ਪੰਜਾਬ ਟਾਈਮਜ਼' ਵਿਚ ਛਪੀ ਆਪਣੀ ਲਿਖਤ 'ਗੁਰਮਤਿ ਦੀ ਮੌਲਿਕਤਾ' ਵਿਚ ਮੈਂ ਇਹ ਸਪੱਸ਼ਟ ਕੀਤਾ ਹੈ ਕਿ "ਅੱਜ ਆਰ ਐਸ ਐਸ ਤੇ ਮੋਦੀਕਿਆਂ ਦੀ ਰਾਜਨੀਤੀ ਨੂੰ ਧਰਮ ਨਿਰਪੱਖਤਾ ਜਾਂ ਜਮਾਤੀ ਆਧਾਰ ਉਤੇ ਜਥੇਬੰਦੀਆਂ ਬਣਾ ਕੇ ਭਾਂਜ ਨਹੀਂ ਦਿੱਤੀ ਜਾ ਸਕਦੀ ਬਲਕਿ ਗੁਰਮਤਿ ਦੀ ਬ੍ਰਹਮਵਾਦੀ ਧਾਰਾ ਨੂੰ ਆਧਾਰ ਬਣਾ ਕੇ ਹੀ ਉਸ ਦੀ ਮਨੂਵਾਦੀ ਬ੍ਰਾਹਮਣੀ ਰਾਜਨੀਤੀ ਨੂੰ ਭਾਂਜ ਦਿੱਤੀ ਜਾ ਸਕਦੀ ਹੈ। ਬਾਬਾ ਸਾਹਿਬ ਅੰਬੇਡਕਰ ਨੇ ਵੀ ਇਸ ਬ੍ਰਹਮਵਾਦੀ ਧਾਰਾ ਦੀ ਪੁਸ਼ਟੀ ਕੀਤੀ ਹੈ।"

ਸ. ਕਰਮ ਬਰਸਟ ਜੀ ਦਾ ਇਹ ਕਥਨ ਦਰੁਸਤ ਹੈ ਕਿ "ਕਿਰਤ ਕਰਨੀ ਵੰਡ ਛਕਣਾ ਨਾਮ ਜਪਣਾ, ਗਰੀਬ ਗੁਰਬੇ ਦੀ ਸੇਵਾ ਕਰਨਾ, ਆਪਣੀ ਹਕ ਹਲਾਲ ਦੀ ਕਮਾਈ ਵਿਚੋਂ ਗਰੀਬਾਂ ਲਈ ਦਸਵੰਧ/ ਜ਼ਕਾਤ ਕਢਣਾ ਆਦਿ ਸਾਰੀਆਂ ਚੰਗੀਆਂ ਗੱਲਾਂ ਸ਼ਬਦਾਂ ਦੇ ਮਾਮੂਲੀ ਹੇਰ ਫੇਰ ਨਾਲ ਸਾਰੇ ਧਰਮਾਂ ਵਿਚ ਮੌਜੂਦ ਹਨ।"

ਇਹੀ ਧਾਰਨਾ ਮਾਰਕਸ ਤੇ ਏਂਗਲਜ਼ ਦੀ ਹੈ। ਉਨ੍ਹਾਂ ਦੇ ਕਥਨ ਅਨੁਸਾਰ "ਮਨੁਖੀ ਵਿਕਾਸ ਦਾ ਮੂਲ ਧਾਰਮਿਕਤਾ ਹੈ।"


("Secret of theology is anthropology.", Engels, Marx Engels, C. W. Vol. 2, page 238)

ਆਪਣੇ ਡਾਕਟਰੀ ਦੇ ਥੀਸਿਸ ਵਿਚ ਮਾਰਕਸ ਨੇ ਸਪੱਸ਼ਟ ਕੀਤਾ ਹੈ ਕਿ ਹਰੇਕ ਧਰਮ ਦੇ ਤਿੰਨ ਪੱਖ ਹਨ : 1. ਫਿਲਾਸਫੀ (ਮਨੁੱਖ ਦਾ ਕੁਦਰਤ ਜਾਂ ਰੱਬ ਨਾਲ ਰਿਸ਼ਤਾ) 2. ਸਦਾਚਾਰ ਤੇ 3. ਕਰਮਕਾਂਡ। ਹਰੇਕ ਧਰਮ ਦਾ ਕਰਮਕਾਂਡ ਅਤੇ ਉਪਾਸਨਾ ਦੇ ਢੰਗ ਵੱਖ ਵੱਖ ਹਨ। ਪਰ ਜਿਵੇਂ ਕਿ ਸ. ਕਰਮ ਬਰਸਟ ਨੇ ਜ਼ਿਕਰ ਕੀਤਾ ਹੈ, ਸਾਰੇ ਧਰਮਾਂ ਦੇ ਸਦਾਚਾਰ ਵਿਚ ਕੋਈ ਨਾ ਕੋਈ ਸਾਂਝ ਹੈ ਅਤੇ ਹਰੇਕ ਧਰਮ ਦੀ ਫਿਲਾਸਫੀ ਕ੍ਰਮਵਾਰ ਵਿਕਸਿਤ ਹੁੰਦੀ ਆਈ ਹੈ।

ਏਂਗਲਜ਼ ਨੇ ਹੀਗਲ ਦੇ ਹਵਾਲੇ ਨਾਲ ਲਿਖਿਆ ਹੈ, "(ਸਾਰੇ ਧਰਮਾਂ ਦੀ) ਫਿਲਾਸਫੀ ਦਾ ਇਤਿਹਾਸ ਬੀਤੇ ਨਾਲ ਨਹੀਂ ਸਗੋਂ ਸਦਾ ਰਹਿਣ ਵਾਲੇ ਵਰਤਮਾਨ ਨਾਲ ਸੰਬੰਧ ਰੱਖਦਾ ਹੈ ਅਤੇ ਇਹ ਮਨੁੱਖੀ ਬੌਧਿਕਤਾ ਦੇ ਕੁਰਾਹਿਆਂ ਦਾ ਅਜਾਇਬਘਰ ਨਹੀਂ, ਜਿਵੇਂ ਕਿ ਸਮਝਿਆ ਜਾਂਦਾ ਹੈ, ਬਲਕਿ ਇਕ-ਦੂਜੇ ਤੋਂ ਬਾਅਦ ਪੈਦਾ ਹੋਈਆਂ ਸਾਰੀਆਂ ਰੱਬੀ ਰੂਹਾਂ ਦੇ ਦਵੰਦਵਾਦੀ ਵਿਕਾਸ ਦੀ ਦੇਣ ਹੈ।"

ਸ. ਬਰਸਟ ਜੀ ਨੂੰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਮਾਰਕਸਵਾਦ ਦਾ ਸੰਕਲਪ ਆਲੋਚਨਾ ਨਹੀਂ ਬਲਕਿ ਪੜਚੋਲ-ਸਵੈ-ਪੜਚੋਲ ਹੈ। ਆਲੋਚਨਾ ਇਕਤਰਫੀ ਹੁੰਦੀ ਹੈ ਜਦੋਂ ਕਿ ਪੜਚੋਲ ਦਾ ਭਾਵ ਹੀ ਇਹ ਹੁੰਦਾ ਹੈ ਕਿ ਕਿਸੇ ਵੀ ਵਸਤੂ ਜਾਂ ਸੰਕਲਪ ਦੇ ਹਾਂ-ਪੱਖ ਨੂੰ ਅਪਨਾ ਲੈਣਾ ਅਤੇ ਨਾਂਹ-ਪੱਖ ਨੂੰ ਤਿਆਗ ਦੇਣਾ। ਸਮੁੱਚੀ ਸਾਇੰਸ ਦੀ ਖੋਜ ਦਾ ਇਹੀ ਦਸਤੂਰ ਹੈ। ਏਂਗਲਜ਼ ਨੇ ਫਿਊਰਬਾਖ ਦੇ ਹਵਾਲੇ ਨਾਲ ਬਾਕਾਇਦਾ ਸਪੱਸ਼ਟ ਕੀਤਾ ਹੈ ਕਿ ਧਰਮਾਂ ਦੀ ਪੜਚੋਲ ਹਾਂ-ਪੱਖੀ (Positive) ਹੋਣੀ ਚਾਹੀਦੀ ਹੈ। ***(ਬਾਕੀ ਅਗਲੇ ਅੰਕ ਵਿਚ)***

## ਸਾਧੂਆਂ ਦੀ ਦੁਨੀਆ ਅਤੇ ਸਿਆਸਤ-3




# ਕੁੰਭ ਮੇਲਾ ਸਿਆਸੀ ਡਰਾਮਾ

***ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਅੰਗਰੇਜ਼ੀ ਕਿਤਾਬ 'ਅਸੈਟਿਕ ਗੇਮਜ਼' ਵਿਚ ਪੇਸ਼ ਕੀਤੇ ਹਨ। ਇਸ ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਅਹਿਮ ਕਿਤਾਬ ਦੀ ਤੀਜੀ ਕਿਸ਼ਤ ਹਾਜ਼ਿਰ ਹੈ।***



**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਸਾਧੂਆਂ ਦੀ ਇੱਕ ਜਮਾਤ ਆਰ.ਐੱਸ.ਐੱਸ ਵਿਚੋਂ ਸਿੱਧੀ ਆਈ ਹੈ। ਜਤਿੰਦਰਾ ਨੰਦ 1994 ਤੋਂ ਪਹਿਲਾਂ ਜਤਿੰਦਰ ਨਾਥ ਸ਼ਰਮਾ ਸੀ। 1980-1994 ਤੱਕ ਚੌਦਾਂ ਸਾਲ ਉਹ ਆਰ.ਐੱਸ.ਐੱਸ. ਦਾ ਪ੍ਰਚਾਰਕ ਰਿਹਾ। ਫਿਰ ਜੂਨਾ ਅਖਾੜੇ ਦਾ ਮਹਾਂ ਮੰਡਲੇਸ਼ਵਰ ਬਣਿਆ। ਉਸ ਨੇ ਦੱਸਿਆ ਕਿ ਸੰਨਿਆਸੀ ਅਤੇ ਪ੍ਰਚਾਰਕ ਵਿਚਕਾਰ ਬਰੀਕ ਲਕੀਰ ਹੈ। ਦੋਹਾਂ ਵਿਚੋਂ ਕੋਈ ਵੀ ਸ਼ਾਦੀ ਨਹੀਂ ਕਰਦਾ ਅਤੇ ਨਿਰਲੇਪ ਜ਼ਿੰਦਗੀ ਜਿਊਂਦੇ ਹਨ। ਸਵੈਮਸੇਵਕ ਵਿਚ ਪ੍ਰਚਾਰਕ ਦੇ ਗੁਣ ਹੁੰਦੇ ਹਨ। ਉਸ ਦਾ ਗੁਰੂ ਸੱਤਿਆ ਮਿੱਤਰਾ ਨੰਦ ਗਿਰੀ ਭਾਰਤ ਮਾਤਾ ਮੰਦਰ (ਹਰਿਦੁਆਰ) ਦਾ ਸੰਸਥਾਪਕ ਸੀ। 2007 ਵਿਚ ਸੱਤਿਆ ਮਿੱਤਰਾ ਨੰਦ ਗਿਰੀ ਅਤੇ ਅਵਦੇਸ਼ਾਨੰਦ ਗਿਰੀ ਜੋ ਸੱਤਿਆ ਮਿੱਤਰਾ ਨੰਦ ਦਾ ਚੇਲਾ ਹੈ ਤੇ ਜੂਨਾ ਅਖਾੜੇ ਦਾ ਅਚਾਰੀਆ ਮਹਾਂ ਮੰਡਲੇਸ਼ਵਰ ਸੀ, ਦੇ ਕਹਿਣ 'ਤੇ ਉਹ ਜੂਨਾ ਅਖਾੜੇ ਦਾ ਮਹਾਂ ਮੰਡਲੇਸ਼ਵਰ ਬਣਿਆ। ਸਵਾਮੀ ਚਿਨਮਿਨਿਆ ਨੰਦ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਪਹਿਲਾ ਪ੍ਰਧਾਨ, ਆਰ.ਐੱਸ.ਐੱਸ. ਦੇ ਮੈਂਬਰਾਂ ਨੂੰ ਦੱਸਿਆ ਕਰਦਾ ਸੀ ਕਿ ਸਵੈਮਸੇਵਕ ਅਤੇ ਸੰਨਿਆਸੀ ਵਿਚ ਕੋਈ ਅੰਤਰ ਨਹੀਂ। ਇੱਕ ਚਿੱਟੇ ਕੱਪੜੇ ਪਹਿਨਦਾ ਹੈ, ਦੂਜਾ ਭਗਵੇਂ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਉੱਘੇ ਲੀਡਰ ਅਸ਼ੋਕ ਸਿੰਘਲ ਨੇ 1990 ਵਿਚ ਨੂੰ ਦੱਸਿਆ ਕਿ ਉਹ ਚਿੱਟੇ ਕੱਪੜਿਆਂ ਵਿਚ ਸੰਨਿਆਸੀ ਹੈ। ਉਹ ਫਸਟ ਕਲਾਸ ਇੰਜਨੀਅਰ ਸੀ ਪਰ ਨੌਕਰੀ ਨਹੀਂ ਕੀਤੀ। ਪਰਿਵਾਰ ਦੀ ਥਾਂ ਸਾਰੀ ਉਮਰ ਧਰਮ ਦੇ ਲੇਖੇ ਲਾਈ ਹੈ।

ਆਰ.ਐੱਸ.ਐੱਸ. ਦਾ ਸੰਨਿਆਸ ਵਿਚ ਦਾਖਲਾ 1980 ਤੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪੁਨਰਗਠਨ ਤੋਂ ਬਾਅਦ ਤੇਜ਼ ਹੋ ਗਿਆ। ਇਹ ਹਿੰਦੂਤਵ ਦੇ ਸਿਆਸੀ ਏਜੰਡੇ ਨੂੰ ਮੱਠਾਂ ਤੋਂ ਮਦਦ ਲੈਣ ਦੇ ਮਕਸਦ ਨਾਲ ਸ਼ੁਰੂ ਕੀਤਾ ਗਿਆ। 1982 ਵਿਚ 'ਆਰਗੇਨਾਈਜਰ' ਦੀ ਰਿਪੋਰਟ ਅਨੁਸਾਰ 'ਹਰਿਦੁਆਰ ਨੇ ਇਤਿਹਾਸ ਸਿਰਜਿਆ' ਅਧੀਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ 100 ਆਦਮੀ 'ਸੰਸਕ੍ਰਿਤੀ ਰਕਸ਼ਾ ਯੋਜਨਾ' ਤਹਿਤ ਸੰਨਿਆਸੀ ਬਣ ਕੇ 7 ਸਥਾਨਕ ਇਤਿਹਾਸਕ ਅਖਾੜਿਆਂ ਵਿਚ ਘੁਸੇ। ਉਹ ਹਿੰਦੂਆਂ ਦੇ ਘਰਾਂ ਵਿਚ ਜਾਤ-ਪਾਤ ਦੇ ਭੇਦਭਾਵ ਤੋਂ ਬਿਨਾ ਜਾਣਗੇ ਅਤੇ ਧਰਮ ਪ੍ਰਚਾਰ ਕਰਨਗੇ। ਉਹ ਪੂਰੇ ਸਮਾਜ ਅਤੇ ਧਾਰਮਿਕ ਸੰਗਠਨਾਂ ਅੰਦਰ ਪ੍ਰਚਾਰ ਕਰਨਗੇ। ਵਿਜੈ ਕੌਸ਼ਲ ਮਹਾਰਾਜ ਜੋ ਪਹਿਲਾ ਪ੍ਰਚਾਰਕ ਤੇ ਹੁਣ ਸਾਧੂ ਸਨ, ਵਰਿੰਦਾਵਨ ਵਿਚ 20 ਸਾਲ ਆਰ.ਐੱਸ.ਐੱਸ. ਦਾ ਪ੍ਰਚਾਰ ਕਰਨ ਬਾਅਦ 1989 ਵਿਚ ਰਾਮ ਕਥਾ ਲਈ ਸਮਰਪਿਤ ਹੋ ਗਏ।


ਇਸ ਕਾਰਜ ਲਈ ਸੱਤਿਆ ਮਿੱਤਰਾ ਨੰਦ ਗਿਰੀ ਜੋ ਭਾਵੇਂ ਆਰ.ਐੱਸ.ਐੱਸ. ਸਵੈਮਸੇਵਕ ਨਹੀਂ ਸੀ ਰਿਹਾ ਪਰ ਆਰ.ਐੱਸ.ਐੱਸ. ਦੇ ਨੇੜੇ ਜ਼ਰੂਰ ਸੀ, ਨੇ ਬਹੁਤ ਯੋਗਦਾਨ ਦਿੱਤਾ। ਆਗਰਾ ਦੇ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਇਆ, 20 ਸਾਲ ਦਾ ਨੌਜਵਾਨ, 1960 ਵਿਚ ਸਾਧੂ ਬਣ ਗਿਆ। ਉਹ ਮੱਧ ਪ੍ਰਦੇਸ਼ ਦੀ ਭਾਨਪੁਰਾ ਪੀਠ ਦਾ ਸ਼ੰਕਰਾਚਾਰੀਆ ਬਣਿਆ। ਉਸ ਦੇ ਸ਼ਰਧਾਲੂ ਵਿਦੇਸ਼ਾਂ, ਖਾਸ ਤੌਰ 'ਤੇ ਅਫਰੀਕਾ ਅਤੇ ਯੂਰਪ ਵਿਚ ਵੱਡੀ ਗਿਣਤੀ ਵਿਚ ਬਣੇ। ਦਸਨਾਮੀ ਵਿਚਾਰਧਾਰਾ ਸ਼ੰਕਰਾਚਾਰੀਆ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਸੀ ਦਿੰਦੀ, ਇਸ ਲਈ ਉਸ ਨੇ 1969 ਵਿਚ ਅਸਤੀਫਾ ਦੇ ਦਿੱਤਾ। ਉਸ ਤੋਂ ਬਾਅਦ ਉਸ ਨੇ ਰਾਸ਼ਟਰਵਾਦ ਨੂੰ ਹਿੰਦੂ ਧਰਮ ਨਾਲ ਜੋੜਨ, ਭਾਰਤ ਨੂੰ ਹਿੰਦੂ ਭਾਰਤ ਮਾਤਾ ਦੇ ਤੌਰ 'ਤੇ ਪੂਜਣ ਯੋਗ ਬਣਾਉਣ ਦੇ ਪ੍ਰੋਜੈਕਟ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਆਰ.ਐੱਸ.ਐੱਸ. ਦਾ ਮੁੱਢਲਾ ਕੇਂਦਰੀ ਵਿਚਾਰ ਸੀ। ਉਦਾਹਰਨ ਦੇ ਤੌਰ 'ਤੇ ਪ੍ਰਚਾਰਕ ਅਤੇ ਹਿੰਦੂ ਮਹਾਂ ਸਭਾ ਆਗੂ ਸਵਾਮੀ ਸ਼ਰਧਾ ਨੰਦ ਆਰੀਆ ਨੇ ਭਾਰਤ ਮਾਤਾ ਮੰਦਰ ਨੂੰ ਭਾਰਤ ਦੇਸ਼ ਨਾਲ ਜੋੜਨ ਦਾ ਸੰਕਲਪ ਸਾਹਮਣੇ ਲਿਆਂਦਾ ਸੀ। 1926 ਵਿਚ ਆਰ.ਐੱਸ.ਐੱਸ. ਦੀ ਸਥਾਪਨਾ ਦੇ ਇੱਕ ਸਾਲ ਬਾਅਦ ਉਸ ਨੇ ਇੱਕ ਕਿਤਾਬ ਵਿਚ ਲਿਖਿਆ, "ਪਹਿਲਾ ਕਦਮ ਮੈਂ ਹਿੰਦੂ ਰਾਸ਼ਟਰ ਮੰਦਰ ਹਰ ਸ਼ਹਿਰ ਵਿਚ ਬਣਾਉਣ ਦੀ ਤਜਵੀਜ਼ ਰੱਖਦਾ ਹਾਂ। ਇਹ ਸਥਾਨਕ ਹਿੰਦੂ ਸਭਾ ਦਾ ਕੇਂਦਰੀ ਮੰਦਰ ਗਊ ਮਾਤਾ, ਸਰਸਵਤੀ ਮਾਤਾ ਅਤੇ ਭੂਮੀ ਮਾਤਾ ਲਈ ਸਮਰਪਿਤ ਹੋਵੇਗਾ। ਬਾਕੀ ਮੰਦਰ ਵੱਖ-ਵੱਖ ਦੇਵੀ ਦੇਵਤਿਆਂ ਦੇ ਹੋ ਸਕਦੇ ਹਨ, ਇਸ ਮੰਦਰ ਵਿਚ ਜੀਵਤ ਗਊਆਂ ਵੀ ਰੱਖੀਆਂ ਜਾਣ। ਅਗਿਆਨਤਾ ਦੂਰ ਕਰਨ ਲਈ ਨਾਲ ਦੇ ਮੁੱਖ ਗੇਟ 'ਤੇ ਸਵਿੱਤਰੀ ਦਾ ਚਿੱਤਰ ਉਕਰਿਆ ਜਾਵੇ। ਪੂਰੀ ਜ਼ਿੰਦਗੀ ਵਰਗਾ ਭਾਰਤ ਮਾਤਾ ਦਾ ਚਿੱਤਰ ਕਿਸੇ ਖਾਸ ਸਥਾਨ 'ਤੇ ਚਿਤਰਿਆ ਜਾਵੇ ਜੋ ਬਚਪਨ ਤੋਂ ਮਾਤਰ ਭੂਮੀ ਦੇ ਹਰ ਪੜਾਅ ਦਾ ਚਿਤਰਨ ਕਰੇ ਅਤੇ ਇਸ ਦੀ ਜੋ ਪ੍ਰਾਚੀਨ ਆਭਾ "ਜੋ ਗਿਰ ਚੁੱਕੀ ਹੈ, ਨੂੰ ਮੁੜ ਸਥਾਪਤ ਕਰਨ ਦਾ ਰੂਪ ਲਵੇ"।

ਭਾਰਤ ਮਾਤਾ ਨੂੰ ਸਮਰਪਿਤ 3 ਮੰਦਰ ਭਾਵੇਂ 1920 ਵਿਚ ਵਾਰਾਣਸੀ ਵਿਚ ਬਣਾਏ ਗਏ ਸਨ ਪਰ ਇਹਨਾਂ ਨੇ ਬਹੁਤਾ ਧਿਆਨ ਨਾ ਖਿੱਚਿਆ। ਸੱਤਿਆ ਮਿੱਤਰਾ ਨੰਦ ਗਿਰੀ ਨੇ 1978 ਵਿਚ ਹਰਿਦੁਆਰ ਵਿਚ ਅੱਠ ਮੰਜ਼ਲੇ ਭਾਰਤ ਮਾਤਾ ਮੰਦਰ ਦੀ ਨੀਂਹ ਰੱਖੀ। ਇਸ ਦਾ ਉਦਘਾਟਨ 15 ਮਈ 1983 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਰਤੀ ਨਾਲ ਕੀਤਾ। 500 ਬ੍ਰਾਹਮਣਾਂ ਨੇ ਯੱਗ ਕੀਤਾ। ਵੱਡੇ-ਵੱਡੇ ਇਸ਼ਤਿਹਾਰ ਦਿੱਤੇ ਗਏ। ਸਾਰੇ ਧਾਰਮਿਕ ਫਿਰਕਿਆਂ ਅਤੇ ਸਿਆਸਤਦਾਨਾ ਨੂੰ ਸੱਦਾ ਪੱਤਰ ਭੇਜੇ ਗਏ।

1986 ਵਿਚ ਛਪੀ 'ਦਿਵਿਆ ਲੋਕ - ਪੀ ਵਰਜਨ ਦੀ ਦਿਵਿਆ ਯਾਤਰਾ' ਵਿਚ ਉਸ ਦੇ ਚੇਲਿਆਂ ਨੇ ਸੱਤਿਆ ਮਿੱਤਰਾ ਨੰਦ ਗਿਰੀ ਦੇ ਜੀਵਨ ਨੂੰ ਵੀ.ਡੀ. ਸਾਵਰਕਰ ਦੇ ਬਰਾਬਰ ਪੇਸ਼ ਕੀਤਾ ਹੈ ਤੇ ਉਸ ਦੇ ਭਾਰਤ ਮਾਤਾ ਸਬੰਧੀ ਵਿਚਾਰ ਸਾਵਰਕਰ ਵਾਂਗ ਭਾਰਤ ਨੂੰ ਸਭ ਤੋਂ ਪ੍ਰਾਚੀਨ ਸਭਿਅਤਾ ਅਤੇ ਦੇਵਤਿਆਂ ਦੀ ਭੂਮੀ ਦੇ ਤੌਰ 'ਤੇ ਪੇਸ਼ ਕਰਦੇ ਹਨ। ਇਸ ਮੰਦਰ ਅਤੇ ਤਿਰੰਗੇ ਦੀ ਥਾਂ ਤਿਕੋਣਾ ਭਗਵਾ ਝੰਡਾ ਝੂਲਦਾ ਹੈ। ਇਸ ਵਿਚ ਸਾਵਰਕਰ ਅਤੇ ਆਰ.ਐੱਸ.ਐੱਸ. ਦੇ ਪਹਿਲੇ ਮੁਖੀ ਕੇ.ਬੀ. ਹੈੱਡਗਵਾਰ ਨੂੰ ਭਾਰਤ ਮਾਤਾ ਦੇ ਸ਼ਾਨਦਾਰ ਸਪੂਤ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ।

ਸੱਤਿਆ ਮਿੱਤਰਾ ਨੰਦ ਗਿਰੀ ਨੇ ਆਰ.ਐੱਸ.ਐੱਸ. ਦੀ ਮਦਦ ਨਾਲ ਭਾਰਤ ਮਾਤਾ ਮੰਦਰ ਲਈ ਬਹੁਤ ਧਨ ਇਕੱਠਾ ਕੀਤਾ ਪਰ ਉਹ ਆਰ.ਐੱਸ.ਐੱਸ. ਨਾਲ ਸਬੰਧਾਂ ਬਾਰੇ ਬਹੁਤਾ ਨਹੀਂ ਬੋਲਦੇ। ਹੁਣ ਉਹ ਕੇਵਲ ਸ਼ਰਧਾਲੂਆਂ ਲਈ 'ਭਾਰਤ ਮਾਤਾ ਮੰਦਰ' ਕੋਲ ਆਪਣੀ ਰਿਹਾਇਸ਼ ਤੋਂ 4 ਤੋਂ 5 ਵਜੇ ਸ਼ਾਮ ਦਰਸ਼ਨ ਦਿੰਦੇ ਹਨ। ਸੱਤਿਆ ਮਿੱਤਰਾ ਨੰਦ ਗਿਰੀ ਨੇ ਲਗਭਗ ਦੋ ਦਰਜਨ ਚੇਲਿਆਂ ਨੂੰ ਦੀਕਸ਼ਾ ਦਿੱਤੀ। 1986 'ਚ ਉਸ ਨੂੰ ਨਿਰੰਜਨੀ ਅਖਾੜੇ ਹਰਦੁਆਰ ਦਾ ਮਹਾਂ ਮੰਡਲੇਸ਼ਵਰ ਬਣਾਇਆ ਗਿਆ। ਉਹ ਉਹਨਾਂ ਨੂੰ ਹੀ ਦੀਕਸ਼ਾ ਦਿੰਦੇ ਸਨ ਜੋ ਕੱਟੜ ਰਾਸ਼ਟਰਵਾਦੀ ਹੋਣ। ਗੋਲਵਾਲਕਰ ਤੋਂ ਲੈ ਕੇ ਮੋਹਨ ਭਾਗਵਤ ਤੱਕ ਸਾਰੇ ਸਵਾਮੀ ਜੀ ਨਾਲ ਚੰਗੇ ਸਬੰਧ ਰੱਖਦੇ ਹਨ। ਅਖਿਲੇਸ਼ਵਰਾਨੰਦ ਗਿਰੀ ਜੋ ਆਰ.ਐੱਸ.ਐੱਸ. ਪ੍ਰਚਾਰਕ ਤੋਂ ਸੰਨਿਆਸੀ ਬਣਿਆ, ਸਵਾਮੀ ਜੀ ਦਾ ਚੇਲਾ ਹੀ ਸੀ। ਇਸ ਨੇ ਗਊ ਹੱਤਿਆ ਅਤੇ ਇਸਾਈ ਮਿਸ਼ਨਰੀਆਂ ਖਿਲਾਫ਼ ਪ੍ਰਚਾਰ ਕੀਤਾ। ਉਹ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮਾਰਗ ਦਰਸ਼ਕ ਮੰਡਲ ਵਿਚ ਚਲਿਆ ਗਿਆ ਅਤੇ ਮੱਧ ਪ੍ਰਦੇਸ਼ ਦੇ ਜੱਬਲਪੁਰ ਵਿਖੇ ਨਿਰੰਜਨੀ ਅਖਾੜੇ ਦਾ ਮਹਾਂ ਮੰਡਲੇਸ਼ਵਰ ਬਣਿਆ। 2016 ਵਿਚ ਸ਼ਿਵ ਰਾਜ ਸਿੰਘ ਚੌਹਾਨ ਦੇ ਮੱਧ ਪ੍ਰਦੇਸ਼ ਵਿਚ ਗਊ ਰਕਸ਼ਕ ਮੰਡਲ ਦਾ ਚੇਅਰਮੈਨ ਵੀ ਬਣਾ ਦਿੱਤਾ ਗਿਆ।





***ਹਰਿਦੁਆਰ ਵਿਚ ਬਣਾਇਆ ਅੱਠ ਮੰਜ਼ਲਾ ਭਾਰਤ ਮਾਤਾ ਮੰਦਰ ਅਤੇ (ਸੱਜੇ) ਸੱਤਿਆ ਮਿੱਤਰਾ ਨੰਦ ਗਿਰੀ।***

ਅਖਿਲੇਸ਼ਵਰਾਨੰਦ ਅਤੇ ਜਤਿੰਦਰ ਨਾਥ, ਸੱਤਿਆ ਮਿੱਤਰਾ ਨੰਦ ਦੇ ਚਾਰ ਮੁੱਖ ਚੇਲਿਆਂ ਵਿਚ ਸ਼ਾਮਲ ਹਨ- ਦੋ ਹੋਰ ਹਨ ਅਵਦੇਸ਼ਾਨੰਦ ਗਿਰੀ ਤੇ ਗੋਬਿੰਦ ਦੇਵਗਿਰੀ। ਗੋਬਿੰਦ ਦੇਵ ਨੇ ਪੂਨੇ ਵਿਚ ਵੇਦ ਵਿਦਿਆਲਿਆ ਖੋਲ੍ਹੇ ਜਿੱਥੇ ਵੇਦਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਉਸ ਦਾ ਇੱਕ ਚੇਲਾ ਪ੍ਰਬੋਧਾ ਨੰਦ ਗਿਰੀ ਹਿੰਦੂ ਮਿਲਟਰੀ ਸਕੂਲ ਚਲਾਉਂਦਾ ਹੈ ਜੋ 'ਹਿੰਦੂ ਰੱਖਿਆ ਸੈਨਾ' ਦੇ ਨਾਮ ਹੇਠ ਹਰਦੁਆਰ ਦੇ ਆਸ਼ਰਮ ਵਿਚ ਸਥਿਤ ਹੈ। ਉਸ ਦੇ ਸਾਰੇ ਚੇਲੇ ਆਰ.ਐੱਸ.ਐੱਸ. ਨਾਲ ਨੇੜਿਉਂ ਜੁੜੇ ਹੋਏ ਹਨ। 1980 ਤੱਕ ਆਰ.ਐੱਸ.ਐੱਸ. ਨਾਲ ਜੁੜੇ ਸਾਧੂਆਂ ਦੀ ਗਿਣਤੀ ਕਾਫੀ ਵਧੀ। ਵਿਸ਼ਵ ਹਿੰਦੂ ਪ੍ਰੀਸ਼ਦ 1966 ਤੋਂ ਹਿੰਦੂ ਉੱਚਤਾ ਦੀ ਵਿਚਾਰਧਾਰਾ ਨੂੰ ਕੁੰਭ ਮੇਲਿਆਂ ਨਾਲ ਜੋੜ ਕੇ ਵਧਾ ਰਹੀ ਹੈ। 1966 ਵਿਚ ਅਲਾਹਾਬਾਦ ਦੇ ਕੁੰਭ ਸਮੇਂ ਪਹਿਲੀ ਸੰਸਾਰ ਹਿੰਦੂ ਕਾਨਫਰੰਸ 22 ਜਨਵਰੀ ਨੂੰ ਰੱਖੀ ਗਈ ਜਿਸ ਵਿਚ ਵੱਖ-ਵੱਖ ਅਖਾੜਿਆਂ ਦੇ ਕਾਫੀ ਸਾਧੂਆਂ ਨੇ ਭਾਗ ਲਿਆ। ਇਸ ਨੂੰ ਵੈਸ਼ਨਵ ਸਾਧੂ ਪ੍ਰਭੂਦੱਤ ਬ੍ਰਹਮਾਚਾਰੀਆ ਜੋ ਫੂਲਪੁਰ ਤੋਂ ਜਵਾਹਰ ਲਾਲ ਨਹਿਰੂ ਖਿਲਾਫ ਚੋਣ ਲੜਿਆ ਸੀ, ਦੀ ਹਮਾਇਤ ਹਾਸਲ ਸੀ (ਜਿਸ ਨੂੰ ਬਹੁਤ ਸਾਰੇ ਹਿੰਦੂਤਵੀ ਸੰਗਠਨਾਂ ਵੱਲੋਂ ਹਿਮਾਇਤ ਸੀ) ਪਰ ਉਹ ਵੱਡੇ ਨਾਲ ਹਾਰ ਗਿਆ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕੁੰਭ ਕਾਨਫਰੰਸ ਦੀ ਸਫਲਤਾ ਤੋਂ ਬਾਅਦ ਗਊ ਹੱਤਿਆ ਦਾ ਮੁੱਦਾ ਚੁੱਕਿਆ। ਇਸ 'ਤੇ 1948-49 ਵਿਚ ਵੀ ਚਰਚਾ ਹੋਈ ਸੀ ਜਿਸ ਵਿਚ ਨਹਿਰੂ ਵਰਗੇ ਸੈਕੂਲਰ ਮੈਂਬਰਾਂ ਅਤੇ ਰਵਾਇਤੀ ਕਾਂਗਰਸੀਆਂ ਨੇ ਸੰਵਿਧਾਨ ਘੜਨੀ ਸਭਾ ਵਿਚ ਇਸ ਨੂੰ ਨਿਰਦੇਸ਼ਕ ਸਿਧਾਂਤਾ ਵਿਚ ਸ਼ਾਮਲ ਤਾਂ ਕਰਵਾਇਆ ਪਰ ਸਾਧੂ ਸੰਤੁਸ਼ਟ ਨਹੀਂ ਸਨ। 25 ਸਤੰਬਰ 1966 ਨੂੰ ਸਰਵ-ਦਲੀ ਗਊ ਰੱਖਿਆ ਮਹਾਂ ਅਭਿਆਨ ਸਮਿਤੀ ਬਣਾਈ ਗਈ ਜਿਸ ਦਾ ਮੁਖੀ ਪ੍ਰਭੂਦੱਤ ਬ੍ਰਹਮਾਚਾਰੀ ਸੀ। ਇਸ 'ਸਰਵ-ਦਲੀ' ਗਊ ਰੱਖਿਆ ਅਭਿਆਨ ਦੇ ਮੈਂਬਰ ਆਰ.ਐੱਸ.ਐੱਸ., ਹਿੰਦੂ ਮਹਾਂ ਸਭਾ, ਰਾਮ ਰਾਜ ਪ੍ਰੀਸ਼ਦ, ਆਰੀਆ ਸਮਾਜ, ਰਵਾਇਤੀ ਕਾਂਗਰਸੀ ਜਿਵੇਂ ਗੁਲਜ਼ਾਰੀ ਲਾਲ ਨੰਦਾ (ਗ੍ਰਹਿ ਮੰਤਰੀ), ਭਾਰਤੀ ਸਾਧੂ ਸਮਾਜ (ਨੰਦਾ ਦੀ ਜਥੇਬੰਦੀ) ਸ਼ਾਮਲ ਸਨ। 7 ਨਵੰਬਰ 1966 ਨੂੰ ਇੱਕ ਲੱਖ ਸਾਧੂਆਂ ਨੇ ਪਾਰਲੀਮੈਂਟ ਦਾ ਘਿਰਾਉ ਕਰ ਲਿਆ, ਉਹ ਗਊ ਹੱਤਿਆ 'ਤੇ ਪਾਬੰਦੀ ਦੀ ਮੰਗ ਕਰਨ ਲੱਗੇ। ਪੁਲਿਸ ਵੱਲੋਂ ਲਾਠੀਚਾਰਜ, ਗੋਲੀ ਚਲਾਉਣ ਦੇ ਬਾਵਜੂਦ, ਉਹ ਪਾਰਲੀਮੈਂਟ ਅਤੇ ਰੇਡੀਉ ਸਟੇਸ਼ਨ ਅੰਦਰ ਦਾਖਲ ਹੋਣ ਲਈ ਜਾ ਰਹੇ ਸਨ। ਰਸਤੇ ਵਿਚ 100 ਕਾਰਾਂ ਅਤੇ ਦਰਜਨਾਂ ਬੱਸਾਂ ਨੂੰ ਅੱਗ ਲਗਾ ਦਿੱਤੀ। 7 ਲੋਕ ਮਾਰੇ ਗਏ 140 ਜ਼ਖਮੀ ਹੋਏ। ਦੁਪਹਿਰ ਬਾਅਦ ਫੌਜ ਬੁਲਾਉਣੀ ਪਈ ਅਤੇ ਕਰਫਿਊ ਲਗਾ ਦਿੱਤਾ ਗਿਆ। ਸਾਧੂਆਂ ਵੱਲੋਂ ਕੀਤੀ ਸਾੜ ਫੂਕ ਨਾਲ ਬਹੁਤ ਸਾਰੇ ਗਊ ਰੱਖਿਅਕ ਸੇਵਕਾਂ ਨੂੰ ਸੱਟਾਂ ਲੱਗੀਆਂ ਅਤੇ ਪਿੱਛੇ ਹਟ ਗਏ। ਤਿੰਨ ਘੰਟੇ ਚੱਲਿਆ ਭੀੜ ਦਾ ਰਾਜ ਲੋਕਤੰਤਰ ਲਈ ਵੱਡਾ ਚੈਲੰਜ ਸੀ। ਨੰਦਾ ਨੇ ਕਿਹਾ ਕਿ ਸਵਾਮੀ ਰਮੇਸ਼ਵਰਾਨੰਦ ਦੇ ਭੜਕਾਊ ਭਾਸ਼ਣ ਕਾਰਨ ਇਹ ਵਾਪਰਿਆ। ਦੋ ਦਿਨ ਪਿੱਛੋਂ ਨੰਦਾ ਦੀ ਇੰਦਰਾ ਨੇ ਛੁੱਟੀ ਕਰ ਦਿੱਤੀ। ਇਹ ਸਾਰੀ ਸਿਆਸੀ ਖੇਡ 1967 ਦੀਆਂ ਚੋਣਾਂ ਤੋਂ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਉਸ ਦੀਆਂ ਸਹਾਇਕ ਜਥੇਬੰਦੀਆਂ ਵੱਲੋਂ ਆਸ਼ਰਮਾਂ ਅੰਦਰ ਬਣਾਈ ਯੋਜਨਾ ਕਾਰਨ ਵਾਪਰਿਆ। ਪ੍ਰਭੂਦੱਤ ਬ੍ਰਹਮਚਾਰੀਆ ਤੇ ਪੁਰੀ ਦੇ ਸ਼ੰਕਰਚਾਰੀਆ ਨੇ ਜਨਤਕ ਤੌਰ 'ਤੇ ਮਰਨ ਵਰਤ ਦਾ ਐਲਾਨ ਕਰ ਦਿੱਤਾ ਪਰ ਬਹੁਤੇ ਸਾਧੂ, ਵਾਪਸ ਆਸ਼ਰਮਾਂ ਨੂੰ ਚਲੇ ਗਏ। ਜਨਵਰੀ ਦੇ ਅੰਤ ਤੱਕ ਇਹ ਵਰਤ ਵੀ ਵਾਪਸ ਲੈਣਾ ਪਿਆ। ਬਹੁਤ ਸਾਰੇ ਸਾਧੂ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਦੂਰ ਚਲੇ ਗਏ ਅਤੇ 1977 ਦੇ ਅਲਾਹਾਬਾਦ ਦੇ ਕੁੰਭ ਸਮੇਂ ਉਹਨਾਂ ਹੁੰਗਾਰਾ ਨਾ ਭਰਿਆ। ਦੂਜੀ ਸੰਸਾਰ ਹਿੰਦੂ ਕਾਨਫਰੰਸ 1979 ਵਿਚ ਹੋਈ ਸੀ ਜਿਸ ਵਿਚ ਹਾਜ਼ਰੀ ਘੱਟ ਰਹੀ। ਬਹੁਤ ਸਾਰੇ ਸਾਧੂਆਂ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਜੈ ਪ੍ਰਕਾਸ਼ ਨਰਾਇਣ ਦੀ ਜਨਤਾ ਪਾਰਟੀ ਲਈ ਵਰਤਣ ਦੀ ਕੋਸ਼ਿਸ਼ ਕੀਤੀ ਗਈ ਪਰ ਉਲਟਾ ਜੋਤਿਸ਼ ਪੀਠ ਦੇ ਸ਼ੰਕਰਚਾਰੀਆ ਵੱਲੋਂ 1977 ਦੇ ਕੁੰਭ ਸਮੇਂ ਇੰਦਰਾ ਗਾਂਧੀ ਦਾ ਭਰਵਾਂ ਸਵਾਗਤ ਕੀਤਾ ਗਿਆ। ਇੰਦਰਾ ਗਾਂਧੀ ਨੂੰ ਸਭ ਤੋਂ ਪਵਿੱਤਰ ਸਾਧੂਆਂ ਵੱਲੋਂ ਇੱਕ ਸਟੇਜ ਤੇ ਬੈਠਣ ਅਤੇ ਸੰਬੋਧਨ ਕਰਨ ਦਾ ਮਾਣ ਪ੍ਰਾਪਤ ਹੋਇਆ। ਉਸ ਨੇ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖਲ ਅੰਦਾਜ਼ੀ ਨਾ ਕਰਨ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਦਾ ਬਚਨ ਦੁਹਰਾਇਆ। ਸ੍ਰੀ ਸ਼ਾਤਾਨੰਦ ਸਰਸਵਤੀ ਸ਼ੰਕਰਾਚਾਰੀਆ, ਬਦਰੀ ਆਸ਼ਰਮ ਜੋਤਿਸ਼ ਪੀਠ ਜਿਸ ਨੂੰ ਧਰਮ ਸਮਰਾਟ ਵੀ ਕਹਿੰਦੇ ਹਨ, ਚਾਂਦੀ ਦੇ ਮੇਜ਼ ਆਦਿ ਸ਼ੰਕਰਾਚਾਰੀਆ ਪੀਠ ਦੇ ਮੋਢੀ ਦੀ ਚਰਨ (ਪਾਦੁਕਾ) ਪਿੱਛੇ ਵੈਰਾਗੀ ਸ਼ੰਕਰਾਚਾਰੀਆ ਦਾ ਸਟਾਫ, ਭਗਵੇਂ ਕੱਪੜਿਆਂ ਵਿਚ ਉਸ ਦੀ ਧਾਰਮਿਕ ਉੱਚਤਾ ਨੂੰ ਦਿਖਾ ਰਿਹਾ ਸੀ। ਉਸ ਨੇ ਮੱਥੇ 'ਤੇ ਚੰਦਨ ਦੀ ਲੱਕੜ ਦਾ ਲੇਪ ਅਤੇ ਉਸ ਦੇ ਉੱਪਰ ਵੱਡਾ ਤਿਲਕ ਸੀ। ਬਾਕੀ ਸਾਧੂਆਂ ਨੇ ਤ੍ਰਿਪੁੰਦਰਾ, ਤਿੰਨ ਸਿੱਧੀਆਂ ਰੇਖਾਵਾਂ ਅਤੇ ਕਈਆਂ ਦੋ ਸਿੱਧੀਆਂ ਲਾਈਨਾਂ, ਵੈਸ਼ਨਵ ਪਰੰਪਰਾ ਨੂੰ ਦਰਸਾ ਰਹੀਆਂ ਸਨ। ਇੰਦਰਾ ਗਾਂਧੀ ਦੀ ਧਰਮ ਨਿਰਪੱਖਤਾ ਦੀ ਸਿੱਖਿਆ ਦੇ ਭਾਸ਼ਣ ਉਪਰੰਤ ਵੀ ਸਾਧੂਆਂ ਅੰਦਰ ਹਿੰਦੂ ਧਰਮ ਦੇ ਪੁਨਰ ਜਾਗਰਨ ਦਾ ਸੰਕਲਪ ਸੀ। ਉਹ ਭਾਵੇਂ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਆਸ ਖੋ ਬੈਠੇ ਸਨ। ਵਿਸ਼ਵ ਹਿੰਦੂ ਪ੍ਰੀਸ਼ਦ ਦੀ ਦਖਲ ਅੰਦਾਜ਼ੀ ਨਾਲ ਅਖਾੜਿਆਂ ਦੇ ਅੰਦਰ 1980-90 ਦੌਰਾਨ ਸ਼ੈਵ ਅਖਾੜਿਆਂ ਵਿਚ ਆਰ.ਐੱਸ.ਐੱਸ. ਸਮਰਥਕ ਸਾਧੂਆਂ ਦੀ ਭਰਤੀ ਤੇਜ਼ ਹੋ ਗਈ। ਇਹ ਤੇਜ਼ੀ 1989 ਦੇ ਅਲਾਹਾਬਾਦ ਕੁੰਭ ਮੇਲੇ ਵਿਚ ਵੀ ਦੇਖੀ ਗਈ। ਇਹ 1986 ਵਿਚ ਅਖਿਲ ਭਾਰਤੀ ਸੰਤ ਸਮਿਤੀ ਬਣਨ ਨਾਲ ਸ਼ੁਰੂ ਹੋ ਗਈ ਸੀ ਜਿਸ ਦੇ ਮੁਖੀ ਸਵਾਮੀ ਵਾਮਦੇਵ (ਦਸਨਾਮੀ, ਸੰਨਿਆਸੀ) ਸਨ। ਇਹ ਗੱਲ ਸਵਾਮੀ ਜਤਿੰਦਰਾ ਨੰਦ ਸਰਸਵਤੀ ਵਾਰਾਨਸੀ ਦੇ ਡਾਂਡੀ ਸਾਧੂ ਨੇ ਦੱਸੀ ਜੋ 1989 ਤੋਂ 2004 ਤੱਕ ਆਰ.ਐੱਸ.ਐੱਸ. ਦਾ ਪ੍ਰਚਾਰਕ ਰਿਹਾ ਸੀ। ਸਾਰੇ ਸੰਘੀ ਭੂਮਿਕਾ ਵਾਲੇ ਅਤੇ ਰਾਮ ਜਨਮ ਭੂਮੀ ਅੰਦੋਲਨ ਨਾਲ ਸਬੰਧਿਤ ਸਾਧੂ ਰਾਮਚੰਦਰ ਦਾਸ ਪਰਮ ਹੰਸ, ਨਿੱਤਿਆ ਗੋਪਾਲ ਦਾਸ ਅਤੇ ਹੰਸਦੇਵ ਅਚਾਰੀਆ ਦੀ ਅਗਵਾਈ ਵਿਚ ਸ਼ਾਮਲ ਹੋਏ ਜੋ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਵੱਖਰੀ ਸੀ। ਜਤਿੰਦਰ ਨਾਥ ਸਰਸਵਤੀ ਜੋ ਏ.ਬੀ.ਐੱਸ.ਐੱਸ. ਦੇ 2016 ਤੋਂ ਜਨਰਲ ਸਕੱਤਰ ਸਨ, ਅਨੁਸਾਰ ਸਮਰਥਕਾਂ ਦੀ ਗਿਣਤੀ ਕਾਫੀ ਵਧ ਗਈ। ਤਿੰਨ ਦਿਨਾ ਧਰਮ ਸੰਸਦ ਜਨਵਰੀ 1989 ਵਿਚ ਸੱਦੀ ਗਈ ਜੋ ਸੰਸਾਰ ਹਿੰਦੂ ਕਾਨਫਰੰਸ ਨਾਲੋਂ ਵੱਖਰੀ ਹੈ। ਇਸ ਵਿਚ ਤਿੱਖੀ ਸੁਰ ਰੱਖੀ ਜਾਂਦੀ ਹੈ। ਇਸ ਵਿਚ ਜਤਿੰਦਰ ਸਰਸਵਤੀ ਅਤੇ ਹੋਰ ਹਿੰਦੂ ਫਿਰਕੇ ਮੁੱਖ ਸਨ। ਬੀ.ਬੀ.ਸੀ. ਪੱਤਰਕਾਰ ਅਨੁਸਾਰ ਘਾਹ ਵਿੰਡੀ ਜ਼ਮੀਨ 'ਤੇ ਭਗਵੇ, ਨਿਬੂੰਆ, ਗੂੜ੍ਹੇ ਲਾਲ ਜਾਂ ਚਿੱਟੇ ਚੋਲਿਆਂ ਵਿਚ ਬਜ਼ੁਰਗ, ਕਮਜ਼ੋਰ, ਛੀਂਟਕੇ ਨੌਜਵਾਨ ਮੋਢੇ ਨਾਲ ਮੋਢਾ ਜੋੜ ਕੇ ਬੈਠੇ ਸਨ ਅਤੇ ਕੁੱਝ ਖੜ੍ਹ ਕੇ ਤਕਰੀਰਾਂ ਸੁਣ ਰਹੇ ਸਨ। ਸਭ ਤੋਂ ਵੱਧ ਚਰਚਾ ਦਿਉਰਾਹਾ ਬਾਬੇ ਦੀ ਸੀ ਜੋ ਵਰਿੰਦਵਨ ਦਾ ਸਾਧੂ ਸੀ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬੋਲਣਾ ਸਵੀਕਾਰ ਕੀਤਾ। ਤੁਲੀ ਅਨੁਸਾਰ ਉਹ ਬਿਲਕੁਲ ਨੰਗਾ, ਹਿਰਨ ਦੀ ਖੱਲ ਤੇੜ 'ਤੇ ਲਪੇਟੀ ਹੋਈ, ਚਮੜੀ ਧੁੱਪ ਨਾਲ ਕਾਲੀ, ਅੱਖਾਂ ਧਸੀਆਂ ਹੋਈਆਂ, ਬਾਲ ਜਟਾਂ ਦੇ ਰੂਪ ਵਿਚ ਪਰ ਦਾੜ੍ਹੀ ਵਧੀਆ ਕਤਰੀ ਹੋਈ। ਰਾਮ ਦਾ ਮੰਦਰ ਜੋ ਵਿਸ਼ਵ ਹਿੰਦੂ ਪ੍ਰੀਸ਼ਦ ਬਣਾ ਕੇ

***(ਬਾਕੀ ਅਗਲੇ ਸਫੇ 'ਤੇ)***

# ਪਾਕਿਸਤਾਨ: ਸੰਵਿਧਾਨ ਦੀ ਲਗਾਤਾਰ ਬੇਅਦਬੀ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਪਾਕਿਸਤਾਨ ਵਿਚ ਸੰਵਿਧਾਨਕ ਅਵੱਗਿਆਵਾਂ ਦਾ ਦੌਰ ਜਾਰੀ ਹੈ। 22 ਮਾਰਚ ਸ਼ਾਮੀਂ ਮੁਲਕ ਦੇ ਚੋਣ ਕਮਿਸ਼ਨ (ਈ.ਸੀ.ਪੀ.) ਨੇ ਪੰਜਾਬ ਦੀ ਸੂਬਾਈ ਅਸੈਂਬਲੀ (ਪੀ.ਏ.) ਦੀਆਂ ਚੋਣਾਂ 30 ਅਪਰੈਲ ਦੀ ਬਜਾਇ ਪੰਜ ਮਹੀਨੇ ਬਾਅਦ 8 ਅਕਤੂਬਰ ਨੂੰ ਕਰਵਾਉਣ ਦਾ ਐਲਾਨ ਕੀਤਾ। ਇਸ ਐਲਾਨ ਵਿਚ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ ਨੇ ਕਿਹਾ ਕਿ ਕੌਮੀ ਹਾਲਾਤ ਪੰਜਾਬ ਵਿਚ ਅਗਲੇ ਮਹੀਨੇ ਚੋਣਾਂ ਕਰਵਾਉਣ ਵਾਸਤੇ ਸਾਜ਼ਗਾਰ ਨਹੀਂ। ਉਨ੍ਹਾਂ ਨੇ ਖ਼ੈਬਰ ਪਖ਼ਤੂਨਖ਼ਵਾ ਅਸੈਂਬਲੀ ਦੀਆਂ ਚੋਣਾਂ ਦੀ ਤਾਰੀਖ਼ ਬਾਰੇ ਕੋਈ ਗੱਲ ਨਹੀਂ ਕੀਤੀ। ਉਸ ਸੂਬੇ ਦੀ ਅਸੈਂਬਲੀ ਵੀ ਭੰਗ ਹੈ। ਇਹ ਮੰਨਿਆ ਜਾ ਰਿਹਾ ਸੀ ਕਿ ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਇਕ ਹਫ਼ਤਾ ਬਾਅਦ (ਭਾਵ ਮਈ ਦੇ ਪਹਿਲੇ ਹਫ਼ਤੇ) ਉੱਥੇ ਵੀ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ ਪਰ ਹੁਣ ਉਸ ਸੂਬੇ ਦੇ ਗਵਰਨਰ ਗ਼ੁਲਾਮ ਅਲੀ ਨੇ ਚੋਣ ਕਮਿਸ਼ਨ ਨੂੰ ਖ਼ਤ ਲਿਖਿਆ ਹੈ ਕਿ ਉੱਥੇ ਵੀ ਚੋਣਾਂ ਪੰਜਾਬ ਦੇ ਨਾਲ 8 ਅਕਤੂਬਰ ਨੂੰ ਕਰਵਾਈਆਂ ਜਾਣ।

ਚੋਣ ਕਮਿਸ਼ਨ ਦੇ ਐਲਾਨ ਤੋਂ ਸਾਬਕਾ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦਾ ਭੜਕਣਾ ਤਾਂ ਸੁਭਾਵਿਕ ਹੀ ਸੀ; ਕਾਨੂੰਨਦਾਨਾਂ ਤੇ ਸਮਾਜਿਕ ਧਿਰਾਂ ਨੂੰ ਵੀ ਹੈਰਾਨੀ ਹੋਈ। ਪੀ.ਟੀ.ਆਈ. ਨੇ ਇਸ ਦੇ ਖ਼ਿਲਾਫ਼ ਸੁਪਰੀਮ ਕੋਰਟ ਕੋਲ ਪਹੁੰਚ ਕੀਤੀ ਅਤੇ ਨਾਲ ਹੀ ਮੁਲਕ ਭਰ ਵਿਚ ਅੰਦੋਲਨ ਛੇੜਨ ਦਾ ਐਲਾਨ ਕੀਤਾ। ਦੂਜੇ ਪਾਸੇ ਸਦਰ-ਏ-ਪਾਕਿਸਤਾਨ (ਰਾਸ਼ਟਰਪਤੀ) ਡਾ. ਆਰਿਫ਼ ਅਲਵੀ ਨੇ ਵਜ਼ੀਰ-ਏ-ਆਜ਼ਮ ਸ਼ਹਿਬਾਜ਼ ਸ਼ਰੀਫ਼ ਨੂੰ ਚੌਕਸ ਕੀਤਾ ਹੈ ਕਿ ਚੋਣ ਕਮਿਸ਼ਨ ਦਾ ਐਲਾਨ ਸੁਪਰੀਮ ਕੋਰਟ ਦੇ 8 ਮਾਰਚ ਦੇ ਹੁਕਮਾਂ ਦੀ ਉਲੰਘਣਾ ਹੈ। ਇਸ ਵਾਸਤੇ ਸਰਕਾਰ ਦਾ ਫ਼ਰਜ਼ ਹੈ ਕਿ ਉਹ ਚੋਣ ਕਮਿਸ਼ਨ ਦੀਆਂ ਸਾਰੀਆਂ ਦਿੱਕਤਾਂ ਦੂਰ ਕਰ ਕੇ 30 ਅਪਰੈਲ ਨੂੰ ਹੀ ਪੰਜਾਬ ਵਿਚ ਚੋਣਾਂ ਕਰਵਾਏ। ਅਟਾਰਨੀ ਜਨਰਲ ਬੈਰਿਸਟਰ ਸ਼ਹਿਜ਼ਾਦ ਅਤਾ ਇਲਾਹੀ (ਜੋ ਸਾਬਕਾ ਰਾਸ਼ਟਰਪਤੀ ਚੌਧਰੀ ਫ਼ਜ਼ਲੇ ਇਲਾਹੀ ਦੇ ਪੋਤਰੇ ਹਨ) ਨੇ 24 ਮਾਰਚ ਨੂੰ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਅਸਤੀਫ਼ੇ ਦੀ ਵਜ੍ਹਾ ਭਾਵੇਂ ਰਸਮੀ ਤੌਰ 'ਤੇ ਬਿਆਨ ਨਹੀਂ ਕੀਤੀ, ਫਿਰ ਵੀ ਮੰਨਿਆ ਇਹੋ ਜਾ ਰਿਹਾ ਹੈ ਕਿ ਉਹ ਚੋਣ ਕਮਿਸ਼ਨ ਜਾਂ ਸਰਕਾਰ ਦੇ ਪੈਂਤੜਿਆਂ ਨਾਲ ਸਹਿਮਤ ਨਹੀਂ ਸਨ। ਪਾਕਿਸਤਾਨ ਬਾਰ ਕੌਂਸਲ (ਬੀ.ਸੀ.ਪੀ.) ਤੇ ਪੰਜਾਬ ਬਾਰ ਕੌਂਸਲ ਨੇ ਪਾਕਿਸਤਾਨ ਦੇ ਚੀਫ਼ ਜਸਟਿਸ ਉਮਰ ਅਤਾ ਬੰਦਿਆਲ ਨੂੰ ਅਪੀਲ ਕੀਤੀ ਹੈ ਕਿ ਉਹ ਚੋਣ ਕਮਿਸ਼ਨ ਦੇ ਐਲਾਨ ਦਾ ਖ਼ੁਦ ਨੋਟਿਸ ਲੈਣ ਅਤੇ ਸੰਵਿਧਾਨਕ ਧਾਰਾਵਾਂ ਦੀ ਉਲੰਘਣਾ ਰੁਕਵਾਉਣ। ਇਹ ਹਾਲਾਤ ਦੀ ਵਿਡੰਬਨਾ ਹੈ ਕਿ ਪੀ.ਟੀ.ਆਈ. ਨੂੰ ਫ਼ੌਰੀ ਰਾਹਤ ਨਹੀਂ ਮਿਲੀ ਅਤੇ ਸੁਪਰੀਮ ਕੋਰਟ ਦਾ ਉਹ ਬੈਂਚ ਵੀ ਆਪਸੀ ਮੱਤਭੇਦਾਂ ਕਾਰਨ ਖ਼ੁਦ ਭੰਗ ਹੋ ਗਿਆ ਜਿਸ ਨੇ ਪੀ.ਟੀ.ਆਈ. ਦੀ ਪਟੀਸ਼ਨ 'ਤੇ ਚਾਰ ਦਿਨ ਸੁਣਵਾਈ ਕੀਤੀ ਸੀ।



ਇਹ ਪਹਿਲੀ ਵਾਰ ਨਹੀਂ ਜਦੋਂ ਕਿਸੇ ਸੰਵਿਧਾਨਕ ਸੰਸਥਾ ਜਾਂ ਹੁਕਮਰਾਨੀ ਨੇ ਪਾਕਿਸਤਾਨੀ ਸੰਵਿਧਾਨ ਦੀ ਬੇਹੁਰਮਤੀ ਕੀਤੀ। ਅਜਿਹੀਆਂ ਬੇਹੁਰਮਤੀਆਂ ਪਾਕਿਸਤਾਨੀ ਇਤਿਹਾਸ ਦਾ ਹਿੱਸਾ ਬਣੀਆਂ ਹੋਈਆਂ ਹਨ। ਮੁਲਕ ਨੇ ਇਸ ਰੁਝਾਨ ਦਾ ਖ਼ਮਿਆਜ਼ਾ ਵੀ ਖ਼ੂਬ ਭੁਗਤਿਆ ਹੈ। ਬੇਹੁਰਮਤੀਆਂ ਨੇ ਫ਼ੌਜ ਨੂੰ ਅਸਾਧਾਰਨ ਤੌਰ 'ਤੇ ਤਾਕਤਵਰ ਬਣਾਇਆ ਅਤੇ ਸਿਆਸੀ ਪ੍ਰਬੰਧ ਨੂੰ ਫ਼ੌਜ ਦੇ ਰਹਿਮੋ-ਕਰਮ ਦਾ ਨਿਰਭਰ ਬਣਾ ਦਿੱਤਾ। ਅਜਿਹਾ ਹੋਣ ਕਾਰਨ ਜਮਹੂਰੀ ਪਰੰਪਰਾਵਾਂ ਤੇ ਤਰਜ਼ਾਂ, ਲੋਕ-ਮਾਨਸਿਕਤਾ ਦਾ ਹਿੱਸਾ ਨਹੀਂ ਬਣ ਸਕੀਆਂ। ਸੰਵਿਧਾਨਕ ਮਾਨਤਾਵਾਂ ਪ੍ਰਤੀ ਜਵਾਬਦੇਹੀ ਦੀ ਘਾਟ ਨਿਆਂਪਾਲਿਕਾ ਦੀ ਮਨੋ-ਬਣਤਰ ਦਾ ਵੀ ਹਿੱਸਾ ਬਣਦੀ ਗਈ। ਇਸ ਨੇ ਨਿਆਂ ਪ੍ਰਬੰਧ ਨੂੰ ਤਾਂ ਕਮਜ਼ੋਰ ਬਣਾਇਆ ਹੀ, ਕਾਰਜਪਾਲਿਕਾ ਅੰਦਰ ਵੀ ਲਾਪ੍ਰਵਾਹੀ ਵਧਾਈ। ਇਹੋ ਕਾਰਨ ਹੈ ਕਿ ਚੋਣ ਕਮਿਸ਼ਨ ਨੇ ਚੋਣਾਂ ਕਰਵਾਉਣ ਸਬੰਧੀ ਸੰਵਿਧਾਨ ਦੇ ਅਨੁਛੇਦ 224 (1) ਦੀ ਖ਼ੁਦ ਹੀ ਉਲੰਘਣਾ ਕੀਤੀ ਹੈ ਅਤੇ ਇਸ ਉਲੰਘਣਾ ਦਾ ਵਿਰੋਧ ਕਰਨ ਦੀ ਥਾਂ ਸਰਕਾਰ ਇਸ 'ਤੇ ਰਾਹਤ ਮਹਿਸੂਸ ਕਰ ਰਹੀ ਹੈ।

ਦਰਅਸਲ, ਅਜਿਹੇ ਨਿਘਾਰ ਦਾ ਮੁੱਢ ਮੁਲਕ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਹੀ ਬੱਝ ਗਿਆ ਸੀ। ਪਾਕਿਸਤਾਨ 14 ਅਗਸਤ, 1947 ਨੂੰ ਵਜੂਦ ਵਿਚ ਆਇਆ। ਭਾਰਤ ਦਾ ਬਟਵਾਰਾ ਕਰ ਕੇ ਮੁਸਲਮਾਨਾਂ ਨੂੰ ਵੱਖਰਾ ਮੁਲਕ ਦੇਣ ਦੀ ਯੋਜਨਾ ਕਈ ਮਹੀਨੇ ਪਹਿਲਾਂ ਬਣਨੀ ਸ਼ੁਰੂ ਹੋ ਗਈ ਸੀ। ਉਦੋਂ ਨਵੇਂ ਮੁਲਕ ਦਾ ਸੰਵਿਧਾਨ ਤਿਆਰ ਕਰਨ ਦੇ ਯਤਨ ਆਰੰਭ ਹੀ ਨਹੀਂ ਕੀਤੇ ਗਏ। ਨਵਾਂ ਮੁਲਕ ਬਣਨ ਮਗਰੋਂ ਸੰਵਿਧਾਨ ਨੂੰ ਵਜੂਦ ਵਿਚ ਆਉਂਦਿਆਂ 16 ਵਰ੍ਹੇ ਲੱਗ ਗਏ। ਇਸ ਦੌਰਾਨ ਤਿੰਨ ਗਵਰਨਰ ਜਨਰਲ ਅਤੇ ਚਾਰ ਵਜ਼ੀਰ-ਏ-ਆਜ਼ਮ ਬਦਲ ਗਏ। ਮੁਲਕ ਆਰਜ਼ੀ ਸੰਵਿਧਾਨ ਮੁਤਾਬਿਕ ਚੱਲਦਾ ਰਿਹਾ। ਆਰਜ਼ੀ ਸੰਵਿਧਾਨ ਬ੍ਰਿਟਿਸ਼ ਭਾਰਤ ਦੇ ਵਿਧੀ-ਵਿਧਾਨਾਂ ਅਤੇ ਪਰੰਪਰਾਵਾਂ ਉੱਤੇ ਆਧਾਰਿਤ ਸੀ। ਦੋ ਸੰਵਿਧਾਨ ਸਭਾਵਾਂ (1947-54 ਅਤੇ 1955-56) ਦੇ ਯਤਨਾਂ ਸਦਕਾ 1956 ਵਾਲਾ ਸੰਵਿਧਾਨ ਬਣਿਆ ਪਰ 29 ਫਰਵਰੀ, 1956 ਨੂੰ ਲਾਗੂ ਹੋਣ ਤੋਂ ਇਕ ਦਿਨ ਪਹਿਲਾਂ ਮੁਲਕ ਦੀ ਸਭ ਤੋਂ ਵੱਡੀ ਮੁਸਲਿਮ ਪਾਰਟੀ 'ਅਵਾਮੀ ਲੀਗ' (ਪੂਰਬੀ ਪਾਕਿਸਤਾਨ ਦੇ ਬੰਗਾਲੀਆਂ ਦੀ ਧਿਰ) ਤੇ ਪੱਛਮੀ ਪਾਕਿਸਤਾਨ ਦੀਆਂ ਹਿੰਦੂ ਰਾਜਸੀ ਪਾਰਟੀਆਂ ਨੇ ਇਸ ਨੂੰ ਰੱਦ ਕਰ ਦਿੱਤਾ। ਬਹੁਮਤ ਵੱਲੋਂ ਰੱਦ ਕੀਤੇ ਜਾਣ ਕਾਰਨ ਇਸ ਨੂੰ ਲਾਗੂ ਨਾ ਕੀਤਾ ਜਾ ਸਕਿਆ। ਇਸ ਤੋਂ ਉਪਜੀ ਅਰਾਜਕਤਾ ਦੌਰਾਨ 7 ਅਕਤੂਬਰ, 1958 ਨੂੰ ਮੁਲਕ ਦੇ ਸੈਨਾਪਤੀ ਜਨਰਲ ਅਯੂਬ ਖ਼ਾਨ ਨੇ ਫ਼ੌਜੀ ਰਾਜ ਲਾਗੂ ਕਰ ਦਿੱਤਾ। 25ਮਾਰਚ, 1969 ਨੂੰ ਅਯੂਬ ਦੀ ਥਾਂ ਜਨਰਲ ਯਾਹੀਆ ਖ਼ਾਨ ਮੁਲਕ ਦੇ ਸਦਰ ਤੇ ਮੁੱਖ ਮਾਰਸ਼ਲ ਲਾਅ ਪ੍ਰਸ਼ਾਸਕ ਬਣੇ। ਉਹ ਬੰਗਲਾਦੇਸ਼ ਦੀ ਆਜ਼ਾਦੀ (20 ਦਸੰਬਰ, 1971) ਤੱਕ ਇਸ ਅਹੁਦੇ 'ਤੇ ਰਹੇ। ਹੁਣ ਵਾਲਾ ਸੰਵਿਧਾਨ 1972 ਵਿਚ ਕਾਇਮ ਕੀਤੀ ਗਈ ਸੰਵਿਧਾਨ ਸਭਾ ਨੇ ਤਿਆਰ ਕੀਤਾ। ਇਹ 1973 ਵਿਚ ਜ਼ੁਲਫ਼ਿਕਾਰ ਭੁੱਟੋ ਦੇ ਵਜ਼ੀਰ-ਏ-ਆਜ਼ਮ ਵਜੋਂ ਕਾਰਜਕਾਲ ਦੌਰਾਨ ਲਾਗੂ ਹੋਇਆ। ਉਦੋਂ ਵੀ ਇਸ ਦੀ ਤਾਈਦ ਦੋ ਸੂਬਿਆਂ ਸੂਬਾ ਸਰਹੱਦ (ਫਰੰਟੀਅਰ) ਅਤੇ ਬਲੋਚਿਸਤਾਨ ਦੀਆਂ ਅਸੈਂਬਲੀਆਂ ਨੇ ਨਹੀਂ ਕੀਤੀ। ਇਸ ਸੰਵਿਧਾਨ ਨੂੰ ਵੀ ਦੋ ਫ਼ੌਜੀ ਹੁਕਮਰਾਨਾਂ- ਮੁਹੰਮਦ ਜ਼ਿਆ-ਉਲ-ਹੱਕ ਅਤੇ ਪਰਵੇਜ਼ ਮੁਸ਼ੱਰਫ਼ ਦੀਆਂ ਹਕੂਮਤਾਂ (ਕ੍ਰਮਵਾਰ 1977-85 ਤੇ 1999-2002) ਦੌਰਾਨ ਮੁਅੱਤਲੀਆਂ ਭੁਗਤਣੀਆਂ ਪਈਆਂ। ਮੁਅੱਤਲੀ ਮਗਰੋਂ ਹਰ ਬਹਾਲੀ ਤੋਂ ਪਹਿਲਾਂ ਫ਼ੌਜੀ ਹੁਕਮਰਾਨਾਂ ਨੇ ਇਸ ਸੰਵਿਧਾਨ ਉੱਪਰ ਕੁਝ ਤਰਮੀਮਾਂ ਠੋਸੀਆਂ ਤਾਂ ਜੋ ਉਨ੍ਹਾਂ ਦੇ ਆਪਣੇ ਹਿੱਤ ਸੁਰੱਖਿਅਤ ਰਹਿਣ। ਜ਼ਿਆ ਨੇ ਪਾਕਿਸਤਾਨ ਨੂੰ 'ਇਸਲਾਮੀ ਗਣਤੰਤਰ' ਬਣਾਇਆ ਅਤੇ ਮੁਸ਼ੱਰਫ਼ ਨੇ ਸਦਰ ਦੇ ਅਖ਼ਤਿਆਰ ਵਧਾਏ। 2008 ਵਿਚ ਸਿਵਲੀਅਨ ਹਕੂਮਤ ਕੁਝ ਤਕੜੀ ਸਾਬਤ ਹੋਈ। ਉਸ ਨੇ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ ਨੂੰ ਬਰਤਰਫ਼ ਕਰਨ ਵਾਲਾ ਪ੍ਰਾਵਧਾਨ ਖ਼ਤਮ ਕਰ ਦਿੱਤਾ ਅਤੇ ਸੰਵਿਧਾਨ ਦੀ ਮੁਅੱਤਲੀ ਕਰਨ ਵਾਲੇ ਨੂੰ ਸਜ਼ਾ-ਏ-ਮੌਤ ਦੇਣ ਵਾਲੇ ਅਨੁਛੇਦ ਨੂੰ ਮਨਜ਼ੂਰੀ ਦਿੱਤੀ ਪਰ ਅਜਿਹੇ ਪ੍ਰਾਵਧਾਨਾਂ ਦੇ ਬਾਵਜੂਦ ਸੰਵਿਧਾਨਕ ਹਸਤੀਆਂ ਵੱਲੋਂ ਹੀ ਸੰਵਿਧਾਨ ਦੀ ਉਲੰਘਣਾ ਦੀਆਂ ਘਟਨਾਵਾਂ ਲਗਾਤਾਰ ਵਾਪਰਦੀਆਂ ਰਹੀਆਂ। ਚੋਣ ਕਮਿਸ਼ਨ ਦੇ 22ਮਾਰਚ ਵਾਲੇ ਐਲਾਨ ਨੂੰ ਇਸੇ ਸਿਲਸਿਲੇ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਇਹ ਐਲਾਨ ਇਮਰਾਨ ਖ਼ਾਨ ਦੀ ਰਾਜ-ਸੱਤਾ ਉੱਤੇ ਵਾਪਸੀ ਨੂੰ ਠੱਲ੍ਹਣ ਲਈ ਕੀਤਾ ਗਿਆ ਹੈ, ਇਸ ਬਾਰੇ ਕਿਸੇ ਨੂੰ ਕੋਈ ਭਰਮ-ਭੁਲੇਖਾ ਨਹੀਂ। ਇਮਰਾਨ, ਫ਼ੌਜ ਦੀ ਸਿੱਧੀ ਮਦਦ ਨਾਲ 2018 ਵਿਚ ਸੱਤਾ 'ਚ ਆਇਆ ਸੀ। ਉਸ ਨੂੰ ਹੁਕਮਰਾਨੀ ਤੋਂ ਖ਼ਾਰਿਜ ਵੀ ਫ਼ੌਜ ਨੇ ਹੀ ਪਿਛਲੇ ਸਾਲ ਅਪਰੈਲ ਮਹੀਨੇ ਕਰਵਾਇਆ। ਆਪਣੀ ਹਕੂਮਤ ਦੌਰਾਨ ਉਸ ਨੇ ਮੁਲਕ ਦਾ ਸੰਵਾਰਿਆ ਵੀ ਕੁਝ ਨਹੀਂ, ਇਸ ਦੇ ਬਾਵਜੂਦ ਉਸ ਨੂੰ ਹਟਾਉਣ ਦੇ ਤੌਰ-ਤਰੀਕਿਆਂ ਨੇ ਫ਼ੌਜ ਨੂੰ ਵੀ ਬਦਨਾਮ ਕੀਤਾ ਅਤੇ ਉਸ ਦੇ ਰਾਜਸੀ ਵਿਰੋਧੀਆਂ ਨੂੰ ਵੀ। ਉਸ ਦੇ ਹਮਦਰਦਾਂ ਦੀ ਤਾਦਾਦ ਲਗਾਤਾਰ ਵਧਦੀ ਗਈ। ਇਸ ਰੁਝਾਨ ਨੂੰ ਰਿੜਕਣ ਲਈ ਉਸ ਨੇ ਮੁਲਕ ਵਿਚ ਚੋਣਾਂ ਕਰਵਾਏ ਜਾਣ ਦੀ ਮੰਗ ਸ਼ੁਰੂ ਕਰ ਦਿੱਤੀ। ਉਸ ਦੇ ਵਿਰੋਧੀ ਸੁਸ਼ਾਸਨ ਤੇ ਸੁਚੱਜੇ ਆਰਥਿਕ ਪ੍ਰਬੰਧ ਰਾਹੀਂ ਆਪਣੀ ਸਾਖ਼ ਵਧਾਉਣ ਦੀ ਥਾਂ ਮੁਕੱਦਮਿਆਂ ਦੇ ਦੌਰ-ਦੌਰੇ ਰਾਹੀਂ ਇਮਰਾਨ ਨੂੰ ਚੋਣ ਲੜਨੋਂ ਅਯੋਗ ਬਣਾਉਣ ਦੀ ਰਣਨੀਤੀ ਵਿਚ ਉਲਝੇ ਰਹੇ। ਫ਼ਾਇਦਾ ਇਮਰਾਨ ਨੂੰ ਹੀ ਹੋਇਆ। ਪੰਜਾਬ ਅਤੇ ਖ਼ੈਬਰ ਪਖ਼ਤੂਨਖ਼ਵਾ ਦੀਆਂ ਅਸੈਂਬਲੀਆਂ ਜਨਵਰੀ ਮਹੀਨੇ ਭੰਗ ਕਰਵਾਉਣਾ ਉਸ ਦੀ ਰਾਜਸੀ ਪੈਂਤੜੇਬਾਜ਼ੀ ਦਾ ਹਿੱਸਾ ਸੀ। ਇਸੇ ਪੈਂਤੜੇ ਨੂੰ ਨਾਕਾਮਯਾਬ ਬਣਾਉਣ ਲਈ ਹੁਣ ਸੰਵਿਧਾਨਕ ਧਾਰਾਵਾਂ ਦੀ ਅਵੱਗਿਆ ਵਰਗੀਆਂ ਕੁਚਾਲਾਂ ਵਿਚ ਚੋਣ ਕਮਿਸ਼ਨ ਵੀ ਭਾਈਵਾਲ ਬਣ ਗਿਆ ਹੈ।

ਸੰਵਿਧਾਨ ਦੇ ਅਨੁਛੇਦ 224 (1) ਮੁਤਾਬਿਕ ਕੌਮੀ ਜਾਂ ਸੂਬਾਈ ਅਸੈਂਬਲੀ ਭੰਗ ਹੋਣ ਦੀ ਸੂਰਤ ਵਿਚ 90 ਦਿਨਾਂ ਲਈ ਨਿਰਪੱਖ ਨਿਗਰਾਨ ਸਰਕਾਰ ਕਾਇਮ ਕਰਨੀ ਅਤੇ ਇਨ੍ਹਾਂ 90 ਦਿਨਾਂ ਦੇ ਅੰਦਰ ਹੀ ਨਵੇਂ ਸਿਰਿਓਂ ਚੋਣਾਂ ਕਰਵਾਉਣੀਆਂ ਲਾਜ਼ਮੀ ਹਨ। ਸ਼ਹਿਬਾਜ਼ ਸ਼ਰੀਫ਼ ਸਰਕਾਰ ਨੇ ਕਾਨੂੰਨੀ ਚੋਰ-ਮੋਰੀਆਂ ਦਾ ਲਾਭ ਲੈਂਦਿਆਂ ਇਸ ਅਮਲ ਨੂੰ ਟਾਲਣ ਦੇ ਕਈ ਯਤਨ ਕੀਤੇ। ਨੋਟੀਫਿਕੇਸ਼ਨਾਂ ਵਿਚ ਦੇਰੀ ਕੀਤੀ, ਮੁਕੱਦਮੇਬਾਜ਼ੀ ਦਾ ਸਹਾਰਾ ਲਿਆ, ਗਵਰਨਰ ਬਦਲੇ। ਮਾਮਲਾ ਸੁਪਰੀਮ ਕੋਰਟ ਵਿਚ ਪੁੱਜਿਆ। ਸਰਬਉੱਚ ਅਦਾਲਤ ਨੇ 90 ਦਿਨਾਂ ਵਾਲੀ ਵਿਵਸਥਾ ਉੱਪਰ ਫ਼ੌਰੀ ਅਮਲ ਕਰਨ ਦਾ ਹੁਕਮ ਦਿੱਤਾ। ਹੁਣ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਦਹਿਸ਼ਤਗਰਦੀ ਖ਼ਿਲਾਫ਼ ਮੁਹਿੰਮ ਕਾਰਨ ਫ਼ੌਜ, ਆਪਣੇ ਦਸਤੇ ਚੋਣਾਂ ਦੌਰਾਨ ਪੁਲੀਸ ਦੀ ਮਦਦ ਵਾਸਤੇ ਨਹੀਂ ਭੇਜ ਸਕਦੀ। ਇਹ ਵੀ ਦਲੀਲ ਦਿੱਤੀ ਜਾ ਰਹੀ ਹੈ ਕਿ ਆਰਥਿਕ ਐਮਰਜੈਂਸੀ ਹੋਣ ਕਰ ਕੇ ਚੋਣਾਂ ਲਈ ਲੋੜੀਂਦੇ ਫੰਡ, ਚੋਣ ਕਮਿਸ਼ਨ ਨੂੰ ਮੁਹੱਈਆ ਨਹੀਂ ਕਰਵਾਏ ਜਾ ਸਕਦੇ। ਕਾਨੂੰਨਦਾਨ ਇਨ੍ਹਾਂ ਬਹਾਨਿਆਂ ਨੂੰ ਫ਼ਜ਼ੂਲ ਦੱਸ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੋਈ ਵੀ ਬਹਾਨਾ ਕਾਨੂੰਨੀ ਤੌਰ 'ਤੇ ਕਾਮਯਾਬ ਨਹੀਂ ਹੋਣ ਵਾਲਾ ਪਰ ਸੁਪਰੀਮ ਕੋਰਟ ਵਿਚ ਜੋ ਕੁਝ ਵਾਪਰਿਆ, ਉਹ ਹੋਰ ਵੀ ਅਫ਼ਸੋਸਨਾਕ ਹੈ।

ਅੰਗਰੇਜ਼ੀ ਅਖ਼ਬਾਰ 'ਡਾਅਨ' ਨੇ 24 ਮਾਰਚ ਦੇ ਆਪਣੇ ਅਦਾਰੀਏ ਵਿਚ ਲਿਖਿਆ ਸੀ: "ਚੋਣਾਂ ਪਛੜ ਵੀ ਜਾਣ, ਸ਼ਹਿਬਾਜ਼ ਸਰਕਾਰ ਨੂੰ ਲਾਭ ਨਹੀਂ ਹੋਣਾ। ਇਮਰਾਨ ਪ੍ਰਤੀ ਲੋਕਾਂ ਦੀ ਹਮਦਰਦੀ ਘਟੇਗੀ ਨਹੀਂ, ਵਧੇਗੀ। ਸਰਕਾਰ ਕੋਲ ਬਿਹਤਰ ਰਾਹ ਇਕੋ ਹੀ ਬਚਿਆ ਹੈ: ਉਹ ਸੰਵਿਧਾਨ ਦੀ ਮਾਣ-ਮਰਿਆਦਾ ਦੀ ਰਖਵਾਲੀ ਦਾ ਪ੍ਰਭਾਵ ਦੇਵੇ। ਅਜਿਹਾ ਕਰ ਕੇ ਉਹ ਮੁਲਕ ਦਾ ਵੀ ਭਲਾ ਕਰ ਸਕਦੀ ਹੈ ਅਤੇ ਆਪਣਾ ਵੀ।" ਪਰ ਜੋ ਸਥਿਤੀ ਹੁਣ ਬਣੀ ਹੋਈ ਹੈ, ਉਸ ਤੋਂ ਤਾਂ ਇਕੋ ਪ੍ਰਭਾਵ ਬਣਦਾ ਹੈ: ਨਾ ਕਿਸੇ ਧਿਰ ਨੂੰ ਸੰਵਿਧਾਨ ਦੀ ਮਾਣ-ਮਰਿਆਦਾ ਦਾ ਖ਼ਿਆਲ ਹੈ ਅਤੇ ਨਾ ਹੀ ਮੁਲਕ ਦੇ ਭਲੇ ਦਾ।

---

ਲਿਆਈ ਸੀ ਤੇ ਹੱਥ ਰੱਖ ਕੇ ਸਾਫ ਸ਼ਬਦਾਂ ਵਿਚ ਬੋਲਣਾ ਸ਼ੁਰੂ ਕੀਤਾ, "ਰਾਮ ਮੰਦਰ ਦੀ ਰੱਖਿਆ ਸਾਡਾ ਧਾਰਮਿਕ, ਪਵਿੱਤਰ ਕਾਰਜ ਹੈ। ਤੁਸੀਂ ਆਪਣੇ ਧਰਮ ਦੀ ਰੱਖਿਆ ਕਰੋ, ਇਹ ਤੁਹਾਡੀ ਰੱਖਿਆ ਕਰੇਗਾ। ਮੈਂ ਜਿਸ ਸਟੇਜ ਤੋਂ ਆਸ਼ੀਰਵਾਦ ਦਿੰਦਾ ਹਾਂ, ਇਹ ਸਿਰਫ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਮੰਚ ਹੈ। ਉਹਨਾਂ ਨੂੰ ਮੇਰਾ ਆਸ਼ੀਰਵਾਦ ਹੈ। ਹਰ ਇੱਕ ਨੂੰ ਇਸ ਵਿਚ ਸਾਥ ਦੇਣਾ ਚਾਹੀਦਾ ਹੈ।"

ਦਿਉਰਾਹਾ ਬਾਬਾ ਮੁੱਢ ਤੋਂ ਹੀ ਆਰ.ਐੱਸ.ਐੱਸ. ਨਾਲ ਜੁੜਿਆ ਰਿਹਾ। ਉਹ 1966 ਵਾਲੀ ਵਿਸ਼ਵ ਹਿੰਦੂ ਕਾਨਫਰੰਸ ਵਿਚ ਵੀ ਹਾਜ਼ਰ ਸੀ। ਉਸ ਧਰਮ ਸੰਸਦ ਵਿਚ ਹੋਰ ਮਤਿਆਂ ਦੇ ਨਾਲ-ਨਾਲ ਰਾਮਮੰਦਰ ਬਣਾਉਣ ਦਾ ਮਹੱਤਵਪੂਰਨ ਮਤਾ ਵੀ ਪਾਸ ਕੀਤਾ ਗਿਆ। ਉਹ ਮੰਦਰ ਦੇਸ਼ ਦੇ ਹਰ ਪਿੰਡ ਤੋਂ ਲਿਆਂਦੀਆਂ, ਰਾਮਸਿਲਾ ਨਾਲ 30 ਸਤੰਬਰ ਤੋਂ ਸ਼ੁਰੂ ਕੀਤਾ ਜਾਵੇਗਾ। ਨਿਸ਼ਾਨੀ ਦੇ ਤੌਰ 'ਤੇ 5 ਇੱਟਾਂ ਦੀ ਪੂਜਾ ਕੀਤੀ ਗਈ ਅਤੇ ਉਨ੍ਹਾਂ ਨੂੰ ਸਟੇਜ ਤੇ ਰੱਖਿਆ ਗਿਆ। ਹਰ ਹਿੰਦੂ ਇਸ ਲਈ 1.25 ਰੁਪਇਆ ਦੇਵੇਗਾ ਜੋ 100 ਕਰੋੜ ਹੋ ਜਾਵੇਗਾ, ਜੇ ਹਰ ਹਿੰਦੂ ਇਸ ਵਿਚ ਹਿੱਸਾ ਪਾਉਂਦਾ ਹੈ।

ਬਹੁਤ ਸਮੇਂ ਬੁਲਾਰਿਆਂ ਦੀ ਸੁਰ ਮੁਸਲਿਮ ਅਤੇ ਸਰਕਾਰ ਵਿਰੋਧੀ ਰਹੀ। ਮਹੰਤ ਅਦਿੱਤਿਆ ਨਾਥ ਨੇ ਕਿਹਾ ਕਿ ਕੁਰਾਨ ਮੁਸਲਮਾਨਾਂ ਨੂੰ ਦੂਜਿਆਂ ਦੇ ਧਾਰਮਿਕ ਸਥਾਨਾਂ 'ਤੇ ਮਸਜਿਦ ਬਣਾਉਣ ਦੀ ਮਨਾਹੀ ਕਰਦੀ ਹੈ ਅਤੇ ਉਹ ਸਾਨੂੰ ਹੋਰ ਥਾਂ ਮੰਦਰ ਬਣਾਉਣ ਦੀ ਸਲਾਹ ਦੇ ਕੇ ਭਗਵਾਨ ਰਾਮ ਨੂੰ ਇਕ ਹੋਰ ਸੀਤਾ ਨਾਲ ਵਿਆਹ ਕਰਵਾਉਣ ਦੀ ਸਲਾਹ ਦੇ ਰਹੇ ਸਨ ਤਾਂ ਜੋ ਰਾਵਣ ਨਾਲ ਯੁੱਧ ਟਲ ਸਕੇ।

ਧਰਮ ਸੰਸਦ 31 ਜਨਵਰੀ 1989 ਨੂੰ ਸਮਾਪਤ ਹੋਈ। ਅਗਲੇ ਦਿਨ ਸਾਧੂਆਂ ਦਾ ਕੁੰਭ ਖੇਤਰ ਵਿਚ ਵੱਡਾ ਇਕੱਠ ਹੋਇਆ। ਸਾਧੂਆਂ ਨੇ ਬਹੁਤ ਹੀ ਭੜਕਾਊ ਤਕਰੀਰਾਂ ਕੀਤੀਆਂ। ਉਹਨਾਂ ਗਊ ਹੱਤਿਆ 'ਤੇ ਮੁਕੰਮਲ ਰੋਕ, ਹਿੰਦੂ ਰਾਸ਼ਟਰ ਦਾ ਐਲਾਨ, ਘੱਟ ਗਿਣਤੀਆਂ ਦੇ ਵਿਸ਼ੇਸ਼ ਅਧਿਕਾਰਾਂ 'ਤੇ ਰੋਕ ਲਾਉਣ ਦੇ ਮਤੇ ਪਾਸ ਕੀਤੇ। ਇਸ ਨਾਲ ਹਿੰਦੂਤਵੀ ਸਿਆਸਤ ਨੂੰ ਭਰਪੂਰ ਹੁੰਗਾਰਾ ਮਿਲਿਆ। ਮੁੱਖ ਆਗੂ ਆਪਣੀ ਜ਼ਮੀਨ ਜਾਇਦਾਦ ਸਾਂਭਣ ਵਿਚ ਰੁੱਝ ਗਏ ਅਤੇ ਹਰ ਤਰ੍ਹਾਂ ਦੇ ਸਿਆਸਤਦਾਨਾਂ ਦੇ ਨੇੜੇ ਆਉਣ ਲੱਗੇ ਪਰ ਬੀ.ਜੇ.ਪੀ. ਦੀ ਘੁਸਪੈਠ ਜ਼ਿਆਦਾ ਸੀ। ਹੋਰ ਪਛੜੀਆਂ ਸ਼੍ਰੇਣੀਆਂ ਦੇ ਸਾਧੂ ਜ਼ਿਆਦਾ ਤਿੱਖੀ ਬੋਲੀ ਬੋਲਣ ਲੱਗੇ। ਉਸ ਸਮੇਂ ਓ.ਬੀ.ਸੀ. ਲਈ ਮੰਡਲ ਕਮਿਸ਼ਨ ਦੇ ਆਧਾਰ 'ਤੇ ਰਾਖਵਾਂਕਰਨ ਦਾ ਐਲਾਨ ਕੀਤਾ ਗਿਆ। ਬਹੁਤ ਸਾਰੇ ਦਸਨਾਮੀ ਅਤੇ ਰਾਮਾਨੰਦੀ ਸਾਧੂ ਓ.ਬੀ.ਸੀ. ਜਾਤੀ ਦੇ ਸਨ। ਇਸੇ ਕਾਰਨ ਸਮਾਜਵਾਦੀ ਪਾਰਟੀ ਨੇ ਸਮਾਜਵਾਦੀ ਸੰਤ ਸਭਾ ਦਾ ਗਠਨ ਕੀਤਾ। ਇਸ ਵਿਚ ਭਾਵਨਾਥ ਦੀ ਅਗਵਾਈ ਵਿਚ ਰਾਮਾਨੰਦ ਸਾਧੂ ਇਕੱਠੇ ਹੋਏ ਪਰ ਇਸ ਦਾ ਅਸਰ ਸੀਮਤ ਰਿਹਾ। ਬਹੁਤੇ ਸਾਧੂ ਆਰ.ਐੱਸ.ਐੱਸ. ਉੱਚ ਜਾਤੀ ਬ੍ਰਾਹਮਣ ਸਨ।

> ***ਜਿਸ ਪ੍ਰੋਜੈਕਟ ਵਿਚ ਨਹਿਰੂ ਤੇ ਗਾਂਧੀ ਵਰਗੇ ਅਸਫਲ ਰਹੇ, ਉਸ ਪ੍ਰੋਜੈਕਟ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਰ.ਐੱਸ.ਐੱਸ. ਵਿਚਾਰਾਂ ਵਾਲੇ ਸਾਧੂਆਂ ਨੇ ਮੱਠਾਂ ਦੇ ਸਾਧੂਆਂ ਦੀ ਸੋਚ ਨੂੰ ਉਸ ਅਨੁਸਾਰ ਢਾਲ ਕੇ ਹਿੰਦੂਤਵੀ ਪ੍ਰੋਜੈਕਟ ਦਾ ਰਾਹ ਪੱਧਰਾ ਕੀਤਾ। ਕੁੱਝ ਸਮਾਂ ਪਹਿਲਾਂ ਆਰ.ਐੱਸ.ਐੱਸ. ਨਾਲੋਂ ਵੱਖਰੀ ਵਿਚਾਰਧਾਰਾ ਰੱਖਣ ਵਾਲੇ ਸਾਧੂ ਹੁਣ ਆਰ.ਐੱਸ.ਐੱਸ. ਦੀ ਬੋਲੀ ਬੋਲਣ ਲੱਗੇ ਅਤੇ ਹਿੰਦੂ ਰਾਸ਼ਟਰ ਦੇ ਸਮਰਥਕ ਬਣ ਗਏ।***

ਉਹਨਾਂ ਨੇ ਯਥਾਸਥਿਤੀ ਬਣਾਈ ਰੱਖਣ ਲਈ ਯਤਨ ਸ਼ੁਰੂ ਕਰ ਦਿੱਤੇ ਜਿਸ ਦੀ ਗੂੰਜ 2001 ਦੇ ਅਲਾਹਾਬਾਦ ਕੁੰਭ ਸਮੇਂ ਵੀ ਸੁਣਾਈ ਦਿੱਤੀ। ਉਸ ਧਰਮ ਸੰਸਦ ਵਿਚ ਕੇਂਦਰ ਸਰਕਾਰ ਨੂੰ ਰਾਮ ਮੰਦਰ ਲਈ ਜਗ੍ਹਾ ਅਲਾਟ ਕਰਨ ਦੀ ਚਿਤਾਵਨੀ ਦਿੱਤੀ ਗਈ। 2013 ਦੇ ਅਲਾਹਾਬਾਦ ਕੁੰਭ ਸਮੇਂ ਸਾਧੂਆਂ ਅੰਦਰ ਹਿੰਦੂਤਵੀ ਆਵਾਜ਼ਾਂ ਹੋਰ ਜ਼ੋਰ ਫੜ ਗਈਆਂ ਅਤੇ ਉਹਨਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਬੀ.ਜੇ.ਪੀ. ਅਤੇ ਨਰਿੰਦਰ ਮੋਦੀ ਨੂੰ ਜਤਾਉਣ ਦੇ 'ਪਵਿੱਤਰ ਕਾਰਜ' ਵਿਚ ਯੋਗਦਾਨ ਦੇਣ ਦਾ ਹੋਕਾ ਦਿੱਤਾ। ਇਹ ਨਾਅਰਾ ਹਰ ਜਗ੍ਹਾ ਗੂੰਜ ਰਿਹਾ ਸੀ, "ਜੋ ਰਾਮ ਦੀ ਬਾਤ ਕਰੇਗਾ, ਉਹੀ ਦੇਸ਼ ਤੇ ਰਾਜ ਕਰੇਗਾ"। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦੋ ਵੱਡੇ ਜਲਸਿਆਂ ਵਿਚੋਂ ਇੱਕ ਨੂੰ ਰਾਜਨਾਥ ਤੇ ਦੂਜੇ ਨੂੰ ਮੋਹਨ ਭਾਗਵਤ ਨੇ ਸੰਬੋਧਨ ਕੀਤਾ। ਇੱਥੇ ਮੋਦੀ ਨੂੰ 'ਹਿੰਦੂ ਹਿਰਦੇ ਸਮਰਾਟ' ਵਜੋਂ ਉਭਾਰਿਆ ਗਿਆ।

ਰਾਜਸੀ ਸੁਨੇਹਾ ਦੇਣ ਲਈ ਕੁੰਭ ਦੀ ਵਰਤੋਂ ਬਹੁਤ ਪੁਰਾਣੀ ਹੈ। ਦੱਖਣੀ ਅਫਰੀਕਾ ਤੋਂ ਵਾਪਸ ਆਉਣ ਤੋਂ ਬਾਅਦ ਗਾਂਧੀ 1915 ਵਿਚ ਹਰਦੁਆਰ ਕੁੰਭ ਮੇਲੇ ਵਿਚ ਬਹੁਤ ਸਾਰੇ ਸਾਧੂਆਂ ਨੂੰ ਅੰਗਰੇਜ਼ਾਂ ਖ਼ਿਲਾਫ ਸਿਵਲ ਨਾ-ਫਰਮਾਨੀ ਅੰਦੋਲਨ ਵਿਚ ਹਿੱਸਾ ਪਾਉਣ ਲਈ ਮਿਲਿਆ ਪਰ ਨਿਰਾਸ਼ ਹੋ ਕੇ ਵਾਪਸ ਪਰਤਿਆ। ਇਸ ਵਾਰੇ ਉਨ੍ਹਾਂ 1921 ਦੀ ਜਨਵਰੀ ਵਿਚ ਖੁਲਾਸਾ ਕੀਤਾ ਪਰ ਇਸ ਦੇ ਬਾਵਜੂਦ 1920 ਵਿਚ ਨਾਗਪੁਰ ਵਿਚ ਮੀਟਿੰਗ ਵਿਚ 100 ਨਾਗਿਆਂ ਨੇ ਭਾਗ ਲਿਆ। ਗਾਂਧੀ ਨੇ ਕਾਂਗਰਸ ਦੀ ਵਾਗਡੋਰ ਸੰਭਾਲੀ ਅਤੇ ਨਾਗਿਆਂ ਨੇ ਪਿੰਡਾਂ ਵਿਚ ਅਸਹਿਯੋਗ ਅੰਦੋਲਨ ਦਾ ਪ੍ਰਚਾਰ ਕੀਤਾ। ਕੁੰਭ ਮੇਲਿਆਂ ਵਿਚ ਨਹਿਰੂ, ਗੋਖਲੇ, ਮਾਲਵੀਆਂ ਵੀ ਜਾਂਦੇ ਰਹੇ ਪਰ ਬਹੁਤੀ ਸਫਲਤਾ ਨਾ ਮਿਲੀ।

ਸਾਧੂਆਂ ਨੇ ਵਿਦੇਸ਼ੀ ਵਸਤਰਾਂ ਦਾ ਬਾਈਕਾਟ ਕੀਤਾ। ਮਾਲਵੀਆ ਦੀ ਗ੍ਰਿਫਤਾਰੀ ਦਾ ਵਿਰੋਧ ਕੀਤਾ। ਪਰਿਵਰਜਕ ਮਹਾਂ ਮੰਡਲ ਨੇ ਕਾਂਗਰਸ ਨਾਲ ਮਿਲ ਕੇ ਸਿਵਲ ਨਾ-ਫਰਮਾਨੀ ਅੰਦੋਲਨ ਵਿਚ ਹਿੱਸਾ ਲਿਆ ਪਰ ਇਹ ਸਾਰਾ ਕੁੱਝ ਕੁੰਭ ਮੇਲਿਆਂ ਤੱਕ ਹੀ ਸੀਮਤ ਰਿਹਾ, ਜਨ ਚੇਤਨਾ ਦਾ ਆਧਾਰ ਨਾ ਬਣ ਸਕਿਆ। ਇਸੇ ਕਾਰਨ 1942 ਦੇ ਅਲਾਹਾਬਾਦ ਕੁੰਭ ਸਮੇਂ ਗਾਂਧੀ ਅਨੰਦ ਭਵਨ ਰੁਕੇ ਬਿਨਾ ਕੁੰਭ ਵਿਚ ਗਏ ਵਾਰਧਾ ਲਈ ਗੱਡੀ ਚੜ੍ਹ ਗਏ।

ਜਿਸ ਪ੍ਰੋਜੈਕਟ ਵਿਚ ਨਹਿਰੂ ਤੇ ਗਾਂਧੀ ਵਰਗੇ ਅਸਫਲ ਰਹੇ, ਉਸ ਪ੍ਰੋਜੈਕਟ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਰ.ਐੱਸ.ਐੱਸ. ਵਿਚਾਰਾਂ ਵਾਲੇ ਸਾਧੂਆਂ ਨੇ ਮੱਠਾਂ ਦੇ ਸਾਧੂਆਂ ਦੀ ਸੋਚ ਨੂੰ ਉਸ ਅਨੁਸਾਰ ਢਾਲ ਕੇ ਹਿੰਦੂਤਵੀ ਪ੍ਰੋਜੈਕਟ ਦਾ ਰਾਹ ਪੱਧਰਾ ਕੀਤਾ। ਕੁੱਝ ਸਮਾਂ ਪਹਿਲਾਂ ਆਰ.ਐੱਸ.ਐੱਸ. ਨਾਲੋਂ ਵੱਖਰੀ ਵਿਚਾਰਧਾਰਾ ਰੱਖਣ ਵਾਲੇ ਸਾਧੂ ਹੁਣ ਆਰ.ਐੱਸ.ਐੱਸ. ਦੀ ਬੋਲੀ ਬੋਲਣ ਲੱਗੇ ਅਤੇ ਹਿੰਦੂ ਰਾਸ਼ਟਰ ਦੇ ਸਮਰਥਕ ਬਣ ਗਏ। 2013 ਵਿਚ ਆਰ.ਐੱਸ.ਐੱਸ. ਨੇ ਕੁੱਝ ਗਿਣੇ ਚੁਣੇ, ਉੱਚ ਪੱਧਰੀ ਸਾਧੂਆਂ ਦੀ ਮੀਟਿੰਗ ਨਾਗਪੁਰ ਸੱਦੀ ਜਿਸ ਵਿਚ 50 ਦੇ ਕਰੀਬ ਮਹਾਂ ਮੰਡਲੇਸ਼ਵਰ ਸ਼ਾਮਲ ਹੋਏ। ਜਤਿੰਦਰ ਨਾਥ ਗਿਰੀ ਉਹਨਾਂ ਵਿਚੋਂ ਇੱਕ ਸਨ ਜਿਨ੍ਹਾਂ ਨੇ ਦੋ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਮੀਟਿੰਗ ਤਿੰਨ ਦਿਨ ਚੱਲੀ ਜਿਸ ਵਿਚ ਹਿੰਦੂਆਂ ਦੀ ਇੱਕਮੁੱਠਤਾ ਤੇ ਇੱਕਜੁਟਤਾ ਅਤੇ ਕਬਾਇਲੀ ਲੋਕਾਂ ਨੂੰ ਆਰ.ਐੱਸ.ਐੱਸ. ਦੇ ਨੇੜੇ ਲੈ ਕੇ ਆਉਣ ਦਾ ਪ੍ਰਣ ਲਿਆ।


ਨੋਟ ਕੀਤਾ ਗਿਆ ਹੈ ਕਿ ਸਿੱਖਿਆ ਪਸਾਰ ਅਤੇ ਆਮਦਨ ਦੇ ਹੋਰ ਸ੍ਰੋਤ ਨਾ ਹੋਣ ਕਾਰਨ ਭਰਤੀ ਰੁਕੀ ਹੋਈ ਹੈ ਪਰ ਆਰ.ਐੱਸ.ਐੱਸ. ਪ੍ਰਚਾਰਕ ਤਾਂ ਪਹਿਲਾਂ ਹੀ ਉਸੇ ਤਰ੍ਹਾਂ ਦੀ ਜੀਵਨ ਬਤੀਤ ਕਰ ਰਹੇ ਹੁੰਦੇ ਹਨ। ਸਵੈਮਸੇਵਕਾਂ ਦੇ ਚੰਦੇ 'ਤੇ ਨਿਰਭਰ, ਪਰਿਵਾਰ ਤੋਂ ਨਿਰਲੇਪ ਇਹ ਲੋਕ ਇੱਕ ਵਾਰ ਇਸ ਖੇਮੇ ਵਿਚ ਕੁੱਦ ਪੈਂਦੇ ਹਨ ਤਾਂ ਵਾਪਸੀ ਮੁਸ਼ਕਿਲ ਹੈ। ਉਂਝ, ਇਹਨਾਂ ਵਿਚੋਂ ਕਈ ਸੰਘ ਪਰਿਵਾਰ ਨਾਲ ਜੁੜ ਕੇ ਅਗਲੀਆਂ ਪੌੜੀਆਂ ਵੀ ਚੜ੍ਹ ਜਾਂਦੇ ਹਨ। ***(ਚੱਲਦਾ)***

# ਅੰਗਰੇਜ਼ਾਂ ਦਾ ਪੰਜਾਬ ਵਲ ਵਧਣਾ

***ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਤੁਰੰਤ ਬਾਅਦ ਈਸਟ ਇੰਡੀਆ ਕੰਪਨੀ ਨੇ ਪੰਜਾਬ ਦੇ ਨਾਲ ਲੱਗਦੇ ਖੇਤਰਾਂ ਆਪਣੀ ਤਾਕਤ ਵਧਾਉਣੀ ਆਰੰਭ ਕਰ ਦਿੱਤੀ। ਲਾਹੌਰ ਦਰਬਾਰ ਵਿਚ ਬੇਭਰੋਸਗੀ ਦਾ ਜਿਹੜਾ ਮਾਹੌਲ ਬਣਿਆ, ਉਸ ਨੇ ਅੰਗਰੇਜ਼ਾਂ ਨੂੰ ਪੰਜਾਬ ਉਤੇ ਕਬਜ਼ੇ ਲਈ ਹੱਲਾਸ਼ੇਰੀ ਦਿੱਤੀ। ਇਸ ਲੇਖ ਵਿਚ ਉਘੇ ਵਿਦਵਾਨ ਐਸ.ਐਸ. ਛੀਨਾ ਨੇ ਉਸ ਦੌਰਾਨ ਦੀ ਕਹਾਣੀ ਵਿਸਥਾਰ ਨਾਲ ਬਿਆਨ ਕੀਤੀ ਹੈ ਕਿ ਕਿਸ ਤਰ੍ਹਾਂ ਅੰਗਰੇਜ਼ ਆਪਣੀ ਚਲਾਕੀ ਅਤੇ ਲਾਹੌਰ ਦਰਬਾਰ ਤੇ ਸਿੱਖ ਫੌਜ ਦੇ ਕੁਝ ਕਮਾਂਡਰਾਂ ਦੀ ਬੇਈਮਾਨੀ ਕਰ ਕੇ ਹਾਰੀ ਹੋਈ ਜੰਗ ਜਿੱਤ ਗਏ ਅਤੇ ਸਿੱਖ ਹਾਰ ਗਏ।***

ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਇਹ ਸਮਝੌਤਾ ਹੋਇਆ ਸੀ ਕਿ ਉਹ ਇਕ ਦੂਜੇ ਦੇ ਖੇਤਰ ਅਤੇ ਨਾ ਹੀ ਕਿਸੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣਗੇ। ਅਸਲ ਵਿਚ ਦੋਵੇਂ ਸ਼ਕਤੀਆਂ ਇਕ ਦੂਜੇ ਨਾਲ ਲੜਾਈ ਤੋਂ ਡਰਦੀਆਂ ਸਨ ਕਿਉਂ ਜੋ ਇਸ ਦੇ ਸਿੱਟੇ ਕਿਸੇ ਲਈ ਵੀ ਬੜੇ ਘਾਤਕ ਹੋ ਸਕਦੇ ਸਨ। ਦੋਵੇਂ ਸ਼ਕਤੀਆਂ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ ਚਾਹੁੰਦੀਆਂ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਇਕਦਮ ਬਾਅਦ ਈਸਟ ਇੰਡੀਆ ਕੰਪਨੀ ਨੇ ਆਪਣੀ ਫੌਜੀ ਸ਼ਕਤੀ ਵਧਾਉਣੀ ਸ਼ੁਰੂ ਕਰ ਦਿਤੀ, ਖਾਸਕਰ ਪੰਜਾਬ ਦੇ ਨਾਲ ਲਗਦੇ ਖੇਤਰਾਂ ਵਿਚ। ਉਨ੍ਹਾਂ ਨੇ ਫਿਰੋਜ਼ਪੁਰ ਵਿਚ ਫੌਜੀ ਛਾਉਣੀ ਬਣਾ ਲਈ ਜਿਹੜੀ ਪੰਜਾਬ ਅਤੇ ਅੰਗਰੇਜ਼ਾਂ ਦੇ ਖੇਤਰ ਵਾਲੀ ਸਰਹੱਦ 'ਤੇ ਸਤਲੁਜ ਦਰਿਆ ਤੋਂ ਕੁਝ ਹੀ



ਮੀਲ ਦੀ ਦੂਰ ਸੀ। 1843 ਵਿਚ ਉਨ੍ਹਾਂ ਨੇ ਸਿੰਧ 'ਤੇ ਵੀ ਕਬਜ਼ਾ ਕਰ ਲਿਆ ਜਿਹੜਾ ਪੰਜਾਬ ਦੇ ਦੱਖਣ ਵਿਚ ਸੀ। ਹੁਣ ਸਾਰੇ ਹਿੰਦ ਉਪ ਮਹਾਂਦੀਪ ਵਿਚ

**ਐੱਸ.ਐੱਸ. ਛੀਨਾ**

ਇਕੱਲਾ ਪੰਜਾਬ ਹੀ ਉਹ ਖੇਤਰ ਸੀ ਜਿਸ 'ਤੇ ਅੰਗਰੇਜ਼ਾਂ ਦਾ ਕਬਜ਼ਾ ਨਹੀਂ ਸੀ।

ਅੰਗਰੇਜ਼ ਭਾਵੇਂ ਸਿੱਖ ਫੌਜਾਂ ਤੋਂ ਡਰਦੇ ਸਨ ਪਰ ਇਹ ਉਨ੍ਹਾਂ ਦੇ ਇਰਾਦੇ ਵਿਚ ਸੀ ਕਿ ਉਹ ਉਸ ਖੇਤਰ ਨੂੰ ਆਪਣੇ ਖੇਤਰ ਵਿਚ ਸ਼ਾਮਿਲ ਕਰ ਲੈਣ। ਉਂਝ ਉਹ ਸਿੱਖਾਂ ਦੇ ਖੇਤਰ 'ਤੇ ਹਮਲਾ ਨਹੀਂ ਸਨ ਕਰਦੇ ਅਤੇ ਕਿਸੇ ਯੋਗ ਮੌਕੇ ਦੀ ਉਡੀਕ ਵਿਚ ਸਨ ਕਿ ਸਿੱਖਾਂ ਨਾਲ ਜੰਗ ਕਰ ਸਕਣ। ਇਸ ਲਈ ਲਾਰਡ ਐਲਨਬੋਰ ਨੇ ਫੌਜੀ ਅਫਸਰ ਲੈਫਟੀਨੈਂਟ ਰੈਟ ਨੂੰ ਫੌਜੀ ਦ੍ਰਿਸ਼ਟੀਕੋਣ ਤੋਂ ਪੰਜਾਬ ਬਾਰੇ ਰਿਪੋਰਟ ਤਿਆਰ ਕਰਨ ਲਈ ਕਿਹਾ ਸੀ।

ਇਸ ਤੋਂ ਪਹਿਲਾਂ ਹੀਰਾ ਸਿੰਘ ਖਾਲਸਾ ਫੌਜ ਦੀ ਮਦਦ ਨਾਲ ਮੰਤਰੀ ਬਣਿਆ ਸੀ ਪਰ ਉਸ ਦਾ ਫੌਜ 'ਤੇ ਕੋਈ ਕੰਟਰੋਲ ਨਹੀਂ ਸੀ; ਸ਼ਾਇਦ ਫੌਜ ਨੂੰ ਕਮਜ਼ੋਰ ਕਰਨ ਦੇ ਇਰਾਦੇ ਨਾਲ ਉਹ ਫੌਜ ਨੂੰ ਅੰਗਰੇਜ਼ਾਂ ਖਿਲਾਫ ਜੰਗ ਕਰਨ ਲਈ ਪ੍ਰੇਰਦਾ ਸੀ। ਅੰਗਰੇਜ਼ਾਂ ਨੇ ਸਿੱਖਾਂ ਦੇ ਮਾਮਲਿਆਂ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ ਸੀ ਤਾਂ ਕਿ ਪੰਜਾਬ ਨੂੰ ਬਾਕੀ ਭਾਰਤ ਦੇ ਸਾਮਰਾਜ ਵਿਚ ਸ਼ਾਮਲ ਕਰ ਲਿਆ ਜਾਵੇ। ਜਦੋਂ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਵਿਚ ਫੌਜ ਵਿਚ ਬਦਅਮਨੀ ਫੈਲ ਰਹੀ ਸੀ ਤਾਂ ਅੰਗਰੇਜ਼ਾਂ ਨੇ ਫੌਜ ਨੂੰ ਕੰਟਰੋਲ ਕਰਨ ਦੀ ਪੇਸ਼ਕਸ਼ ਕੀਤੀ ਪਰ ਇਸ ਸ਼ਰਤ 'ਤੇ ਕਿ ਉਹ ਸਤਲੁਜ ਦੇ ਖੱਬੇ ਕੰਢੇ ਦੇ ਕੁਝ ਪਿੰਡ ਅੰਗਰੇਜ਼ਾਂ ਦੇ ਹਵਾਲੇ ਕਰ ਦੇਵੇ ਪਰ ਮਹਾਰਾਜਾ ਸ਼ੇਰ ਸਿੰਘ ਨੇ ਇਹ ਪੇਸ਼ਕਸ਼ ਨਹੀਂ ਸੀ ਮੰਨੀ। ਅੰਗੇਰਜ਼ਾਂ ਨੇ ਹੁਣ ਲੁਧਿਆਣਾ ਅਤੇ ਸਾਬਾਥੂ ਵਿਚ ਆਪਣੀਆਂ ਛਾਉਣੀਆਂ ਬਣਾ ਲਈਆਂ ਸਨ। ਫਿਰੋਜ਼ਪੁਰ ਜ਼ਿਲ੍ਹੇ ਦਾ ਖੇਤਰ ਭੰਗੀ ਮਿਸਲ ਦੀ ਰਾਣੀ ਲਛਮਣ ਕੌਰ ਨਾਲ ਸਬੰਧਿਤ ਸੀ ਅਤੇ ਉਸ ਨੂੰ ਲਾਹੌਰ ਦਰਬਾਰ ਅਧੀਨ ਸਮਝਿਆ ਜਾਂਦਾ ਸੀ ਪਰ ਜਦੋਂ ਰਾਣੀ ਦੀ ਮੌਤ ਹੋ ਗਈ ਤਾਂ ਅੰਗਰੇਜ਼ਾਂ ਨੇ ਰਾਣੀ ਦੇ ਉਸ ਖੇਤਰ ਨੂੰ ਭਾਰਤੀ ਖੇਤਰਾਂ ਵਿਚ ਸ਼ਾਮਿਲ ਕਰ ਲਿਆ। ਸਿੰਧ ਅਤੇ ਲਾਹੌਰ ਦਰਬਾਰ ਵਿਚ ਵੀ ਸਰਹੱਦ ਦੀ ਨਿਸ਼ਾਨਦੇਹੀ ਨਹੀਂ ਸੀ ਕੀਤੀ ਗਈ; ਇਸ ਲਈ ਜਦੋਂ ਸਿੱਖ ਫੌਜੀ ਡਾਕੂਆਂ ਦਾ ਪਿੱਛਾ ਕਰਦੇ ਹੋਏ ਸਿੰਧ ਦੇ ਖੇਤਰ ਵਿਚ ਦਖਲ ਹੋ ਗਏ ਤਾਂ ਅੰਗਰੇਜ਼ ਅਫਸਰ ਨੈਪੀਅਰ ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ। ਇਸ ਦੀ ਵਜ੍ਹਾ ਇਹ ਦੱਸੀ ਕਿ ਸਿੱਖ ਉਨ੍ਹਾਂ ਦੇ ਖੇਤਰ ਵਿਚ ਦਖਲ ਦੇ ਰਹੇ ਹਨ ਪਰ ਕਿਉਂ ਜੋ ਨਿਸ਼ਾਨਦੇਹੀ ਵਾਲੀ ਸਰਹੱਦ ਨਹੀਂ ਸੀ, ਇਸ ਲਈ ਅੰਗਰੇਜ਼ ਫੌਜੀਆਂ ਨੂੰ ਉਨ੍ਹਾਂ 'ਤੇ ਹਮਲਾ ਨਹੀਂ ਸੀ ਕਰਨਾ ਚਾਹੀਦਾ। ਇਸੇ ਤਰ੍ਹਾਂ ਇਕ ਦਿਨ ਜਦੋਂ ਕੁਝ ਸਿੱਖ ਫੌਜੀ ਕੋਟਕਪੂਰੇ ਤੋਂ ਵਾਪਸ ਆ ਰਹੇ ਸਨ (ਜਿਹੜਾ ਲਾਹੌਰ ਦਰਬਾਰ ਦੇ ਅਧੀਨ ਸੀ) ਤਾਂ ਮੇਜਰ ਬਰਾਡਫੁਟ ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ। ਕੁਝ ਹੋਰ ਘਟਨਾਵਾਂ ਵੀ ਹੋਈਆਂ ਜਿਨ੍ਹਾਂ ਨੇ ਸਿੱਖਾਂ ਨੂੰ ਪ੍ਰੇਰਿਆ ਕਿ ਹੁਣ ਉਹ ਅੰਗਰੇਜ਼ਾਂ 'ਤੇ ਹਮਲਾ ਕਰ ਦੇਣ।

ਅੰਗਰੇਜ਼ਾਂ ਦੀ ਸਿੱਖਾਂ ਦੇ ਖੇਤਰ ਵਲ ਵਧਦੇ ਹੋਣ ਦੀ ਸਥਿਤੀ ਕਰ ਕੇ ਸਿੱਖ ਸਰਦਾਰਾਂ ਦੀ ਮੀਟਿੰਗ ਲਾਹੌਰ ਵਿਚ ਹੋਈ ਜਿਸ ਵਿਚ ਮਹਾਰਾਣੀ ਜਿੰਦਾਂ ਨੇ ਵੀ ਹਿੱਸਾ ਲਿਆ। ਸਿੱਖ ਫੌਜ ਨੂੰ ਯਕੀਨ ਸੀ ਅਤੇ ਉਨ੍ਹਾਂ ਵਿਚ ਜੋਸ਼ ਸੀ ਕਿ ਉਹ ਅੰਗੇਰਜ਼ਾਂ ਨੂੰ ਹਰਾ ਦੇਵੇਗੀ। ਕੁਝ ਸਿੱਖ ਸਰਦਾਰ ਵੀ ਜੰਗ ਲਾਉਣ ਦੇ ਹੱਕ ਵਿਚ ਸਨ ਪਰ ਮਹਾਰਾਣੀ ਜਿੰਦਾਂ ਅਤੇ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਉਸ ਵੇਲੇ ਜੰਗ ਦੇ ਹੱਕ ਵਿਚ ਨਹੀ ਸਨ ਕਿਉਂਕਿ ਉਨ੍ਹਾਂ ਦੀ ਪੂਰੀ ਤਿਆਰੀ ਨਹੀਂ ਸੀ। ਉਸ ਮੀਟਿੰਗ ਵਿਚ ਵਿਚਾਰਾਂ ਦਾ ਵਖਰੇਵਾਂ ਸੀ ਪਰ ਲਾਲ ਸਿੰਘ ਅਤੇ ਤੇਜ ਸਿੰਘ ਕਮਾਂਡਰ-ਇਨ-ਚੀਫ ਜੰਗ ਦੇ ਹੱਕ ਵਿਚ ਸਨ ਕਿਉਂ ਜੋ ਉਨ੍ਹਾਂ ਦੇ ਅੰਗਰੇਜ਼ਾਂ ਨਾਲ ਗੁਪਤ ਸਬੰਧ ਸਨ।

ਅਖੀਰ ਵਿਚ ਉਸ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਜੰਗ ਹੋਣੀ ਚਾਹੀਦੀ ਹੈ। ਲਾਲ ਸਿੰਘ ਅਤੇ ਤੇਜ ਸਿੰਘ ਨੂੰ ਪੂਰੀ ਜ਼ਿੰਮੇਵਾਰੀ ਅਤੇ ਅਧਿਕਾਰ ਦੇ ਦਿੱਤੇ ਗਏ। ਇਸ ਜੰਗ ਦਾ ਮੁੱਖ ਕਾਰਨ ਅੰਗਰੇਜ਼ਾਂ ਦਾ ਪੰਜਾਬ ਵਲ ਵਧਣਾ ਸੀ। ਰਾਜਾ ਸੁਚੇਤ ਸਿੰਘ ਦਾ ਫਿਰੋਜ਼ਪੁਰ ਦੇ ਇਕ ਬੈਂਕ ਵਿਚ ਕਾਫੀ ਪੈਸਾ ਜਮ੍ਹਾਂ ਸੀ ਜਿਹੜਾ ਉਸ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਵਾਪਸ ਨਾ ਕੀਤਾ। ਸਭ ਤੋਂ ਵੱਡੀ ਗੱਲ ਇਹ ਸੀ ਕਿ ਅੰਗਰੇਜ਼ਾਂ ਨੇ ਸਿੱਖ ਫੌਜਾਂ ਨੂੰ ਸਤਲੁਜ ਦੇ ਖੱਬੇ ਕੰਢੇ 'ਤੇ ਉਨ੍ਹਾਂ ਪਿੰਡਾਂ ਵਿਚ ਜਾਣ ਰੋਕਿਆ ਜਿਹੜੇ ਲਾਹੌਰ ਦਰਬਾਰ ਦੇ ਅਧੀਨ ਸਨ। ਇਸ ਲਈ ਕੋਈ 30 ਹਜ਼ਾਰ ਸਿੱਖ ਫੌਜੀ ਦਰਿਆ ਸਤਲੁਜ ਨਜ਼ਦੀਕ ਪਹੁੰਚ ਗਏ। ਉਨ੍ਹਾਂ ਨੇ ਫਤਿਹਗੜ੍ਹ ਸਭਰਾਵਾਂ ਵਿਚ ਇੱਟਾਂ ਦਾ ਕਿਲ੍ਹਾ ਬਣਾ ਲਿਆ।

ਸਿੱਖਾਂ ਨੇ ਗਵਰਨਰ ਜਨਰਲ ਲਾਰਡ ਐਲਨਬਰੋ ਅਤੇ ਉਸ ਤੋਂ ਬਾਅਦ ਆਏ ਲਾਰਡ ਹਾਰਡਿੰਗ ਦੀਆਂ ਕਾਰਵਾਈਆਂ 'ਤੇ ਇਤਰਾਜ਼ ਕੀਤਾ ਪਰ ਅੰਗਰੇਜ਼ ਸਮਝਦੇ ਸਨ ਕਿ ਕਿਸੇ ਮਜ਼ਬੂਤ ਲੀਡਰ ਦੀ ਅਣਹੋਂਦ ਵਿਚ ਸਿੱਖਾਂ ਦੀ ਆਪ-ਹੁਦਰੀ ਫੌਜ ਅੰਗਰੇਜ਼ਾਂ ਲਈ ਸਰਹੱਦ 'ਤੇ ਗੰਭੀਰ ਖਤਰਾ ਬਣ ਸਕਦੀ ਹੈ। ਸਿੱਖ ਅਤੇ ਭਾਰਤੀ ਇਤਿਹਾਸਕਾਰ ਇਸ ਗੱਲ ਨੂੰ ਨਹੀਂ ਮੰਨਦੇ ਕਿ ਗਵਰਨਰ ਜਨਰਲਾਂ ਵੱਲੋਂ ਸਰਹੱਦ 'ਤੇ ਕੀਤੀ ਤਿਆਰੀ ਕਿਸੇ ਤਰ੍ਹਾਂ ਹਮਲਾਵਾਰ ਸੀ ਜੋ ਠੀਕ ਨਹੀਂ ਲਗਦਾ ਕਿਉਂ ਜੋ ਅੰਗਰੇਜ਼ਾਂ ਰਾਹੀਂ ਸਰਹੱਦ 'ਤੇ ਤੋਪਾਂ ਇਕੱਠੀਆਂ ਕਰਨੀਆਂ ਕਿਸੇ ਤਰ੍ਹਾਂ ਵੀ ਸਿਰਫ ਬਚਾਅ ਲਈ ਨਹੀਂ ਕਹੀਆਂ ਜਾ ਸਕਦੀਆਂ।

ਅੰਗਰੇਜ਼ਾਂ ਦਾ ਵਿਹਾਰ ਉਨ੍ਹਾਂ ਦੇ ਸਰਹੱਦੀ ਜ਼ਿਲ੍ਹਿਆਂ ਦੇ ਰਾਜਨੀਤਕ ਏਜੰਟਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਬਣਿਆ। ਮੇਜਰ ਬਰਾਡਫੁਟ ਨੇ ਪੰਜਾਬ ਵਿਚ ਬਦਅਮਨੀ ਅਤੇ ਦਰਬਾਰ ਵਿਚ ਫੈਲੀ ਰਿਸ਼ਵਤਖੋਰੀ ਦੀਆਂ ਕਹਾਣੀਆਂ ਬਾਰੇ ਰਿਪੋਰਟਾਂ ਦਿੱਤੀਆਂ ਸਨ। ਕੁਝ ਅੰਗਰੇਜ਼ ਅਧਿਕਾਰੀਆਂ ਲਈ ਅੰਗਰੇਜ਼ਾਂ ਦੇ ਖੇਤਰ ਨੂੰ ਵਧਾਉਣ ਦੀ ਖਾਹਿਸ਼ ਦੀ ਵਜ੍ਹਾ ਵੀ ਇਹੀ ਸੀ ਜਿਸ ਨਾਲ ਉਹ ਪੰਜਾਬ ਨੂੰ ਪ੍ਰਭਾਵਿਤ ਕਰਨ ਅਤੇ ਉਸ 'ਤੇ ਕਾਬੂ ਕਰਨਾ ਚਾਹੁੰਦੇ ਸਨ ਕਿਉਂ ਜੋ ਭਾਰਤ ਦਾ ਸਿਰਫ ਇਹੋ ਇਕ ਖੇਤਰ ਸੀ ਜਿਹੜਾ ਸੁਤੰਤਰ ਸੀ ਅਤੇ ਇਹ ਅੰਗਰੇਜ਼ਾਂ ਲਈ ਵੱਡਾ ਖਤਰਾ ਵੀ ਸੀ। ਇਹ ਖੇਤਰ ਬਹੁਤ ਖੁਸ਼ਹਾਲ ਸੀ ਜਿਨ੍ਹਾਂ ਵਿਚ ਕੋਹੇਨੂਰ ਹੀਰਾ ਵੀ ਸੀ। ਇਸ ਸਭ ਕੁਝ ਦੇ ਬਾਵਜੂਦ ਇਹ ਨਹੀਂ ਸੀ ਹੋ ਸਕਦਾ ਕਿ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਆਪਣੇ ਆਪ ਪੰਜਾਬ 'ਤੇ ਹਮਲਾ ਕਰਨ ਦਾ ਹੌਸਲਾ ਕਰਦੀ ਕਿਉਂ ਜੋ ਦੂਜੀ ਐਂਗਲੋ-ਸਿੱਖ ਜੰਗ ਵਿਚ ਸਾਬਿਤ ਹੋ ਚੁੱਕਾ ਸੀ ਕਿ ਉਹ ਅਸਾਨੀ ਨਾਲ ਉਨ੍ਹਾਂ ਖੇਤਰ 'ਤੇ ਕੰਟਰੋਲ ਨਹੀਂ ਸੀ ਕਰ ਸਕਦੀ। ਉਂਝ, ਅੰਗਰੇਜ਼ਾਂ ਦੀ ਸਰਹੱਦ 'ਤੇ ਵਧਦੀ ਫੌਜੀ ਤਿਆਰੀ ਨੇ ਪੰਜਾਬ ਅਤੇ ਸਿੱਖ ਫੌਜ ਵਿਚ



*ਮਹਾਰਾਜਾ ਰਣਜੀਤ ਸਿੰਘ ਜਿਸ ਨੇ ਜਿਊਂਦੇ ਜੀਅ ਅੰਗਰੇਜ਼ਾਂ ਨੂੰ ਨੇੜੇ ਨਹੀਂ ਸੀ ਲੱਗਣ ਦਿੱਤਾ।*

ਬੇਚੈਨੀ ਪੈਦਾ ਕਰ ਦਿੱਤੀ ਸੀ। ਇਕ ਦੂਜੇ 'ਤੇ ਦੋਸ਼ ਲਾਉਣ ਤੋਂ ਬਾਅਦ ਈਸਟ ਇੰਡੀਆ ਕੰਪਨੀ ਅਤੇ ਲਾਹੌਰ ਦਰਬਾਰ ਦੇ ਕੂਟਨੀਤਕ ਸਬੰਧ ਖਤਮ ਹੋ ਗਏ ਸਨ। ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਨੇ ਫਿਰੋਜ਼ਪੁਰ ਵਲ ਜਾਣਾ ਸ਼ੁਰੂ ਕਰ ਦਿੱਤਾ ਜਿਥੇ ਪਹਿਲਾਂ ਹੀ ਅੰਗਰੇਜ਼ ਫੌਜੀਆਂ ਦੀ ਇਕ ਡਿਵੀਜ਼ਨ ਬੈਠੀ ਹੋਈ ਸੀ। ਇਸ ਫੌਜ ਦੀ ਅਗਵਾਈ ਸਰ ਹੂਗ ਗਫ ਜੋ ਬੰਗਾਲ ਫੌਜ ਦਾ ਕਮਾਂਡਰ ਸੀ, ਕਰ ਰਿਹਾ ਸੀ। ਉਸ ਦੇ ਨਾਲ ਗਰਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਵੀ ਸੀ ਜਿਸ ਨੇ ਆਪਣੀਆਂ ਸੇਵਾਵਾਂ ਗਵਰਨਰ ਜਨਰਲ ਹੁੰਦਿਆਂ ਫੌਜ ਨੂੰ ਸਮਰਪਿਤ ਕਰ ਦਿੱਤੀਆਂ ਸਨ। ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਵਿਚ ਬੰਗਾਲ ਦੀ ਫੌਜ ਸੀ ਜਿਸ ਦੇ ਹਰ ਤਿੰਨ ਜਾਂ ਚਾਰ ਯੂਨਿਟਾਂ ਨਾਲ ਇਕ ਅੰਗਰੇਜ਼ ਯੂਨਿਟ ਸੀ। ਅੰਗਰੇਜ਼ਾਂ ਦੇ ਤੋਪਖਾਨੇ ਵਿਚ ਛੋਟੀਆਂ ਤੋਪਾਂ ਸਨ ਜੋ ਬੰਗਾਲ ਤੋਪਖਾਨੇ ਨਾਲ ਸਬੰਧਿਤ ਸਨ।

ਸਿੱਖਾਂ ਦੀ ਫੌਜ ਦੀ ਕਮਾਂਡ ਲਾਲ ਸਿੰਘ ਅਤੇ ਤੇਜ ਸਿੰਘ ਦੇ ਹੱਥ ਸੀ ਜਿਹੜੇ ਸਿੱਖ ਸਿਪਾਹੀਆਂ ਨਾਲ ਗੱਦਾਰੀ ਕਰ ਗਏ। ਲਾਲ ਸਿੰਘ ਲਗਾਤਾਰ ਅੰਗਰੇਜ਼ਾਂ ਨੂੰ ਜਾਣਕਾਰੀ ਦੇ ਰਿਹਾ ਸੀ ਅਤੇ ਉਨ੍ਹਾਂ ਕੋਲੋਂ ਜਾਣਕਾਰੀ ਲੈ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਅਜਿਹੀਆਂ ਅਫਵਾਹਾਂ ਸਨ ਕਿ ਸਿੱਖ ਪਹਿਲਾਂ ਦਿੱਲੀ ਜਾਣਗੇ, ਫਿਰ ਕਲਕੱਤੇ ਅਤੇ ਉਸ ਤੋਂ ਬਾਅਦ ਲੰਡਨ ਪਹੁੰਚ ਜਾਣਗੇ। ਜਦੋਂ ਸਿੱਖ ਫੌਜਾਂ 11 ਦਸੰਬਰ 1845 ਨੂੰ ਸਤਲੁਜ ਦਰਿਆ 'ਤੇ ਪਹੁੰਚੀਆਂ ਤਾਂ ਗਵਰਨਰ ਜਨਰਲ ਲਾਰਡ ਹਾਰਡਿੰਗ ਜਿਹੜਾ ਉਸ ਵਕਤ ਲੁਧਿਆਣੇ ਸੀ, ਨੂੰ ਇਹ ਖਬਰ 12 ਦਸੰਬਰ ਨੂੰ ਮਿਲ ਗਈ। ਇਸ ਸਥਿਤੀ ਨੂੰ ਦੇਖਦਿਆਂ ਉਸ ਨੇ 13 ਦਸੰਬਰ 1845 ਨੂੰ ਐਲਾਨ ਕੀਤਾ ਜਿਸ ਵਿਚ ਕਿਹਾ ਗਿਆ ਕਿ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚ ਹੋਈ ਸੰਧੀ ਨੂੰ ਪੂਰੀ ਤਰ੍ਹਾਂ ਨਿਭਾਇਆ ਗਿਆ ਹੈ; ਉਹ ਚੰਗੇ ਸਬੰਧ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਅਤੇ ਅੰਗਰੇਜ਼ਾਂ ਵਿਚਕਾਰ ਵੀ ਬਣੇ ਰਹੇ ਪਰ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਲਈ ਆਪਣੇ ਖੇਤਰ ਦੀ ਸੁਰੱਖਿਆ ਜ਼ਰੂਰੀ ਬਣ ਗਈ ਸੀ। ਅਜਿਹੇ ਹੁਕਮ ਦੇਣ ਦੀ ਜ਼ਰੂਰਤ ਬਾਰੇ ਲਾਹੌਰ ਦਰਬਾਰ ਨੂੰ ਵੀ ਦੱਸ ਦਿਤਾ ਗਿਆ ਹੈ। ਪਿਛਲੇ ਦੋ ਸਾਲਾਂ ਵਿਚ ਲਾਹੌਰ ਦਰਬਾਰ ਵਿਚ ਬਣੀ ਅਨਸ਼ਿਚਿਤਤਾ ਦੀ ਸਥਿਤੀ ਬਾਵਜੂਦ ਗਵਰਨਰ ਜਨਰਲ ਦੋਵਾਂ ਸਰਕਾਰਾਂ ਵਿਚਕਾਰ ਦੋਸਤਾਨਾ ਸਬੰਧ ਬਣਾਈ ਰੱਖਣ ਦੇ ਹੱਕ ਵਿਚ ਸੀ। ਉਹ ਇਹ ਵੀ ਖਾਹਿਸ਼ ਰੱਖਦਾ ਸੀ ਕਿ ਮਜ਼ਬੂਤ ਸਿੱਖ ਸਰਕਾਰ ਬਣੇ ਜਿਹੜੀ ਫੌਜ ਅਤੇ ਜਨਤਾ 'ਤੇ ਪੂਰਾ ਕੰਟਰੋਲ ਰੱਖ ਸਕੇ। ਉਸ ਨੂੰ ਅਜੇ ਵੀ ਉਮੀਦ ਹੈ ਕਿ ਵਫਾਦਾਰ ਸਰਦਾਰ ਇਹ ਕੰਮ ਪੂਰਾ ਕਰ ਲੈਣਗੇ।

***ਅੰਗਰੇਜ਼ ਭਾਵੇਂ ਸਿੱਖ ਫੌਜਾਂ ਤੋਂ ਡਰਦੇ ਸਨ ਪਰ ਇਹ ਉਨ੍ਹਾਂ ਦੇ ਇਰਾਦੇ ਵਿਚ ਸੀ ਕਿ ਉਹ ਉਸ ਖੇਤਰ ਨੂੰ ਆਪਣੇ ਖੇਤਰ ਵਿਚ ਸ਼ਾਮਿਲ ਕਰ ਲੈਣ। ਉਂਝ ਉਹ ਸਿੱਖਾਂ ਦੇ ਖੇਤਰ 'ਤੇ ਹਮਲਾ ਨਹੀਂ ਸਨ ਕਰਦੇ ਅਤੇ ਕਿਸੇ ਯੋਗ ਮੌਕੇ ਦੀ ਉਡੀਕ ਵਿਚ ਸਨ ਕਿ ਸਿੱਖਾਂ ਨਾਲ ਜੰਗ ਕਰ ਸਕਣ। ਇਸ ਲਈ ਲਾਰਡ ਐਲਨਬੋਰ ਨੇ ਫੌਜੀ ਅਫਸਰ ਲੈਫਟੀਨੈਂਟ ਰੈਟ ਨੂੰ ਫੌਜੀ ਦ੍ਰਿਸ਼ਟੀਕੋਣ ਤੋਂ ਪੰਜਾਬ ਬਾਰੇ ਰਿਪੋਰਟ ਤਿਆਰ ਕਰਨ ਲਈ ਕਿਹਾ ਸੀ।***

### ਪਹਿਲੀ ਸਿੱਖ-ਅੰਗਰੇਜ਼ ਜੰਗ

ਅੰਗਰੇਜ਼ਾਂ ਦੀਆਂ ਗਤੀਵਿਧੀਆਂ ਕਰ ਕੇ ਸਿੱਖ ਫੌਜਾਂ 11 ਦਸੰਬਰ 1845 ਨੂੰ ਸਤਲੁਜ ਦਰਿਆ ਲੰਘ ਗਈਆਂ। ਫੌਜ ਵਿਚ ਭਾਵੇਂ ਮੁੱਖ ਤੌਰ 'ਤੇ ਸਿੱਖ ਸਨ ਪਰ ਉਸ ਵਿਚ ਪੰਜਾਬੀ, ਪਖਤੂਨ ਅਤੇ ਕਸ਼ਮੀਰ ਦੇ ਯੂਨਿਟ ਵੀ ਸਨ। ਵੱਡੀਆਂ ਤੋਪਾਂ ਅਤੇ ਬੰਦੂਕਾਂ ਵੀ ਸਨ ਜਿਨ੍ਹਾਂ ਨੂੰ ਚਲਾਉਣ ਦੀ ਸਿਖਲਾਈ ਯੂਰਪੀ ਅਫਸਰਾਂ ਨੇ ਦਿੱਤੀ ਸੀ।

ਸਿੱਖ ਇਹ ਦਾਅਵਾ ਕਰਦੇ ਸਨ ਕਿ ਉਹ ਸਿਰਫ ਸਿੱਖ ਖੇਤਰ ਵਿਚ ਹੀ ਗਏ ਸਨ, ਖਾਸ ਕਰ ਕੇ ਮੋਰਾਂ ਪਿੰਡ ਵਿਚ ਜਿਹੜਾ ਦਰਿਆ ਦੇ ਪੂਰਬੀ ਕੰਢੇ 'ਤੇ ਸੀ ਅਤੇ ਜਿਸ ਦੀ ਮਾਲਕੀ ਬਾਰੇ ਝਗੜਾ ਸੀ ਪਰ ਅੰਗਰੇਜ਼ਾਂ ਨੇ ਇਸ ਕਾਰਵਾਈ ਨੂੰ ਦੁਸ਼ਮਣੀ ਵਾਲੀ ਕਾਰਵਾਈ ਐਲਾਨ ਦਿੱਤਾ ਅਤੇ ਉਨ੍ਹਾਂ ਨੇ ਜੰਗ ਦਾ ਐਲਾਨ ਕਰ ਦਿੱਤਾ। ਫੌਜ ਦੀ ਇਕ ਸਿੱਖ ਯੂਨਿਟ ਜਿਸ ਦੀ ਕਮਾਂਡ ਤੇਜ ਸਿੰਘ ਕਰ ਰਿਹਾ ਸੀ, ਫਿਰੋਜ਼ਪੁਰ ਵੱਲ ਵਧ ਗਈ ਪਰ ਉਸ ਨੇ ਅੰਗਰੇਜ਼ ਫੌਜ ਨੂੰ ਘੇਰਨ ਜਾਂ ਉਸ ਉਤੇ ਹਮਲਾ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ। ਦੂਸਰੀ ਫੌਜੀ ਯੂਨਿਟ ਜਿਹੜੀ ਲਾਲ ਸਿੰਘ ਦੀ ਕਮਾਂਡ ਅਧੀਨ ਸੀ, ਉਸ ਨੇ ਫਿਰੋਜ਼ਪੁਰ ਵੱਲ ਅਗੇ ਵਧਦਿਆਂ ਲਿਟਲਰ ਦੀ ਫੌਜ 'ਤੇ ਹਮਲਾ ਨਾ ਕੀਤਾ ਭਾਵੇਂ ਉਸ ਵਕਤ ਸਿੱਖਾਂ ਦੀ ਫੌਜ ਲਾਰਡ ਹਾਰਡਿੰਗ ਅਤੇ ਜਨਰਲ ਗਫ ਦੀ ਫੌਜ 'ਤੇ ਭਾਰੂ ਸੀ।

ਅੰਗਰੇਜ਼ ਕਮਾਂਡਰ ਆਪਣੀ ਭਵਿੱਖ ਦੀ ਤਿਆਰੀ ਬਾਰੇ ਬਹੁਤ ਚੇਤਨ ਸਨ। ਕਸੌਲੀ ਅਤੇ ਸਬਾਥੂ ਤੋਂ ਹੋਰ ਫੌਜ 19 ਦਸੰਬਰ ਨੂੰ ਮੁਦਕੀ ਪਹੁੰਚ ਗਈ। ਅੰਗਰੇਜ਼ ਫੌਜ ਪਿੰਡ ਮਿਸਰੀਵਾਲਾ ਵਲ ਚਲੀ ਗਈ ਪਰ ਸਿੱਖਾਂ ਤੋਂ ਬਚ ਕੇ ਰਹੀ। ਇਕ ਹੋਰ ਅੰਗਰੇਜ਼ ਕਮਾਂਡਰ ਲਿਟਲਰ ਦੀ ਫ਼ੌਜ ਜਿਹੜੀ ਫਿਰੋਜ਼ਪੁਰ ਠਹਿਰੀ ਹੋਈ ਸੀ, ਉਹ ਵੀ 21 ਦਸੰਬਰ ਨੂੰ ਮਿਸਰੀਵਾਲਾ ਆ ਗਈ। ਹੁਣ ਅੰਗਰੇਜ਼ਾਂ ਦੀ ਫੌਜ ਦੀ ਕੁਲ ਗਿਣਤੀ 18 ਹਜ਼ਾਰ ਹੋ ਗਈ ਸੀ ਅਤੇ ਉਨ੍ਹਾਂ ਕੋਲ 65 ਤੋਪਾਂ ਸਨ। ਵੱਖ-ਵੱਖ ਖੇਤਰਾਂ ਵਿਚ ਫੈਲੀ ਅੰਗਰੇਜ਼ੀ ਫੌਜ ਜਨਰਲ ਗਫ ਦੀ ਕਮਾਂਡ ਅਧੀਨ ਸੀ। ਅੰਗਰੇਜ਼ ਕਮਾਂਡਰ ਜਿਵੇਂ ਜਨਰਲ ਹੈਰੀ ਸਮਿਥ, ਜਨਰਲ ਗਿਲਬਰਟ ਅਤੇ ਸਰ ਲਿਟਲਰ ਅੰਗਰੇਜ਼ ਫੌਜ ਦੀ ਕਮਾਂਡ ਕਰ ਰਹੇ ਸਨ। ਲਾਰਡ ਹਾਰਡਿੰਗ ਵੀ ਫੌਜ ਵਿਚ ਕਮਾਂਡਰ ਵਜੋਂ ਸ਼ਾਮਲ ਸੀ ਅਤੇ ਉਹ ਜਨਰਲ ਗਫ ਦੇ ਹੁਕਮਾਂ ਦੀ ਪਾਲਣਾ ਕਰ ਰਿਹਾ ਸੀ ਭਾਵੇਂ ਉਹ ਗਵਰਨਰ ਜਨਰਲ ਸੀ ਪਰ ਉਹ ਅੰਗਰੇਜ਼ ਫੌਜ ਵਿਚ ਕਮਾਂਡਰ ਵਜੋਂ ਆਪਣੀਆਂ ਸੇਵਾਵਾਂ ਦੇ ਰਿਹਾ ਸੀ। ਅਗਲੇ ਦਿਨ ਅੰਗਰੇਜ਼ਾਂ ਨੇ ਕਈ ਸਿੱਖ ਫੌਜੀਆਂ ਨੂੰ ਫਿਰੋਜ਼ਸ਼ਾਹ ਵਿਚ ਮੋਰਚਿਆਂ ਵਿਚ ਦੇਖਿਆ। ਗਫ ਇਕਦਮ ਹਮਲਾ ਕਰਨਾ ਚਾਹੁੰਦਾ ਸੀ। ਲਾਰਡ ਹਾਰਡਿੰਗ ਨੇ ਆਪਣੀ ਸਥਿਤੀ ਦੀ ਵਰਤੋਂ ਕਰਦਿਆਂ ਉਸ ਨੂੰ ਰੋਕਿਆ ਤਾਂ ਕਿ ਫਿਰੋਜ਼ਪੁਰ ਤੋਂ ਆਉਣ ਵਾਲੀ ਫੌਜ ਦੀ ਉਡੀਕ ਕਰ ਲਈ ਜਾਵੇ ਪਰ 21 ਦਸੰਬਰ ਨੂੰ ਦਿਨ ਚੜ੍ਹਦਿਆਂ ਹੀ ਗਫ ਦੀ ਫੌਜ ਨੇ ਹਮਲਾ ਕਰ ਦਿਤਾ। ਸਿੱਖਾਂ ਦੇ ਤੋਪਖਾਨੇ ਨੇ ਅੰਗਰੇਜ਼ਾਂ ਦਾ ਵੱਡਾ ਨੁਕਸਾਨ ਕੀਤਾ ਅਤੇ ਕਈ ਅੰਗਰੇਜ਼ ਫੌਜੀ ਮਾਰੇ ਗਏ। ਵਧਦੀ ਹੋਈ ਫੌਜ ਨੇ ਬੰਦੂਕਾਂ ਨਾਲ ਵੀ ਵੱਡਾ ਨੁਕਸਾਨ ਕਰ ਦਿੱਤਾ। ਦੂਸਰੀ ਤਰਫ ਸਿੱਖ ਫੌਜ ਦੇ ਘੋੜਸਵਾਰ ਅਤੇ ਅਨਿਯਮਤ ਫੌਜ ਅੰਗਰੇਜ਼ਾਂ ਦੀ ਫੌਜ ਦੇ ਮੁਕਾਬਲੇ ਘਟ ਯੋਗ ਸੀ ਕਿਉਂ ਜੋ ਉਨ੍ਹਾਂ ਨੂੰ ਲਾਲ ਸਿੰਘ ਨੇ ਜੰਗ ਦੇ ਮੈਦਾਨ ਤੋਂ ਦੂਰ ਰੱਖਿਆ।

ਗਫ ਦੇ ਜਵਾਨ ਰਾਤ ਸਮੇਂ ਸਿੱਖਾਂ ਦੀ ਫੌਜ 'ਤੇ ਹਮਲਾ ਕਰ ਰਹੇ ਸੀ ਪਰ ਹੋਰ ਯੂਨਿਟਾਂ ਨੂੰ ਪਿੱਛੇ ਕਰ ਦਿੱਤਾ ਗਿਆ। ਸਿੱਖ ਫੌਜ ਅੰਗਰੇਜ਼ਾਂ ਦਾ ਵੱਡਾ ਨੁਕਸਾਨ ਕਰ ਰਹੀ ਸੀ। ਹਾਰਡਿੰਗ ਮਹਿਸੂਸ ਕਰਦਾ ਸੀ ਕਿ ਅਗਲੇ ਦਿਨ ਉਨ੍ਹਾਂ ਦੀ ਹਾਰ ਹੋਵੇਗੀ, ਇਸ ਲਈ ਉਸ ਨੇ ਹੁਕਮ ਕੀਤਾ ਕਿ ਇਹੋ ਜਿਹੀ ਸਥਿਤੀ ਵਿਚ ਮੁਦਕੀ ਵਿਚ ਸਾਰੇ ਸਰਕਾਰੀ ਕਾਗਜ਼ ਸਾੜ ਦਿਤੇ ਜਾਣ ਪਰ ਅਗਲੀ ਸਵੇਰ ਅੰਗਰੇਜ਼ ਤੇ ਬੰਗਾਲੀ ਫੌਜ ਅੱਗੇ ਵਧੀ ਅਤੇ ਉਸ ਨੇ ਸਿੱਖਾਂ ਦੇ ਬਾਕੀ ਮੋਰਚਿਆਂ ਤੋਂ ਵੀ ਉਨ੍ਹਾਂ ਨੂੰ ਉਖਾੜ ਦਿਤਾ। ਲਾਲ ਸਿੰਘ ਨੇ ਨਾ ਮੁਕਾਬਲਾ ਕਰਨ ਅਤੇ ਨਾ ਹੀ ਫੌਜ ਨੂੰ ਦੁਬਾਰਾ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਮੇਂ ਤੇਜ ਸਿੰਘ ਦੀ ਫੌਜ ਵੀ ਉਥੇ ਆ ਗਈ। ਗਫ ਦੀ ਥੱਕੀ ਹੋਈ ਫੌਜ ਨੂੰ ਹਾਰ ਅਤੇ ਬਰਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਤੇਜ ਸਿੰਘ ਪਿਛਾਂਹ ਹਟ ਗਿਆ ਅਤੇ ਦਾਅਵਾ ਕਰਨ ਲੱਗਾ ਕਿ ਅੰਗਰੇਜ਼ਾਂ ਦੀ ਕਵਾਲਰੀ ਅਤੇ ਤੋਪਖਾਨਾ ਜਿਹੜਾ ਪਿਛਾਂਹ ਹਟ ਰਿਹਾ ਸੀ, ਉਹ ਅਸਲ ਵਿਚ ਦੁਬਾਰਾ ਬਰੂਦ ਭਰ ਕੇ ਇਕ ਪਾਸੇ ਤੋਂ ਹਮਲਾ ਕਰੇਗਾ।

ਕੁਝ ਸਮੇਂ ਲਈ ਫੌਜੀ ਕਾਰਵਾਈਆਂ ਰੁਕ ਗਈਆਂ ਜਿਸ ਦਾ ਮੁੱਖ ਕਾਰਨ ਇਹ ਵੀ ਸੀ ਕਿ ਗਫ ਦੀ ਫੌਜ ਥਕੀ ਹੋਈ ਸੀ ਅਤੇ ਉਸ ਨੂੰ ਆਰਾਮ ਅਤੇ ਹੋਰ ਹਥਿਆਰਾਂ ਦੀ ਲੋੜ ਸੀ। ਸਿੱਖਾਂ ਅੰਦਰ ਆਪਣੀ ਹਾਰ ਅਤੇ ਉਨ੍ਹਾਂ ਦੇ ਕਮਾਂਡਰਾਂ ਦੀ ਕਾਰਜਸ਼ਾਲੀ ਕਰ ਕੇ ਨਿਰਾਸ਼ਾ ਸੀ ਪਰ ਜਦੋਂ ਉਨ੍ਹਾਂ ਨਾਲ ਹੋਰ ਫੌਜੀ ਅਤੇ ਕਮਾਂਡਰ ਆ ਮਿਲੇ ਤਾਂ ਫਿਰ ਉਨ੍ਹਾਂ ਵਿਚ ਜੋਸ਼ ਭਰ ਗਿਆ ਅਤੇ ਮਹਾਰਾਣੀ ਜਿੰਦ ਕੌਰ ਨੇ 500 ਚੁਣੇ ਹੋਏ ਅਫਸਰਾਂ ਨੂੰ ਦੁਬਾਰਾ ਕੋਸ਼ਿਸ਼ ਕਰਨ ਲਈ ਹੱਲਾਸ਼ੇਰੀ ਦੇ ਕੇ ਭੇਜਿਆ। ਗਵਰਨਰ ਜਨਰਲ ਲਾਰਡ ਹਾਰਡਿੰਗ ਵੀ ਜੰਗ ਵਿਚ ਹਾਜ਼ਰ ਸੀ। ਉਹ ਸਿੱਖਾਂ ਨੂੰ ਇੰਨੇ ਉਤਸ਼ਾਹ ਅਤੇ ਦਲੇਰੀ ਨਾਲ ਲੜਦਿਆ ਦੇਖ ਕੇ ਹੈਰਾਨ ਸੀ ਜਿਹੜੇ ਆਪਣੇ ਕਮਾਂਡਰਾਂ ਤੋਂ ਬਗੈਰ ਹੀ ਲੜ ਰਹੇ ਸਨ। ਜਨਰਲ ਗਫ ਨੇ ਹੁਣ ਮਹਿਸੂਸ ਕੀਤਾ ਕਿ ਸਿੱਖ ਸਿਪਾਹੀ ਜਮਾਂਦਰੂ ਲੜਾਕੇ ਹਨ ਅਤੇ ਉਨ੍ਹਾਂ ਦੀ ਬਹਾਦਰੀ ਦਾ ਇਹੀ ਕਾਰਨ ਹੈ। ਉਸ ਵੇਲੇ ਅੰਗਰੇਜ਼ ਸਿੱਖਾਂ 'ਤੇ ਹਮਲੇ ਤਾਂ ਕਰ ਰਹੇ ਸਨ ਪਰ ਸਿੱਖ ਇੰਨੀ ਬਹਾਦਰੀ ਅਤੇ ਜੋਸ਼ ਨਾਲ ਲੜ ਰਹੇ ਸਨ ਕਿ ਅੰਗਰੇਜ਼ਾਂ ਨੂੰ ਆਪਣੀਆਂ ਜਗ੍ਹਾ ਤੋਂ ਪਿੱਛੇ ਹਟਣਾ ਪਿਆ। ਲੜਾਈ ਸੂਰਜ ਡੁੱਬਣ ਤੋਂ ਬਾਅਦ ਵੀ ਜਾਰੀ ਰਹੀ। ਹੁਣ ਲਾਰਡ ਹਾਰਡਿੰਗ ਆਪ ਮੈਦਾਨ ਵਿਚ ਫੌਜ ਦੀ ਅਗਵਾਈ ਕਰਣ ਲਈ ਅੱਗੇ ਆਇਆ। ਲਾਰਡ ਹਾਰਡਿੰਗ ਦੇ ਮੈਦਾਨ ਵਿਚ ਆਉਣ ਨਾਲ ਅੰਗਰੇਜ਼ ਫੌਜਾਂ ਨੂੰ ਵੱਡੀ ਹੱਲਾਸ਼ੇਰੀ ਮਿਲੀ ਅਤੇ ਉਹ ਬਹਾਦਰੀ ਤੇ ਕੁਰਬਾਨੀ ਦੀ ਭਾਵਨਾ ਨਾਲ ਲੜਨ ਲੱਗ ਪਏ। ਹੁਣ ਸਿੱਖ ਭਾਵੇ ਪਿਛਾਂਹ ਹਟ ਰਹੇ ਸਨ ਪਰ ਉਹ ਜੰਗ ਤੋਂ ਭੱਜੇ ਨਹੀਂ ਸਨ ਸਗੋਂ ਉਹ ਲਗਾਤਾਰ ਅੰਗਰੇਜ਼ਾਂ ਨਾਲ ਲੜਦੇ ਰਹੇ। ਜਦੋਂ ਹਨੇਰਾ ਵਧ ਗਿਆ ਤਾਂ ਜੰਗ ਰੁਕ ਗਈ। ਅੰਗਰੇਜ਼ਾਂ ਨੇ ਸਿੱਖਾਂ ਉਤੇ ਹਨੇਰੇ ਵਿਚ ਹਮਲਾ ਕਰਨ ਦਾ ਹੌਸਲਾ ਨਾ ਕੀਤਾ।

ਇਸ ਸਮੇਂ ਅੰਗਰੇਜ਼ ਫੌਜੀ ਕਮਾਂਡਰ ਪੂਰੀ ਤਰ੍ਹਾਂ ਡਰੇ ਹੋਏ ਸਨ ਅਤੇ ਆਉਣ ਵਾਲੇ ਸਮੇਂ ਬਾਰੇ ਫਿਕਰਮੰਦ ਸਨ ਪਰ ਉਨ੍ਹਾਂ ਨੂੰ ਲਾਲ ਸਿੰਘ

***(ਬਾਕੀ ਅਗਲੇ ਸਫੇ 'ਤੇ)***

'ਤੇ ਪੂਰਾ ਭਰੋਸਾ ਸੀ; ਇਸ ਲਈ ਅੰਗਰੇਜ਼ ਅਫਸਰ ਆਪਣੇ ਜਵਾਨਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ ਤਾਂ ਕਿ ਇਕ ਹੋਰ ਲੜਾਈ ਕੀਤੀ ਜਾਵੇ। ਉਨ੍ਹਾਂ ਲਈ ਇਕੱਲੀ ਉਹ ਜਿੱਤ ਕਾਫੀ ਨਹੀਂ ਸੀ। ਅਸਲ ਵਿਚ ਸਿੱਖ ਅਫਸਰਾਂ ਅਤੇ ਸਿਪਾਹੀਆਂ ਨੇ ਨਾ ਤਾਂ ਦਿਲ ਛੱਡਿਆ ਸੀ ਅਤੇ ਨਾ ਹੀ ਜੰਗ ਵਿਚ ਇਨਸਾਨੀ ਕਦਰਾਂ ਕੀਮਤਾਂ। ਇਕ ਅੰਗਰੇਜ ਅਫਸਰ ਲੈਫਟੀਨੈਂਟ ਬਿਡਉਲਫ ਅਤੇ ਕੁਝ ਸਿਪਾਹੀ ਸਿੱਖਾਂ ਦੀ ਛਾਉਣੀ ਵਿਚ ਪਹੁੰਚ ਗਏ ਸਨ ਪਰ ਸਿੱਖ ਫੌਜੀ ਉਨ੍ਹਾਂ ਨੂੰ ਉਨ੍ਹਾਂ ਦੀ ਮੰਜ਼ਿਲ ਤਕ ਛੱਡ ਆਏ ਅਤੇ ਉਨ੍ਹਾਂ ਨੂੰ ਅੰਗਰੇਜ਼ਾਂ ਦੀ ਛਾਉਣੀ ਵਿਚ ਪੁਚਾ ਦਿੱਤਾ। ਸਿਖਾਂ ਦੀ ਇਸ ਕਾਰਵਾਈ ਨੂੰ ਲਾਰਡ ਹਾਰਡਿੰਗ ਨੇ ਬਹੁਤ ਸਲਾਹਿਆ।

ਇਸ ਜਗ੍ਹਾ 'ਤੇ ਦੋਵੇਂ ਵੱਖਰੇ ਹੀ ਜੋਸ਼ ਵਿਚ ਲੜੇ। ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਆਪਣੇ ਮੈਡਲ ਲਾਹ ਕੇ ਆਪਣੇ ਲੜਕੇ ਨੂੰ ਦੇ ਦਿੱਤੇ ਅਤੇ ਉਹ ਆਪ ਅੰਗਰੇਜ਼ ਫੌਜੀਆਂ ਨਾਲ ਮਿਲ ਗਿਆ। ਅੰਗਰੇਜ਼ ਫੌਜੀਆਂ ਨੇ ਉਸ ਦੀ ਇਹ ਪਹਿਲ ਦੇਖ ਕੇ ਅੰਗਰੇਜ਼ ਫੌਜ ਵਿਚ ਵੱਖਰਾ ਅਤੇ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਨੂੰ ਬਹੁਤ ਹੌਸਲਾ ਮਿਲਿਆ। ਲਾਰਡ ਹਾਰਡਿੰਗ ਸਿੱਖਾਂ ਦੀ ਤੋਪ ਕੋਲ ਪਹੁੰਚ ਗਿਆ ਅਤੇ ਉਸ ਨੇ ਤੋਪ ਬੰਦ ਕਰਵਾ ਦਿੱਤੀ ਪਰ ਸਿਖ ਫੌਜੀ ਬੜੇ ਜੋਸ਼ ਨਾਲ ਅੱਗੇ ਵਧੇ ਜਿਸ ਕਰ ਕੇ ਲਾਰਡ ਹਾਰਡਿੰਗ ਨੂੰ ਪਿੱਛੇ ਹਟਣਾ ਪਿਆ। ਸਿੱਖਾਂ ਦੀ ਉਸ ਤੋਪ ਨੇ ਫਿਰ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿਤੇ। ਇਹ ਗੋਲਾਬਾਰੀ ਸਾਰੀ ਰਾਤ ਹੁੰਦੀ ਰਹੀ। ਅੰਗਰੇਜ਼ ਫੌਜ ਲਈ ਇਹ ਬੜੀ ਤਰਸਯੋਗ ਹਾਸਲ ਸੀ ਕਿਉਂ ਜੋ ਉਸ ਰਾਤ ਠੰਢ ਬਹੁਤ ਸੀ। ਅੰਗਰੇਜ਼ ਜਰਨੈਲ ਸਵੇਰ ਤੱਕ ਫਿਰੋਜ਼ਪੁਰ ਵੱਲ ਪਿੱਛੇ ਹਟਣ ਦਾ ਮਨ ਬਣਾ ਰਹੇ ਸਨ।

ਫਿਰ ਲਾਲ ਸਿੰਘ ਜਿਹੜਾ ਸਿੱਖ ਫੌਜਾਂ ਦਾ ਕਮਾਂਡਰ ਸੀ ਅਤੇ ਉਸ ਦੇ ਅੰਗਰੇਜ਼ਾਂ ਨਾਲ ਸਬੰਧ ਸਨ, ਪਿੱਛੇ ਖੜ੍ਹਾ ਸਾਰੀ ਲੜਾਈ ਦੇਖ ਰਿਹਾ ਸੀ। ਅੰਗਰੇਜ਼ ਜਰਨੈਲ ਸੋਚ ਰਹੇ ਸਨ ਕਿ ਉਹ (ਅੰਗਰੇਜ਼) ਸਵੇਰ ਤਕ ਫਿਰੋਜ਼ਪੁਰ ਵੱਲ ਪਿੱਛੇ ਹਟ ਜਾਣ ਪਰ ਗੱਦਾਰ ਸਿੱਖ ਕਮਾਂਡਰ ਨੇ ਅੰਗਰੇਜ਼ਾਂ ਦੀ ਵੱਡੀ ਮਦਦ ਕਰ ਦਿੱਤੀ। ਅੰਗਰੇਜ਼ ਫੌਜ ਦੀ ਗੋਲਾਬਾਰੀ ਬਹੁਤ ਜ਼ਿਆਦਾ ਸੀ। ਲਾਲ ਸਿੰਘ ਦੀ ਫੌਜ ਜਨਰਲ ਗਫ ਵਾਲੀ ਅੰਗਰੇਜ਼ ਫੌਜ ਦਾ ਮੁਕਾਬਲਾ ਕਰਨ ਵਿਚ ਨਾ-ਕਾਮਯਾਬ ਸੀ। ਤੇਜ ਸਿੰਘ, ਲਾਲ ਸਿੰਘ ਦੀ ਕਮਜ਼ੋਰ ਸਥਿਤੀ ਨੂੰ ਦੇਖ ਤਾਂ ਰਿਹਾ ਸੀ ਪਰ ਉਸ ਨੇ ਆਪਣੇ ਅਧੀਨ ਫੌਜ ਨੂੰ ਲਾਲ ਸਿੰਘ ਦੀ ਫੌਜ ਦੀ ਮਦਦ ਕਰਨ ਦੀ ਇਜਾਜ਼ਤ ਨਾ ਦਿੱਤੀ। ਕਿੰਨੀ ਅਫਸੋਸਜਨਕ ਗੱਲ ਹੈ ਕਿ ਹੇਠਲੇ ਅਫਸਰ ਅਤੇ ਸਿਪਾਹੀ ਭਾਵੇਂ ਪੂਰੇ ਜੋਸ਼ ਅਤੇ ਕੁਰਬਾਨੀ ਦੀ ਭਾਵਨਾ ਨਾਲ ਲੜ ਰਹੇ ਸਨ ਅਤੇ ਆਪਣੇ ਕਮਾਂਡਰਾਂ ਤੋਂ ਲੜਾਈ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਮੰਗ ਰਹੇ ਸਨ ਪਰ ਤੇਜ ਸਿੰਘ ਉਨ੍ਹਾਂ ਨੂੰ ਇਜਾਜ਼ਤ ਨਹੀਂ ਸੀ ਦੇ ਰਿਹਾ। ਸਿੱਟੇ ਵਜੋਂ ਅੰਗਰੇਜ਼ ਫੌਜ ਵਧਦੀ ਗਈ ਅਤੇ ਲਾਲ ਸਿੰਘ ਆਪਣੀ ਫੌਜ ਨਾਲ ਮੈਦਾਨ ਤੋਂ ਭੱਜ ਗਿਆ।

ਸਿੱਖ ਫ਼ੌਜ ਲਈ ਇਹ ਵੱਡਾ ਝਟਕਾ ਸੀ। ਸਿੱਖ ਆਪਣੇ ਜਰਨੈਲਾਂ ਦੀ ਗੱਦਾਰੀ ਕਰ ਕੇ ਜਿੱਤੀ ਹੋਈ ਜੰਗ ਹਾਰ ਗਏ ਸਨ। ਦੂਸਰੀ ਤਰਫ ਅੰਗਰੇਜ਼ ਕਮਾਂਡਰ ਆਪਣੇ ਸਿਪਾਹੀਆਂ ਦੇ ਨਾਲ-ਨਾਲ ਲੜ ਰਹੇ ਸਨ ਅਤੇ ਸਿਪਾਹੀਆਂ ਨੂੰ ਉਤਸ਼ਾਹਿਤ ਕਰ ਰਹੇ ਸਨ। ਜਦੋਂ ਸਿੱਖਾਂ ਦੇ ਜਰਨੈਲ ਮੈਦਾਨ ਵਿਚੋਂ ਭੱਜ ਗਏ ਅਤੇ ਅੰਗਰੇਜ਼ ਫੌਜ ਪਹਿਲਾਂ ਵਾਂਗ ਹੀ ਬਹਾਦਰੀ ਨਾਲ ਲੜ ਰਹੀ ਸੀ। ਇਸ ਨਾਲ ਸਿੱਖਾਂ ਦੀ ਫੌਜ ਕਮਜ਼ੋਰ ਹੋ ਗਈ। ਅੰਗਰੇਜ਼ ਫੌਜ ਲਗਾਤਾਰ ਅਗੇ ਵਧਦੀ ਗਈ ਅਤੇ ਉਸ ਨੇ ਸਿੱਖਾਂ ਦੀਆਂ 70 ਤੋਪਾਂ ਖੋਹ ਲਈਆਂ ਤੇ ਸਿੱਖਾਂ ਦਾ ਬਹੁਤ ਸਾਰਾ ਖੇਤਰ ਆਪਣੇ ਕਬਜ਼ੇ ਵਿਚ ਲੈ ਲਿਆ। ਉਂਝ, ਇਸ ਜਿੱਤ ਲਈ ਅੰਗਰੇਜ਼ਾਂ ਨੂੰ ਬਹੁਤ ਵੱਡੀ ਕੀਮਤ ਦੇਣੀ ਪਈ। ਇਸ ਲੜਾਈ ਵਿਚ ਉਨ੍ਹਾਂ ਦੇ 462 ਅੰਗਰੇਜ਼ ਅਤੇ 174 ਦੇਸੀ ਸਿਪਾਹੀ ਮਾਰੇ ਗਏ ਜਦੋਂ ਕਿ 471 ਦੇਸੀ ਅਤੇ 1054 ਅੰਗਰੇਜ਼ ਫੌਜੀ ਜ਼ਖ਼ਮੀ ਹੋਏ। ਜੇ ਸਿੱਖ ਜਰਨੈਲ ਗੱਦਾਰੀ ਨਾ ਕਰਦੇ ਤਾਂ ਸਥਿਤੀ ਕੁਝ ਹੋਰ ਹੁੰਦੀ ਅਤੇ ਅੰਗਰੇਜ਼ਾਂ ਦੇ ਪਤਨ ਵਿਚ ਇਹ ਵੱਡਾ ਇਤਿਹਾਸਕ ਤੱਤ ਬਣਦਾ।

ਫਿਰ ਵੀ ਸਿੱਖ ਫੌਜ ਨੇ ਹੌਸਲਾ ਨਾ ਛਡਿਆ ਅਤੇ ਬਾਅਦ ਵਿਚ ਉਹ ਫਿਰ ਫਤਿਹਗੜ੍ਹ ਸਭਰਾਵਾਂ ਪਿੰਡ ਵਿਚ ਇਕੱਠੇ ਹੋਏ। ਇਸ ਸਮੇਂ ਦੌਰਾਨ ਅੰਗਰੇਜ਼ਾਂ ਦੇ ਹਥਿਆਰ ਅਤੇ ਸਮਾਨ ਮੁੱਕ ਚੁੱਕਾ ਸੀ। ਉਹ ਇਸ ਲੜਾਈ ਨੂੰ ਲਮਕਾਉਣਾ ਚਾਹੁੰਦੇ ਸਨ, ਇਸ ਲਈ ਉਹ ਕਈ ਦਿਨ ਚੁੱਪ ਰਹੇ ਪਰ ਉਨ੍ਹਾਂ ਸਿੱਖਾਂ 'ਤੇ ਦੁਬਾਰਾ ਹਮਲੇ ਲਈ ਤਿਆਰੀਆਂ ਜਾਰੀ ਰੱਖੀਆਂ।

ਸਰਦਾਰ ਰਣਜ਼ੋਰ ਸਿੰਘ ਜਿਹੜਾ ਫਿਲੌਰ ਵਿਚ ਆਪਣੇ 10 ਹਜ਼ਾਰ ਸੈਨਿਕਾਂ ਨਾਲ ਠਹਿਰਿਆ ਹੋਇਆ ਸੀ, ਅਜੀਤ ਸਿੰਘ ਲਾਡਵਾਂ ਨਾਲ ਲੁਧਿਆਣੇ ਵੱਲ ਵਧਿਆ। ਉਸ ਨੇ ਕਈ ਅੰਗਰੇਜ਼ ਬੈਰਕਾਂ ਵਿਚ ਅੱਗ ਲਗਾ ਦਿਤੀ। ਉਥੇ ਅੰਗਰੇਜ਼ਾਂ ਦੀ ਸਥਿਤੀ ਬਹੁਤ ਕਮਜ਼ੋਰ ਹੋ ਗਈ। ਉਹ ਸਿੱਖਾਂ ਦੀ ਫੌਜ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਸਨ। ਇਸ ਗੱਲ ਨੂੰ ਆਪਣੇ ਮਨ ਵਿਚ ਰੱਖਦੇ ਹੋਏ ਅੰਗਰੇਜ਼ ਪਿੱਛੇ ਹਟਦੇ ਗਏ। ਹੁਣ ਰਣਜ਼ੋਰ ਸਿੰਘ ਨੂੰ ਅੱਗੇ ਵਧਣਾ ਚਾਹੀਦਾ ਸੀ ਅਤੇ ਉਹ ਅੰਗਰੇਜ਼ਾਂ ਦੀ ਦਿੱਲੀ ਤੋਂ ਆਉਣ ਵਾਲੀ ਸਪਲਾਈ ਰੋਕ ਸਕਦਾ ਸੀ ਜਿਸ ਵਿਚ ਉਨ੍ਹਾਂ ਲਈ ਦਿੱਲੀ ਤੋਂ ਹਥਿਆਰ ਤੇ ਫੌਜੀ ਆ ਰਹੇ ਸਨ ਪਰ ਉਸ ਨੇ ਲੁਧਿਆਣਾ ਛੱਡ ਦਿਤਾ ਅਤੇ ਬੱਦੋਵਾਲ ਚਲਾ ਗਿਆ।

ਦੂਸਰੀ ਤਰਫ ਜਦੋਂ ਅੰਗਰੇਜ਼ਾਂ ਨੂੰ ਸਿੱਖਾਂ ਦੇ ਲੁਧਿਆਣੇ ਵੱਲ ਵਧਣ ਦਾ ਪਤਾ ਲੱਗਾ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਇਸ ਨਾਲ ਉਨ੍ਹਾਂ ਨੂੰ ਦਿੱਲੀ ਤੋਂ ਆਉਣ ਵਾਲੀ ਸਪਲਾਈ ਰੁਕ ਜਾਵੇਗੀ ਜਿਹੜੀ ਉਨ੍ਹਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ ਅਤੇ ਉਹ ਘੇਰੇ ਵਿਚ ਆ ਸਕਦੇ ਸਨ ਜਿਸ ਨਾਲ ਉਨ੍ਹਾਂ ਦਾ ਵੱਡਾ ਨੁਕਸਾਨ ਹੋਵੇਗਾ।



ਅੰਗਰੇਜ਼ ਅਤੇ ਸਿੱਖਾਂ ਵਿਚਕਾਰ ਹੋਈ ਪਹਿਲੀ ਜੰਗ ਇਕ ਚਿੱਤਰਕਾਰ ਦੀਆਂ ਨਜ਼ਰਾਂ ਵਿਚ।

ਜੇ ਉਹ ਸਤਲੁਜ ਦੇ ਕੰਢੇ ਘੇਰੇ ਵਿਚ ਆ ਜਾਂਦੇ ਤਾਂ ਕੁਝ ਵੀ ਹੋ ਸਕਦਾ ਸੀ। ਹੈਰੀ ਸਮਿਥ ਨੂੰ ਕਿਹਾ ਗਿਆ ਕਿ ਉਹ ਇਕਦਮ 10 ਹਜ਼ਾਰ ਸੈਨਿਕਾਂ ਨਾਲ 17 ਜਨਵਰੀ 1846 ਨੂੰ ਲੁਧਿਆਣੇ ਚਲਾ ਜਾਵੇ। ਉਸ ਨੇ ਉਧਰ ਜਾ ਕੇ ਅਸਾਨੀ ਨਾਲ ਧਰਮਕੋਟ ਅਤੇ ਜਗਰਾਉਂ ਉਤੇ ਬਗੈਰ ਕਿਸੇ ਮੁਕਾਬਲੇ ਦੇ ਕਬਜ਼ਾ ਕਰ ਲਿਆ।

ਉਸੇ ਸਮੇਂ ਸਿੱਖ ਫੌਜ ਵੀ ਹੈਰੀ ਸਮਿਥ ਦਾ ਮੁਕਾਬਲਾ ਕਰਨ ਲਈ ਉਥੇ ਪਹੁੰਚ ਗਈ। ਅੰਗਰੇਜ਼ ਫੌਜ ਸਿੱਖਾਂ ਨਾਲ ਸਿੱਧੀ ਲੜਾਈ ਤੋ ਡਰਦੀ ਸੀ। ਉਹ 21 ਜਨਵਰੀ ਜਗਰਾਉਂ ਤੋਂ ਚਲਿਆ ਅਤੇ ਉਸ ਨੇ ਕੋਸ਼ਿਸ਼ ਕੀਤੀ ਕਿ ਉਹ ਬੱਦੋਵਾਲ ਵਿਚ ਸਿੱਖਾਂ ਦੇ ਕੈਂਪ ਤੋਂ ਲਾਂਭੇ ਹੋ ਕੇ ਚਲਾ ਜਾਵੇ ਕਿਉਂ ਜੋ ਸਿੱਖ ਉਥੇ ਅੰਗਰੇਜ਼ਾਂ ਦਾ ਮੁਕਾਬਲਾ ਕਰਨ ਲਈ ਇਕੱਠੇ ਹੋਏ ਸਨ। ਫਿਰ ਵੀ ਸਿੱਖ ਫੌਜਾਂ ਨੇ ਅੰਗਰੇਜ਼ਾਂ 'ਤੇ ਹਮਲਾ ਕਰ ਦਿੱਤਾ। ਅੰਗਰੇਜ਼ ਸਿੱਖਾਂ ਦਾ ਮੁਕਾਬਲਾ ਨਾ ਕਰ ਸਕੇ ਅਤੇ ਉਹ ਲੁਧਿਆਣੇ ਵੱਲ ਪਿੱਛੇ ਹਟਣ ਲੱਗ ਪਏ। ਸਿੱਖਾਂ ਨੇ 69 ਅੰਗਰੇਜ਼ ਸੈਨਿਕ ਮਾਰ ਦਿੱਤੇ ਅਤੇ 64 ਜ਼ਖ਼ਮੀ ਕਰ ਦਿਤੇ; 77 ਸੈਨਿਕ ਗੁੰਮ ਦੱਸੇ ਗਏ, ਸ਼ਾਇਦ ਉਹ ਲੜਾਈ ਵਿਚੋਂ ਭੱਜ ਗਏ ਹੋਣਗੇ। ਸਿੱਖਾਂ ਨੇ ਕਈ ਅੰਗਰੇਜ਼ ਸੈਨਿਕ ਬੰਦੀ ਬਣਾ ਲਏ ਜਿਨ੍ਹਾਂ ਵਿਚ ਅੰਗਰੇਜ਼ ਫੌਜ ਦਾ ਡਾਕਟਰ ਬੋਰੋਨ ਵੀ ਸ਼ਾਮਿਲ ਸੀ। ਬਾਅਦ ਵਿਚ ਸਿੱਖਾਂ ਨੇ ਉਸ ਨੂੰ ਲਾਹੌਰ ਭੇਜ ਦਿੱਤਾ।

ਉਸ ਸਮੇਂ ਅੰਗਰੇਜ਼ ਕਮਾਂਡਰ ਬੜੇ ਪ੍ਰੇਸ਼ਾਨ ਸਨ ਅਤੇ ਉਹ ਸਿੱਧੇ ਰੂਪ ਵਿਚ ਸਿੱਖਾਂ 'ਤੇ ਹਮਲਾ ਕਰਨ ਤੋਂ ਡਰਦੇ ਸਨ ਸਗੋਂ ਉਹ ਸਿੱਖ ਕਮਾਂਡਰਾਂ ਦੀ ਗੱਦਾਰੀ 'ਤੇ ਨਿਰਭਰ ਕਰਦੇ ਸਨ। ਉਨ੍ਹਾਂ ਨੇ ਜੰਗ ਜਿੱਤਣ ਲਈ ਕਈ ਹੋਰ ਢੰਗ ਵੀ ਅਪਨਾਏ। ਗਵਰਨਰ ਜਨਰਲ ਨੇ ਸਿੱਖ ਸੈਨਿਕਾਂ ਵਿਚ ਇਹ ਸੁਨੇਹਾ ਭੇਜਿਆ ਕਿ ਜਿਹੜਾ ਸਿੱਖ ਫੌਜੀ ਭਗੌੜਾ ਬਣੇਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ ਅਤੇ ਉਸ ਨੂੰ ਪੈਨਸ਼ਨ ਵੀ ਮਿਲੇਗੀ। ਇਕ ਹੋਰ ਅੰਗਰੇਜ਼ ਅਫਸਰ ਪੋਟਰ ਜਿਹੜਾ ਤੋਪਖਾਨੇ ਦਾ ਇੰਚਾਰਜ ਸੀ, ਨੂੰ ਵਫਾਦਾਰ ਨਾ ਹੋਣ ਦੇ ਦੋਸ਼ ਵਿਚ 1826-27 ਵਿਚ ਨੌਕਰੀ ਤੋਂ ਕੱਢਿਆ ਹੋਇਆ ਸੀ, ਉਦੋਂ ਉਹ ਲੁਧਿਆਣੇ ਵਿਚ ਸੀ। ਜਦੋਂ ਉਸ ਨੇ ਲੜਾਈ ਵਿਚ ਅੰਗਰੇਜ਼ਾਂ ਦੀ ਕਮਜ਼ੋਰ ਸਥਿਤੀ ਦੇਖੀ ਤਾਂ ਉਹ ਅੰਗਰੇਜ਼ ਕਮਾਂਡਰ ਕੋਲ ਆਇਆ ਅਤੇ ਉਸ ਨੇ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ ਪਰ ਉਸ ਨੂੰ ਸਲਾਹ ਦਿੱਤੀ ਗਈ ਕਿ ਸਿੱਖਾਂ ਦੀ ਫੌਜ ਵਿਚ ਮਿਲ ਕੇ ਸਿੱਖ ਫੌਜ ਦੀ ਜਸੂਸੀ ਕਰੋ।

ਜਦੋਂ ਦੁਬਾਰਾ ਲੜਾਈ ਸ਼ੁਰੂ ਹੋਈ ਤਾਂ ਸਿੱਖਾਂ ਦੀ ਇਕ ਯੂਨਿਟ ਨੇ ਅਲੀਵਾਲ ਦੀ ਜਗ੍ਹਾ 'ਤੇ ਸਤਲੁਜ ਦਰਿਆ ਪਾਰ ਕਰ ਲਿਆ ਜਿਸ ਨਾਲ ਗਫ ਨੂੰ ਮਿਲਣ ਵਾਲੀ ਹਥਿਆਰਾਂ ਅਤੇ ਹੋਰ ਸਮਾਨ ਅਤੇ ਫੌਜ ਦੀ ਹੋਰ ਪੂਰਤੀ ਲਈ ਖਤਰਾ ਬਣ ਗਿਆ। ਸਰ ਹੈਰੀ ਸਮਿਥ ਦੀ ਅਗਵਾਈ ਵਿਚ ਇਕ ਡਿਵੀਜ਼ਨ ਫੌਜ ਨੂੰ ਉਸ ਸਮੱਸਿਆ ਦੇ ਹੱਲ ਲਈ ਅਲੀਵਾਲ ਭੇਜਿਆ ਗਿਆ। ਸਿੱਖ ਫੌਜਾਂ ਨੇ ਸਮਿਥ ਦੀ ਫੌਜ 'ਤੇ ਲਗਾਤਾਰ ਹਮਲੇ ਕੀਤੇ ਅਤੇ ਉਸ ਦਾ ਸਾਰਾ ਸਮਾਨ ਕਾਬੂ ਕਰ ਲਿਆ ਪਰ ਸਮਿਥ ਨੂੰ ਹੋਰ ਫੌਜੀ ਅਤੇ ਹਥਿਆਰਾਂ ਦੀ ਪੂਰਤੀ ਮਿਲ ਗਈ ਅਤੇ 28 ਜਨਵਰੀ 1846 ਨੂੰ ਉਸ ਨੂੰ ਅਲੀਵਾਲ ਦੀ ਲੜਾਈ ਵਿਚ ਜਿਤ ਪ੍ਰਾਪਤ ਹੋਈ ਤੇ ਸਿੱਖਾਂ ਨੂੰ ਪਿੱਛੇ ਧੱਕ ਦਿੱਤਾ ਗਿਆ।

ਕੁਝ ਸਮੇਂ ਬਾਅਦ ਸਿੱਖ ਫੌਜੀ ਥੋੜ੍ਹੀ ਜਿਹੀ ਗਿਣਤੀ ਵਿਚ ਅਲੀਵਾਲ ਦੇ ਸਥਾਨ 'ਤੇ ਇਕੱਠੇ ਹੋਏ। ਹੈਨਰੀ ਸਮਿਥ ਜਿਹੜਾ ਬੱਦੋਵਾਲ ਦੀ ਲੜਾਈ ਹਾਰ ਗਿਆ ਸੀ, ਜਨਰਲ ਗਫ ਨਾਲ ਮਿਲਣ ਲਈ ਰਿਜ਼ਰਵ ਫੌਜ ਲੈ ਕੇ ਆ ਰਿਹਾ ਸੀ। 28 ਜਨਵਰੀ ਨੂੰ ਜਦੋਂ ਉਸ ਨੂੰ ਕੁਝ ਸਿੱਖਾਂ ਦੇ ਅਲੀਵਾਲ ਦੀ ਜਗ੍ਹਾ 'ਤੇ ਇਕੱਠੇ ਹੋਏ ਹੋਣ ਬਾਰੇ ਪਤਾ ਲੱਗਾ ਤਾਂ ਉਸ ਨੇ ਇਕਦਮ ਉਨ੍ਹਾਂ 'ਤੇ ਹਮਲਾ ਕਰ ਦਿਤਾ। ਇਕ ਤੋਪਚੀ ਜਿਹੜਾ ਸਿੱਖ ਫੌਜ ਨੂੰ ਸਿਰਫ ਧੋਖਾ ਦੇਣ ਲਈ ਨਾਲ ਮਿਲਿਆ ਸੀ, ਨੇ ਤੋਪ ਦੇ ਗੋਲੇ ਅੰਗਰੇਜ਼ਾਂ ਤੋਂ ਉਪਰ ਵੱਲ ਦਾਗਣ ਦੇ ਹੁਕਮ ਦਿਤੇ। ਬਾਅਦ ਵਿਚ ਉਹ ਜਾਣ ਕੇ ਹੀ ਅੰਗਰੇਜ਼ਾਂ ਕੋਲ ਕੈਦ ਹੋ ਗਿਆ ਅਤੇ ਉਸ ਨੂੰ ਅੰਗਰੇਜ਼ੀ ਕੈਂਪ ਵਿਚ ਲਿਆਂਦਾ ਗਿਆ। ਹੈਨਰੀ ਸਮਿਥ ਜਿਸ ਦੀ ਬੱਦੋਵਾਲ ਵਿਚ ਹਾਰ ਹੋਈ ਸੀ, ਇਸ ਹਾਰ ਦਾ ਦਾਗ ਧੋਣਾ ਚਾਹੁੰਦਾ ਸੀ ਅਤੇ ਸਿੱਖਾਂ ਦੇ ਇਸ ਗਰੁੱਪ 'ਤੇ ਜਿੱਤ ਪ੍ਰਾਪਤ ਕਰਨਾ ਚਾਹੁੰਦਾ ਸੀ। ਅੰਗਰੇਜ਼ ਕਮਾਂਡਰਾਂ ਨੇ ਜੰਗ ਜਿੱਤਣ ਲਈ ਕਈ ਹੋਰ ਢੰਗ ਵੀ ਅਪਨਾਏ। ਉਹ ਇਸ ਗੱਲ ਲਈ ਵੀ ਕਾਮਯਾਬ ਹੋ ਗਏ ਕਿ ਉਨ੍ਹਾਂ ਨੇ ਆਪਣੇ ਕਈ ਆਦਮੀ ਸਿੱਖ ਫੌਜ ਵਿਚ ਦਾਖਲ ਕਰ ਦਿਤੇ ਤਾਂ ਕਿ ਬਾਅਦ ਵਿਚ ਉਹ ਧੋਖਾ ਅਤੇ ਗੱਦਾਰੀ ਕਰ ਜਾਣ। ਲੇਅਰ ਡਾਈ ਅਤੇ ਬੋਇਲੇ ਸਿੱਖ ਫੌਜ ਵਿਚ ਫਰਜ਼ੀ ਨਾਵਾਂ ਨਾਲ ਭਰਤੀ ਹੋਏ।

ਲਾਹੌਰ ਵਿਚ ਜੰਗ ਦੀ ਸਥਿਤੀ ਬਾਰੇ ਵਿਚਾਰ ਕੀਤੀ ਗਈ। ਰਾਜਾ ਗੁਲਾਬ ਸਿੰਘ 3000 ਸੈਨਿਕਾਂ ਨਾਲ ਲਾਹੌਰ ਆ ਗਿਆ। ਕਿਸੇ ਸਮੇਂ ਉਸ ਨੂੰ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਉਸ ਨੇ ਨਾਂਹ ਕਰ ਦਿੱਤੀ ਸੀ। ਉਸ ਦੇ ਅੰਗਰੇਜ਼ਾਂ ਨਾਲ ਗੁਪਤ ਸਬੰਧ ਸਨ। ਹੁਣ ਉਹ ਮੰਤਰੀ ਬਣਨ ਲਈ ਤਿਆਰ ਹੋ ਗਿਆ ਅਤੇ ਆਪਣੀ ਫੌਜ ਨਾਲ ਲਾਹੌਰ ਦਰਬਾਰ ਦੀ ਮਦਦ ਕਰਨ ਵਾਸਤੇ ਵੀ ਤਿਆਰ ਹੋ ਗਿਆ। ਅਸਲ ਵਿਚ ਉਸ ਦੇ ਕੁਝ ਆਪਣੇ ਉਦੇਸ਼ ਸਨ ਤਾਂ ਕਿ ਉਹ ਪਹਾੜੀ ਰਾਜਾਂ ਦਾ ਖੁਦਮੁਖਤਾਰ ਮਹਾਰਾਜਾ ਬਣ ਜਾਵੇ। ਉਸ ਨੇ 1845 ਵਿਚ ਅੰਗਰੇਜ਼ਾਂ ਨੂੰ ਸੁਨੇਹਾ ਭੇਜਿਆ ਸੀ ਕਿ ਜੇ ਜੰਗ ਹੋਈ ਤਾਂ ਉਹ ਉਨ੍ਹਾਂ ਦੀ ਮਦਦ ਕਰੇਗਾ।

ਦੂਸਰੀ ਤਰਫ ਅੰਗਰੇਜ਼ ਫੌਜ ਦੀ ਹਾਲਤ ਤਰਸਯੋਗ ਸੀ। ਉਨ੍ਹਾਂ ਕੋਲ ਬਰੂਦ ਅਤੇ ਹਥਿਆਰਾਂ ਦਾ ਜਖੀਰਾ ਮੁੱਕ ਗਿਆ ਸੀ। ਜੇ ਉਸ ਵਕਤ ਉਨ੍ਹਾਂ ਨੂੰ ਦਿੱਲੀਓਂ ਆਉਣ ਵਾਲੀ ਪੂਰਤੀ ਰੋਕੀ ਜਾਂਦੀ ਤਾਂ ਉਨ੍ਹਾਂ ਦੀ ਹਾਲਤ ਹੋਰ ਵੀ ਗੰਭੀਰ ਹੋ ਜਾਣੀ ਸੀ। ਅੰਗਰੇਜ਼ਾਂ ਨੂੰ ਆਪਣੀ ਜਿੱਤ 'ਤੇ ਸੰਦੇਹ ਸੀ। ਉਹ ਕੋਈ ਸਮਝੌਤਾ ਵੀ ਕਰਨਾ ਚਾਹੁੰਦੇ ਸਨ ਪਰ ਰਾਜਾ ਗੁਲਾਬ ਸਿੰਘ ਨੇ ਲਾਰਡ ਹਾਰਡਿੰਗ ਨਾਲ ਗੁਪਤ ਸਮਝੌਤਾ ਕਰ ਲਿਆ ਸੀ। ਸਭਰਾਵਾਂ ਦੀ ਲੜਾਈ ਤਾਂ ਅੰਗੇਰਜ਼ਾਂ ਦੀ ਜਿੱਤ ਲਈ ਹੀ ਲੜੀ ਗਈ ਸੀ।

ਹੁਣ ਸਾਰੀਆਂ ਸਿੱਖ ਫੌਜਾਂ ਸਤਲੁਜ ਦਰਿਆ ਦੇ ਖੱਬੇ ਕੰਢੇ 'ਤੇ ਫਤਿਹਗੜ੍ਹ ਸਭਰਾਵਾਂ ਦੀ ਜਗ੍ਹਾ ਇਕੱਠੀਆਂ ਹੋਈਆਂ। ਸਿੱਖਾਂ ਦੀ ਕੁੱਲ ਫੌਜ ਕੋਈ 20 ਹਜ਼ਾਰ ਸੀ। ਪਹਿਲੀਆਂ ਚਾਰ ਲੜਾਈਆਂ ਵਿਚ ਸਿੱਖਾਂ ਦਾ ਭਾਵੇਂ ਵੱਡਾ ਨੁਕਸਾਨ ਹੋ ਗਿਆ ਸੀ, ਫਿਰ ਵੀ ਜੇ ਸਿੱਖ ਜਰਨੈਲ ਗਦਾਰੀ ਨਾ ਕਰਦੇ ਤਾਂ ਸਿੱਟੇ ਸਿੱਖਾਂ ਦੇ ਹੱਕ ਦੇ ਹੋ ਸਕਦੇ ਸਨ। ਇਹ ਦੁਖਦਾਈ ਗੱਲ ਹੈ ਕਿ ਸਿੱਖ ਜਰਨੈਲ ਆਪਣੀ ਹੀ ਫੌਜ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ। ਪਹਿਲਾਂ ਹੀ ਸਿੱਖਾਂ ਦਾ ਕਾਫੀ ਬਰੂਦ ਅਤੇ ਹਥਿਆਰ ਖਤਮ ਹੋ ਗਏ ਸਨ। ਹੁਣ ਉਨ੍ਹਾਂ ਕੋਲ ਸਿਰਫ 67 ਤੋਪਾਂ ਅਤੇ ਸਿਰਫ 200 ਜੰਮਬੂਰਕੇ ਸਨ। ਪਹਿਲੀਆਂ ਚਾਰ ਲੜਾਈਆਂ ਵਿਚ ਸਿੱਖਾਂ ਦੀ ਹਾਰ ਦੇ ਕਾਰਨਾਂ ਬਾਰੇ ਵਿਚਾਰ ਕਰਦਿਆਂ ਸ਼ਾਮ ਸਿੰਘ ਅਟਾਰੀਵਾਲਾ ਜਿਹੜਾ ਬਜ਼ੁਰਗ ਜਰਨੈਲ ਅਤੇ ਸਿੱਖ ਦਰਬਾਰ ਦਾ ਵਫਾਦਾਰ ਸੀ, ਆਪਣੀ ਜ਼ਾਤੀ ਫੌਜ ਲੈ ਕੇ ਮੈਦਾਨ ਵਿਚ ਆ ਗਿਆ। ਲੜਾਈ ਸ਼ੁਰੂ ਹੋਣ ਤੋਂ ਪਹਿਲਾ ਲਾਲ ਸਿੰਘ ਦਾ ਸੁਨੇਹਾ ਲੈ ਕੇ ਇਕ ਵਿਅਕਤੀ ਅੰਗਰੇਜ਼ ਅਫਸਰ ਨਿਕਲਸਨ ਨੂੰ ਮਿਲਿਆ ਅਤੇ ਉਸ ਨੂੰ ਮਦਦ ਕਰਨ ਵਾਲਾ ਗੁਪਤ ਖਤ ਦਿੱਤਾ।

ਹੁਣ 7 ਫਰਵਰੀ 1846 ਨੂੰ ਅੰਗਰੇਜ਼ਾਂ ਨੂੰ ਹੋਰ ਫੌਜੀ ਅਤੇ ਹਥਿਆਰ ਮਿਲ ਗਏ ਸਨ। ਹੈਰੀ ਸਮਿਥ, ਗਿਲਬਰਟ ਅਤੇ ਰਾਬਰਟ ਡਿਕ ਦੀਆਂ ਫੌਜਾਂ ਵੀ ਅੰਗਰੇਜ਼ ਫੌਜਾਂ ਵਿਚ ਆ ਮਿਲੀਆਂ ਸਨ। 8 ਫਰਵਰੀ 1846 ਨੂੰ ਉਹ ਸਾਰੀਆਂ ਫੌਜਾਂ ਜਨਰਲ ਗਫ ਦੀ ਕਮਾਂਡ ਅਧੀਨ ਇਕੱਠੀਆਂ ਹੋ ਗਈਆਂ। 9 ਫਰਵਰੀ ਦਾ ਸਾਰਾ ਦਿਨ ਅੰਗਰੇਜ਼ ਫੌਜਾਂ ਆਪਣੀ ਤਿਆਰੀ ਵਿਚ ਰੁੱਝੀਆਂ ਰਹੀਆਂ। ਉਨ੍ਹਾਂ ਕੋਲ 15 ਹਜ਼ਾਰ ਪੈਦਲ ਸੈਨਿਕ, 10 ਹਜ਼ਾਰ ਘੋੜਸਵਾਰ ਅਤੇ 120 ਤੋਪਾਂ ਸਨ।

ਇਉਂ ਗਫ ਦੀ ਫੌਜ ਨੂੰ ਵੀ ਹੋਰ ਫੌਜੀ ਤੇ ਹਥਿਆਰ ਮਿਲ ਗਏ ਅਤੇ ਉਸ ਨਾਲ ਸਮਿਥ ਦੀ ਫੌਜ ਵੀ ਮਿਲ ਗਈ। ਉਸ ਸਾਰੀ ਅੰਗਰੇਜ਼ ਫੌਜ ਨੇ 10 ਫਰਵਰੀ ਨੂੰ ਸਭਰਾਵਾਂ ਦੀ ਜਗ੍ਹਾ 'ਤੇ ਵੱਡਾ ਹਮਲਾ ਕਰ ਦਿੱਤਾ। ਤੇਜ ਸਿੰਘ ਲੜਾਈ ਵਿਚੋਂ ਪਹਿਲਾਂ ਹੀ ਪਿੱਛੇ ਹਟ ਗਿਆ, ਭਾਵੇਂ ਸਿੱਖ ਫੌਜ ਬੜੀ ਬਹਾਦਰੀ ਨਾਲ ਫਿਰੋਜ਼ਸ਼ਾਹ ਵਾਂਗ ਇੱਥੇ ਲੜਦੀ ਰਹੀ ਪਰ ਅਖੀਰ ਵਿਚ ਗਫ ਦੀ ਫੌਜ ਉਨ੍ਹਾਂ 'ਤੇ ਹਾਵੀ ਹੋ ਗਈ। ਦਰਿਆ ਦੇ ਪੁਲ ਤੇਜ ਸਿੰਘ ਦੇ ਹੁਕਮਾਂ ਨਾਲ ਤਬਾਹ ਕਰ ਦਿੱਤੇ ਗਏ। ਸਿੱਖ ਫੌਜ ਘੇਰੇ ਵਿਚ ਆ ਗਈ ਪਰ ਉਨ੍ਹਾਂ ਵਿਚੋਂ ਕਿਸੇ ਵੀ ਫੌਜੀ ਨੇ ਆਤਮ-ਸਮਰਪਣ ਨਾ ਕੀਤਾ ਅਤੇ ਅੰਗਰੇਜ਼ੀ ਫੌਜ ਨੇ ਕੋਈ ਤਰਸ ਜਾਂ ਹਮਦਰਦੀ ਵੀ ਨਾ ਦਿਖਾਈ। ਇਸ ਹਾਰ ਨਾਲ ਸਿੱਖ ਫੌਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

10 ਫਰਵਰੀ ਵਾਲਾ ਦਿਨ ਚੜ੍ਹਦਿਆਂ ਹੀ ਦੋਵੇਂ ਫੌਜਾਂ ਆਪੋ-ਆਪਣੀਆਂ ਤੋਪਾਂ ਨਾਲ ਗੋਲਾਬਾਰੀ ਕਰਨ ਲੱਗ ਪਈਆਂ। ਇਹ ਗੋਲਾਬਾਰੀ ਤਿੰਨ ਘੰਟੇ ਹੁੰਦੀ ਰਹੀ। ਦੋਵੇਂ ਫੌਜਾਂ ਆਪੋ-ਆਪਣੀ ਜਗ੍ਹਾ 'ਤੇ ਮਜ਼ਬੂਤ ਸਥਿਤੀ ਵਿਚ ਸਨ। ਅੰਗਰੇਜ਼ ਕਮਾਂਡਰ ਰਾਬਰਟ ਡਿਕ ਆਪਣੇ ਸੈਨਿਕਾਂ ਨਾਲ ਅੱਗੇ ਵਧ ਰਿਹਾ ਸੀ ਪਰ ਉਹ ਜ਼ਖ਼ਮੀ ਹੋ ਗਿਆ ਅਤੇ ਪਿੱਛੇ ਹਟ ਗਿਆ। ਸਿੱਖ ਫੌਜਾਂ ਮਿਸਾਲੀ ਬਹਾਦਰੀ ਨਾਲ ਲੜ ਰਹੀਆਂ ਸਨ ਅਤੇ ਦ੍ਰਿੜ ਸਨ ਪਰ ਬਗੈਰ ਕਿਸੇ ਕਾਰਨ ਲਾਲ ਸਿੰਘ ਮੈਦਾਨ ਵਿਚੋਂ ਭੱਜ ਗਿਆ। ਉਸ ਦੇ ਮਗਰ ਹੀ ਤੇਜ ਸਿੰਘ ਜਿਸ ਦੇ ਨਾਲ 6000 ਕੁ ਹਜ਼ਾਰ ਫੌਜੀ ਸਨ, ਵੀ ਭੱਜ ਗਿਆ।

ਤੇਜ ਸਿੰਘ ਨੇ ਆਪਣੀ ਗੱਦਾਰੀ ਨੂੰ ਇਥੋਂ ਤਕ ਹੀ ਸੀਮਤ ਨਾ ਰੱਖਿਆ। ਉਹ ਬੇੜੀਆਂ ਦੇ ਬਣਾਏ ਹੋਏ ਪੁਲਾਂ ਦਾ ਇੰਚਾਰਜ ਵੀ ਸੀ। ਉਸ ਨੇ ਉਹ ਪੁਲ ਤੋੜ ਦਿੱਤਾ। ਉਸ ਨੇ ਬਰੂਦ ਦੀਆਂ ਭਰੀਆਂ ਹੋਈਆਂ ਬੇੜੀਆਂ ਨੂੰ ਦਰਿਆ ਵਿਚ ਸੁੱਟ ਦਿੱਤਾ ਪਰ ਸਿੱਖ ਸੈਨਿਕਾਂ ਨੇ ਆਪਣੀ ਲੜਾਈ ਜਾਰੀ ਰੱਖੀ। ਜਦੋਂ ਉਨ੍ਹਾਂ ਦੇਖਿਆ ਕਿ ਉਨ੍ਹਾਂ ਦਾ ਅਸਲ੍ਹਾ ਖਤਮ ਹੋ ਰਿਹਾ ਹੈ ਤਾਂ ਉਨ੍ਹਾਂ ਹੋਰ ਬਰੂਦ ਦੀ ਮੰਗ ਕੀਤੀ। ਜਦੋਂ ਬਰੂਦ ਦੇ ਡੱਬੇ ਖੋਲ੍ਹੇ ਗਏ ਤਾਂ ਉਨ੍ਹਾਂ ਵਿਚ ਸਰ੍ਹੋਂ ਅਤੇ ਰੇਤ ਨਿਕਲੀ। ਤੋਪਾਂ ਨਾਲ ਗੋਲਾਬਾਰੀ ਤਾਂ ਲਗਾਤਾਰ ਹੋ ਰਹੀ ਸੀ ਪਰ ਤੋਪਚੀ ਮੁਸਲਿਮ ਸਨ। ਉਹ ਇਸ ਤਰ੍ਹਾਂ ਗੋਲਾਬਾਰੀ ਕਰ ਰਹੇ ਸਨ ਕਿ ਗੋਲੇ ਅੰਗਰੇਜ਼ਾਂ ਤੋਂ ਅੱਗੇ ਜਾ ਕੇ ਡਿੱਗ ਰਹੇ ਸਨ। ਇਉਂ ਇਸ ਗੋਲਾਬਾਰੀ ਦਾ ਅੰਗਰੇਜ਼ਾਂ ਨੂੰ ਕੋਈ ਨੁਕਸਾਨ ਨਹੀਂ ਸੀ ਹੋ ਰਿਹਾ।

ਇਸ ਨੂੰ ਕਿਸੇ ਵੀ ਸੂਰਤ ਵਿਚ ਜੰਗ ਨਹੀਂ ਕਿਹਾ ਜਾ ਸਕਦਾ। ਇਸ ਵਿਚ ਕਮਾਂਡਰ ਵਫਾਦਾਰ ਹੀ ਨਹੀਂ ਸਨ। ਉਨ੍ਹਾਂ ਦੇ ਦਿਲਾਂ ਅੰਦਰ ਤਾਂ ਸਗੋਂ ਬੇਈਮਾਨੀ ਸੀ ਜਿਸ ਦੇ ਸਿੱਟੇ ਵਜੋਂ ਵੱਡੀ ਗਿਣਤੀ ਵਿਚ ਸਿੱਖ ਫੌਜੀ ਮਾਰੇ ਗਏ। ਜਦੋਂ ਅੰਗਰੇਜ਼ ਫੌਜ ਸਿੱਖਾਂ ਦੇ ਮੋਰਚਿਆਂ ਵਿਚ ਦਾਖਲ ਹੋਈ ਤਾਂ ਉਨ੍ਹਾਂ ਦੇਖਿਆ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਜਿਸ ਨੇ ਸਫੈਦ ਕੱਪੜੇ ਪਾਏ ਹੋਏ ਸਨ, ਸਫੈਦ ਘੋੜੇ 'ਤੇ ਜੰਗ ਦੇ ਮੈਦਾਨ ਵਿਚ ਦਾਖਲ ਹੋਇਆ ਹੈ। ਉਸ ਨੇ ਸਥਿਤੀ ਤਾੜ ਲਈ; ਉਹ ਕੁਰਬਾਨੀ ਦੀ ਭਾਵਨਾ ਨਾਲ ਆਪਣੇ ਸੈਨਿਕਾਂ ਨੂੰ ਹੱਲਾਸ਼ੇਰੀ ਦੇ ਰਿਹਾ ਸੀ। ਦੂਸਰੀ ਤਰਫ ਸਿੱਖ ਸੈਨਿਕਾਂ ਨੂੰ ਵੀ ਆਪਣੇ ਬਜ਼ੁਰਗ ਜਰਨੈਲ ਨੂੰ ਵੇਖ ਕੇ ਵੱਡਾ ਹੌਸਲਾ ਮਿਲਿਆ ਪਰ ਜਦੋਂ ਸਿੱਖਾਂ ਕੋਲ ਅਸਲ੍ਹਾ ਹੀ ਨਹੀ ਸੀ ਤਾਂ ਅੰਗਰੇਜ਼ ਜਿਨ੍ਹਾਂ ਕੋਲ ਬਹੁਤ ਵੱਡੀ ਮਾਤਰਾ ਵਿਚ ਅਸਲ੍ਹਾ ਤੇ ਹਥਿਆਰ ਸਨ, ਉਨ੍ਹਾਂ ਦਾ ਮੁਕਾਬਲਾ ਕਰਨਾ ਕਿੰਨਾ ਮੁਸ਼ਕਿਲ ਸੀ। ਆਪਣੀ ਹਾਰ ਸਾਹਮਣੇ ਦੇਖਦਿਆਂ ਵੀ ਨਾ ਕਿਸੇ ਸਿੱਖ ਨੇ ਆਤਮ-ਸਮਰਪਣ ਕੀਤਾ, ਨਾ ਹੀ ਕਿਸੇ ਨੇ ਆਪਣੀ ਜਾਨ ਦੀ ਭੀਖ ਮੰਗੀ, ਉਹ ਅਖੀਰ ਤੱਕ ਲੜੇ।

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਹੱਥ ਵਿਚ ਤਲਵਾਰ ਲੈ ਕੇ ਵੱਡੀ ਤਾਕਤ ਨਾਲ ਅੰਗਰੇਜ਼ਾਂ ਦੀ ਫੌਜ ਤੋਂ ਹਮਲਾ ਕੀਤਾ ਪਰ ਸਿੱਖ ਫੌਜ ਨੂੰ ਵੱਡੀ ਗੋਲਾਬਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ 7 ਗੋਲੀਆਂ ਲੱਗੀਆਂ ਅਤੇ ਉਹ ਸ਼ਹੀਦ ਹੋ ਗਿਆ। ਉਸ ਵੇਲੇ ਸਿੱਖ ਫੌਜਾਂ ਵਿਚ ਨਿਰਾਸ਼ਾ ਛਾ ਗਈ ਅਤੇ ਪਿੱਛੇ ਹਟਣ ਲੱਗ ਪਈ। ਸਿੱਖ ਕਮਾਂਡਰ ਸਰਦਾਰ ਮੇਵਾ ਸਿੰਘ ਅਤੇ ਸਰਦਾਰ ਜੈਮਲ ਸਿੰਘ ਵੀ ਸ਼ਹੀਦ ਹੋ ਗਏ। ਬਹੁਤ ਸਾਰੇ ਸਿੱਖ ਅਤੇ ਅੰਗਰੇਜ਼ ਫੌਜੀਆਂ ਦੀਆਂ ਲਾਸ਼ਾਂ ਦਰਿਆ ਸਤਲੁਜ ਵਿਚ ਵਹਿ ਰਹੀਆਂ ਸਨ। ਅੰਗਰੇਜ਼ ਭਾਵੇਂ ਜੰਗ ਤਾਂ ਜਿੱਤ ਗਏ ਸਨ ਪਰ ਉਹ ਜਾਣਦੇ ਸਨ ਕਿ ਉਹ ਬਲ ਨਾਲ ਨਹੀਂ ਬਲਕਿ ਸਿੱਖ ਕਮਾਂਡਰਾਂ ਦੀ ਗੱਦਾਰੀ ਕਰ ਕੇ ਜਿੱਤੇ ਹਨ; ਇਸ ਵਿਚ ਉਨ੍ਹਾਂ ਦੀ ਫੌਜ ਦੀ ਕੋਈ ਬਹਾਦਰੀ ਨਹੀਂ ਸੀ। ਜੇ ਸਿੱਖ ਜਰਨੈਲ ਦੇਸ਼ ਭਗਤ ਅਤੇ ਵਫਾਦਾਰ ਹੁੰਦੇ ਤਾਂ ਇਸ ਅੰਗਰੇਜ਼ ਅਤੇ ਸਿੱਖਾਂ ਵਿਚਕਾਰ ਹੋਈ ਇਸ ਜੰਗ ਦੇ ਸਿੱਟੇ ਵੀ ਕੁੱਝ ਹੋਰ ਹੁੰਦੇ ਅਤੇ ਭਾਰਤ ਦਾ ਇਤਿਹਾਸ ਵੀ ਕੁੱਝ ਹੋਰ ਹੁੰਦਾ। 10 ਫਰਵਰੀ ਤੱਕ ਅੰਗਰੇਜ਼ਾਂ ਨੂੰ ਪੂਰੀ ਜਿਤ ਮਿਲ ਗਈ। ਉਨ੍ਹਾਂ ਨੇ ਸਿੱਖਾਂ ਦੀਆਂ 60 ਤੋਪਾਂ ਅਤੇ 200 ਬੰਦੂਕਾਂ ਵੀ ਕਬਜ਼ੇ ਵਿਚ ਲੈ ਲਈਆਂ।

ਇਸ ਜੰਗ ਵਿਚ 13 ਅੰਗਰੇਜ਼ ਅਫਸਰ ਮਾਰੇ ਗਏ ਤੇ 101 ਅਫਸਰ ਜ਼ਖਮੀ ਹੋਏ ਜਦੋਂ ਕਿ ਕੁੱਲ 320 ਸੈਨਿਕ ਮਰੇ ਅਤੇ 2063 ਜ਼ਖ਼ਮੀ ਹੋਏ ਪਰ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਇਹ ਦੱਸਿਆ ਗਿਆ ਕਿ ਕੁੱਲ 5000 ਤੋਂ 8000 ਤੱਕ ਸਿੱਖ ਸੈਨਿਕ ਮਾਰੇ ਗਏ। ਇਨ੍ਹਾਂ ਸਾਰੀਆਂ ਲੜਾਈਆਂ ਵਿਚ ਕੋਈ 15000 ਸੈਨਿਕ ਮਾਰੇ ਗਏ ਸਨ। ਜੇ ਇਸ ਜੰਗ ਦੀ ਪੜਚੋਲ ਕਰੀਏ ਤਾਂ ਸਪਸ਼ਟ ਸਾਹਮਣੇ ਆਉਂਦਾ ਹੈ ਕਿ ਸਿੱਖਾਂ ਦੀ ਹਾਰ ਦਾ ਕਾਰਨ ਸਿੱਖ ਕਮਾਂਡਰਾਂ ਦਾ ਵਫਾਦਾਰ ਨਾ ਹੋਣਾ ਅਤੇ ਧੋਖਾ ਤੇ ਗੱਦਾਰੀ ਸੀ। ਅੰਗਰੇਜ਼ ਉਸ ਸਮੇਂ ਦੁਨੀਆ ਦੀ ਬਹੁਤ ਵੱਡੀ ਤਾਕਤ ਸੀ। ਉਨ੍ਹਾਂ ਕੋਲ ਵੱਡੀ ਗਿਣਤੀ ਵਿਚ ਉਸ ਵਕਤ ਦੇ ਨਵੀਨ ਹਥਿਆਰ ਸਨ। ਸਿੱਖ ਫੌਜਾਂ ਵਿਚ ਯੂਰਪੀ ਅਫ਼ਸਰ ਸਨ ਜਿਨ੍ਹਾਂ ਕੋਲ ਸਿੱਖ ਫੌਜ ਦੇ ਸਾਰੇ ਭੇਤ ਸਨ। ਅੰਗਰੇਜ਼ਾਂ ਨੇ ਉਸ ਜਾਣਕਾਰੀ ਦਾ ਲਾਭ ਲਿਆ ਅਤੇ ਉਸ ਜਾਣਕਾਰੀ ਨੂੰ ਅੰਗਰੇਜ਼ਾਂ ਕੋਲ ਭੇਜ ਦਿੱਤਾ ਗਿਆ ਸੀ। ਕੁਝ ਮੁਸਲਿਮ ਅਫਸਰ ਵੀ ਇਸ ਲੜਾਈ ਵਿਚ ਵਫਾਦਾਰੀ ਨਾਲ ਨਹੀਂ ਲੜੇ; ਖਾਸ ਕਰ ਕੇ ਸਭਰਾਵਾਂ ਦੀ ਲੜਾਈ ਵਿਚ। ਮੁਸਲਿਮ ਤੋਪਚੀ ਤੋਪਾਂ ਦੇ ਗੋਲ ਅੰਗਰੇਜ਼ ਫੌਜ ਤੋਂ ਅੱਗੇ ਸੁੱਟਦਾ ਰਿਹਾ ਜਿਸ ਨਾਲ ਅੰਗਰੇਜ਼ਾਂ ਦਾ ਕੋਈ ਨੁਕਸਾਨ ਨਾ ਹੋਇਆ।

*ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਹੱਥ ਵਿਚ ਤਲਵਾਰ ਲੈ ਕੇ ਵੱਡੀ ਤਾਕਤ ਨਾਲ ਅੰਗਰੇਜ਼ਾਂ ਦੀ ਫੌਜ ਤੋਂ ਹਮਲਾ ਕੀਤਾ ਪਰ ਸਿੱਖ ਫੌਜ ਨੂੰ ਵੱਡੀ ਗੋਲਾਬਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ 7 ਗੋਲੀਆਂ ਲੱਗੀਆਂ ਅਤੇ ਉਹ ਸ਼ਹੀਦ ਹੋ ਗਿਆ। ਉਸ ਵੇਲੇ ਸਿੱਖ ਫੌਜਾਂ ਵਿਚ ਨਿਰਾਸ਼ਾ ਛਾ ਗਈ ਅਤੇ ਪਿੱਛੇ ਹਟਣ ਲੱਗ ਪਈ। ਸਿੱਖ ਕਮਾਂਡਰ ਸਰਦਾਰ ਮੇਵਾ ਸਿੰਘ ਅਤੇ ਸਰਦਾਰ ਜੈਮਲ ਸਿੰਘ ਵੀ ਸ਼ਹੀਦ ਹੋ ਗਏ। ਬਹੁਤ ਸਾਰੇ ਸਿੱਖ ਅਤੇ ਅੰਗਰੇਜ਼ ਫੌਜੀਆਂ ਦੀਆਂ ਲਾਸ਼ਾਂ ਦਰਿਆ ਸਤਲੁਜ ਵਿਚ ਵਹਿ ਰਹੀਆਂ ਸਨ। ਅੰਗਰੇਜ਼ ਭਾਵੇਂ ਜੰਗ ਤਾਂ ਜਿੱਤ ਗਏ ਸਨ ਪਰ ਉਹ ਜਾਣਦੇ ਸਨ ਕਿ ਉਹ ਬਲ ਨਾਲ ਨਹੀਂ ਬਲਕਿ ਸਿੱਖ ਕਮਾਂਡਰਾਂ ਦੀ ਗੱਦਾਰੀ ਕਰ ਕੇ ਜਿੱਤੇ ਹਨ; ਇਸ ਵਿਚ ਉਨ੍ਹਾਂ ਦੀ ਫੌਜ ਦੀ ਕੋਈ ਬਹਾਦਰੀ ਨਹੀਂ ਸੀ। ਜੇ ਸਿੱਖ ਜਰਨੈਲ ਦੇਸ਼ ਭਗਤ ਅਤੇ ਵਫਾਦਾਰ ਹੁੰਦੇ ਤਾਂ ਇਸ ਅੰਗਰੇਜ਼ ਅਤੇ ਸਿੱਖਾਂ ਵਿਚਕਾਰ ਹੋਈ ਇਸ ਜੰਗ ਦੇ ਸਿੱਟੇ ਵੀ ਕੁੱਝ ਹੋਰ ਹੁੰਦੇ ਅਤੇ ਭਾਰਤ ਦਾ ਇਤਿਹਾਸ ਵੀ ਕੁੱਝ ਹੋਰ ਹੁੰਦਾ।*

ਕਹਾਣੀ

# ਮੁੜਦਾ ਫੇਰਾ

ਅੱਜ ਕੁਝ ਜ਼ਰੂਰੀ ਈਮੇਲਾਂ ਲਿਖਣ ਕਰਕੇ ਮੈਂ ਕਲਾਸ ਦੇ ਕਮਰੇ ਵਿਚ ਆਉਣ ਦੀ ਬਜਾਏ ਦਫ਼ਤਰ ਵਿਚ ਹੀ ਬੈਠ ਗਈ ਹਾਂ। ਆਲੀਆ ਦਰਵਾਜ਼ੇ 'ਤੇ ਦਸਤਕ ਦਿੰਦੇ ਹੋਏ, ਸਿੱਧੀ ਮੇਰੇ ਡੈਸਕ ਤੱਕ ਆ ਗਈ ਹੈ।

'ਸਲਾਮਾ ਲੇਕਮ ਆਲੀਆ ਜਾਨ! ਅੱਜ ਬੜੀ ਖ਼ੁਸ਼ ਲੱਗ ਰਹੀ ਆਂ। ਏਦਾਂ ਲੱਗਦਾ, ਜਿੰਦਾਂ ਹੁਣੇ ਚੰਬਾ ਖਿੜਿਆ ਹੋਵੇ।'

"ਬਾ ਲੇਕਮ ਸਲਾਮ! ਮਿਸ ਕੀਰਤੀ, ਠੀਕ ਪਛਾਣਿਆ। ਸੱਚੀਂ ਅੱਜ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨ੍ਹੀਂ। ਮੰਮ ਏਧਰ ਮੂਵ ਹੋ ਰਹੀ ਆ। ਉਹਨੇ ਫੋਨ 'ਤੇ ਦੱਸਿਆ।"

ਮੈਂ ਆਲੀਆ ਦੀ ਖ਼ੁਸ਼ੀ ਵਿਚ ਸ਼ਰੀਕ ਹੋਣ ਲਈ ਆਪਣੀਆਂ ਦੋਵੇਂ ਬਾਹਵਾਂ ਖੋਲ੍ਹੀਆਂ ਨੇ। ਮੇਰੇ ਗਲ ਲੱਗਦੇ ਹੀ ਉਸ ਦੀਆਂ ਅੱਖਾਂ 'ਚੋਂ ਪਾਣੀ ਸਿੰਮ ਪਿਐ।

"ਇਹ ਤਾਂ ਮੁਬਾਰਕ ਵਾਲੀ ਗੱਲ ਹੋਈ! ਅੱਖਾਂ ਕਿਉਂ ਭਰੀਆਂ? ਤੈਨੂੰ ਤਾਂ ਸਗੋਂ ਖ਼ੁਸ਼ ਹੋਣਾ ਚਾਹੀਦਾ। ਹੁਣੇ ਤਾਂ ਖਿੜੀ ਪਈ ਸੀ?"

"ਧੰਨਵਾਦ ਮਿਸ ਕੀਰਤੀ! ਇਹ ਖ਼ੁਸ਼ੀ ਦੇ ਅੱਥਰੂ ਨੇ। ਮੰਮ ਨਾਲ ਬਹੁਤ ਦੇਰ ਬਾਅਦ ਗੱਲ ਕੀਤੀ ਨਾ। ਏਸੇ ਕਰਕੇ ਖ਼ੁਸ਼ੀ ਸਾਂਭ ਨ੍ਹੀਂ ਹੋ ਰਹੀ।"

**ਲਾਜ ਨੀਲਮ ਸੈਣੀ**
**ਫੋਨ: 510-502-0051**

"...ਤਾਂ ਫੇਰ ਇਹ ਖ਼ੁਸ਼ੀ ਦਾ ਦਰਿਆ ਵਗ ਰਿਹੈ!"

"ਹਾਂ! ਸੱਚੀਂ, ਮੈਂ ਤਾਂ ਫੋਨ ਸੁਣਦੇ ਸਾਰ ਈ ਕਮਲ਼ੀ ਜਹੀ ਹੋ ਗਈ। ਪੈਰੀਂ ਜੁੱਤੀ ਪਾਉਣੀ ਵੀ ਭੁੱਲ ਗਈ। ਮੈਨੂੰ ਤਾਂ ਸਮਝ ਨਾ ਆਵੇ ਕਿ ਮੈਂ ਆਪਣੀ ਇਹ ਖ਼ੁਸ਼ੀ ਕਿਹਦੇ 'ਨਾ ਸਾਂਝੀ ਕਰਾਂ? ਤੁਆਡੇ ਤੋਂ ਵੱਧ ਮੈਨੂੰ ਕੌਣ ਜਾਣਦਾ? ਏਸੇ ਲਈ ਮੈਂ ਏਧਰ ਨੂੰ ਭੱਜੀ ਆਈ। ਪਲੀਜ਼ ਹੁਣ ਜ਼ੇਨਾ 'ਨਾ ਪੰਜਾਬੀ ਬੋਲਿਆ ਕਰੋ।"

"ਹਾਂ, ਪੰਜਾਬੀ ਬੋਲਣੀ ਬਹੁਤ ਜ਼ਰੂਰੀ ਆ ਪਰ ਹੁਣ ਤਾਂ ਕਈ ਵਾਰੀ ਮੈਂ ਖੁਦ ਵੀ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਦੀ ਤਿਨਚੌਲੀ ਬਣਾ ਦਿੰਨੀ ਆਂ। ਪੂਰੀ ਕੋਸ਼ਿਸ਼ ਕਰਾਂਗੀ। ਤੂੰ ਇਹ ਦੱਸ ਪਈ ਕਈ ਸਾਲਾਂ ਬਾਅਦ ਮਾਂ ਨਾਲ ਗੱਲ ਕਰ ਕੇ ਕਿੱਦਾਂ ਲੱਗਿਆ?"

"ਏਦਾਂ ਲੱਗਿਆ, ਜਿੱਦਾਂ ਸਿੱਧੀ ਅੱਲਾ 'ਨਾ ਗੱਲ ਕੀਤੀ ਹੋਵੇ। ਮੰਮ ਬਹੁਤ ਰੋਂਦੀ ਸੀ। ਕਹਿੰਦੀ ਮੇਰੀਆਂ ਆਂਦਰਾਂ ਤੜਫਦੀਆਂ ਸੀ। ਉੱਪਰ ਜਾ ਕੇ ਤੇਰੇ ਡੈਡ ਨੂੰ ਕਿਹੜਾ ਮੂੰਹ ਦਿਖਾਊਂ? ਨਾਲੇ ਪੁੱਛਦੀ ਸੀ ਕਿ ਤੂੰ ਖ਼ੁਸ਼ ਵੀ ਆਂ? ਦੋਹਤੀਆਂ ਕਿੱਡੀਆਂ ਕੁ ਹੋ ਗਈਆਂ। ਦੇਖਣ ਨੂੰ ਮਨ ਕਰਦਾ। ਮੈਂ ਵੀ ਹਟਕੋਰਾ ਭਰ ਕੇ ਕਿਹਾ ਕਿ ਮੰਮ ਇਕ ਤੇਰੇ ਪਿਆਰ ਦੀ ਕਮੀ ਰੜਕਦੀ ਰਹਿੰਦੀ ਸੀ। ਓਦਾਂ ਤਾਂ ਮੈਂ ਖ਼ੁਸ਼ ਆਂ।"

"ਤੇਰੀ ਇਹ ਗੱਲ ਤਾਂ ਸੋਲ੍ਹਾਂ ਆਨੇ ਸੱਚ ਆ, ਆਲੀਆ ਜਾਨ।"

"...ਪਰ ਮੇਰਾ ਦਿਲ ਉਦਾਸ ਹੋ ਗਿਆ। ਇਨ੍ਹਾਂ ਨੂੰ ਤਾਂ ਪੰਜਾਬੀ ਬੋਲਣੀ ਨ੍ਹੀਂ ਆਉਂਦੀ। ਮੰਮ 'ਨਾ ਗੱਲ ਕਿੱਦਾਂ ਕਰਨਗੀਆਂ?"

"ਚੱਲ ਕੋਈ ਨ੍ਹੀਂ। ਹੁਣ ਆਪੇ ਨਾਨੀ ਨੇ ਬਥੇਰੀ ਪੰਜਾਬੀ ਸਿਖਾ ਦੇਣੀ ਆਂ। ਮੈਂ ਅੱਜ ਤੋਂ ਈ ਜ਼ੇਨਾ 'ਨਾ ਪੰਜਾਬੀ ਬੋਲਣੀ ਸ਼ੁਰੂ ਕਰਦੀ ਆਂ। ਤੂੰ ਵੀ ਹਮੇਸ਼ਾਂ ਇਨ੍ਹਾਂ 'ਨਾ ਪੰਜਾਬੀ 'ਚ ਈ ਗੱਲ ਕਰਨੀ।"

"ਮਿਸ ਕੀਰਤੀ! ਜਦੋਂ ਮੰਮ ਦਾ ਫੋਨ ਆਇਆ ਤਾਂ ਕੁਛ ਦੇਰ ਲਈ ਤਾਂ ਮੈਂ ਡੌਰ-ਭੌਰ ਜਹੀ ਹੋ ਗਈ। ਕਈ ਸਾਲਾਂ ਬਾਅਦ...ਸੁਭਾਨ ਅੱਲ੍ਹਾ! ਮੈਨੂੰ ਅਜੇ ਤੱਕ ਵੀ ਯਕੀਨ ਨ੍ਹੀਂ ਆ ਰਿਹਾ। ਮੰਮ ਨੇ ਦੱਸਿਆ ਕਿ ਉਹ ਜ਼ਮੀਨ ਵੇਚਣ ਇੰਡੀਆ ਜਾ ਰਹੀ। ਅਗਲੇ ਮਹੀਨੇ ਆ ਕੇ ਮੈਨੂੰ ਆਪਣੇ ਘਰ ਬੁਲਾਊਗੀ। ਉਹ ਮੈਨੂੰ ਮੇਰੇ ਡੈਡ ਦੀ ਜ਼ਮੀਨ ਵੇਚ ਕੇ ਪੈਸੇ ਦੇਣਾ ਚਾਹੁੰਦੀ। ਕਹਿੰਦੀ ਸੀ ਮੈਂ ਵੀ ਰੱਬ ਨੂੰ ਜਾਨ ਦੇਣੀਂ ਆਂ।"

"ਇਹ ਤਾਂ ਬੌਤ੍ਹ ਚੰਗੀ ਗੱਲ ਆ। ਇਸੇ ਕਰਕੇ ਈ ਕਹਿੰਦੇ ਆ ਨਾ 'ਮਾਵਾਂ ਠੰਢੀਆਂ ਛਾਵਾਂ'...। ਅਗਲੇ ਮਹੀਨੇ ਮਦਰਜ਼ ਡੇਅ ਵੀ ਆ।"

"ਚੰਗਾ ਕੀਤਾ, ਯਾਦ ਕਰਵਾ 'ਤਾ। ਮੈਂ ਐਤਕੀਂ ਆਪਣੀ ਮੰਮ ਦਾ ਬੈਸਟ ਮਦਰਜ਼ ਡੇਅ ਬਣਾਊਂਗੀ।"

"ਮੈਂ ਤੇਰੇ ਲਈ ਬਹੁਤ ਖ਼ੁਸ਼ ਆਂ। ਅੱਛਾ ਆਲੀਆ ਜਾਨ! ਮੈਂ ਜ਼ਰਾ ਕੰਮ ਕਰ ਲਾਂ! ਜਦੋਂ ਤੂੰ ਜ਼ੇਨਾ ਨੂੰ ਲੈਣ ਆਈ ਰੱਜ ਕੇ ਗੱਲਾਂ ਕਰਾਂਗੇ।"

ਆਲੀਆ ਚਲੀ ਗਈ ਏ। ਮੇਰੇ ਚੇਤੇ 'ਚ ਨੌਂ ਸਾਲ ਪਹਿਲਾਂ ਵਾਲੀ ਆਲੀਆ ਘੁੰਮ ਰਹੀ ਆ। ਗੋਰਾ ਚਿੱਟਾ ਰੰਗ, ਕੱਕੇ ਵਾਲ, ਠੋਡੀ 'ਤੇ ਕਾਲ਼ਾ ਤਿਲ, ਮੋਟੀਆਂ ਅੱਖਾਂ, ਅਫ਼ਗਾਨੀ ਪਹਿਰਾਵਾ, ਇਕ ਬੱਚੀ ਸਟਰੌਲਰ ਵਿਚ ਤੇ ਇਕ ਨੂੰ ਉਂਗਲੀ ਲਾਈ ਦਾਖ਼ਲ ਕਰਵਾਉਣ ਆਈ ਜਦੋਂ ਉਹ ਮੇਰੇ ਕੋਲ ਬੈਠੀ ਸੀ ਤਾਂ ਮੈਨੂੰ ਆਪਣੀ ਜਿਹੀ ਲੱਗੀ। ਮੈਂ ਉਸ ਵੱਲ ਬੜੇ ਧਿਆਨ ਨਾਲ ਤੱਕਿਆ...। ਸੱਚਮੁਚ ਜਿਵੇਂ ਚਿਰਾਂ ਤੋਂ ਜਾਣਦੀ ਹੋਵੇ। ਕੋਈ ਰੂਹਦਾਰ...!

ਮੈਂ ਦਾਖ਼ਲਾ ਫ਼ਾਰਮ ਭਰ ਰਹੀ ਸੀ। ਬੱਚੀ ਰੋਣ ਲੱਗ ਪਈ। ਉਹ 'ਲੈਕਟੇਸ਼ਨ ਰੂਮ' ਵਿਚ ਬੱਚੀ ਨੂੰ ਦੁੱਧ ਚੁੰਘਾਉਣ ਚਲੀ ਗਈ। ਥੋੜ੍ਹੀ ਦੇਰ ਬਾਅਦ ਵਾਪਸ ਆਈ ਤਾਂ ਮੈਂ ਪੁੱਛਿਆ, "ਆਪਦਾ ਨਾਮ?"

"ਆਲੀਆ।" ਉਸਨੇ ਬੱਚੀ ਨੂੰ ਕੰਬਲ ਵਿਚ ਲਪੇਟਦੇ ਜਵਾਬ ਦਿੱਤਾ।

ਐਮਰਜੈਂਸੀ ਕਾਰਡ 'ਤੇ ਉਸਨੇ ਆਪਣਾ ਨਾਮ ਆਲੀਆ ਲਿਖ ਕੇ ਬਰੈਕਟ ਵਿਚ 'ਸੁਖਜੀਤ ਕੌਰ' ਲਿਖਿਆ ਹੋਇਆ ਸੀ। ਮੈਂ ਬੱਚੀ ਦੇ ਬਰਥ ਸਰਟੀਫਿਕੇਟ ਵੱਲ ਨਿਗਾਹ ਮਾਰੀ। ਸਰਟੀਫਿਕੇਟ 'ਤੇ ਮਾਂ ਦਾ ਨਾਮ 'ਸੁਖਜੀਤ ਕੌਰ' ਪੜ੍ਹਦੇ ਹੀ, ਉਸ ਵੱਲ ਗਹੁ ਨਾਲ ਤੱਕਦੇ ਪੁੱਛਿਆ, "ਕੀ ਤੁਸੀਂ ਪੰਜਾਬੀ ਓ?"

ਉਸਨੇ ਹਿਚਕਚਾਉਂਦੇ ਜਵਾਬ ਦਿੱਤਾ, "ਹਾਂ!"

ਮੈਂ ਚੁੱਪ-ਚਾਪ ਫ਼ਾਰਮ 'ਤੇ ਸੁਖਜੀਤ ਕੌਰ ਲਿਖ ਦਿੱਤਾ।

"ਮੇਰਾ ਨਾਂ ਤਾਂ ਸੁਖਜੀਤ ਕੌਰ ਆ ਪਰ ਮੈਂ ਚਾਹੁੰਨੀ ਆਂ ਸਾਰੇ ਮੈਨੂੰ ਆਲੀਆ ਆਖ ਕੇ ਬੁਲਾਉਣ?"

"ਠੀਕ ਆ। ਮੈਂ ਇਥੇ ਨੋਟ ਲਿਖ ਦਿੱਤਾ ਕਿ ਸਭ ਤੁਹਾਨੂੰ ਆਲੀਆ ਦੇ ਨਾਮ ਨਾਲ ਹੀ ਬੁਲਾਉਣ ਪਰ ਫ਼ਾਰਮ 'ਤੇ ਸੁਖਜੀਤ ਕੌਰ ਈ ਚੱਲੂਗਾ। ਮੈਂ ਬਦਲ ਨ੍ਹੀਂ ਸਕਦੀ...।"

ਉਸਦੇ ਜਾਣ ਤੋਂ ਬਾਅਦ ਮੈਂ ਕਿੰਨੀ ਦੇਰ ਹੀ ਉਸਦੇ ਬਾਰੇ ਸੋਚਦੀ ਰਹੀ। ਉਸਦੀ ਬੇਟੀ ਸੁਭਾਨੀਆ ਨੇ ਸਕੂਲ ਆਉਣਾ ਸ਼ੁਰੂ ਕਰ ਦਿੱਤਾ। ਹਰ ਰੋਜ਼ ਆਲੀਆ ਹੀ ਸੁਭਾਨੀਆ ਨੂੰ ਸਕੂਲ ਛੱਡ ਕੇ ਜਾਂਦੀ ਤੇ ਲੈਣ ਵੀ ਆਉਂਦੀ ...।

ਇਕ ਦਿਨ ਮੁਹੰਮਦ ਨੂੰ ਨਾਲ ਲੈ ਕੇ ਆ ਗਈ ਸੀ। ਗੋਰਾ ਰੰਗ, ਕਾਲੀ ਕਮੀਜ਼, ਤਿੱਖੇ ਨਕਸ਼, ਅੱਖਾਂ 'ਤੇ ਕਾਲ਼ਾ ਚਸ਼ਮਾ ਤੇ ਆਲੀਆ ਨਾਲੋਂ ਚੱਪਾ ਕੁ ਉੱਚਾ ਬਾਂਕਾ ਸ਼ੈਲ ਜਵਾਨ...।

"ਮਿਲ ਕੇ ਬਹੁਤ ਖ਼ੁਸ਼ੀ ਹੋਈ! ਤੁਹਾਡੀ ਜੋੜੀ ਬਹੁਤ ਸੁਹਣੀ ਆਂ! ਸੁਬ੍ਹਾਨ ਅੱਲ੍ਹਾ!"

"ਜੀ ਸ਼ੁਕਰੀਆ।" ਉਹ ਮੰਦ-ਮੰਦ ਮੁਸਕਰਾਇਆ।

ਮੈਂ ਮੁੜ ਆਪਣਾ ਧਿਆਨ ਈਮੇਲ ਵੱਲ ਕੇਂਦਰਿਤ ਕਰਦੀ ਹਾਂ। ਆਲੀਆ ਦਾ ਚਿਹਰਾ ਰਹਿ-ਰਹਿ ਕੇ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਿਹੈ।

ਉਸ ਦੀਆਂ ਤਿੰਨ ਬੱਚੀਆਂ ਸੁਭਾਨੀਆ, ਹਫ਼ਜ਼ਾ ਤੇ ਜ਼ੇਨਾ ਨੂੰ ਪੜ੍ਹਾਉਣਾ ਮੇਰੇ ਹਿੱਸੇ ਆਇਆ। ਇਕ ਵਾਰੀ ਸਕੂਲ ਵਿਚ ਆਪਣੀ ਬੱਚੀ ਲਈ ਵਾਲੰਟੀਅਰ ਕਰਨ ਆਈ ਸੀ (ਇੱਥੇ ਅਮਰੀਕਾ ਵਿਚ ਸਟੇਟ ਦਾ ਨਿਯਮ ਹੋਣ ਕਾਰਨ ਘੱਟ ਆਮਦਨ ਵਾਲੇ ਮਾਪੇ ਮਹੀਨੇ ਵਿਚ ਛੇ ਘੰਟੇ ਵਾਲੰਟੀਅਰ ਕੰਮ ਕਰ ਕੇ ਅਧਿਆਪਕਾਂ ਦੀ ਕਲਾਸ ਵਿਚ ਮਦਦ ਕਰਦੇ ਹਨ)। ਇਕ ਕੰਧ 'ਤੇ ਮੇਰੇ ਵਲੋਂ ਲਾਇਆ ਪੈਂਤੀ ਅੱਖਰੀ ਦਾ ਪੋਸਟਰ ਦੇਖ ਕੇ ਬੋਲੀ, "ਮਿਸ ਕੀਰਤੀ? ਆਹ ਕੀ? ੳ ਅ ...ਇਹ ਕਿਉਂ?" "ਆਲੀਆ ਜਾਨ! ਮੇਰੇ ਕੋਲ ਬਹੁਤ ਸਾਰੇ ਬੱਚੇ ਪੰਜਾਬੀ ਨੇ। ਉਨ੍ਹਾਂ ਨੂੰ ਮਾਂ ਬੋਲੀ ਸਿਖਾਉਣ ਦਾ ਇਕ ਛੋਟਾ ਜਿਹਾ ਉਪਰਾਲਾ।"

"ਮੈਂ ਮੀ ਪੰਜਾਬੀ ਪੜ੍ਹਦੀ ਸੀ।"

"ਸੱਚੀਂ, ਪੰਜਾਬ 'ਚ ਕੇੜ੍ਹਾ ਜ਼ਿਲ੍ਹਾ ਤੁਆਡਾ?"

"ਅੰਮ੍ਰਿਤਸਰ!"

"ਵਾਹ! ਸਿਫ਼ਤੀ ਦਾ ਘਰ!" ਮੇਰਾ ਸਿਰ ਸ਼ਰਧਾ ਨਾਲ ਝੁਕ ਗਿਆ ਸੀ।

"ਮੈਂ ਪੰਜਾਬੀ ਓਥੇ ਈ ਸਿੱਖੀ। ਮੇਰੇ ਸੁਰਤ ਸੰਭਾਲਣ ਤੋਂ ਪਹਿਲਾਂ ਈ ਡੈਡੀ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਮਾਸੀ ਨੇ ਮੇਰੀ ਮੰਮੀ ਦੀ ਪਟੀਸ਼ਨ ਕੀਤੀ। ਇਸ ਲਈ ਮੈਂ ਛੋਟੀ ਹੁੰਦੀ ਆਪਣੀ ਮੰਮੀ ਨਾਲ ਅਮਰੀਕਾ ਆ ਗਈ। ਏਥੇ ਮੈਨੂੰ ਚੌਥੀ ਕਲਾਸ 'ਚ ਦਾਖ਼ਲਾ ਮਿਲ ਗਿਆ। ਮੰਮੀ ਕਿਸੇ ਡਾਕਟਰ ਦੇ ਘਰ ਬੇਬੀ ਸਿਟਰ ਲੱਗ ਗਈ। ਮਾਸੀ ਨੇ ਮੇਰੀ ਮੰਮੀ ਦਾ ਵਿਆਹ ਆਪਣੀ ਜਾਣ-ਪਛਾਣ 'ਚ ਇਕ ਪੰਜਾਬੀ 'ਨਾ ਕਰਵਾ ਦਿੱਤਾ। ਮੇਰਾ ਇਕ ਮਤ੍ਰੇਆ ਭਰਾ ਵੀ ਆ। ਮੈਂ ਗਰੈਜੂਏਸ਼ਨ ਤੋਂ ਬਾਅਦ ਕਾਲਜ ਵਿਚ ਦਾਖ਼ਲਾ ਲੈ ਲਿਆ। ਫੇਰ ਟੈਸਟ ਦੇ ਕੇ 'ਗਾਰਡ ਕਾਰਡ' ਲੈ ਲਿਆ।' ਵੀਕੈਂਡ 'ਤੇ ਸਕਿਉਰਿਟੀ ਗਾਰਡ ਦਾ ਕੰਮ ਲੱਭ ਲਿਆ...।"



ਉਸ ਦਿਨ ਮੇਰੇ ਕੋਲੋਂ ਆਲੀਆ ਨਾਲ ਬਹੁਤੀ ਗੱਲਬਾਤ ਨਾ ਹੋ ਸਕੀ।

ਆਲੀਆ ਮੈਨੂੰ ਬਹੁਤ ਚੰਗੀ-ਚੰਗੀ ਲੱਗਣ ਲੱਗ ਪਈ। ਹਰ ਵਕਤ ਉਸ ਨਾਲ ਸੰਵਾਦ ਰਚਾਉਣ ਨੂੰ ਦਿਲ ਕਰਦਾ। ਮਨ ਵਿਚ ਉਸ ਬਾਰੇ ਹੋਰ ਜਾਣਨ ਲਈ ਜਗਿਆਸਾ ਪੈਦਾ ਹੁੰਦੀ। ਅਜਿਹਾ ਹਰ ਸਾਲ ਹੀ ਹੁੰਦਾ ਏ ਕਿ ਕੁਝ ਮਾਪਿਆਂ ਨਾਲ ਦਿਲ ਦੀ ਸਾਂਝ ਪੈ ਜਾਂਦੀ ਹੈ। ਉਹ ਵੀ ਆਪਣਾ ਹਰ ਦੁੱਖ-ਸੁੱਖ ਸਾਂਝਾ ਕਰ ਕੇ ਸੁਖਦ ਅਨੁਭਵ ਕਰਦੇ ਨੇ...।ਇਕ ਦਿਨ ਪੇਰੈਂਟ-ਟੀਚਰ ਕਾਨਫ਼ਰੰਸ ਦੌਰਾਨ, ਮੈਂ ਆਲੀਆ ਨੂੰ ਦੱਸਿਆ ਕਿ ਉਸਦੀ ਬੇਟੀ ਸੁਭਾਨੀਆ ਫ਼ਾਰਸੀ ਵਿਚ ਮੁਹਾਰਤ ਰੱਖਦੀ ਏ ਤੇ ਅੰਗਰੇਜ਼ੀ ਸਮਝਣ-ਬੋਲਣ ਵਿਚ ਵੀ ਕੋਈ ਦਿੱਕਤ ਨਹੀਂ ਆਉਂਦੀ ਤਾਂ ਉਹ ਉੱਛਲ ਕੇ ਬੋਲੀ ਸੀ, "ਅਸੀਂ ਘਰ 'ਚ ਫ਼ਾਰਸੀ ਜੋ ਬੋਲਦੇ ਆਂ।"

"ਤੁਸੀਂ ਸੁਭਾਨੀਆ ਨੂੰ ਪੰਜਾਬੀ ਵੀ ਸਿਖਾ ਦਿਓ! ਰਿਸਰਚ ਮੁਤਾਬਿਕ ਪੰਜ ਸਾਲ ਦਾ ਬੱਚਾ, ਪੰਜ ਭਾਸ਼ਾਵਾਂ ਸਿੱਖ ਸਕਦਾ।"

"ਮਿਸ ਕੀਰਤੀ! ਮੁਹੰਮਦ ਜਾਨ ਤਾਂ ਚਾਹੁੰਦੇ ਆ ਪਰ ਮੈਂ ਨ੍ਹੀਂ।"

"ਆਲੀਆ ਜਾਨ! ਭਲਾ ਕਿਉਂ?"

"ਮੈਂ ਦੱਸ ਤਾਂ ਦਿੰਨੀ ਆਂ ਪਰ ਤੁਸੀਂ ਯਕੀਨ ਨ੍ਹੀਂ ਕਰਨਾ। ਆਪਣੇ 'ਨਾ ਹੋਏ ਹਾਦਸੇ ਕਰਕੇ ਮੈਨੂੰ ਆਪਣੀ ਸੱਭਿਅਤਾ ਤੇ ਬੋਲੀ, ਸਭ ਕੁਛ ਈ ਬਦਲਣਾ ਪਿਆ। ਸਭ ਨੇ ਮੇਰਾ ਬਾਈਕਾਟ ਕੀਤਾ ਹੋਇਆ। ਪੰਜਾਬੀ ਸਿੱਖ ਕੇ ਬੋਲਣੀ ਕਿਹਦੇ 'ਨਾ?... ਪਰ ਮੈਨੂੰ ਕੋਈ ਪਛਤਾਵਾ ਨ੍ਹੀਂ। ਸੱਚ ਤਾਂ ਇਹ ਬਈ ਹੁਣ ਪੰਜਾਬੀ ਤੇ ਪੰਜਾਬੀਆਂ ਦਾ ਨਾਂ ਲੈਂਦੇ ਵੀ ਮੇਰੇ ਮੂੰਹ 'ਚ ਕੁਨੈਣ ਘੁਲ ਜਾਂਦੀ ਆ...।"

"ਆਲੀਆ ਜਾਨ, ਮੈਂ ਵੀ ਇਕ ਔਰਤ ਆਂ। ਤੇਰਾ ਦਰਦ ਚੰਗੀ ਤਰ੍ਹਾਂ ਮਹਿਸੂਸ ਕਰ ਸਕਾਂਗੀ। ਏਡੀ ਵੀ ਕੀ ਗੱਲ ਹੋ ਗਈ ਕਿ ਤੈਨੂੰ ਆਪਣੀ ਬੋਲੀ ਤੇ ਲੋਕ ਕੁਨੈਣ ਅਰਗੇ ਕੌੜੇ ਲੱਗਣ ਲੱਗ ਪਏ?"

"ਯਾਦ ਆ, ਮੈਂ ਤੁਆਨੂੰ ਦੱਸਿਆ ਸੀ ਕਿ ਮੈਂ ਸਕਿਉਰਿਟੀ ਦਾ ਕੰਮ ਕਰਦੀ ਸੀ। ਮੁਹੰਮਦ ਵੀ ਓਥੇ ਈ ਸਕਿਉਰਿਟੀ ਦੀ ਜੌਬ ਕਰਦਾ ਸੀ। ਇਕ ਦਿਨ ਮੀਂਹ ਬੌਤ੍ਹ ਪੈਂਦਾ ਸੀ। ਉਹਨੇ ਮੈਨੂੰ ਰਾਈਡ ਦਿੱਤੀ। ਰਾਹ 'ਚ ਮੇਰੇ ਪਰਿਵਾਰ ਬਾਰੇ ਪੁੱਛਿਆ। ਆਪਣੇ ਪਰਿਵਾਰ ਬਾਰੇ ਦੱਸਿਆ। ਬੜਾ ਨੇਕ ਇਨਸਾਨ ਲੱਗਾ। ਸੁਹਣਾ ਤਾਂ ਪਹਿਲਾਂ ਈ ਖ਼ੂਬ ਸੀ। ਮਾਸ਼ਾ ਅੱਲ੍ਹਾ! ਉਹਦਾ ਸੁਭਾਅ ਹੋਰ ਵੀ ਕਮਾਲ ਲੱਗਾ। ਮੈਨੂੰ ਕੰਮ 'ਮੱਕੇ' ਜਾਣ ਬਰਾਬਰ ਲੱਗਣ ਲੱਗ ਪਿਆ। ਅਸੀਂ ਇਕੋ ਸਟੇਸ਼ਨ 'ਤੇ ਕੰਮ ਕਰਦੇ। ਜਦ ਕਦੇ ਵੀ ਉਹਦੇ ਵੱਲ ਤੱਕਦੀ, ਉਹ ਮੇਰੇ ਵੱਲ ਈ ਦੇਖ ਰਿਹਾ ਹੁੰਦਾ। ਸਾਡੀਆਂ ਅੱਖਾਂ ਚਾਰ ਹੋ ਜਾਂਦੀਆਂ, ਚਿਹਰੇ ਲਾਲ। ਮੈਂ ਬੱਸ 'ਤੇ ਆਉਂਦੀ-ਜਾਂਦੀ ਸੀ। ਉਹ ਮੈਨੂੰ ਹਰ ਰੋਜ਼ ਰਾਈਡ ਦੇਣ ਲੱਗਾ। ਕੰਮ ਤੋਂ ਘਰ ਤੱਕ ਜਾਣਾ ਜਾਣੀਂ, 'ਹੱਜ' ਕਰ ਕੇ ਮੁੜਨਾ। ਸਾਨੂੰ ਪਤਾ ਈ ਨ੍ਹੀਂ ਲੱਗਿਆ ਕਿ ਅਸੀਂ ਕਦੋਂ ਡੇਟ 'ਤੇ ਜਾਣ ਲੱਗ ਪਏ? ਗੱਲ ਕੀ? ਦਿਨਾਂ 'ਚ ਈ ਇਕ ਦੂਜੇ ਵਿਚ ਘੁਲ ਮਿਲ ਗਏ? ਉਹ ਆਪਣੀ ਅੰਮੀ ਤੇ ਭਾਈ ਨਾਲ ਰਹਿੰਦਾ ਸੀ। ਉਹਦੇ ਅੱਬੂ ਜਾਨ ਖ਼ੁਦਾ ਨੂੰ ਪਿਆਰੇ ਹੋ ਗਏ ਸੀ।"

"ਅਫ਼ਸੋਸ ਹੋਇਆ ਜਾਣ ਕੇ...!"

"ਸ਼ੁਕਰੀਆ! ਫੇਰ ਅਸੀਂ ਵਿਆਹ ਕਰਵਾਉਣ ਦਾ ਫ਼ੈਸਲਾ ਲਿਆ। ਮੁਹੰਮਦ ਨੇ ਆਪਣੇ ਪਰਿਵਾਰ ਨੂੰ ਮੇਰੇ ਬਾਰੇ ਦੱਸ 'ਤਾ। ਉਨ੍ਹਾਂ ਨੂੰ ਕੋਈ ਇਤਰਾਜ਼ ਨਾ ਹੋਇਆ। ਇਕ ਦਿਨ ਮੈਂ ਵੀ ਚਾਹ-ਪੀਂਦੇ ਮੰਮ ਨੂੰ ਦੱਸ ਬੈਠੀ ਕਿ ਮੇਰੇ 'ਨਾ ਇਕ ਮੁੰਡਾ ਕੰਮ ਕਰਦਾ। ਮੈਂ ਉਹਨੂੰ ਪਿਆਰ ਕਰਦੀ ਆਂ। ਅਸੀਂ ਵਿਆਹ ਕਰਵਾਉਣ ਦਾ ਫ਼ੈਸਲਾ ਕਰ ਲਿਆ। ਮੰਮ ਨੇ ਘਬਰਾ ਕੇ ਮੇਰੇ 'ਤੇ ਸਵਾਲਾਂ ਦੀ ਵਾਛੜ ਕਰ 'ਤੀ- ਕੌਣ ਆਂ? ਕਿੱਥੇ ਦਾ? ਕੀ ਪੜ੍ਹਿਆ? ਮਾਂ-ਬਾਪ ਕੀ ਕਰਦੇ? ਮੈਂ ਘਬਰਾ ਕੇ ਲੜਖੜਾਉਂਦੀ ਜ਼ੁਬਾਨ 'ਨਾ ਦੱਸ ਦਿੱਤਾ ਕਿ ਉਹ ਬੌਤ੍ਹ ਸੁਹਣਾ, ਸਮਝਦਾਰ ਤੇ ਅਫ਼ਗਾਨਿਸਤਾਨ ਤੋਂ ਆਂ।"

"ਤਾਂ ਫੇਰ...?"

"ਫੇਰ ਕੀ? ਮੰਮ ਨੂੰ ਹੱਥਾਂ ਪੈਰਾਂ ਦੀ ਪੈ ਗਈ। ਜਾਣੀਂ, ਉਹਦੇ ਸਿਰ 'ਤੇ ਕੋਈ ਪਹਾੜ ਡਿੱਗ ਪਿਆ। ਉਹ ਏਦਾਂ ਐਕਟ ਕਰਨ ਲੱਗੀ ਜਿੱਦਾਂ ਮੈਂ ਕੋਈ ਭਾਰਾ ਗੁਨਾਹ ਕੀਤਾ ਹੋਵੇ। ਕਹੀ ਜਾਏ ਕਿ ਮੇਰੀ ਇੱਜ਼ਤ ਦਾ ਭੋਰਾ ਭਰ ਵੀ ਧਿਆਨ 'ਨਾ ਆਇਆ? ਸਾਰੇ ਥੂਹ-ਥੂਹ ਕਰਨਗੇ। ਧੀਏ! ਤੇਰੇ ਅੱਗੇ ਹੱਥ ਜੋੜਦੀ ਆਂ। ਤੇਰੀ ਮਾਸੀ ਨੂੰ ਕੇੜ੍ਹਾ ਮੂੰਹ ਦਿਖਾਉਂਗੀ? ਮੈਂ ਜ਼ੁਬਾਨ ਦਿੱਤੀ ਆ ਤੇਰੇ ਰਿਸ਼ਤੇ ਬਾਰੇ। ਉਹਨੇ ਸਾਨੂੰ ਅਮਰੀਕਾ ਦਿਖਾਲੀ ਆ। ਨਹੀਂ ਇੰਡੀਆ ਰੁਲਦੀਆਂ ਫਿਰਦੀਆਂ। ਧੱਕੇ-ਠੇਡੇ ਖਾ ਕੇ ਮਰ-ਖਪ ਜਾਂਦੀਆਂ।"

"ਤੂੰ ਕੀ ਕਿਹਾ?"

"ਮੈਂ ਕਿਹਾ ਕਿ ਠੀਕ ਆ ਮਾਸੀ ਨੇ ਸਾਨੂੰ ਅਮਰੀਕਾ ਲਿਆਂਦਾ ਪਰ ਤੁਸੀਂ ਮਾਸੀ ਨੂੰ ਸਮਝਾਓ। ਮੈਂ ਹੁਣ ਬਾਲਗ ਆਂ। ਮੈਨੂੰ ਪਤਾ ਪਈ ਮੈਂ ਕੁਝ ਵੀ ਗ਼ਲਤ ਨ੍ਹੀਂ ਕਰਦੀ ਪਈ। ਮੁਹੰਮਦ ਮੇਰੇ ਲਈ ਪਰਫੈਕਟ ਮੈਚ ਆ। ਇਕ ਵਾਰੀ ਮਿਲ ਕੇ ਤਾਂ ਦੇਖੋ। ਮੰਮ ਨੇ ਮੇਰੇ ਪੈਰਾਂ 'ਤੇ ਆਪਣੀ ਚੁੰਨੀ ਧਰ ਦਿੱਤੀ। ਮੈਂ ਚੁੰਨੀ ਚੁੱਕਦੇ ਕਿਹਾ ਕਿ ਮੈਂ ਕਿਸੇ ਅਣਜਾਣ ਨਾਲ ਵਿਆਹ ਨ੍ਹੀਂ ਕਰਵਾ ਸਕਦੀ। ਤੁਹਾਡੇ ਵੇਲੇ ਹੋਰ ਸੀ। ਮੰਮ ਬੋਲਣੋਂ ਹਟ ਗਈ। ਚੁੱਪ-ਚੁੱਪ ਰਹਿਣ ਲੱਗੀ। ਉਹ ਪਰਿਵਾਰ, ਰਿਸ਼ਤੇਦਾਰਾਂ ਤੇ ਸਮਾਜ ਤੋਂ ਡਰਦੀ ਸੀ। ਕੁਝ ਦਿਨਾਂ ਬਾਅਦ ਮੈਨੂੰ ਮੇਰੇ ਸਟੈਪ ਡੈਡ ਦੀ ਤੱਕਣੀ ਵੀ ਬਦਲੀ ਹੋਈ ਲੱਗੀ। ਸ਼ਾਇਦ ਮੰਮ ਨੇ ਉਹਨੂੰ ਦੱਸ ਦਿੱਤਾ ਸੀ...।"

"ਆਲੀਆ ਜਾਨ, ਤੁਹਾਡੀ ਮੰਮ ਵੀ ਕਿਸੇ ਹੱਦ ਤੱਕ ਠੀਕ ਈ ਸੀ। ਸਾਡੇ ਪੰਜਾਬੀ ਕਹਿਣ ਨੂੰ ਤਾਂ ਦਰਿਆ ਦਿਲ ਹਨ ਪਰ ਇਸ ਮਾਮਲੇ 'ਚ ਕੋਹਾਂ ਪਿੱਛੇ, ਕੱਟੜ ਸੋਚ ਦੇ ਧਾਰਨੀ। ਅਸੀਂ ਹੋਰ ਤਾਂ ਹਰ ਕੰਮ 'ਚ ਅਮਰੀਕਾ ਦੀ ਰੀਸ ਕਰਨੀ ਚਾਹੁੰਨੇ ਆਂ ਪਰ ਆਪਣਾ ਪਿਛੋਕੜ ਨਾਲ ਲਈ ਫਿਰਦੇ ਆਂ। ਵਿਆਹ ਸ਼ਾਦੀ ਮੌਕੇ ਗੋਤ ਛੱਡਣਾ, ਜਾਤ ਮਿਲਾਉਣੀ ਤੇ ਧਰਮ ਪੁੱਛਣਾ ਨਹੀਂ ਭੁੱਲਦੇ। ਆਪਣੀਆਂ ਜੜ੍ਹਾਂ ਨਾਲੋਂ ਟੁੱਟਣਾ ਕੇੜ੍ਹਾ ਸੌਖਾ? ਮੈਂ ਮੀ ਉਨ੍ਹਾਂ 'ਚੋਂ ਈ ਆਂ।"

"... ਪਰ ਇਹ ਠੀਕ ਨ੍ਹੀਂ? ਅਸੀਂ ਤਾਂ ਏਥੋਂ ਦੇ ਕਲਚਰ 'ਚੋਂ ਹੀ ਸਭ ਸਿੱਖਦੇ ਆਂ। ਮੈਂ ਤਾਂ ਏਥੇ ਪੜ੍ਹਾਈ ਕੀਤੀ। ਇਹੋ ਪੜ੍ਹਿਆ ਪਈ ਅਮਰੀਕਾ ਇਕ 'ਮੈਲਟਿੰਗ ਪੌਟ' ਆ। ਹਰ ਕਲਚਰ ਦਾ ਸਤਿਕਾਰ...।"

"ਆਲੀਆ ਜਾਨ! ਤੂੰ ਆਪਣੀ ਥਾਂ ਠੀਕ ਆਂ ਪਰ ਮੈਨੂੰ ਅੱਗੇ ਦੱਸ?

"ਅੱਗੇ ਸੁਣ ਲਓ! ਇਕ ਦਿਨ ਜਦੋਂ ਘਰ ਪਹੁੰਚੀ ਤਾਂ ਮੇਰਾ ਸਟੈਪ ਡੈਡ ਘਰੇ 'ਕੱਲਾ ਸੀ। ਮੈਂ ਚਾਹ ਬਣਾ ਕੇ ਫੜਾਉਣ ਗਈ। ਉਹਨੇ ਚਾਹ ਦਾ ਕੱਪ ਫੜਦੇ ਹੋਏ ਮੈਨੂੰ ਕੋਲ ਬਿਠਾ ਲਿਆ। ਕਹਿਣ ਲੱਗਾ ਕਿ ਉਹਨੂੰ ਸਭ ਪਤਾ ਆ। ਉਹ ਮਾਂ ਨੂੰ ਮਨਾਏਗਾ। ਮੇਰੀ ਜਾਨ ਵਿਚ ਜਾਨ ਪਈ। ਸੋਚਾਂ ਆਪਣੀ ਮਾਂ ਨਾਲੋਂ ਤਾਂ ਮਤਰੇਆ ਬਾਪ ਕਿਤੇ ਚੰਗਾ। ਉਹਨੇ ਮੇਰੇ ਸਿਰ 'ਤੇ ਹੱਥ ਰੱਖ ਦਿੱਤਾ। ਉਸ ਰਾਤ ਮੈਂ ਗੂੜ੍ਹੀ ਨੀਂਦੇ ਸੁੱਤੀ। ਯਕੀਨ ਹੋ ਗਿਆ ਪਈ ਹੁਣ ਸਾਡਾ ਵਿਆਹ ਖ਼ੁਸ਼ੀ-ਖ਼ੁਸ਼ੀ ਹੋ ਜਾਊਗਾ।"

"ਫੇਰ?

"ਮੈਂ ਮੁਹੰਮਦ ਨੂੰ ਦੱਸਿਆ। ਉਹ ਵੀ ਖ਼ੁਸ਼ ਹੋ ਗਿਆ...। ਇਕ ਦਿਨ ਅਚਾਨਕ ਮੇਰੇ ਸਿਰ 'ਤੇ ਧਰਮ ਦਾ ਝੱਖੜ ਝੁੱਲਿਆ। ਮਾਸੀ ਮੇਰੇ ਲਈ ਰਿਸ਼ਤਾ ਲੈ ਕੇ ਆ ਗਈ। ਅਗਲੇ ਮਹੀਨੇ ਇੰਡੀਆ ਦੀਆਂ ਟਿਕਟਾਂ ਬੁੱਕ ਕਰਨ ਦੀਆਂ ਗੱਲਾਂ ਕਰਨ ਲੱਗੀ। ਉਹਨੇ ਤਾਂ ਵਿਚੋ-ਵਿਚੀ ਪਹਿਲਾਂ ਈ ਜਾਣ ਦੀ ਤਿਆਰੀ ਕੀਤੀ ਹੋਈ ਸੀ। ਉਹ, ਮੇਰੀ ਮੰਮ ਤੇ ਭਰਾ ਨੂੰ ਨਾਲ ਲੈ ਕੇ ਸ਼ਾਪਿੰਗ ਕਰਨ ਚਲੀ ਗਈ। ਮੈਨੂੰ ਨਾਲ ਚੱਲਣ ਲਈ ਕਿਹਾ ਪਰ ਮੈਂ ਤਾਂ ਅੰਦਰੋਂ ਅੱਗ ਦੇ ਭਬਾਕੇ ਆਂਗੂੰ ਮੱਚੀ ਪਈ ਸੀ। ਤੋੜ ਕੇ ਜਵਾਬ 'ਦੇਤਾ ਕਿ ਮੈਂ ਕੰਮ 'ਤੇ ਜਾਣਾਂ। ਅਸਲ 'ਚ ਮੈਨੂੰ ਸਮਝ ਨ੍ਹੀਂ ਸੀ ਆ ਰਹੀ ਕਿ ਕੀ ਕਰਾਂ? ਸੋਚਿਆ ਸਟੈਪ ਡੈਡ ਘਰ ਆਊਗਾ ਤਾਂ ਉਹਨੂੰ ਦੱਸਾਂਗੀ। ਆਪੇ ਕੋਈ ਹੱਲ ਕੱਢੂਗਾ। ਏਨ੍ਹਾਂ ਨਾਲ ਵਾਦ-ਵਿਵਾਦ ਕਰਨ ਦਾ ਕੀ ਫੈਦਾ?"

ਮੇਰੇ ਫੋਨ ਦੀ ਘੰਟੀ ਵੱਜ ਰਹੀ ਹੈ। ਆਲੀਆ ਚੁੱਪ ਕਰ ਗਈ ਆ। ਮੈਂ ਫੋਨ ਵੱਲ ਧਿਆਨ ਦਿੱਤੇ ਬਿਨਾਂ ਕਿਹੈ, "ਆਲੀਆ ਜਾਨ ਤੂੰ ਅੱਗੇ ਸੁਣਾ। ਜੇਕਰ ਫੋਨ ਦੀ ਘੰਟੀ ਦੁਬਾਰਾ ਵੱਜੀ ਤਾਂ ਮੈਂ ਚੁੱਕ ਲਊਂਗੀ।"

"ਹਾਂ! ਉਨ੍ਹਾਂ ਦੇ ਸਟੋਰ ਜਾਣ ਤੋਂ ਬਾਅਦ ਮੈਂ ਉਦਾਸੇ ਮਨ 'ਨਾ ਲਿਵਿੰਗ ਰੂਮ 'ਚ ਬਹਿ ਗਈ। ਡੈਡ ਕੰਮ ਤੋਂ ਆ ਗਿਆ। ਇਹਤੋਂ ਪਹਿਲਾਂ ਕਿ ਮੈਂ ਕੁਛ ਦੱਸਦੀ, ਉਹਨੇ ਪੁੱਛਿਆ ਕਿ ਤੇਰੀ ਮਾਂ ਕਿੱਧਰ ਆ? ਮੈਂ ਸਰਸਰੀ ਜਿਹਾ ਜਵਾਬ ਦਿੱਤਾ ਕਿ ਮਾਸੀ ਨਾਲ ਸਟੋਰ ਨੂੰ ਗਈ। ਉਸਨੇ ਆਪਣਾ ਲੰਚ ਬਾਕਸ ਕਾਊਂਟਰ 'ਤੇ ਰੱਖ ਦਿੱਤਾ। ਫਰੈਸ਼ ਹੋ ਕੇ, ਲਿਵਿੰਗ ਰੂਮ 'ਚ ਦਾਰੂ ਦੀ ਬੋਤਲ ਖੋਲ੍ਹ ਕੇ ਬਹਿ ਗਿਆ। ਮੈਨੂੰ ਨਮਕੀਨ ਲਿਆਉਣ ਲਈ ਕਿਹਾ। ਮੈਂ ਮਾਸੀ ਦੀ ਰਿਸ਼ਤਾ ਲਿਆਉਣ ਵਾਲੀ ਗੱਲ ਦੱਸੀ ਤੇ ਕਿਹਾ ਡੈਡ! ਪਲੀਜ਼ ਤੁਸੀਂ ਮੰਮ ਤੇ ਮਾਸੀ ਨੂੰ ਸਮਝਾਓ। ਉਹ ਉੱਠ ਕੇ ਹੋਰ ਨੇੜੇ ਹੁੰਦੇ ਹੋਏ, ਮੇਰੀ ਪਿੱਠ 'ਤੇ ਹੱਥ ਫੇਰਦੇ ਕਹਿਣ ਲੱਗਾ ਕਿ ਘਬਰਾ ਨਾ। ਸਮਝਾ ਦਊਂਗਾ। ਫਿਰ ਅੱਖਾਂ ਮੈਲ਼ੀਆਂ ਕਰ ਕੇ ਬੋਲਿਆ ਕਿ ਪਹਿਲਾਂ ਇਕ ਵਾਰੀ ਮੈਨੂੰ ਖ਼ੁਸ਼ ਕਰਦੇ। ਉਸਦਾ ਹੱਥ ਮੇਰੇ ਵੱਲ ਵਧਿਆ। ਮੈਂ ਉੱਠ ਕੇ ਖੜ੍ਹੀ ਹੋ ਗਈ ਤੇ ਕਿਹਾ ਡੈਡ! ਕੀ ਕਰਦੇ ਓ? ਮੈਨੂੰ ਹੱਥ ਨਾ ਲਾਉ! ਲੀਵ ਮੀ ਅਲੋਨ! ਉਹ ਭੜਕ ਪਿਆ ਸੀ ਕਿ ਲੀਵ ਮੀ ਅਲੋਨ ਦੀਏ ਲੱਗਦੀਏ, ਬਾਰ੍ਹ ਕੀ ਗੁਲ ਖਿਲਾਉਨੀ ਆਂ? ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨ੍ਹੀਂ ਛੱਡਿਆ। ਚੱਲ ਸਿੱਧੀ ਹੋ ਕੇ ਬੈਂਡ 'ਤੇ...। ਤੇਰੀ ਭੁੱਖ ਮੈਂ ਈ ਲ੍ਹਾ ਦਿੰਨਾ। ਉਹਨੇ ਮੈਨੂੰ ਬਾਂਹ ਤੋਂ ਧੂਹ ਕੇ ਸੋਫੇ 'ਤੇ ਸੁੱਟ ਦਿੱਤਾ...। ਮੇਰੇ ਸਟੈਪ ਡੈਡ ਨੇ ਮੈਨੂੰ ਮੋਲੈਸਟ* ਕੀਤਾ।" ਆਲੀਆ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

ਮੈਂ ਉਸਨੂੰ ਟਿਸ਼ੂ ਬਾਕਸ ਫੜਾਉਂਦੇ ਪੁੱਛਿਆ, "ਓਹ ਮਾਈ ਗਾਡ! ਤੂੰ 911 ਕਾਲ ਨ੍ਹੀਂ ਕੀਤੀ?"

"ਨਹੀਂ ਮੈਂ ਉੱਚੀ ਚੀਕ ਮਾਰ ਕੇ ਕਿਹਾ ਕਿ ਰੁਕ ਜਾ ਨਹੀਂ ਤਾਂ ਮੈਂ 911 ਘੁਮਾ ਦਿਆਂਗੀ। ਉਹ ਡਰ ਕੇ ਪਿੱਛੇ ਹਟ ਗਿਆ ਤੇ ਆਪਣੇ ਰੂਮ

# ਪਿਨੇਕਲਜ਼ ਨੈਸ਼ਨਲ ਪਾਰਕ: ਅੰਦਰੂਨੀ ਖੁਸ਼ੀ ਦਾ ਬਾਹਰੀ ਪਰਤੌਅ

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***

## ਕੈਲੇਫੋਰਨੀਆ ਡਾਇਰੀ

ਬੇਟਾ ਕਹਿੰਦਾ: 'ਕਿਸੇ ਦੇ ਘਰ ਦੇ ਨੇੜੇ ਨੈਸ਼ਨਲ ਪਾਰਕ ਹੋਵੇ, ਇਹ ਬਹੁਤ ਵੱਡੀ ਗੱਲ ਹੈ। ਤੁਸੀਂ ਤਾਂ ਹੋਰ ਵੀ ਲੱਕੀ ਹੋ, ਇਕ ਮਹੀਨੇ 'ਚ ਤੁਸੀਂ ਇਹ ਤੀਸਰਾ ਨੈਸ਼ਨਲ ਪਾਰਕ ਵੇਖਣ ਜਾ ਰਹੇ ਹੋ। ਯਸ਼ੋਮਿਟੀ ਤੁਹਾਡਾ ਕਈ ਸਾਲ ਪਹਿਲਾਂ ਵੇਖਿਆ ਹੋਇਐ। ਏਨੇ ਨੈਸ਼ਨਲ ਪਾਰਕ ਤਾਂ ਅਮਰੀਕੀਆਂ ਵਿਚੋਂ ਵੀ ਨੱਬੇ ਪਰਸੈਂਟ ਤੋਂ ਵੱਧ ਨੇ ਨਹੀਂ ਵੇਖੇ ਹੁੰਦੇ।'



ਬਹੁਤੇ ਅਮਰੀਕੀਆਂ ਨੇ ਨੈਸ਼ਨਲ ਪਾਰਕ, ਤੇ ਇਹੋ ਜਿਹੀਆਂ ਹੋਰ ਕੁਦਰਤੀ ਥਾਂਵਾਂ ਇਸ ਲਈ ਨਹੀਂ ਵੇਖੀਆਂ ਹੁੰਦੀਆਂ ਕਿਉਂਕਿ ਉਹ, ਦੁਨੀਆ ਦੇ ਹੁਣ ਬਹੁਤੇ ਮੁਲਕਾਂ

**ਡਾ. ਅੰਬਰੀਸ਼**
**ਫੋਨ: 98143-89522**

ਦੇ ਬਹੁਤੇ ਮੱਧਵਰਗੀ ਲੋਕਾਂ ਸਮੇਤ, ਵੱਡਾ, ਵੱਧ, ਵਧੀਆ, ਬਰੈਂਡਡ, ਦਿਖਾਵਟੀ, ਅਤੇ ਕੀਮਤੀ ਤੋਂ ਕੀਮਤੀ ਐਸ਼ਪ੍ਰਸਤੀ ਦੇ ਸਾਮਾਨ ਤੇ ਸਹੂਲਤਾਂ ਜੁਟਾਉਣ ਦੀ ਅਨਮੁੱਕ ਚੂਹਾਦੌੜ 'ਚ ਫਸੇ ਨੇ।

ਹੋਲਿਸਟਰ 'ਚ ਸਾਡੇ ਘਰ ਤੋਂ ਪਿਨੇਕਲਜ਼ ਸਿਰਫ 32 ਮੀਲ ਦੂਰ ਹੈ। ਇਹ ਸ਼ਾਇਦ ਉਨ੍ਹਾਂ ਪਹਾੜਾਂ ਵਿਚ ਹੀ ਕਿਤੇ ਹੈ ਜਿਹੜੇ ਮੈਨੂੰ ਆਪਣੇ ਸੌਣ-ਕਮਰੇ ਦੀ ਖਿੜਕੀ 'ਚੋਂ ਦਿਸਦੇ ਆਪਣੇ ਕੋਲ ਬੁਲਾਉਂਦੇ ਰਹਿੰਦੇ ਨੇ। ਭੂਰੇ-ਹਲਕੇ ਨੀਲੇ, ਕਦੇ ਬੱਦਲਾਂ 'ਚ ਘਿਰੇ, ਸੁਬ੍ਹਾ-ਸ਼ਾਮ ਦੀ ਰੋਸ਼ਨੀ ਵਿਚ ਰੰਗ-ਭਾਹਾਂ ਬਦਲਦੇ।

ਅੱਜ ਸੁਬ੍ਹਾ ਅਸੀਂ ਓਥੇ ਅੱਧਾ ਦਿਨ ਬਿਤਾਉਣ ਜਾ ਰਹੇ ਹਾਂ ਤਾਂ ਕਾਰ 'ਚ ਬੈਠਿਆਂ ਮੈਨੂੰ ਹੈਰਾਨੀ ਹੁੰਦੀ ਹੈ ਕਿ ਅਮਰੀਕਾ ਆਪਣੀਆਂ ਸਾਰੀਆਂ ਸੜਕਾਂ - ਘੱਟੋ-ਘੱਟ ਮੇਰੀਆਂ ਵੇਖੀਆਂ ਸਾਰੀਆਂ ਨੂੰ ਏਨੀ ਬਿਹਤਰ ਹਾਲਤ 'ਚ ਕਿੰਜ ਰੱਖਦਾ ਹੈ। ਕਸੈਲੇ ਧੂੰਏਂ, ਹਾਰਨਾਂ ਦੀਆਂ ਕਰਖਤ ਆਵਾਜ਼ਾਂ, ਸੜਕਾਂ 'ਤੇ ਖੱਡਿਆਂ, ਧੂੜ ਤੇ ਭੀੜ-ਭੜੱਕੇ ਦੀ ਅਣਹੋਂਦ (ਬਸ਼ਰਤੇ ਕਿ ਤੁਸੀਂ 'ਰਸ਼-ਆਵਰ' ਤੋਂ ਬਚ ਸਕੋ), ਆਮ ਤੌਰ 'ਤੇ ਕਾਨੂੰਨ ਪਸੰਦ ਤੇ ਸੜਕ-ਸੱਭਿਆਚਾਰ ਦਾ ਪਾਲਣ ਕਰਦੇ ਵਾਹਨ-ਚਾਲਕਾਂ ਕਰਕੇ ਏਥੇ ਲੰਮੇ ਸਫਰ ਵੀ ਬੰਦੇ ਨੂੰ ਥਕਾਉਂਦੇ ਨਹੀਂ।

ਮਨੁੱਖ ਦੁਆਰਾ ਬਣਾਈ ਸੰਰਚਨਾ ਇਹ ਚੌੜੀ, ਸਮਤਲ ਸੜਕ ਤਾਂ ਸੋਹਣੀ ਹੈ ਹੀ, ਪਰ ਇਹਦੇ ਦੁਆਲੇ ਕੁਦਰਤ ਦਾ ਘੜਿਆ ਨਜ਼ਾਰਾ ਇਸ ਤੋਂ ਕਿਤੇ ਮਨਮੋਹਣਾ ਹੈ। ਕਿਤੇ ਇਕ ਪਾਸੇ, ਕਿਤੇ ਦੋਹੇਂ, ਚੌੜੀ ਉਚੀ-ਨੀਂਵੀਂ ਘਾਟੀ, ਘਾਟੀ ਤੋਂ ਪਾਰ ਗੋਲ, ਨੀਂਵੀਆਂ ਪਹਾੜੀਆਂ, ਸੜਕ ਕਿਨਾਰੇ ਦਿਸ ਗਿਆ ਇਕ-ਅੱਧ ਜੰਗਲੀ 'ਟਰਕੀ', ਕਿਤੇ ਕਿਤੇ ਜਾਮਨੀ ਫੁੱਲਾਂ ਵਾਲੀਆਂ ਝਾੜੀਆਂ, ਮੇਰੇ ਚਿਰ-ਪਛਾਣੇ ਦੋਸਤ, ਕੈਲੇਫੋਰਨੀਆ ਪੌਪੀ ਦੇ ਨਿੱਕੇ ਝੁਰਮੁਟ, ਵਿਸ਼ਾਲ ਚਰਾਗਾਹਾਂ 'ਚ ਚਰਦੇ ਮਵੇਸ਼ੀ, ਕਿਸੇ ਪਹਾੜੀ ਦੀ ਵੱਖੀ 'ਤੇ ਉਸਰਿਆ ਕੋਈ ਇਕੱਲਾ ਘਰ, ਕਿਸੇ ਕਿਸੇ ਘਰ ਦੇ ਸਾਹਮਣੇ, ਗੂੜ੍ਹੇ ਗੁਲਾਬੀ ਫੁੱਲਾਂ ਦੇ ਖਿੱਤੇ ਦੂਰੋਂ ਸੈਨਤਾਂ ਮਾਰਦੇ, ਪਹਾੜਾਂ ਦੀਆਂ ਚੋਟੀਆਂ ਕੋਲ ਉੱਡਦਾ ਇਕੱਲਾ-ਦੁਕੱਲਾ 'ਕੈਲੇਫੋਰਨੀਆ ਕੌਂਡੋਰ', ਕਿਤੇ ਪਹਾੜੀਆਂ 'ਤੇ ਚੀੜ੍ਹ, ਸੰਘਣੀਆਂ ਝਾੜੀਆਂ ...। ਜਿਉਂ ਇਕ ਲੰਮੇ, ਵਿਸ਼ਾਲ ਤੇਲ-ਚਿੱਤਰ 'ਚੋਂ ਲੰਘ ਰਹੇ ਹੋਈਏ; ਜਿਉਂ ਗੋਲ ਕਰ ਰੱਖਿਆ ਸੰਘਣਾ ਨਮੂਨੇਦਾਰ ਗਲੀਚਾ ਤੁਹਾਡੇ ਅੱਗੇ-ਅੱਗੇ ਖੁੱਲ੍ਹਦਾ ਜਾ ਰਿਹਾ ਹੋਵੇ। ਕਿਸੇ ਪਹਾੜੀ ਨੂੰ ਚੜ੍ਹਦੀ ਪਗਡੰਡੀ 'ਤੇ ਤੁਸੀਂ ਇਕਾਗਰਚਿਤ ਤੁਰਨਾ ਜਾਂ ਕਿਸੇ ਵਿਸ਼ਾਲ ਚਰਾਂਦ 'ਚ ਖੜ੍ਹੇ ਇਕ ਇਕੱਲੇ ਬਿਰਖ ਦੀ ਛਾਂ ਥੱਲੇ ਬੈਠ ਧਿਆਨ ਲਾਉਣਾ ਚਾਹੁੰਦੇ, ਜਿਉਂ ਇੰਜ ਦੀ ਕਿਸੇ ਪਗਡੰਡੀ, ਇੰਜ ਦੇ ਕਿਸੇ ਵੀ ਬਿਰਖ



ਹੇਠ ਬੈਠ ਤੁਹਾਨੂੰ ਨਿਰਵਾਣ ਪ੍ਰਾਪਤ ਹੋ ਜਾਏਗਾ!

ਪੌਣੇ ਘੰਟੇ 'ਚ ਅਸੀਂ ਆਪਣੀ ਮੰਜ਼ਲ 'ਤੇ ਪੁੱਜ ਜਾਂਦੇ ਹਾਂ। ਵਿਜ਼ਿਟਰ ਸੈਂਟਰ, ਜਿੱਥੇ ਕਿ ਬੇਟੇ ਨੇ ਆਪਣੇ 'ਪਾਸਪੋਰਟ ਟੂ ਨੈਸ਼ਨਲ ਪਾਰਕਸ' ਵਿਚ 12ਵੀਂ ਸਟੈਂਪ ਲੁਆਉਣੀ, ਪੁੱਜਦਿਆਂ ਹੀ ਪਤਾ ਚੱਲ ਜਾਂਦਾ ਕਿ ਅਸੀਂ ਮਨੁੱਖੀ ਦਖਲ ਤੋਂ ਮੁਕਾਬਲਤਨ ਬਚੀ ਥਾਂ 'ਤੇ ਪੁੱਜ ਗਏ ਹਾਂ: ਵਿਜ਼ਿਟਰ ਸੈਂਟਰ ਦੇ ਬਾਹਰ, ਆਉਂਦੇ-ਜਾਂਦੇ ਲੋਕਾਂ ਤੋਂ ਬੇਧਿਆਨੇ, 3-4 ਹਿਰਨ ਤੇ ਕੁਝ ਟਰਕੀ ਚੁਗ ਰਹੇ ਨੇ। ਸ਼ੁਕਰ ਹੈ, ਇਸ ਗ੍ਰਹਿ ਦੇ ਮਨੁੱਖ ਤੋਂ ਇਲਾਵਾ ਬਾਕੀ ਵਾਸੀਆਂ ਲਈ ਵੀ ਇੰਜ ਦੀਆਂ ਕੁਝ ਗਿਣੀਆਂ ਥਾਂਵਾਂ ਬਚੀਆਂ ਨੇ।

ਅੱਜ ਹਫਤੇ ਦਾ ਮੱਧਲਾ ਦਿਨ ਹੈ, ਪਰ ਪਾਰਕ 'ਚ ਗਹਿਮਾ-ਗਹਿਮੀ ਹੈ। ਸਾਨੂੰ ਪਾਰਕਿੰਗ ਲਈ ਥਾਂ ਵਾਸਤੇ ਜੱਦੋ-ਜਹਿਦ ਕਰਨੀ ਪਈ ਹੈ। ਚੰਗਾ ਹੀ ਹੈ ਕਿ ਬਹੁਤੇ ਅਮਰੀਕੀਆਂ ਨੂੰ ਇੰਜ ਦੀਆਂ ਥਾਂਵਾਂ ਦਾ ਸ਼ੌਕ ਨਹੀਂ!

ਅਸੀਂ ਵਿਰਲੇ-ਘਣੇ ਜੰਗਲ 'ਚੋਂ ਦੀ ਲੰਘਦੀਆਂ, 2-3 ਪਗਡੰਡੀਆਂ 'ਚੋਂ, ਘੁੰਮੇਰੀਆਂ ਖਾਂਦੀ ਤੇ ਹਲਕਾ ਚੜ੍ਹਦੀ, ਇਕ ਪਗਡੰਡੀ 'ਤੇ ਤੁਰਨ ਲੱਗਦੇ ਹਾਂ। ਇਸ ਪਾਰਕ 'ਚ ਹਾਈਕਿੰਗ ਲਈ ਹੋਰ ਥਾਂਵਾਂ ਵੀ ਨੇ, ਪਰ ਸਾਡੀ ਮੰਜ਼ਲ ਹੈ ਏਥੋਂ ਦੀਆਂ ਮਸ਼ਹੂਰ, ਹਨੇਰੀਆਂ, ਬਹੁਤ ਸੌੜੀਆਂ, ਭੁਲੇਖਾ-ਪਾਊ ਤੇ ਡਰਾਉਂਦੀਆਂ ਗੁਫਾਵਾਂ। ਹਨੇਰੇ ਤੇ ਤੰਗ ਬੰਦ ਥਾਂਵਾਂ ਤੋਂ ਡਰਨ ਵਾਲਿਆਂ ਲਈ ਬਿਲਕੁਲ ਮਨ੍ਹਾਂ।

ਹਾਈਕਿੰਗ ਲਈ ਮੌਸਮ ਆਦਰਸ਼ ਹੈ। ਸੱਜੇ ਹੱਥ ਇਕ ਸੁੱਕੇ ਨਾਲੇ, ਜਿਸ 'ਚ ਵਿਸ਼ਾਲ ਹਰੀਆਂ ਫਰਨ-ਬੂਟੀਆਂ ਨੇ ਤੇ ਕਿਨਾਰਿਆਂ 'ਤੇ ਬਹੁਭਾਂਤ ਰੁੱਖ ਤੇ ਝਾੜੀਆਂ ਨੇ, ਤੋਂ ਪਾਰ ਸਿੱਧੀਆਂ ਖੜ੍ਹੀਆਂ ਵਿਸ਼ਾਲ ਚੱਟਾਨਾਂ ਨੇ। ਹਲਕੀਆਂ ਗੇਰੂਆ, ਕਿਤੇ ਭੂਰੀਆਂ। ਬ੍ਰਾਈਸ ਜਾਂ ਜ਼ਾਇਓਨ ਨੈਸ਼ਨਲ ਪਾਰਕ ਦੀ ਯਾਦ ਦਿਵਾਉਂਦੀਆਂ। ਇਹ ਚੱਟਾਨਾਂ, ਪਹਾੜ, ਗੁਫਾਵਾਂ ਤੇ ਨਾਲੇ, ਲੱਖਾਂ-ਕਰੋੜਾਂ ਸਾਲਾਂ ਤੋਂ ਚੱਲਦੀ ਆ ਰਹੀ, ਅਤੇ ਹੁਣ, ਇਸ ਪਲ ਵੀ ਵਾਪਰ ਰਹੀ, ਅਰੁਕ ਤੇ ਅਟਲ ਮਹਾਂਦੀਪ-ਸਰਕ ਤੇ ਬਹੁਤ ਪਿੱਛੇ ਭੂਤਕਾਲ 'ਚ ਵਾਪਰੇ ਮਹਾਂਵਿਸ਼ਾਲ ਲਾਵਾ-ਵਿਸਫੋਟਾਂ ਦਾ ਨਤੀਜਾ ਨੇ।

ਖੱਬੇ ਹੱਥ ਵੀ ਇਕ ਅੱਧ ਥਾਂ 'ਤੇ ਤਕਰੀਬਨ ਇਹੋ ਨਜ਼ਾਰਾ ਹੈ, ਪਰ ਨਾਲਾ ਘੱਟ ਗਹਿਰਾ ਤੇ ਚੌੜਾ, ਚੱਟਾਨਾਂ ਘੱਟ ਉੱਚੀਆਂ ਤੇ ਉਨ੍ਹਾਂ ਦੇ ਰੰਗ ਦੱਬੇ ਹੋਏ ਨੇ। ਇਕ ਰੁੱਖ ਐਨ ਪਹਾੜੀ ਦੀ ਟੀਸੀ 'ਤੇ ਖੜ੍ਹਾ ਹੈ; ਜੋਗੀਆਂ ਵਾਲੀ ਇਕੱਲਤਾ - ਅਸਮਾਨ ਦੀ ਸਿਖਰ 'ਤੇ ਉਹਦੀ ਸਿਖਰ ਵਿਚਕਾਰ, ਤੇ ਉਹਦੇ ਆਲੇ-ਦੁਆਲੇ ਹੋਰ ਕੁਝ ਨਹੀਂ ਹੈ।

ਇਕ ਸੁਰੰਗ ਪਾਰ ਕਰ ਅਸੀਂ ਗੁਫਾਵਾਂ ਦੇ ਇਕ ਸਿਲਸਿਲੇ ਵਿਚ ਦਾਖਲ ਹੋ ਜਾਂਦੇ ਹਾਂ: ਘੁੱਪ ਹਨੇਰੇ ਦਾ - ਜਿੱਥੇ ਸੈੱਲ-ਫੋਨਾਂ ਦੀਆਂ ਫਲੈਸ਼-ਲਾਈਟਾਂ ਤੋਂ ਬਿਨਾਂ ਅੱਗੇ ਵਧਣਾ ਅਸੰਭਵ ਹੈ, ਭੀੜੀਆਂ ਪੌੜੀਆਂ, ਹੇਠਾਂ ਵਹਿੰਦੇ ਨਿੱਕੇ ਨਾਲਿਆਂ, ਚੱਟਾਨਾਂ ਦੀਆਂ ਖੜ੍ਹੀਆਂ ਦੀਵਾਰਾਂ 'ਚ ਮਸਾਂ ਅਟਕੇ ਜਾਪਦੇ ਵਿਸ਼ਾਲ ਪੱਥਰਾਂ, ਇਕ ਤੋਂ ਵੱਧ ਪਾਸੇ ਨੂੰ ਜਾਂਦੇ ਤੰਗ, ਅੱਗਿਉਂ ਬੰਦ ਜਾਪਦੇ ਰਸਤਿਆਂ ਦਾ, ਰਸਤਾ ਭਟਕ, ਗੁੰਮ ਹੋ ਜਾਣ ਦੇ ਡਰ ਦਾ ਸਿਲਸਿਲਾ। ਪਰ ਇਹ ਡਰ ਘਟ ਜਾਂਦਾ ਹੈ ਕਿਉਂਕਿ ਅਸੀਂ ਇਕੱਠੇ ਹਾਂ: ਜਵਾਨ, ਜਾਂਬਾਜ਼ ਬੇਟਾ, ਨੂੰਹ, ਤੇ ਚਾਰ ਸਾਲ ਦੀ ਸਾਡੀ ਪੋਤਰੀ ਵੀ, ਭਾਵੇਂ ਬਹੁਤਾ ਰਾਹ ਉਹ ਮਾਂ ਦੇ ਮੋਢਿਆਂ 'ਤੇ ਚੜ੍ਹੀ ਆਈ ਹੈ। ਅਸੀਂ ਥੋੜ੍ਹਾ ਘਬਰਾਉਂਦੇ, ਇਕ-ਦੋ ਥਾਂ ਰਾਹ ਭੁੱਲਦੇ, ਆਪਣੀ ਇਸ ਹਾਈਕ ਦੀ ਅੰਤਿਮ ਮੰਜ਼ਲ 'ਰੈਜ਼ਰਵਾਇਰ' ਪੁੱਜਦੇ ਹਾਂ ਤਾਂ ਓਥੇ ਬਹੁਤ ਸਾਰੇ ਲੋਕ ਪਹਿਲਾਂ ਪੁੱਜੇ ਨੇ, ਚਾਰ ਸਾਲਾਂ ਤੋਂ ਵੀ ਛੋਟੀ ਉਮਰ ਦੇ ਬੱਚਿਆਂ ਸਮੇਤ।

ਰੈਜ਼ਰਵਾਇਰ, ਪਹਾੜ ਦੀ ਚੋਟੀ 'ਤੇ, ਮੈਲੇ ਜਾਪਦੇ, ਕਾਲੋਂ ਭਾਹ ਵਾਲੇ ਪਾਣੀ ਦੀ ਛੋਟੀ ਝੀਲ ਹੈ। ਕੁਝ ਲੋਕ ਝੀਲ ਤੋਂ ਵੀ ਉੱਤੇ, ਪਾਸਿਆਂ ਨੂੰ ਚੜ੍ਹਦੀਆਂ ਔਖੀਆਂ ਪਗਡੰਡੀਆਂ 'ਤੇ ਚੜ੍ਹ ਰਹੇ ਨੇ। ਪਰ ਸਾਡਾ ਏਥੇ ਆਉਣਾ ਸੰਪੰਨ ਹੋ ਗਿਆ ਹੈ, ਕਿਉਂਕਿ ਘੱਟੋ-ਘੱਟ ਮੇਰਾ ਸਰੀਰ ਤਾਂ ਏਨੀ ਮਸ਼ੱਕਤ ਦੀ ਹੀ ਇਜਾਜ਼ਤ ਦੇਂਦਾ ਹੈ। ਮਨ ਤਾਂ ਉਤਾਂਹ, ਇਸ ਪਹਾੜ-ਚੋਟੀ ਤੋਂ ਵੀ ਉੱਪਰ ਉੱਡਦੇ ਕੈਲੇਫੋਰਨੀਆ ਕੌਂਡੋਰ ਵਾਂਗ ਹਮੇਸ਼ਾ ਉੱਡਣਾ ਚਾਹੁੰਦਾ ਹੈ।

---

'ਚ ਚਲਾ ਗਿਆ। ਮੰਮ ਆਈ ਤਾਂ ਬਾਹਰ ਨਿਕਲ ਕੇ ਉੱਚੀ-ਉੱਚੀ ਬੋਲਣ ਲੱਗ ਪਿਆ ਕਿ ਇਹਦੀਆਂ ਚਾਰ ਭੁਆਂਟਣੀਆਂ ਦੇ ਕੇ ਤੋਰ ਜੇ ਨਈਂ ਤਾਂ ਤੂੰ ਵੀ ਚੱਲ। ਆਪਣੇ ਰਹਿਣ ਦਾ ਬੰਦੋਬਸਤ ਕਰ। ਕੱਲ੍ਹ ਨੂੰ ਮੇਰੇ 'ਤੇ ਵੀ ਕੋਈ ਊਜ ਲਾ ਦਊਗੀ। ਮੈਂ ਤਾਂ ਬਾਰ੍ਹ ਨਿਕਲਣ ਜੋਗਾ ਵੀ ਨਈਂ।"

"ਆਲੀਆ ਜਾਨ, ਭਲਾ ਕੰਮ ਕੀ ਕਰਦੇ ਤੇਰੇ ਸਟੈੱਪ ਡੈਡ?"

"ਕੰਮ ਕੀ ਕਰਨਾ? ਟਰੱਕ ਚਲਾਉਂਦਾ। ਲੋਕਾਂ ਦੀਆਂ ਨਜ਼ਰਾਂ 'ਚ ਤਾਂ ਉਹ ਧਰਮਾਤਮਾ ਆਂ-ਧਰਮਾਤਮਾ! ਸੰਤ-ਸਰੂਪ!! ਬਗਲਾ ਭਗਤ, ਭੇੜੀਆ!!! ਐਤਵਾਰ ਵਾਲੇ ਦਿਨ ਤੜਕੇ ਗੁਰੂ ਘਰ ਪਹੁੰਚਿਆ ਹੁੰਦਾ। ਕਤਾਰ 'ਚ ਸਭ ਤੋਂ ਅੱਗੇ ਧਰਮ ਦਾ ਠੇਕੇਦਾਰ ਬਣ ਕੇ ਲੋਕਾਂ ਨੂੰ ਮੱਤਾਂ ਦਿੰਦਾ। ਸੰਗਤ ਦੇ ਜੋੜੇ ਝਾੜਨ ਵਿਚ ਉਦ੍ਹਾ ਕੋਈ ਸਾਨੀ ਨ੍ਹੀਂ।"

"ਆਲੀਆ ਜਾਨ, ਮੈਨੂੰ ਸਮਝ ਨ੍ਹੀਂ ਆਉਂਦੀ ਕਿ ਇਸ ਤੋਂ ਅੱਗੇ ਕੀ ਕਹਾਂ ਤੇ ਕੀ ਪੁੱਛਾਂ? ਤੂੰ ਮੁਹੰਮਦ ਨਾਲ ਵਿਆਹ ਕਿੱਦਾਂ ਕਰਵਾਇਆ?"

"ਵਿਆਹ ਨਈਂ ਨਿਕਾਹ! ਕੋਰਟ-ਮੈਰਿਜ! ਇਹ ਓਸੇ ਦਿਨ ਦੀ ਗੱਲ ਆ ਜਿਸ ਦਿਨ ਸਟੈੱਪ ਡੈਡ ਨੇ ਮੈਨੂੰ ਮੋਲੈਸਟ ਕੀਤਾ ਤੇ ਮਾਂ ਨੂੰ ਵੀ ਗਾਲ੍ਹਾਂ ਕੱਢੀਆਂ। ਮੈਂ ਉਸੇ ਰਾਤ ਦੀ ਸ਼ਿਫਟ ਤੋਂ ਬਾਅਦ ਮੁਹੰਮਦ 'ਨਾ ਭੱਜ ਗਈ। ਉਹ ਮੈਨੂੰ ਲੌਸ ਵੇਗਸ ਲੈ ਗਿਆ। ਅਸੀਂ ਦੋ ਦਿਨ ਓਥੇ ਈ ਰਏ੍ਹ। ਦੋ ਦਿਨਾਂ ਬਾਅਦ ਮੁਹੰਮਦ ਦੀ ਅੰਮੀ ਜਾਨ ਤੇ ਭਾਈ ਜਾਨ ਵੀ ਆ ਗਏ। ਅਸੀਂ ਕੋਰਟ ਮੈਰਿਜ ਕਰਵਾ ਲਈ ਸੀ। ਬਾਅਦ 'ਚ ਮਸਜਿਦ ਜਾ ਕੇ ਨਿਕਾਹ ਵੀ ਕਰਵਾਇਆ। ਓਧਰ ਸਾਡੇ ਭਾਈਚਾਰੇ 'ਚ ਮੇਰੇ ਘਰੋਂ ਨਿਕਲ ਜਾਣ ਦਾ ਰੌਲ਼ਾ ਪੈ ਗਿਆ। ਸਭ ਨੇ ਮੇਰਾ ਬਾਈਕਾਟ ਕਰ 'ਤਾ। ਮੈਂ ਕੁਛ ਮਹੀਨਿਆਂ ਬਾਅਦ ਮੰਮ ਨੂੰ ਫੋਨ ਕੀਤਾ ਤਾਂ ਉਸਨੇ ਇਹ ਕਹਿ ਕੇ ਫੋਨ ਕੱਟ ਦਿੱਤਾ ਕਿ ਉਹ ਮਜਬੂਰ ਆ...।"

"ਮਜਬੂਰੀ ਵੀ ਤਾਂ ਬਹੁਤ ਵੱਡੀ ਬਣ ਗਈ, ਆਲੀਆ ਜਾਨ।"

... ਪਰ ਪਤਾ ਮੇਰੀ ਮੰਮ ਮੈਨੂੰ ਬਹੁਤ ਪਿਆਰ ਕਰਦੀ ਸੀ। ਇਕ ਵਾਰੀ ਮੈਂ ਇੰਡੀਆ ਬਿਮਾਰ ਹੋ ਗਈ। ਰੋਜ਼ ਗੁਰਦਵਾਰੇ ਅਰਦਾਸ ਕਰਾਉਣ ਜਾਂਦੀ ਰਹੀ। ਮੈਨੂੰ ਲੈ ਕੇ ਹਸਪਤਾਲਾਂ 'ਚ ਭੁੱਖੀ-ਭਾਣੀ ਘੁੰਮੀ। ਜਦੋਂ ਮੈਂ ਠੀਕ ਹੋਈ ਤਾਂ ਹਰਿਮੰਦਰ ਸਾਬ੍ਹ ਪ੍ਰਸ਼ਾਦ ਕਰਵਾਇਆ। ਸੁਭਾਨੀਆ ਦੇ ਜਨਮ ਦਾ ਪਤਾ ਲੱਗਾ ਤਾਂ ਸਭ ਤੋਂ ਚੋਰੀ ਸੁਭਾਨੀਆ ਨੂੰ ਦੇਖਣ ਆਈ। ਸੌ ਡਾਲਰ ਪਿਆਰ ਦੇ ਕੇ ਗਈ। ਜਦ ਸਟੈੱਪ ਡੈਡ ਨੂੰ ਪਤਾ ਲੱਗਾ ਤਾਂ ਉਹਨੇ ਘਰ 'ਚ ਕਲੇਸ਼ ਪਾ ਦਿੱਤਾ। ਫੇਰ ਉਹ ਨਿਊਯਾਰਕ ਮੂਵ ਹੋ ਗਏ। ਉਸ ਤੋਂ ਬਾਅਦ ਅੱਲ੍ਹਾ ਜਾਣੇਂ ਕੀ ਹੋਇਆ? ਇਕ ਦਿਨ ਮੰਮ ਨੇ ਚੋਰੀ ਫੋਨ ਕਰਕੇ ਕਿਹਾ ਕਿ ਧੀਏ ਮੈਨੂੰ ਫੋਨ ਨਾ ਕਰੀਂ। ਮੈਂ ਆਪਣਾ ਵਕਤ ਕੱਢਣਾ। ਉਸ ਦਿਨ ਮੈਂ ਨਮਾਜ਼ ਪੜ੍ਹਦੇ ਵਕਤ ਬਹੁਤ ਰੋਈ। ਮੈਂ ਆਪਣੀ ਮੰਮ ਨੂੰ ਛੱਡਣਾ ਨ੍ਹੀਂ ਸੀ ਚਾਹੁੰਦੀ।"

ਆਲੀਆ ਆਪਣੀ ਕਹਾਣੀ ਦੱਸ ਕੇ ਚਲੀ ਗਈ ਪਰ ਮੈਂ ਉਸ ਰਾਤ ਸੌਂ ਨਾ ਸਕੀ। ਬਾਪ ਅਤੇ ਮਤਰਏ ਬਾਪ ਵਿਚ ਫ਼ਰਕ ਲੱਭਦੀ ਰਹੀ ...।

ਮੇਰਾ ਕੰਮ ਵਿਚ ਧਿਆਨ ਨਹੀਂ ਲੱਗ ਰਿਹਾ। ਈਮੇਲ ਵਿਚੇ ਛੱਡ ਕੇ ਮੈਂ ਕਿਤੇ ਹੋਰ ਹੀ ਪਹੁੰਚ ਗਈ ਹਾਂ...।

ਮੈਨੂੰ ਯਾਦ ਆ ਰਿਹਾ, ਜਦੋਂ ਮੈਂ ਪ੍ਰਮੋਟ ਹੋ ਕੇ ਲਿਵਰਮੋਰ ਚਲੀ ਗਈ ਤਾਂ ਆਲੀਆ ਆਪਣੀ ਦੂਜੀ ਬੱਚੀ ਹਫ਼ਜ਼ਾ ਨੂੰ ਲੈ ਕੇ ਆਈ। ਉਸਨੇ ਮੈਨੂੰ ਗਲੇ ਮਿਲਦੇ ਹੋਏ ਦੱਸਿਆ, "ਅਸੀਂ ਵੀ ਏਧਰ ਈ ਮੂਵ ਹੋ ਗਏ। ਮੈਂ ਆਪਣੀ ਖ਼ੂਸ਼ੂ ਜਾਨ (ਸੱਸ) ਨਾਲ ਰਹਿੰਨੀ ਆਂ। ਹੁਣ ਇਹਦੇ 'ਚੋਂ ਈ ਮੈਨੂੰ ਆਪਣੀ ਮੰਮ ਦਿਸਦੀ ਆ।"

ਆਪਣੇ ਸਹੁਰੇ ਪਰਿਵਾਰ ਨਾਲ ਵਾਰੀ-ਵਾਰੀ ਮੁਲਾਕਾਤ ਕਰਵਾਈ। ਜਦ ਵੀ ਫੋਨ ਕਰਦੀ ਇਹੋ ਕਹਿੰਦੀ- "ਅੱਜ ਹਫ਼ਜ਼ਾ ਸਕੂਲ ਨਈਂ ਆਵੇਗੀ ਕਿਉਂਕਿ ਮੇਰੀ ਖ਼ੂਸ਼ੂ ਜਾਨ ਬਿਮਾਰ ਆ। ਹਸਪਤਾਲ ਲੈ ਕੇ ਜਾਣਾਂ। ਮੈਂ ਵਾਲੰਟੀਅਰ ਨਈਂ ਕਰ ਸਕਾਂਗੀ। ਅੱਜ ਕਾਊਂਟੀ ਦਫ਼ਤਰ *ਵਿਕ ਦੀ ਮੀਟਿੰਗ ਏ...। ਮੁਹੰਮਦ 'ਕੱਲਾ ਈ ਕੰਮ ਕਰਦਾ। ਇਸੇ ਕਰਕੇ ਸਾਡੀ ਆਮਦਨ ਘੱਟ ਆ। ਜਦੋਂ ਇਹ ਵੱਡੀਆਂ ਹੋ ਗਈਆਂ। ਮੈਂ ਕੰਮ ਕਰਨ ਲੱਗ ਪਈ ਤਾਂ ਸਭ ਠੀਕ ਹੋ ਜਾਊਗਾ।"

ਮੈਂ ਸੋਚਦੀ ਹਾਂ ਕਿਵੇਂ ਇਸਨੇ ਆਪਣੇ ਆਪ ਨੂੰ ਏਨਾ ਬਦਲਿਆ? ਰੁੱਖੀ-ਮਿੱਸੀ ਖਾ ਕੇ ਵੀ ਕਿੰਨੀ ਖ਼ੁਸ਼ ਰਹਿੰਦੀ ਏ। ਈਦ ਆਉਂਦੀ ਏ ਤਾਂ ਰੋਜ਼ੇ ਰੱਖਦੀ ਹੈ। ਈਦ ਵਾਲੇ ਦਿਨ ਬੱਚਿਆਂ ਦੀ ਛੁੱਟੀ ਕਰਵਾ ਕੇ ਹੱਥਾਂ 'ਤੇ ਬੜੇ ਚਾਅ ਨਾਲ ਮਹਿੰਦੀ ਲਗਾਉਂਦੀ ਹੈ। ਜਦੋਂ ਆਪਣੀਆਂ ਬੱਚੀਆਂ ਨਾਲ ਫ਼ਾਰਸੀ ਬੋਲਦੀ ਹੈ ਤਾਂ ਕੋਈ ਕਹਿ ਹੀ ਨਈਂ ਸਕਦਾ ਕਿ ਇਹ ਪੰਜਾਬਣ ਹੈ...?

ਸੁਭਾਨੀਆ ਅਤੇ ਹਫਜ਼ਾ ਨੂੰ ਉਸਨੇ ਮੁਸਲਿਮ ਚਾਰਟਰ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਤੇ ਜ਼ੇਨਾ ਮੇਰੇ ਕੋਲ ਪ੍ਰੀ ਕੇ ਵਿਚ ਹੈ।

ਅੱਜ ਤਾਂ ਸੋਚਾਂ ਵਿਚ ਹੀ ਕਲਾਸ ਦਾ ਵਕਤ ਪੂਰਾ ਹੋ ਗਿਆ। ਕੋਈ ਕੰਮ ਵੀ ਚੰਗੀ ਤਰ੍ਹਾਂ ਨਹੀਂ ਕਰ ਸਕੀ। ਆਲੀਆ ਜ਼ੇਨਾ ਨੂੰ ਲੈਣ ਆਉਂਦੀ, ਦੂਰੋਂ ਹੀ ਬੋਲੀ ਏ, "ਮਿਸ ਕੀਰਤੀ! ਸਤਿ ਸ੍ਰੀ ਅਕਾਲ!"

ਮੈਂ ਦੋਵੇਂ ਹੱਥ ਜੋੜੇ ਨੇ, "ਸਤਿ ਸ੍ਰੀ ਅਕਾਲ! ਵਾਹ ਆਲੀਆ ਜਾਨ ਮੰਮੀ ਕਦੋਂ ਆ ਰਈ?"

"ਮੰਮ ਕਹਿੰਦੀ ਸੀ, ਮੈਂ ਮਦਰਜ਼ ਡੇਅ ਵਾਲੇ ਦਿਨ ਈ ਮਿਲੂੰਗੀ।"

"ਤੂੰ ਸਟੈੱਪ ਡੈਡ ਤੇ ਭਰਾ ਬਾਰੇ ਪੁੱਛਿਆ?"

"ਹਾਂ! ਦੋਨਾਂ ਨੂੰ ਜੇਲ੍ਹ ਹੋ ਗਈ। ਤੁਆਨੂੰ ਯਾਦ ਆ ਮੈਂ ਦੱਸਿਆ ਸੀ ਕਿ ਉਹ ਟਰੱਕ ਚਲਾਉਂਦਾ ਸੀ। ਉਹਨੇ ਮੇਰੇ ਮਤਰਏ ਭਰਾ ਨੂੰ ਵੀ ਇਸੇ ਕੰਮ 'ਚ ਪਾ ਲਿਆ। ਉਹ ਜਿਹਦਾ ਟਰੱਕ ਚਲਾਉਂਦੇ ਸੀ ਨਾ ਉਹ ਕੰਪਨੀ ਦਾ ਮਾਲਕ ਵੀ ਆਪਣੇ ਆਪ ਨੂੰ ਗੁਰੂ ਘਰ ਦਾ ਵੱਡਾ ਸੇਵਾਦਾਰ ਕਹਾਉਂਦਾ। ਉਹਦੇ ਟਰੱਕਾਂ 'ਚ ਡਰੱਗ ਸਪਲਾਈ ਹੁੰਦੀ ਆ। ਸੇਵਾਦਾਰ ਆਪ ਤਾਂ ਦੁੱਧ-ਧੋਤਾ ਬਣ ਗਿਆ ਤੇ ਕੇਸ ਇਨ੍ਹਾਂ 'ਤੇ ਪਾ ਦਿੱਤਾ। ਵਕੀਲ ਵੀ ਕੀਤਾ ਪਰ ਕੁਝ ਨ੍ਹੀਂ ਬਣਿਆ।"

"ਮੰਮ ਤਾਂ ਹੋਰ ਵੀ ਦੁਖੀ ਹੋ ਗਈ ਹੋਣੀਂ?"

"ਪਤਾ ਨ੍ਹੀਂ ਪਰ ਉਹਦਾ ਡਰ ਹੁਣ ਚੁੱਕਿਆ ਗਿਆ। ਕਹਿੰਦੀ ਹੁਣ ਨ੍ਹੀਂ ਡਰਦੀ ਮੈਂ ਇਸ ਸੜੇ ਸਮਾਜ ਤੋਂ। ਆਪ ਤਾਂ ਹਰ ਤਰ੍ਹਾਂ ਦੇ ਧੰਦੇ ਕਰ ਕੇ ਵੀ ਸਾਧ ਈ ਰਹਿੰਦੇ ਆਂ...। ਨਾਲੇ ਪਤਾ ਮਾਸੀ ਦੀ ਕੁੜੀ ਨੇ ਵੀ ਮਕਸੀਕਨ ਮੁੰਡੇ 'ਨਾ ਵਿਆਹ ਕਰਵਾ ਲਿਆ। ਉਹਨੂੰ ਤਾਂ ਰੋਕ ਨ੍ਹੀਂ ਸਕੀ। ਹੁਣ ਭਾਈਚਾਰਾ ਵੀ ਪਤਾ ਨ੍ਹੀਂ ਕਿੱਧਰ ਗਿਆ? ਮੰਮ ਦਾ ਨਿਊਯਾਰਕ ਕੌਣ ਆਂ? ਸੋ ਏਧਰ ਮੂਵ ਹੋ ਗਈ।"

ਆਲੀਆ ਦੇ ਬੁੱਲ੍ਹਾਂ 'ਤੇ ਸਿੱਕਰੀ ਆ ਗਈ ਆ।

ਮੈਂ ਟੇਬਲ ਤੋਂ ਪਾਣੀ ਦੀ ਬੋਤਲ ਚੁੱਕ ਕੇ ਫੜਾਉਂਦੇ ਕਿਹੈ, "ਤੇਰੀ ਮੰਮ ਲਈ ਤਾਂ ਇਹ ਸਭ ਸਹਿਣਾ ਬਹੁਤ ਔਖਾ ਹੋਵੇਗਾ ਪਰ ਹੁਣ ਸਮਾਂ ਬੌਂਤ੍ਹ ਬਦਲ ਗਿਆ।"

"ਹਾਂ! ਕਹਿੰਦੀ ਸੀ ਮੈਂ ਮਜਬੂਰ ਸੀ। ਤੇਰੇ ਭਰਾ ਕਰਕੇ ਚੁੱਪ ਸੀ। ਤੇਰੀ ਮਾਸੀ ਅੱਖਾਂ ਕੱਢਦੀ ਸੀ। ਮਾਸੜ ਵੀ ਮਿਹਣੇ ਮਾਰਦਾ ਸੀ...। ਹੁਣ ਇੰਡੀਆ ਤੋਂ ਆਉਂਦੇ ਸਾਰ ਈ ਤੁਆਨੂੰ ਬੁਲਾਊਂਗੀ।"

"ਤੂੰ ਮੁਹੰਮਦ ਨੂੰ ਦੱਸਿਆ?"

"ਹਾਂ! ਉਹ ਤਾਂ ਸਾਰੇ ਈ ਬਹੁਤ ਖ਼ੁਸ਼ ਨੇ। ਮੁਹੰਮਦ ਤਾਂ ਆਪ ਵੀ ਪੰਜਾਬੀ ਬੋਲਣੀ ਸਿੱਖ ਰਿਆ੍। ਕਲ੍ਹ ਅਸੀਂ ਘਰ ਕੜਾਹ-ਪ੍ਰਸ਼ਾਦ ਵੀ ਬਣਾਇਆ। ਖ਼ੂਸ਼ੂ ਜਾਨ ਤਾਂ ਐਤਵਾਰ ਨੂੰ ਗੁਰੂ ਘਰ ਵੀ ਜਾਣਾ ਚੌਂਦੀ੍ ਪਰ ਮੈਂ ਕਿਆ੍ ਪਹਿਲਾਂ ਮਸਜਿਦ, ਫੇਰ ਗੁਰੂ ਘਰ...।"

"ਆਲੀਆ ਜਾਨ! ਮੈਂ ਤਾਂ ਤੇਰੀ ਮੁਰੀਦ ਹੋ ਗਈ। ਤੂੰ ਜਿੱਥੇ ਵੀ ਰਿਸ਼ਤਾ ਜੋੜਿਆ, ਦਿਆਨਤਦਾਰੀ 'ਨਾ ਨਿਭਾਇਆ। ਹਰ ਹਾਲ 'ਚ ਮੁਹੰਮਦ ਦੇ ਨਾਲ ਰਈ੍। ਉਸਦੇ ਪਰਿਵਾਰ ਨੂੰ, ਧਰਮ ਨੂੰ, ਰੀਤੀ-ਰਿਵਾਜਾਂ ਨੂੰ ਅਪਣਾਇਆ। ਤੈਨੂੰ ਸਲਾਮ!"

"ਸ਼ੁਕਰੀਆ! ਮਿਸ ਕੀਰਤੀ, ਤੂੰ ਬੱਸ ਮੰਮ ਦੇ ਇੰਡੀਆ ਤੋਂ ਵਾਪਸ ਆਉਣ ਤੱਕ ਜ਼ੇਨਾ ਨੂੰ ਮਾੜੀ-ਮੋਟੀ ਪੰਜਾਬੀ ਸਿਖਾ ਦੇ। ਆਖਿਰ ਮੇਰੀ ਮਾਂ ਆ ਰਈ੍ ਨਾ। ਉਹਦੇ ਇਕ ਫੋਨ ਨੇ ਈ ਮੇਰੀ ਦੁਨੀਆਂ ਬਦਲ 'ਤੀ। ਮੁੜ-ਮੁੜ ਕੇ ਕੀ ਗੱਲ ਤੋਰਨੀ? ਅਸਲ 'ਚ ਮੇਰੀ ਮੰਮ, ਮਾਸੀ ਦੇ ਅਹਿਸਾਨ ਥੱਲੇ ਦੱਬੀ ਪਈ ਸੀ। ਮਾਸੀ ਆਪਣੀ ਨਨਾਣ ਦੇ ਮੁੰਡੇ ਨੂੰ ਮੇਰੇ 'ਨਾ ਵਿਆਹ ਕੇ ਅਮਰੀਕਾ ਲਿਆਉਣਾ ਚੌਂਦੀ ਸੀ। ਦੂਜਾ ਸਟੈੱਪ ਡੈਡ ਨੇ ਧਰਮ ਦਾ ਢੌਂਗ ਰਚਾ ਕੇ ਡਰਾਇਆ ਹੋਇਆ ਸੀ।"

"ਸੱਚ ਆਲੀਆ ਜਾਨ, ਮੇਰੇ ਡੈਡੀ ਅਕਸਰ ਕਹਿੰਦੇ ਸੀ ਕਿ ਜੇ ਕਿਸੇ ਨੂੰ ਧੋਖਾ ਦੇਣਾ ਹੋਵੇ ਤਾਂ ਧਰਮੀ ਹੋਣ ਦਾ ਢੌਂਗ ਕਰੋ। ਲੋਕ ਅੱਖਾਂ ਮੀਟ ਕੇ ਯਕੀਨ ਕਰਨਗੇ।"

"...ਤਾਂ ਉਹ ਬਿਲਕੁਲ ਠੀਕ ਕਹਿੰਦੇ ਸੀ। ਮਿਸ ਕੀਰਤੀ!"

"...ਪਰ ਇਹ ਬਿਲਕੁਲ ਸੱਚ ਆ ਕਿ ਮਾਂ-ਧੀ ਦਾ ਰਿਸ਼ਤਾ ਸਦੀਵੀ ਹੁੰਦਾ। ਮਾਂ-ਧੀ ਦਾ ਇਕ ਪਰਦਾ। ਤੂੰ ਖ਼ੁਸ਼ ਹੋ ਜਾ। ਇਸ ਮਦਰਜ਼ ਡੇਅ 'ਤੇ ਤੈਨੂੰ ਤੇਰੀ 'ਕੱਲੀ ਮਾਂ ਈ ਨ੍ਹੀਂ ਸਗੋਂ ਵਿਸਰੀ ਮਾਂ ਬੋਲੀ ਵੀ ਮੁੜ ਕੇ ਮਿਲ ਰਹੀ ਆ।"

"ਹਾਂ ਜੀ! ਏਸੇ ਲਈ ਤਾਂ ਮੈਂ ਵੀ ਇਹਨੂੰ ਬੈਸਟ ਮਦਰਜ਼ ਡੇਅ ਬਣਾਉਣ ਦੀ ਸੋਚ ਰਹੀ ਆਂ। ਚੰਗਾ, ਫੇਰ ਮਿਲਦੇ ਆਂ! ਬਾਏ-ਬਾਏ...।"

ਅੱਜ ਮਦਰਜ਼ ਡੇਅ ਹੈ। ਸਵੇਰ ਤੋਂ ਹੀ ਆਲੀਆ ਤੇ ਉਸਦੀ ਮਾਂ ਬਾਰੇ ਸੋਚ ਰਹੀ ਹਾਂ। ਸਕੂਲ ਪਹੁੰਚਦੇ ਹੀ ਮੇਰੀਆਂ ਨਜ਼ਰਾਂ ਆਲੀਆ ਤੇ ਜ਼ੇਨਾ ਦੀ ਰਾਹ ਤੱਕ ਰਹੀਆਂ ਨੇ। ਆਲੀਆ ਪੀਲੇ ਰੰਗ ਦਾ ਸੂਟ ਪਾ ਕੇ ਆਈ ਏ। ਜ਼ੇਨਾ ਨੇ ਵੀ ਹਰੇ ਰੰਗ ਦਾ ਪੰਜਾਬੀ ਸੂਟ ਪਾਇਆ ਹੋਇਆ।

"ਵਾਹ! ਅੱਜ ਤਾਂ ਇਉਂ ਲੱਗ ਰਿਹੈ ਜਿਵੇਂ ਪੰਜਾਬ ਦੇ ਖੇਤਾਂ 'ਚ ਸਰ੍ਹੋਂ ਖਿੜੀ ਹੋਵੇ! ਪੰਜਾਬੀ ਸੂਟ ਤੇ ਉਹ ਵੀ ਪੀਲੇ ਰੰਗ ਦਾ ਆਲੀਆ ਜਾਨ! ਸੱਚਮੁਚ ਤੈਨੂੰ ਇਹ ਰੰਗ ਬਹੁਤ ਜਚ ਰਿਹਾ। ਜ਼ੇਨਾ ਵੀ ਹਰੇ ਸੂਟ 'ਚ ਨੰਨ੍ਹੀ ਪਰੀ ਲੱਗ ਰਈ੍ ਆ। ਤੈਨੂੰ ਪਤਾ ਪੀਲ਼ਾ ਤੇ ਹਰਾ ਮੇਰੇ ਹਸਬੈਂਡ ਦੇ ਮਨਭਾਉਂਦੇ ਰੰਗ ਆ।"

"ਧੰਨਵਾਦ! ਮਿਸ ਕੀਰਤੀ। ਮੁਹੰਮਦ ਜਾਨ ਨੇ ਕੱਲ੍ਹ ਇੰਡੀਅਨ ਸਟੋਰ ਤੋਂ ਖ਼ਰੀਦ ਕੇ ਦਿੱਤੇ। ਮੈਂ ਮੰਮ ਲਈ ਫੁੱਲਾਂ ਦਾ ਗੁਲਦਸਤਾ ਲੈਣ ਜਾ ਰਈ੍ ਆਂ...!

ਆਲੀਆ ਜ਼ੇਨਾ ਨੂੰ ਜਲਦੀ ਲੈਣ ਆ ਗਈ ਏ। ਪੈਰਾਂ ਵਿਚ ਚੀਕੂ-ਚੀਕੂ ਕਰਦੀ ਪੰਜਾਬੀ ਜੁੱਤੀ ਦਿਲ ਨੂੰ ਧੂਹ ਪਾ ਰਹੀ ਆ। ਮੈਂ ਪਹਿਲਾਂ ਹੀ ਜ਼ੇਨਾ ਦੇ ਹੱਥ ਵਿਚ ਦੋ ਕਾਰਡ ਫੜਾਏ ਹੋਏ ਨੇ। ਇਕ ਉਸਨੇ ਆਪਣੀ ਮੰਮੀ ਲਈ ਬਣਾਇਆ ਤੇ ਦੂਜਾ ਨਾਨੀ ਮਾਂ ਲਈ। ਜਿਸ ਉੱਪਰ ਮੈਂ ਜ਼ੇਨਾ ਤੋਂ ਪੰਜਾਬੀ ਵਿਚ ਲਿਖਵਾਇਐ 'ਹੈਪੀ ਮਦਰਜ਼ ਡੇਅ! ਨਾਨੀ ਮਾਂ!!'

ਆਲੀਆ ਨੇ ਜ਼ੇਨਾ ਦੇ ਹੱਥੋਂ ਕਾਰਡ ਫੜਦੇ ਕਿਹੈ, "ਮਿਸ ਕੀਰਤੀ ਵਾਹ! ਆਹ ਤਾਂ ਕਮਾਲ ਕਰ 'ਤੀ। ਤੁਆ੍ਡਾ ਵੀ ਜੁਆਬ ਨ੍ਹੀਂ! ਹੈਪੀ ਮਦਰਜ਼ ਡੇਅ! ਅਸੀਂ ਸਾਰੇ ਈ ਮੰਮ ਨੂੰ ਮਿਲਣ ਜਾ ਰਏ੍ ਆਂ।"

"ਵੈਰੀ ਹੈਪੀ ਮਦਰਜ਼ ਡੇਅ! ਮੈਨੂੰ ਤਾਂ ਲੱਗਦੈ, ਅੱਜ ਤੂੰ ਮਾਂ ਦੇ ਘਰ ਮੁੜਦਾ ਫੇਰਾ ਪਾਉਣ ਚੱਲੀ ਆਂ। ਹੱਸਦੀ-ਵਸਦੀ ਰਹਿ! ਅੱਲ੍ਹਾ ਹਾਫ਼ਿਜ਼!"

***ਮੋਲੈਸਟ-ਛੇੜਖਾਨੀ**

***ਵਿਕ-ਫੈਡਰਲ ਗੌਰਮਿੰਟ ਵਲੋਂ ਚਲਾਏ ਜਾ ਰਹੇ ਪ੍ਰੋਗਰਾਮ ਦਾ ਨਾਂ ਜਿਸ ਤਹਿਤ, ਘੱਟ ਆਮਦਨ ਗਰਭਵਤੀ ਔਰਤਾਂ ਅਤੇ ਬੱਚਿਆਂ ਦੀ ਸਿਹਤ-ਸੰਭਾਲ ਨਾਲ ਸੰਬੰਧਿਤ ਪ੍ਰੋਗਰਾਮ ਦਾ ਨਾਂ।**

# ਇਕ ਹੱਥ ਕਲਮ ਤੇ ਦੂਜੇ ਹੱਥ ਤੂੰਬੀ ਵਾਲਾ ਨਿੰਦਰ ਘੁਗਿਆਣਵੀ

**ਕਲਮੀ ਚਿੱਤਰ**

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਾਰ ਲੇਖਕ ਨਿੰਦਰ ਘੁਗਿਆਣਵੀ ਪਾਠਕਾਂ ਦੀ ਨਜ਼ਰ ਹੈ।***



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਨਿੰਦਰ ਘੁਗਿਆਣਵੀ ਨੂੰ ਮੈਂ ਪਹਿਲੀ ਵਾਰ ਪਟਿਆਲੇ ਭਾਸ਼ਾ ਭਵਨ ਵਿਚ ਦੇਖਿਆ ਸੀ। 1996 ਜਾਂ 97 ਦੀ ਗੱਲ ਹੋਣੀ ਹੈ। ਇਹ ਉਥੇ ਕੱਚਾ-ਪੱਕਾ ਜਿਹਾ ਮੁਲਾਜ਼ਮ ਸੀ। ਕੰਮ ਆਉਣ ਲਈ ਤਤਪਰ ਅਤੇ ਸੇਵਾ ਦੀ ਭਾਵਨਾ ਨਾਲ ਭਰਪੂਰ। 'ਐਂਕਲ ਜੀ ਐਂਕਲ ਜੀ' ਕਰਦੇ ਦਾ ਮੂੰਹ ਨਾ ਥਕਦਾ। ਗੱਲ-ਗੱਲ ਉੱਤੇ ਹਸਦਾ। ਮੈਂ ਉਸ ਸਮੇਂ ਤੱਕ ਇਹਦੀ ਕੋਈ ਰਚਨਾ ਤਾਂ ਨਹੀਂ ਸੀ ਪੜ੍ਹੀ ਹੋਈ ਪਰ ਇਹਦਾ ਨਾਂ ਸਾਹਿਤ ਸਭਾਵਾਂ ਦੀਆਂ ਖ਼ਬਰਾਂ-ਖ਼ੁਬਰਾਂ ਵਿਚ ਪੜ੍ਹਿਆ ਹੋਇਆ ਸੀ। ਇਕ ਵਾਰ ਮੈਂ ਤੇ ਸੰਤੋਖ ਸਿੰਘ ਧੀਰ ਉਥੇ ਲੇਖਕ ਭਵਨ ਵਿਚ ਠਹਿਰੇ ਤਾਂ ਨਿਘੋਚੀ ਸੁਭਾਅ ਦੇ ਬਾਵਜੂਦ ਉਹ ਵੀ ਇਹਦੇ ਸੇਵਾ-ਭਾਵ ਤੇ ਰਚਨਾ-ਕਾਰਜ ਤੋਂ ਖ਼ੁਸ਼ ਹੋਏ।

ਦੂਜੀ ਵਾਰ ਇਹ ਇਕ ਸਾਹਿਤਕ ਇਕੱਠ ਵਿਚ ਮਿਲਿਆ। ਇਹਦਾ ਹਾਸਾ ਗ਼ਾਇਬ ਸੀ। ਇਹ ਖਾਸਾ ਦੁਖੀ ਹੋਇਆ ਫਿਰਦਾ ਸੀ। ਇਹਦੀ ਉਹ ਕੱਚੀ ਨੌਕਰੀ ਜਾਂਦੀ ਰਹੀ ਸੀ। ਇਹ ਹਰ ਵੱਡੇ ਲੇਖਕ ਨੂੰ ਆਖ ਰਿਹਾ ਸੀ, "ਐਂਕਲ ਜੀ, ਕਹੋ ਖਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ, ਵਿਭਾਗ ਵਾਲੇ ਮੇਰੇ ਨਾਲ ਕੀਤਾ ਧੱਕਾ ਦੂਰ ਕਰਨ।" ਅਸਲ ਗੱਲ ਇਹ ਸੀ ਕਿ ਵਿਭਾਗ ਦੇ ਅਧਿਕਾਰੀ, ਜਿਨ੍ਹਾਂ ਵਿਚੋਂ ਕਈਆਂ ਨੂੰ ਚੱਜ ਨਾਲ ਚਿੱਠੀ ਲਿਖਣੀ ਵੀ ਨਹੀਂ ਸੀ ਆਉਂਦੀ, ਪਰੇਸ਼ਾਨ ਸਨ, ਉਨ੍ਹਾਂ ਦਾ ਇਕ ਮਾਮੂਲੀ ਚਪੜਾਸੀ-ਮਾਲੀ ਪੁਸਤਕਾਂ ਲਿਖ-ਲਿਖ ਉਨ੍ਹਾਂ ਦੀ ਬੇਇੱਜ਼ਤੀ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਨਜ਼ਰਾਂ ਵਿਚ ਡੇਗ ਰਿਹਾ ਸੀ!

ਮੈਂ ਇਹਦਾ ਦਿਲ ਧਰਾਉਣ ਲਈ ਆਪਣੀ ਮਿਸਾਲ ਦਿੱਤੀ। ਜਦੋਂ ਕੈਰੋਂਸ਼ਾਹੀ ਵੇਲੇ ਮੈਨੂੰ ਅਧਿਆਪਕ ਲਹਿਰ ਦੀਆਂ ਸਰਗਰਮੀਆਂ ਅਤੇ ਖੱਬੇ ਵਿਚਾਰਾਂ ਕਾਰਨ ਦਸ ਸਾਲ ਦੀ ਪੱਕੀ ਨੌਕਰੀ ਮਗਰੋਂ ਹਟਾ ਕੇ ਪਹਿਲਾ ਨਿਸ਼ਾਨਾ ਬਣਾਇਆ ਗਿਆ ਸੀ, ਮੈਂ ਵੀ ਇਕ ਵਾਰ ਉਦਾਸ ਹੋ ਗਿਆ ਸੀ। ਉਸ ਸਮੇਂ ਦੇ ਮਾਨਸਿਕ ਦਿਸਹੱਦੇ ਨਾਲ ਲਗਦਾ ਸੀ ਕਿ ਕੋਈ ਵੀ ਰਾਹ ਖੁੱਲ੍ਹਾ ਨਹੀਂ, ਹੁਣ ਮੈਂ ਹੋਰ ਕੀ ਕਰ ਸਕਾਂਗਾ। ਪਰ ਹੁਣ ਪਿੱਛਲ-ਝਾਤ ਰਾਹੀਂ ਲਗਦਾ ਹੈ ਕਿ ਜੇ ਮੇਰੇ ਉੱਤੇ ਇਹ 'ਸਰਕਾਰੀ ਕਿਰਪਾ' ਨਾ ਹੋਈ ਹੁੰਦੀ, ਮੈਂ ਬਠਿੰਡਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਾ ਕੇ ਰਿਟਾਇਰ ਹੋ ਗਿਆ ਹੁੰਦਾ। ਸੰਭਵ ਹੈ ਮੈਂ ਨਾ ਹੀ ਸਾਹਿਤ ਵਿਚ ਤੇ ਨਾ ਹੀ ਪਰਿਵਾਰ ਵਿਚ ਹੁਣ ਵਾਲੀਆਂ ਪ੍ਰਾਪਤੀਆਂ ਕਰ ਸਕਦਾ। ਮੈਂ ਇਹਨੂੰ ਕਿਹਾ, "ਤੂੰ ਬੇਦਿਲ ਨਾ ਹੋ, ਕੋਈ ਰਾਹ ਜ਼ਰੂਰ ਨਿਕਲੇਗਾ। ਤੇ ਮੇਰਾ ਲੱਖਣ ਹੈ, ਜੇ ਤੂੰ ਭਾਸ਼ਾ ਵਿਭਾਗ ਦੀ ਨੌਕਰੀ ਕਰਦਾ ਰਹਿੰਦਾ, ਉਸ ਰਾਹ ਉੱਤੇ ਏਨਾ ਅੱਗੇ ਨਾ ਤੁਰ ਸਕਦਾ, ਜਿਸ ਉੱਤੇ ਹੁਣ ਤੁਰਿਆ ਹੋਇਆ ਹੈਂ।"


1998-1999 ਵਿਚ ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ, ਇਕ ਦਿਨ ਇਹ ਮੇਰੇ ਦਫ਼ਤਰ ਆ ਗਿਆ। ਮੁੱਢਲੀਆਂ ਗੱਲਾਂ ਮਗਰੋਂ ਇਹਨੇ ਕਾਗ਼ਜ਼ਾਂ ਦੀ ਦੱਥੀ ਮੈਨੂੰ ਫੜਾਉਂਦਿਆਂ ਕਿਹਾ, "ਐਂਕਲ ਜੀ, ਇਹ ਚਾਰ ਲੇਖ ਛਾਪੋ ਜੀ ਤੁਸੀਂ, ਇਕ ਇਕ ਕਰ ਕੇ...ਵਧੀਆ ਨੇ ਜੀ...ਛਾਪ ਦਿਉਂਗੇ ਐਂਕਲ ਜੀ?...ਹੈਂ ਜੀ?"

ਮੈਂ ਉਸ ਸਮੇਂ ਤੱਕ ਵੀ ਇਹਦੀ ਕੋਈ ਲਿਖਤ ਨਹੀਂ ਸੀ ਪੜ੍ਹੀ ਹੋਈ। ਮੈਂ ਦੁਬਾਰਾ ਇਸ ਵੱਲ ਗਹੁ ਨਾਲ ਦੇਖਿਆ। ਇਹ ਮੈਨੂੰ ਬਚੂੰਗੜਾ ਜਿਹਾ ਲੱਗਿਆ, ਥੋੜ੍ਹਾ-ਥੋੜ੍ਹਾ ਨਿਆਣ-ਮੱਤੀਆ ਜਿਹਾ। ਮੈਂ ਕਿਹਾ, "ਪਹਿਲਾਂ ਵੀ ਕਦੇ ਕੁਛ ਲਿਖਿਆ ਹੈ?" ਇਹ ਕਹਿੰਦਾ, "ਮੇਰੀਆਂ ਚਾਰ ਕਿਤਾਬਾਂ ਛਪ ਚੁੱਕੀਆਂ ਨੇ ਜੀ। ਐਂਕਲ ਜੀ, ਲਉ ਮੈਂ ਅੱਜ ਤੁਹਾਨੂੰ ਭੇਟ ਕਰਨ ਵਾਸਤੇ ਲਿਆਉਣੀਆਂ ਭੁੱਲ ਹੀ ਗਿਆ ਜੀ। ਕਿਤੇ ਫੇਰ ਦੇ ਕੇ ਜਾਊਂਗਾ ਜੀ।"

ਮੈਂ ਬੇਯਕੀਨੀ ਜਿਹੀ ਨਾਲ ਪੁੱਛਿਆ, "ਨਾਨੀ, ਦਾਦੀ, ਤੋਤੇ, ਚਿੜੀ ਬਾਰੇ ਬਾਲ-ਕਵਿਤਾਵਾਂ ਦੀਆਂ ਕਿਤਾਬਾਂ ਨੇ?"

ਇਹ ਕੱਚਾ ਜਿਹਾ ਹੋ ਕੇ ਕਾਹਲੀ ਨਾਲ ਬੋਲਿਆ, "ਨਹੀਂ ਜੀ, ਐਂਕਲ ਜੀ, ਤੁਸੀਂ ਤਾਂ ਜੀ ਝੇਡ ਕਰ ਦਿੱਤੀ। ਇਕ ਕਿਤਾਬ ਗਾਇਕਾਂ ਦੀਆਂ ਜੀਵਨੀਆਂ ਦੀ ਐ ਜੀ, ਇਕ ਨਾਵਲੈੱਟ ਐ ਜੀ, ਇਕ ਮੇਰੇ ਉਸਤਾਦ ਜੀ ਯਮਲਾ ਜੱਟ ਜੀ ਦੀ ਜੀਵਨੀ ਐ ਜੀ ਤੇ ਚੌਥੀ ਕਿਤਾਬ ਗਾਇਕ ਪੂਰਨ ਸ਼ਾਹਕੋਟੀ ਦੀ ਜੀਵਨੀ ਐ ਜੀ। ਪੰਜਵੀਂ, ਹੰਸ ਰਾਜ ਹੰਸ ਦੀ ਜੀਵਨੀ ਛਪ ਰਹੀ ਐ ਜੀ।"

ਮੈਂ ਹੈਰਾਨ ਹੋ ਕੇ ਇਕ ਵਾਰ ਇਹਨੂੰ ਫੇਰ



ਧਿਆਨ ਨਾਲ ਦੇਖਿਆ ਅਤੇ ਹੈਰਾਨੀ ਛੁਪਾ ਕੇ ਛੇੜਿਆ, "ਕੀਹਤੋਂ ਲਿਖਵਾਉਂਦਾ ਹੈਂ ਤੂੰ ਇਹ ਕਿਤਾਬਾਂ, ਆਬਦੇ ਨਾਂ ਹੇਠ?"

ਇਹ ਸੰਗ ਜਿਹੀ ਨਾਲ ਹੱਸਿਆ ਤੇ ਕੁਰਸੀ ਉੱਤੇ ਥੋੜ੍ਹਾ ਜਿਹਾ ਬੁੜ੍ਹਕਿਆ, "ਲਉ ਜੀ ਐਂਕਲ ਜੀ, ਹੱਦ ਕਰਦੇ ਐਂ ਜੀ। ਮੈਨੂੰ ਗ਼ਰੀਬ ਨੂੰ ਕੌਣ ਲਿਖ ਕੇ ਦੇਊ ਜੀ ਕਿਤਾਬਾਂ? ਮੈਂ ਉਨ੍ਹਾਂ ਵੱਟੇ ਕੀ ਦੇ ਦੇਊਂਗਾ ਜੀ ਕਿਸੇ ਨੂੰ? ਆਪ ਲਿਖੀਆਂ ਨੇ ਜੀ ਮੈਂ ਉਹ ਸਾਰੀਆਂ। ਤੁਸੀਂ ਜੀ ਮੇਰੇ ਇਹ ਲੇਖ ਪੜ੍ਹ ਕੇ ਦੇਖਣੇ। ਆਪੇ ਤੁਹਾਨੂੰ ਪਤਾ ਲੱਗ ਜਾਊ ਜੀ ਬਈ ਮੈਂ ਵਧੀਆ ਲਿਖਦੈਂ ਜੀ! ਪੜ੍ਹ ਕੇ ਦੇਖੋਂਗੇ ਨਾ ਜੀ? ਛਾਪ ਦਿਉਂਗੇ ਨਾ ਜੀ ਐਂਕਲ ਜੀ? ਪਾਠਕ ਪਸਿੰਦ ਕਰਨਗੇ ਜੀ। ਵਧੀਆ ਲੇਖ ਨੇ ਜੀ।"

ਮੈਂ ਹੋਰ ਠਿੱਠ ਕਰਨਾ ਠੀਕ ਨਾ ਸਮਝਿਆ। ਮੈਨੂੰ ਇਹਦੀ ਅਨਭੋਲਤਾ ਵੀ ਚੰਗੀ ਲੱਗੀ ਤੇ ਆਪਣੇ ਲਿਖੇ ਬਾਰੇ ਭਰੋਸਾ ਵੀ ਚੰਗਾ ਲਗਿਆ। ਮੈਂ ਕਿਹਾ, "ਪੜ੍ਹ ਕੇ ਦੇਖੂੰ। ਉੱਨੀ-ਇੱਕੀ ਦਾ ਫ਼ਰਕ ਤਾਂ ਚੱਲ ਅਣਦੇਖਿਆ ਹੋ ਜਾਊ, ਪਰ ਬਿਨਾਂ ਪੜ੍ਹੇ ਹੀ ਛਾਪਣ ਦਾ ਇਕਰਾਰ ਕਿਵੇਂ ਕਰ ਦਿਆਂ ਮੈਂ ਤੇਰੇ ਨਾਲ?"

ਇਹਦੀ ਰਾਇ ਪੱਕੀ ਸੀ, "ਨਾ ਐਂਕਲ ਜੀ, ਇਹ ਤਾਂ ਬਹੁਤ ਵਧੀਆ ਨੇ ਜੀ। ਮੇਰੇ ਕਈ ਦੋਸਤਾਂ-ਮਿੱਤਰਾਂ ਨੇ ਪੜ੍ਹੇ ਨੇ।"

"ਜਿਹੋ ਜਿਹਾ ਤੂੰ, ਉਹੋ ਜਿਹੇ ਤੇਰੇ ਦੋਸਤ-ਮਿੱਤਰ, ਖੁਆਜੇ ਦਾ ਗਵਾਹ ਡੱਡੂ," ਮੈਂ ਇਹਦੇ ਲੇਖ ਫ਼ਾਈਲ ਵਿਚ ਰਖਦਿਆਂ ਕਿਹਾ। ਇਹ ਫੇਰ ਕੱਚਾ ਜਿਹਾ ਹੋ ਕੇ ਹੱਸ ਪਿਆ।

ਇਹਦੇ ਜਾਣ ਮਗਰੋਂ ਮੈਂ ਦਾਲ ਵਿੱਚੋਂ ਦਾਣਾ ਟੋਹਣ ਲਈ ਇਹਦਾ ਪਹਿਲਾ ਲੇਖ ਫ਼ਾਈਲ ਵਿਚੋਂ ਕੱਢ ਲਿਆ। ਛੇਤੀ ਹੀ, ਤਿੰਨ-ਚਾਰ ਪੈਰਿਆਂ ਉੱਤੇ ਤਰਦੀ-ਤਰਦੀ ਸੰਪਾਦਕੀ ਨਜ਼ਰ ਮਾਰਨ ਮਗਰੋਂ ਮੈਨੂੰ ਲੱਗਿਆ ਕਿ ਇਹ ਤਾਂ ਮੁੱਢੋਂ ਪੜ੍ਹਨਾ ਚਾਹੀਦਾ ਹੈ ਤੇ ਹੋਰ ਕੰਮ ਛੱਡ ਕੇ ਮੈਂ ਉਹ ਚਾਰੇ ਲੇਖ ਪੂਰੇ ਦੇ ਪੂਰੇ ਪੜ੍ਹ ਗਿਆ।

ਮੈਨੂੰ ਹੈਰਾਨੀ ਹੋਈ। ਇਹ ਲੇਖ ਆਪਣੀਆਂ ਕੁਝ ਵਿਸ਼ੇਸ਼ਤਾਵਾਂ ਸਦਕਾ ਸੱਚ-ਮੁੱਚ ਹੀ ਵਧੀਆ ਸਨ। ਇਨ੍ਹਾਂ ਨੂੰ 'ਵਧੀਆ' ਕਹਿਣ ਵਾਲੇ ਦੋਸਤਾਂ-ਮਿੱਤਰਾਂ ਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਪਤਾ ਸੀ ਕਿ ਨਹੀਂ, ਮੈਨੂੰ ਪਤਾ ਨਹੀਂ। ਨਿੰਦਰ ਨੂੰ ਆਪ ਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਪਤਾ ਸੀ ਕਿ ਨਹੀਂ, ਮੈਨੂੰ ਇਹ ਵੀ ਪਤਾ ਨਹੀਂ।

ਨਿੰਦਰ ਦੇ ਉਨ੍ਹਾਂ ਲੇਖਾਂ ਵਿਚ ਇਕ ਤਾਂ ਇਕਾਗਰਤਾ ਅਤੇ ਵਿਸ਼ਾ-ਕੇਂਦਰਿਤਾ ਸੀ। ਵਾਧੂ ਕੁਝ ਨਹੀਂ ਸੀ। ਇਹ ਸੱਜੇ-ਖੱਬੇ ਦੀ ਫ਼ਸਲ ਮਿੱਧੇ ਬਿਨਾਂ ਸਿੱਧਾ ਆਪਣੇ ਨਿਸਚਿਤ ਵਿਸ਼ੇ ਦੀ ਡੰਡੀ-ਡੰਡੀ ਤੁਰਿਆ ਜਾਂਦਾ ਸੀ। ਦੂਜੀ ਗੱਲ, ਭਾਸ਼ਾ ਦੀ ਚੁਸਤੀ। ਇਹਨੂੰ ਆਪਣੀ ਗੱਲ ਪੇਸ਼ ਕਰਨ ਲਈ, ਆਪਣੀ ਭਾਵਨਾ ਪ੍ਰਗਟ ਕਰਨ ਲਈ ਢੁੱਕਵੇਂ ਸ਼ਬਦ ਚੁਣਨ ਦੀ ਜਾਚ ਸੀ। ਕਿਤੇ ਵੀ ਇਹ ਮਹਿਸੂਸ ਨਹੀਂ ਸੀ ਹੁੰਦਾ ਕਿ ਇਹਨੇ ਜੋ ਕਹਿਣਾ ਚਾਹਿਆ ਹੈ, ਉਹ ਕਿਹਾ ਨਹੀਂ ਗਿਆ। ਤੀਜੀ ਗੱਲ, ਕਿਸੇ ਪਾਤਰ ਬਾਰੇ ਸਿੱਧੀਆਂ ਟਿੱਪਣੀਆਂ ਕਰੇ ਬਿਨਾਂ, ਘਟਨਾਵਾਂ ਵਿਚੋਂ ਉਹਦਾ ਚੰਗਾ-ਮਾੜਾ ਸੁਭਾਅ, ਨੇਕ-ਬਦ ਚਰਿੱਤਰ ਉਜਾਗਰ ਕਰਨ ਦੀ ਇਹਦੀ ਯੋਗਤਾ। ਇਹ ਕਿਸੇ ਵਿਅਕਤੀ ਨਾਲ ਜੁੜੀਆਂ ਹੋਈਆਂ ਦੋ-ਚਾਰ ਘਟਨਾਵਾਂ ਦਸਦਾ ਸੀ ਅਤੇ ਉਸ ਵਿਅਕਤੀ ਨੂੰ ਬਿਨਾਂ ਕਿਸੇ ਪਰਦੇ ਤੋਂ, ਬਿਨਾਂ ਕਿਸੇ ਮਖੌਟੇ ਤੋਂ ਪਾਠਕ ਦੇ ਸਾਹਮਣੇ ਖੜ੍ਹਾ ਕਰ ਦਿੰਦਾ ਸੀ, ਉਹਦੇ ਚੰਗੇ ਜਾਂ ਮਾੜੇ ਜਾਂ ਮਾੜੇ-ਚੰਗੇ ਰੂਪ ਵਿੱਚ।

ਅੰਤਲੀ ਗੱਲ, ਇਨ੍ਹਾਂ ਲੇਖਾਂ ਦੀ ਸਮਾਜਕ ਮਹੱਤਤਾ। ਭਾਵੇਂ ਨਿਆਂਪਾਲਕਾ ਨੂੰ ਜਮਹੂਰੀਅਤ ਦੇ ਚਾਰ ਥੰਮ੍ਹਾਂ ਵਿਚੋਂ ਇਕ ਗਿਣਿਆ ਜਾਂਦਾ ਹੈ, ਪਰ ਅਸਲੀਅਤ ਇਹ ਹੈ ਕਿ ਇਹ ਸਭ ਤੋਂ ਮਹੱਤਵਪੂਰਨ ਥੰਮ੍ਹ ਹੈ। ਜਿਥੇ ਵਿਧਾਨਸਾਜ਼ੀ ਕੁੱਕੜਾਂ ਦੀ ਲੜਾਈ ਦਾ ਤਮਾਸ਼ਾ ਬਣ ਚੁੱਕੀ ਹੈ, ਕਾਰਜਪਾਲਕਾ ਅੱਡੀ ਤੋਂ ਚੋਟੀ ਤੱਕ ਭ੍ਰਿਸ਼ਟਾਚਾਰ ਦੇ ਮੁਸਕੇ ਹੋਏ ਗਾਰੇ ਵਿਚ ਲਿੱਬੜੀ ਹੋਈ ਹੈ, ਸੰਚਾਰ-ਮਾਧਿਅਮ ਜਨਹਿਤ ਦੇ ਪਹਿਰੇਦਾਰ ਹੋਣ ਦੀ ਥਾਂ ਵੱਡੀ ਹੱਦ ਤੱਕ ਸੱਤਾ ਦੇ ਕੌਲੀ-ਚੱਟ ਬਣ ਚੁੱਕੇ ਹਨ, ਉੱਥੇ ਨਿਓਟਿਆਂ ਦੀ ਆਖ਼ਰੀ ਓਟ, ਨਿਆਸਰਿਆਂ ਦਾ ਆਖ਼ਰੀ ਆਸਰਾ ਅਤੇ ਬੰਦ ਬੂਹਿਆਂ ਵਿਚਕਾਰ ਇੱਕੋ-ਇੱਕ ਖੁੱਲ੍ਹਾ ਬੂਹਾ ਨਿਆਂਪਾਲਿਕਾ ਹੀ ਰਹਿ ਜਾਂਦੀ ਹੈ। ਪਰ ਜੇ ਨਿਆਂਕਾਰ ਦਾ ਸਰੂਪ ਨਿੰਦਰ ਦੇ ਜੱਜ ਸਾਹਿਬ ਵਾਲਾ ਹੋਵੇ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਸ ਥੰਮ੍ਹ ਨੂੰ ਵੀ ਕਿਸ ਹੱਦ ਤੱਕ 'ਰੇਹੀ' ਅਤੇ 'ਖੋਰੇ' ਨੇ ਬੋਦਾ ਬਣਾ ਦਿੱਤਾ ਹੋਇਆ ਹੈ।

ਨਿੰਦਰ ਦੇ ਉਹ ਚਾਰੇ ਲੇਖ ਪੜ੍ਹ ਕੇ ਮੇਰੀ ਤਸੱਲੀ ਹੋ ਗਈ। ਇਹ ਲੇਖ ਇਹਦੀ ਉਸ ਸਮੇਂ ਦੀ ਹੱਡਬੀਤੀ ਸਨ ਜਦੋਂ ਇਹ ਜੱਜਾਂ ਦਾ ਅਰਦਲੀ ਰਿਹਾ ਸੀ। ਇਹ ਨਿਆਂਪਾਲਕਾ ਸੰਬੰਧੀ ਉਹ ਗੱਲਾਂ ਉਜਾਗਰ ਕਰਦੇ ਸਨ ਜੋ ਆਮ ਕਰ ਕੇ ਸਾਡੀ ਜਾਣਕਾਰੀ ਵਿਚ ਨਹੀਂ ਆਉਂਦੀਆਂ। ਮੈਂ ਚਿੱਠੀ ਲਿਖੀ ਕਿ ਅਗਲੀਆ ਕਿਸਤਾਂ ਵੀ ਨਾਲੋ-ਨਾਲ ਭੇਜਦਾ ਰਹੇ।

ਮੈਂ ਸੋਚਿਆ, ਜੇ ਨਿੰਦਰ ਇਨ੍ਹਾਂ ਗੱਲਾਂ ਦੇ ਵਡੇਰੇ ਪ੍ਰਸੰਗ ਬਾਰੇ ਸਚੇਤ ਹੈ, ਇਹ ਚੰਗੀ ਗੱਲ ਹੈ। ਜੇ ਇਹਨੇ ਕੇਵਲ ਆਪਣੀ ਹੱਡਬੀਤੀ ਹੀ ਲਿਖੀ ਹੈ ਅਤੇ ਵਡੇਰੇ ਪ੍ਰਸੰਗ ਉਹਦੀ ਲਿਖਤ ਵਿਚੋਂ ਆਪਣੇ ਆਪ ਉਜਾਗਰ ਹੋ ਗਏ ਹਨ, ਇਹ ਵੀ ਚੰਗੀ ਗੱਲ ਹੈ। ਕਈ ਵਾਰ ਤਾਂ ਇਹ ਇਕ-ਅੱਧ ਵਾਕ ਨਾਲ ਵੱਡੀ ਗੱਲ ਕਹਿ ਜਾਂਦਾ ਸੀ। ਇਹਨੇ ਨਿਆਂਪਾਲਕਾ ਦੇ ਭ੍ਰਿਸ਼ਟਾਚਾਰ ਦਾ ਲੰਮਾ-ਚੌੜਾ ਜ਼ਿਕਰ ਕੀਤੇ ਬਿਨਾਂ ਏਨਾ ਲਿਖ ਕੇ ਹੀ ਨਕਸ਼ਾ ਖਿੱਚ ਦਿੱਤਾ ਸੀ: "ਇਨ੍ਹਾਂ ਜੱਟਾਂ ਦਾ ਕੇਸ ਸਾਹਬ ਕੋਲ ਸੀ।...ਉਂਜ ਕੇਸ ਤਾਂ ਉਨ੍ਹਾਂ ਦੇ ਹੱਕ ਵਿਚ ਹੀ ਹੋਣ ਵਾਲਾ ਸੀ, ਪਰ ਵਕੀਲ ਨੇ ਉਨ੍ਹਾਂ ਨੂੰ ਆਖ-ਵੇਖ ਕੇ ਤੋਹਫ਼ੇ ਵਜੋਂ ਸਾਹਬ ਨੂੰ ਮੱਝ ਭੇਟ ਕਰਵਾਈ ਸੀ।"

ਵਕੀਲ ਨਿਆਂ ਲਈ ਲੜਨ ਦੀ ਥਾਂ ਜੱਜਾਂ ਦੇ ਦਲਾਲ ਬਣਦੇ ਹਨ ਅਤੇ ਜੱਜ ਨਿਆਂ ਕਰਨ ਦੀ ਥਾਂ ਨਿਆਂ ਵੇਚਦੇ ਹਨ ਤੇ ਉਨ੍ਹਾਂ ਨੂੰ ਤੋਹਫੇ ਵਜੋਂ ਮੱਝਾਂ ਭੇਟ ਹੁੰਦੀਆਂ ਹਨ। ਜੱਜਾਂ ਵੱਲੋਂ ਸਰਕਾਰੀ ਮੁਲਾਜ਼ਮ ਅਰਦਲੀਆਂ ਨੂੰ ਘਰੇ ਦਾਸਾਂ ਵਾਂਗ ਵਰਤੇ ਜਾਣਾ ਅਸਦਾਚਾਰਕ ਤਾਂ ਹੈ ਹੀ, ਗ਼ੈਰ-ਕਾਨੂੰਨੀ ਵੀ ਹੈ। ਤੇ ਇਹ ਅਸਦਾਚਾਰਕਤਾ ਅਤੇ ਗ਼ੈਰ-ਕਾਨੂੰਨੀਅਤ ਉਹ ਕਰਦੇ ਹਨ, ਜਿਨ੍ਹਾਂ ਤੋਂ ਉੱਚੀਆਂ-ਸੁੱਚੀਆਂ ਸਦਾਚਾਰਕ ਕਦਰਾਂ-ਕੀਮਤਾਂ ਦੀ ਅਤੇ ਕਾਨੂੰਨ ਦੀ ਰਾਖੀ ਦੀ ਆਸ ਕੀਤੀ ਜਾਂਦੀ ਹੈ। ਨੌਕਰੀ ਵਾਸਤੇ ਨਿੰਦਰ ਦੀ ਇੰਟਰਵਿਊ ਹੁੰਦੀ ਹੈ। ਨੌਕਰੀ "ਅਮਕਾ ਸਿੰਘ ਬਨਾਮ ਧਮਕਾ ਸਿੰਘ ਹਾਜ਼ਰ ਹੋ" ਦਾ ਹੋਕਾ ਦੇਣ ਲਈ ਅਰਦਲੀ ਦੀ ਹੈ ਪਰ ਇਕ ਇੰਟਰਵਿਊਕਾਰ ਜੱਜ ਪੁਛਦਾ ਹੈ, "ਘਰ ਦੇ ਕਿਹੜੇ ਕਿਹੜੇ ਕੰਮ ਜਾਣਨੈਂ? ਰੋਟੀ-ਰੂਟੀ ਬਣਾ ਲੈਨਾ ਏਂ?" ਤੇ ਉਹ ਇਹ ਵੀ ਸਪੱਸ਼ਟ ਕਰ ਦਿੰਦਾ ਹੈ, "ਕਾਕਾ, ਸਭ ਤੋਂ ਵੱਡੀ ਗੱਲ ਤਾਂ ਏਹੋ ਹੈ।" ਪਰ ਜੱਜ-ਨਿਵਾਸ ਵਿਚ ਇਹ 'ਰੋਟੀ-ਰੂਟੀ' ਜੋ ਰੂਪ ਧਾਰਦੀ ਹੈ, ਉਹ ਕੁਝ ਵਧੇਰੇ ਹੀ ਫੈਲਵਾਂ ਹੈ।

ਵੈਸੇ ਤਾਂ ਇਹ ਕੰਮ-ਸੰਗਲੀ ਦੂਜਾ ਇੰਟਰਵਿਊਕਾਰ ਜੱਜ ਹੀ ਸਮਝਾ ਦਿੰਦਾ ਹੈ, "ਕਾਕਾ, ਏਸ ਮਹਿਕਮੇ ਵਿਚ ਤਾਂ ਏ-ਟੂ-ਜ਼ੈਡ ਸਾਰੇ ਦੇ ਸਾਰੇ ਕੰਮ ਕਰਨੇ ਪੈਂਦੇ ਨੇ, ਰੋਟੀ ਬਣਾਉਣ ਤੋਂ ਲੈ ਕੇ ਭਾਂਡੇ ਸਾਫ਼ ਕਰਨ, ਕੱਪੜੇ ਧੋਣ, ਪਸੂ ਚੋਣ, ਪੱਠੇ ਪਾਉਣ, ਗੋਹਾ ਸਾਫ਼ ਕਰਨ, ਜੁਆਕ ਸਕੂਲ ਛੱਡਣ-ਲਿਆਉਣ ਤੱਕ!" ਫੇਰ ਇਹ ਸੋਚ ਕੇ ਕਿ ਕੋਈ ਕੰਮ ਰਹਿ ਨਾ ਜਾਵੇ, ਉਹ ਇਹ ਆਖ ਕੇ ਗੱਲ ਨਿਬੇੜਦਾ ਹੈ, "ਸਮਝ ਲੈ, ਕੋਠੀ-ਕਚਹਿਰੀ ਦੇ ਸਾਰੇ ਦੇ ਸਾਰੇ ਹੀ ਕੰਮ ਕਰਨੇ ਪੈਣੇ ਨੇ।" ਉਹ ਬੰਧੂਆ ਮਜ਼ਦੂਰ ਵਾਲਾ ਲੱਛਣ ਵੀ ਸਪੱਸ਼ਟ ਕਰ ਦਿੰਦਾ ਹੈ, "ਛੁੱਟੀ-ਛੱਟੀ ਕੋਈ ਨੀ, ਐਤਵਾਰ ਦੀ ਵੀ ਛੁੱਟੀ ਨੀ।" ਜਦੋਂ ਪੁਰਾਣੇ ਜੱਜ ਦੀ ਬਦਲੀ ਅਤੇ ਨਵੇਂ ਦੀ ਆਉਂਦ ਵਿਚਕਾਰ ਕੁਝ ਦਿਨਾਂ ਦਾ ਖੱਪਾ ਪੈਂਦਾ ਹੈ, ਸੁਪਰਡੈਂਟ ਹੀ ਵਿਚੋਂ ਦੀ ਗੋਲਾ-ਧੰਦਾ ਕਰਵਾਉਣ ਦਾ ਦਾਅ ਲਾ ਜਾਂਦਾ ਹੈ। ਉਹ ਹੁਕਮ ਕਰਦਾ ਹੈ, "ਓਨੇ ਦਿਨ ਤੂੰ ਮੇਰੇ ਕੋਲ ਡਿਊਟੀ ਦਿਆ ਕਰ।"

ਕਈ ਵਾਰ ਤਾਂ ਕੰਮਾਂ ਦੀ ਇਸ ਸੰਗਲੀ ਵਿਚ ਕੋਈ ਅਜੀਬ ਕੜੀ ਵੀ ਜੁੜ ਜਾਂਦੀ ਹੈ ਜਿਵੇਂ ਜੱਟ ਦੀ ਭੇਜੀ ਹੋਈ ਮੱਝ ਦਾ ਓਪਰਾ ਮੰਨ ਕੇ ਰਿੰਗਣਾ ਸੁਣਦਿਆਂ ਜੱਜ ਸਾਹਬ ਹੁਕਮ ਦਿੰਦੇ ਹਨ, "ਓਏ ਉਰ੍ਹੇ ਆ।...ਇਹਨੂੰ ਚੁੱਪ ਕਰਾ ਸਾਲੀ ਮੇਰੀ ਨੂੰ। ਕਿਵੇਂ ਰਿੰਗਣ ਲੱਗੀ ਐ। ਸਾਲੀਏ, ਘਰ ਆਈ ਐਂ, ਇਹ ਕਿਹੜਾ ਕਸਾਈਆਂ ਦੀ ਹਵੇਲੀ ਐ। ਹੂੰ, ਕਿਵੇਂ ਰਿੰਗਦੀ ਐ, ਕੁੜੀ ਚੋ...।"

ਇਕ ਹੈਰਾਨੀਜਨਕ ਗੱਲ ਜੱਜ ਸਾਹਿਬ ਦਾ ਸ਼ਬਦ-ਭੰਡਾਰ ਹੈ। ਜੇ ਕਿਤੇ ਉਹਨੂੰ ਲਿਖਣ ਦੀ ਚੇਟਕ ਹੁੰਦੀ, ਭਾਸ਼ਾ ਨੇ ਉਹਨੂੰ ਕਦੀ ਦਗ਼ਾ ਨਹੀਂ ਸੀ ਦੇਣਾ। ਉਦਾਹਰਨ ਵਜੋਂ, ਨਿੰਦਰ ਲਈ ਉਸ ਵੱਲੋਂ ਗੱਲ-ਗੱਲ ਵਿਚ ਵਰਤੇ ਗਏ ਗਾਲ਼-ਵਿਸ਼ੇਸ਼ਣਾਂ ਦੇ ਮੋਤੀ ਅਨੇਕ ਪੰਨਿਆਂ ਉੱਤੇ ਬਿਖ਼ਰੇ ਪਏ ਹਨ। ਉਹ ਇਹਨੂੰ "ਨਿੰਦਰੀ ਜਿੰਦਰੀ, ਤੂੰਬੀ ਮਾਸਟਰ" ਤੋਂ ਸ਼ੁਰੂ ਕਰ ਕੇ "ਮਰਾਸੀ, ਸਾਲਾ ਮਰਾਸੀ, ਕੰਜਰ ਦਾ ਮਰਾਸੀ, ਯੱਭਲ, ਝੱਲਾ, ਬਊਂ ਬਊਂ ਕਰਨ ਵਾਲੇ ਕੁੱਤੇ ਦੀ ਜੀਭੀ, ਭੂਤਨਾ, ਸਾਲਾ ਹਰਾਮੀ, ਸਾਲਾ ਭੰਡ, ਸਾਲਾ ਪਖੰਡੀ, ਕੰਜਰ ਦਾ, ਸ਼ਤਾਨ ਦੀ ਟੂਟੀ, ਦੁਰ ਫਿੱਟੇ ਮੂੰਹ, ਢੇਰਨਾ, ਬਤੂੰਨਾ ਜਿਆ, ਕੁੱਤਾ, ਸਾਲਾ ਘੋਗੜ ਕਾਂ, ਉੱਲੂ ਦਾ ਪੱਠਾ, ਪਾਗਲ, ਕਲੰਕ, ਅੰਨ੍ਹਾ" ਆਦਿ ਆਦਿ ਕਹਿੰਦਾ ਹੋਇਆ "ਭੈਣ ਚੋ" ਉੱਤੇ ਆ ਤੋੜਾ ਝਾੜਦਾ ਹੈ। ਤੇ ਜੇ ਉਹ ਮੂੰਹ ਦੀ ਭਾਸ਼ਾ ਨੂੰ ਘੱਟ ਪ੍ਰਭਾਵਸ਼ਾਲੀ ਰਹਿ ਗਈ ਸਮਝਦਾ ਹੈ, ਤਦ ਹੱਥ ਦੀ ਭਾਸ਼ਾ ਵਰਤਦਿਆਂ ਇਹਨੂੰ ਭੈਣ ਦੀ ਗਾਲ਼ ਕੱਢ ਕੇ ਅਤੇ ਗਲਮਿਉਂ ਫੜ ਕੇ ਪੂਰੇ ਜ਼ੋਰ ਨਾਲ ਢੂਹੀ ਵਿਚ ਮੁੱਕਾ ਮਾਰਨੋਂ ਵੀ ਸੰਕੋਚ ਨਹੀਂ ਕਰਦਾ।

ਕਹਾਵਤ ਹੈ ਕਿ ਇਕ ਬਾਣੀਆ ਪਿੰਡ ਵਿਚ ਉਗਰਾਹੀ ਲਈ ਗਿਆ ਇਕ ਜੱਟ ਦੇ ਘਰੋਂ ਰੋਟੀ-ਦੁੱਧ ਖਾਂਦਾ-ਪੀਂਦਾ ਸੀ। ਇਕ ਵਾਰ ਉਹਦੇ ਘਰ ਉਹੋ ਜੱਟ ਕਿਸੇ ਮਜਬੂਰੀ ਵੱਸ ਰਾਤ ਕੱਟਣ ਆ ਗਿਆ। ਬਾਣੀਏ ਨੇ ਖ਼ੂਬ ਸੇਵਾ ਕੀਤੀ ਪਰ ਸਵੇਰੇ ਤੁਰਨ ਲੱਗੇ ਜੱਟ ਅੱਗੇ ਹੱਥ ਜੋੜ ਕੇ ਅਰਜ਼ ਗੁਜ਼ਾਰੀ ਕਿ ਪਿੰਡ ਜਾ ਕੇ ਮੇਰਾ ਕੋਈ ਵੀ ਜ਼ਿਕਰ ਨਾ ਕਰਨਾ। ਹੈਰਾਨ ਹੋਏ ਜੱਟ ਨੇ ਕਿਹਾ,"ਸੇਠ, ਜਿੰਨੀ ਸੇਵਾ ਤੂੰ ਕੀਤੀ ਹੈ, ਮੈਂ ਤਾਂ ਤੇਰੀ ਵਡਿਆਈ ਹੀ ਕਰੂੰ।" ਬਾਣੀਏ ਨੇ ਕਾਰਨ ਸਮਝਾਇਆ, "ਜੇ ਮੇਰੀ ਸੇਵਾ ਚੰਗੀ ਲੱਗੀ ਹੋਈ, ਕਹੇਂਗਾ, ਸਾਲੇ ਲਾਲੇ ਨੇ ਬੜੀ ਸੇਵਾ ਕੀਤੀ ਤੇ ਜੇ ਚੰਗੀ ਨਾ ਲੱਗੀ ਹੋਈ, ਕਹੇਂਗਾ, ਸਾਲੇ ਲਾਲੇ ਨੇ ਚੱਜ ਨਾਲ ਸੇਵਾ ਨਹੀਂ ਕੀਤੀ। ਮੈਨੂੰ

ਤਾਂ ਦੋਵੇਂ ਪਾਸੇ ਹੀ ਸਾਲਾ ਬਣਨਾ ਪੈਣਾ ਐ!"

ਐਨ ਇਹੋ ਗੱਲ ਨਿੰਦਰ ਦੇ ਜੱਜ ਸਾਹਿਬ ਦੀ ਸੀ। ਜੇ ਉਹ ਇਹਦੇ ਗੀਤ-ਸੰਗੀਤ ਦੀ ਤਾਰੀਫ਼ ਕਰਦਾ ਹੈ, ਤਾਂ ਵੀ ਗਾਲ੍ਹ ਦੇ ਕੇ ਹੀ ਕਰਦਾ ਹੈ, "ਦੁਰ ਫਿੱਟੇ ਮੂੰਹ ਤੇਰੇ ਕੰਜਰ ਦਿਆ! ਜਾਹ ਓਏ, ਤੈਨੂੰ ਕੁਝ ਨਹੀਂ ਆਉਂਦਾ ਸਿਵਾਏ ਟੁੰਗ-ਲੁੰਗ-ਲੁੰਗ ਤੋਂ।" ਤੇ ਜੇ ਉਹ ਇਹਦੇ ਗੀਤ-ਸੰਗੀਤ ਨੂੰ ਨਿੰਦਦਾ ਹੈ, ਫੇਰ ਤਾਂ ਗਾਲ੍ਹ ਦੇਣੀ ਹੀ ਹੋਈ, "ਹੈਅ ਓਏ, ਸੁਣਿਆ ਮੇਰਾ ਗੌਣ? ਇਉਂ ਗਾਈਦੇ ਪੁੱਤ! ਅਸੀਂ ਗੌਣ ਜਾਣਦੇ ਐਂ! ਤੂੰ ਕੀ ਜਾਣਦੈਂ ਸਵਾਏ ਭਕਾਈ ਤੋਂ।" ਨਿੰਦਰ ਨੇ ਇਕ ਚੰਗੀ ਗੱਲ ਇਹ ਕੀਤੀ ਹੋਈ ਸੀ ਕਿ ਇਸ 'ਮਹਾਂਨਾਇਕ' ਤੋਂ ਪਹਿਲੇ ਅਤੇ ਪਿਛਲੇ ਜੱਜਾਂ ਦਾ, ਜੋ ਚੰਗੇ ਮਨੁੱਖ ਸਨ, ਲੋੜੀਂਦਾ ਜ਼ਿਕਰ ਕਰ ਕੇ ਸੰਤੁਲਨ ਕਾਇਮ ਕਰ ਦਿੱਤਾ ਸੀ। ਇਉਂ ਇਹ ਅਬੋੜਾ ਜੱਜ ਨਿਆਂਪਾਲਕਾ ਦਾ ਪ੍ਰਤੀਨਿਧ ਰੂਪ ਨਹੀਂ ਸੀ ਬਣਿਆ ਜਿਸ ਨਾਲ ਇਹ ਪ੍ਰਭਾਵ ਪੈਂਦਾ ਕਿ ਸਾਰੀ ਦੀ ਸਾਰੀ ਨਿਆਂਪਾਲਕਾ ਹੀ ਮਾੜੀ ਹੈ।

ਪਹਿਲਾ ਜੱਜ, ਜੋ ਛੇਤੀ ਹੀ ਬਦਲ ਜਾਂਦਾ ਹੈ, ਇਕ ਦਿਨ ਕਹਿੰਦਾ ਹੈ, "ਕਾਕਾ ਤੂੰ ਗੁਣੀ ਮੁੰਡਾ ਹੈਂ। ਤੂੰ ਅੱਗੋਂ ਹੋਰ ਪੜ੍ਹਾਈ ਕਰ ਲੈ। ਹੁਣ ਤੇਰੀ ਨੌਕਰੀ ਵਾਲਾ ਕੰਮ ਤਾਂ ਹੋ ਹੀ ਗਿਆ, ਪੜ੍ਹਾਈ ਤੇਰੇ ਕੰਮ ਆਊਗੀ। ਸਾਰੀ ਉਮਰ ਅਰਦਲਪੁਣਾ ਥੋੜ੍ਹੋ ਕਰਦਾ ਰਹੇਂਗਾ ਤੂੰ।" ਇਸ ਜੱਜ ਸਾਹਿਬ ਦੀ ਪਤਨੀ ਵੀ ਨਵੀਂ ਥਾਂ ਮਿਲਣ ਗਏ ਨੂੰ ਕਹਿੰਦੀ ਹੈ, "ਨਿੰਦਰ ਬੇਟੇ, ਗੱਲ ਸੁਣ ਮੇਰੀ। ਹੌਸਲਾ ਨਾ ਛੱਡੀਂ। ਫੇਰ ਤੈਨੂੰ ਤੇਰਾ ਨਵਾਂ ਸਾਹਿਬ ਪਿਆਰ ਵੀ ਤਾਂ ਕਰਦੈ। ਜੇ ਸ਼ਰਾਬ ਪੀ ਕੇ ਅਵਾ-ਤਵਾ ਬੋਲਦਾ ਐ ਤਾਂ ਚੁੱਪ ਕਰ ਰਿਹਾ ਕਰ। ਸਾਰੇ ਇਕੋ ਜਿਹੇ ਨਹੀਂ ਹੁੰਦੇ। ਕੋਈ ਹੋਰ ਚੰਗਾ ਆ ਜਾਊ।" ਉਹ ਮੁੜਨ ਲੱਗੇ ਨੂੰ ਇਹਨੂੰ ਪੈਂਟ ਤੇ ਕਮੀਜ਼ ਦਾ ਵਧੀਆ ਕੱਪੜਾ ਵੀ ਦਿੰਦੀ ਹੈ ਅਤੇ ਕੁਝ ਰੁਪਈਏ ਵੀ ਜੇਬ ਵਿਚ ਪਾ ਦਿੰਦੀ ਹੈ।

ਉਨ੍ਹਾਂ ਦਾ ਇਕੋ-ਇਕ ਨੌਜਵਾਨ ਪੁੱਤਰ ਰਿੰਕੂ ਤਾਂ ਪਹਿਲੇ ਦਿਨ ਹੀ ਇਹਦਾ ਨਾਂ ਸੁਣ ਕੇ ਕੁਰਸੀ ਤੋਂ ਖੜ੍ਹਾ ਹੋ ਜਾਂਦਾ ਹੈ ਅਤੇ ਖ਼ੁਸ਼ੀ-ਖ਼ੁਸ਼ੀ ਹੱਥ ਮਿਲਾ ਕੇ ਕਹਿੰਦਾ ਹੈ, "ਲੈ ਯਾਰ, ਕਮਾਲ ਐ ਵੀਰੇ, ਮੈਂ ਤਾਂ ਤੇਰਾ ਨਾਂ ਵੀਹ ਵਾਰੀ ਪੜ੍ਹਿਆ ਐ ਅਖ਼ਬਾਰਾਂ ਵਿਚ।" ਫੇਰ ਉਹ ਝੋਰਾ ਕਰਦਾ ਹੈ, "ਯਾਰ, ਤੂੰ ਕਿਵੇਂ ਆ ਗਿਆ ਇਹੋ ਜਿਹੇ ਕੰਮ ਵਿਚ...ਹੈਂਅ? ਤੂੰ ਸਾਹਿਤਕਾਰ ਐਂ ਤੇ ਅਰਦਲੀ ਲੱਗਣ ਲੱਗਿਆਂ ਐਂ ਯਾਰ।" ਉਹ ਆਪਣੀ ਮਾਂ ਨੂੰ ਇਹਦਾ ਲੇਖਕ ਹੋਣਾ ਦਸਦਾ ਹੈ ਅਤੇ ਉਹ ਪ੍ਰਭਾਵਿਤ ਹੋ ਕੇ ਕਹਿੰਦੀ ਹੈ ਕਿ ਸਾਹਿਬ ਤੋਂ ਇਹਦੀ ਨੌਕਰੀ ਦੇ ਪੱਕੇ ਆਰਡਰ ਹੀ ਕਰਵਾ ਦਿੰਦੇ ਹਾਂ। ਉਹ ਆਪਣੇ ਪਿਤਾ ਨੂੰ ਦਸਦਾ ਹੈ, "ਆਹ ਵੇਖੋ, ਰਾਸ਼ਟਰਪਤੀ ਹੱਥੋਂ ਕਿਤਾਬ ਰਿਲੀਜ਼ ਕਰਵਾ ਰਿਹਾ ਐ। ਕਿਵੇਂ ਖੜ੍ਹਾ ਐ ਫੱਬ ਕੇ। ਤੇ ਐਥੇ ਅਰਦਲੀ ਲੱਗਿਆ ਫਿਰਦਾ ਐ। ਇਹ ਸਭ ਪੇਟ ਦਾ ਮਸਲਾ ਐ। ਮੈਂ ਤਾਂ ਇਹਨੂੰ ਕਹਿਨਾਂ, ਇਹ ਅੱਗੋਂ ਹੋਰ ਪੜ੍ਹੇ ਤੇ ਚੰਗੀ ਨੌਕਰੀ ਉਤੇ ਲੱਗੇ।"

ਇਸੇ ਪ੍ਰਕਾਰ ਤੀਜਾ ਜੱਜ, ਜਿਸਦੀ ਸੇਵਾ ਅਬੋੜੇ ਜੱਜ ਮਗਰੋਂ ਪੱਲੇ ਪੈਂਦੀ ਹੈ, ਵੀ ਆਪਣੇ ਕੰਮ ਵਿਚ ਮਸਤ ਰਹਿਣ ਵਾਲਾ ਚੰਗਾ ਆਦਮੀ ਹੈ। ਪਰ ਉਹਦੀ ਚੰਗਿਆਈ ਦੀ ਸਾਰੀ ਕਸਰ ਨੌਕਰਾਂ ਨੂੰ ਟਿਕਣ ਨਾ ਦੇਣ ਵਾਲੀ ਅਤੇ ਤੋੜ-ਤੋੜ ਖਾਣ ਵਾਲੀ ਉਹਦੀ ਪਤਨੀ ਪੂਰੀ ਕਰ ਦਿੰਦੀ ਹੈ।

ਇਉਂ ਸਾਰੇ ਜੱਜ ਸਾਧਾਰਨ ਬੰਦਿਆਂ ਵਾਂਗ ਭਾਂਤ-ਸੁਭਾਂਤੇ ਰੂਪ ਵਿਚ ਸਾਹਮਣੇ ਆਉਂਦੇ ਹਨ। ਉਹ ਸਾਰੇ ਦੇ ਸਾਰੇ ਕਿਸੇ ਵਿਸ਼ੇਸ਼ ਨਿਆਂਕਾਰ ਅਤੇ ਨਿਆਂਪਾਲਕ ਸਾਂਚੇ ਵਿਚ ਢਲੇ ਹੋਏ ਨਹੀਂ ਦਿਸਦੇ, ਜਦੋਂ ਕਿ ਸਮਾਜਕ ਭਲੇ ਲਈ ਜ਼ਰੂਰ ਇਉਂ ਢਲੇ ਹੋਏ ਹੋਣੇ ਚਾਹੀਦੇ ਹਨ।

ਜਦੋਂ ਨਿੰਦਰ 'ਪੰਜਾਬੀ ਟ੍ਰਿਬਿਊਨ' ਦੇ ਦਫ਼ਤਰ ਵਿਚ ਮੈਨੂੰ ਮਿਲਣ ਆਇਆ ਸੀ, ਮੈਂ ਇਹਦਾ ਚਾਰ ਪੁਸਤਕਾਂ ਦਾ ਲੇਖਕ ਹੋਣਾ ਜਾਣ ਕੇ ਮਖ਼ੌਲ ਨਾਲ ਇਹ ਵੀ ਪੁੱਛਿਆ ਸੀ, "ਬਈ ਇਕ ਗੱਲ ਸੱਚੋ-ਸੱਚ ਦੱਸ। ਤੂੰ ਜਿੰਨਾ ਦਿਸਦਾ ਹੈਂ, ਏਡਾ ਹੀ ਹੈਂ ਜਾਂ ਏਨਾ ਧਰਤੀ ਵਿਚ ਵੀ ਹੈਂ?" ਇਹ ਖਿੜਖਿੜ ਹੱਸਿਆ ਸੀ, "ਨਾ ਐਂਕਲ ਜੀ, ਧਰਤੀ ਵਿਚ ਤਾਂ ਮੈਂ ਭੋਰਾ ਵੀ ਨਹੀਂ ਜੀ। ਮੈਂ ਤਾਂ ਏਡਾ ਹੀ ਆਂ ਜੀ, ਬੱਸ ਛੋਟਾ ਜਿਹਾ।" ਤੇ ਫੇਰ ਉਹ ਆਬਦੇ ਨਿੱਕੇ ਜਿਹੇ ਸਰੀਰ ਵੱਲ ਦੇਖ ਕੇ ਬੋਲਿਆ ਸੀ, "ਹੋਰ ਬੱਚੇ ਕਿੱਡੇ ਕੁ ਹੁੰਦੇ ਐ ਜੀ, ਐਂਕਲ ਜੀ? ਮੈਂ ਤਾਂ ਥੋੜਾ ਬੱਚਾ ਆਂ ਜੀ।" ਪਰ ਜੱਜਾਂ ਬਾਰੇ ਲੇਖ ਪੜ੍ਹ ਕੇ ਲੱਗਿਆ, ਇਹ ਥੋੜ੍ਹਾ ਜਿਹਾ ਤਾਂ ਧਰਤੀ ਵਿਚ ਜ਼ਰੂਰ ਹੈ। ਸਾਹਿਬ ਤਾਂ ਜੋ ਸੀ, ਸੋ ਸੀ ਹੀ, ਇਹ ਵੀ ਉਹਦੇ ਨਾਲ ਪੰਗੇ ਲੈਣੋਂ ਨਹੀਂ ਸੀ ਹਟਦਾ। ਇਹ ਆਪ ਮੰਨਦਾ ਹੈ, "ਕਈ ਵਾਰੀ ਤਾਂ ਜੱਜ ਸਾਹਬ ਨੂੰ ਛੇੜ ਕੇ ਮੈਨੂੰ ਬੜਾ ਸੁਆਦ ਆਉਂਦਾ ਸੀ।" ਜੱਜ ਦੀ ਪਾਈ ਹੋਈ ਉਨੀ ਦੇ ਬਦਲੇ ਇਹ ਇੱਕੀ ਪਾਉਂਦਾ ਹੈ ਤੇ ਵਾਰ-ਵਾਰ ਪਾਉਂਦਾ ਹੈ।

ਇਕ ਦਿਨ ਜੱਜ ਸਾਹਬ ਨੂੰ ਪਿਆਉਣ ਲਈ ਜਦੋਂ ਇਹ ਪਾਣੀ ਦਾ ਗਲਾਸ ਹੱਥ ਵਿਚ ਫੜ ਕੇ ਲੈ ਜਾਂਦਾ ਹੈ, ਉਹ ਗਾਲ੍ਹਾਂ ਦੇਣ ਲਗਦਾ ਹੈ। ਕਹਿੰਦਾ ਹੈ, ਉਹ ਜਾਂ ਉਹਦਾ ਕੋਈ ਮਹਿਮਾਨ ਕੁਛ ਵੀ ਮੰਗੇ, ਉਹ ਚੀਜ਼ ਟਰੇਅ ਵਿਚ ਰੱਖ ਕੇ ਲਿਆਉਣੀ ਹੈ। ਅਗਲੇ ਦਿਨ ਜਦੋਂ ਇਕ ਮਹਿਮਾਨ ਇਹਨੂੰ ਕਾਰ ਵਿਚ ਪਈ ਐਨਕ ਡਰਾਈਵਰ ਤੋਂ ਮੰਗ ਲਿਆਉਣ ਲਈ ਭੇਜਦਾ ਹੈ, ਇਹ ਜਾਣ-ਬੁੱਝ ਕੇ ਐਨਕ ਵੀ ਟਰੇਅ ਵਿਚ ਰੱਖ ਕੇ ਜਾ ਪੇਸ਼ ਕਰਦਾ ਹੈ। ਜੱਜ ਮੱਥੇ ਉੱਤੇ ਹੱਥ ਮਾਰਦਾ ਹੈ, "ਦੁਰ ਫਿੱਟੇ ਮੂੰਹ ਤੇਰੇ ਢੇਰਨਿਆ! ਅਕਲ ਦਾ ਮਾਰਿਆ ਹੋਇਆ! ਇਹ ਕੀ?" ਇਹ ਫੇਰ ਵੀ ਅੱਗੋਂ ਚੁੱਪ ਕਰਨ ਦੀ ਥਾਂ ਉਹਦਾ ਹੀ ਕੱਲ੍ਹ ਵਾਲਾ ਆਦੇਸ਼ ਚੇਤੇ ਕਰਵਾ ਦਿੰਦਾ ਹੈ। ਉਹਨੂੰ ਹੋਰ ਅੱਗ ਲੱਗ ਜਾਂਦੀ ਹੈ, "ਚੁੱਪ ਕਰ, ਸਾਲਾ ਭੌਂਕਦਾ ਐ। ਜੇ ਮੈਂ ਜੁੱਤੀ ਜਾਂ ਬੂਟ ਮੰਗੇ, ਉਹ ਵੀ ਟਰੇਅ ਵਿਚ ਰੱਖੇਂਗਾ? ਭੱਜ ਜਾ ਇੱਥੋਂ ਜੰਗਲ ਜਿਆ।" ਤੇ ਇਹ ਰਸੋਈ ਵਿਚ ਜਾ ਕੇ ਹੱਸ-ਹੱਸ ਦੂਹਰਾ ਹੁੰਦਾ ਰਹਿੰਦਾ ਹੈ।

ਜਦੋਂ ਮੱਝ ਦੀ ਕੱਟੀ ਮਰ ਜਾਂਦੀ ਹੈ, ਇਹ ਭੋਲੇ ਜਿਹੇ ਮੂੰਹ ਨਾਲ ਆਖਦਾ ਹੈ, "ਸਰ ਜੀ, ਮੱਝ ਬੜੀ ਰੋਈ ਰਾਤ। ਹੁਣ ਵੀ ਰੋਂਦੀ ਐ। ਵਿਚ-ਵਿਚ ਵੈਣ ਵੀ ਪਾਉਂਦੀ ਐ ਕੱਟੀ ਦੇ...ਧੀ ਮਰ ਗਈ!" ਜੱਜ ਦਾ ਤਿੜਕਣਾ ਸੁਭਾਵਿਕ ਹੈ, "ਫਿੱਟੇ ਮੂੰਹ ਤੇਰੇ ਜੰਮਣ ਦੇ! ਮੈਂ ਕੀ ਕਰਾਂ ਫੇਰ? ਤੂੰ ਵੀ ਰੋ ਲੈ ਮੱਝ ਦੇ ਗਲ ਨੂੰ ਚਿੰਬੜ ਕੇ। ਜਦੋਂ ਤੂੰ ਮਰਿਆ, ਤੇਰੀ ਮਾਂ ਵੀ ਏਵੇਂ ਈ ਰੋਊ ਤੈਨੂੰ।"

ਬਹੁਕਰ ਨਾ ਮਿਲਣ ਉੱਤੇ ਇਹ ਜੱਜ ਨੂੰ ਜਾ ਪੁਛਦਾ ਹੈ, "ਸਰ, ਤੁਸੀਂ ਤਾਂ ਨਹੀਂ ਦੇਖੀ ਕਿਤੇ ਬਹੁਕਰ ਪਈ?" ਜੱਜ ਕੱਪੜਿਓਂ ਬਾਹਰ ਨਾ ਹੋਵੇ ਤਾਂ ਕੀ ਕਰੇ? "ਮੈਂ ਬਹੁਕਰ ਦੀ ਰਾਖੀ ਕਰਦਾਂ ਐਥੇ? ਹੇਖਾਂ! ਮੈਂ ਬਹੁਕਰ ਸੰਭਾਲਿਆ ਕਰਾਂ? ਮੈਨੂੰ ਬਹੁਕਰ ਪੁਛਦੈ।" ਉਹ ਭਖ ਜਾਂਦਾ ਹੈ।

ਉਸ ਦਿਨ ਤਾਂ ਹੱਦ ਹੀ ਹੋ ਜਾਂਦੀ ਹੈ ਜਦੋਂ ਜੱਜ ਅਜੇ ਚੱਜ ਨਾਲ ਕਾਰ ਵਿਚ ਬੈਠਾ ਵੀ ਨਹੀਂ ਹੁੰਦਾ ਅਤੇ ਇਹ ਕਾਰ ਦੀ ਤਾਕੀ ਜ਼ੋਰ ਨਾਲ ਬੰਦ ਕਰ ਦਿੰਦਾ ਹੈ। ਉਹਦਾ ਪੈਰ ਚੀਥੜਿਆ ਜਾਂਦਾ ਹੈ ਅਤੇ ਦੰਦ ਪੀਂਹਦਿਆਂ ਤੇ ਪੈਰ ਨੂੰ ਹੱਥਾਂ ਨਾਲ ਘੁਟਦਿਆਂ ਉਹ ਚੀਕਦਾ ਹੈ, "ਓ ਹੋ ਹਾਇ ਓਏ! ਤੇਰੀ ਬੇੜੀ ਬਹਿ ਜੇ...ਓ ਹੋ ਹੋ, ਮੈਂ ਮਰ ਗਿਆ...ਆ ਜਾ, ਆ ਜਾ, ਕੋਠੀ ਆ ਜਾ...ਤੈਨੂੰ ਚਬਾਊਂ ਮੈਂ ਦਾਖੂ ਦਾਣੇ...ਆਈਂ, ਤੇਰੀਆਂ ਟੰਗਾਂ ਭੰਨੂੰ।" ਤੇ ਇਹਦੇ ਕੋਠੀ ਪਹੁੰਚਣ ਉੱਤੇ ਉਹ ਤਿੜਕਦਾ ਹੈ, "ਤੂੰ ਭੈਣ ਚੋ...ਨਿੱਕਲ ਜਾ ਇਥੋਂ, ਸਾਲਿਆ। ਕੁੱਤਾ ਕਿਸੇ ਥਾਂ ਦਾ। ਕਿੱਥੋਂ ਪੇਸ਼ ਪਿਆ ਐਂ ਮੇਰੇ, ਅੰਨ੍ਹਿਆ ਕਿਸੇ ਥਾਂ ਦਿਆ। ਤੇਰੀ ਬਹਿ ਜਾਏ ਬੇੜੀ ਸਮੁੰਦਰ ਦੇ ਅੱਧ ਵਿਚ ਜਾ ਕੇ। ਇਉਂ ਅੜਾਈਦੀ ਐ ਤਾਕੀ? ਪੈਰ ਭੰਨ ਦਿੱਤਾ ਮੇਰਾ, ਭੂਤਨਿਆ ਕਿਤੋਂ ਦਿਆ!"

ਜਦੋਂ ਡਾਕਟਰ ਦਵਾਈ ਮਲ ਕੇ ਰਾਤ ਨੂੰ ਇਕ ਵਾਰ ਫੇਰ ਮਲਣ ਲਈ ਸ਼ੀਸ਼ੀ ਇਹਦੇ ਵੱਲ ਕਰਦਾ ਹੈ, ਜੱਜ ਕੂਕਦਾ ਹੈ, "ਇਹਨੇ ਕੀ ਲਾਉਣੀ ਐ ਸੁਆਹ ਤੇ ਖੇਹ। ਲਿਆਓ ਮੈਨੂੰ ਫੜਾਓ ਡਾਕਟਰ ਸਾਹਿਬ ਤੁਸੀਂ, ਮੈਂ ਆਪੇ ਈ ਲਾ ਲਊਂਗਾ।" ਦੇਖਣ ਵਾਲੀ ਗੱਲ ਇਹ ਹੈ ਕਿ ਇਹਦੇ ਜਾਣ-ਬੁੱਝ ਕੇ ਕੀਤੇ ਜਾਂ ਅਣਜਾਣੇ ਵਿਚ ਹੋ ਗਏ ਇਸ ਕਾਰਨਾਮੇ ਨਾਲ ਗੇਟ ਮੂਹਰੇ ਖੜ੍ਹਾ ਗੰਨਮੈਨ ਵੀ ਬਾਗ਼ੋਬਾਗ਼ ਹੈ ਤੇ ਦੂਜਾ ਅਰਦਲੀ ਕਿਸ਼ਨ ਵੀ ਆਖਦਾ ਹੈ, "ਸਾਹਿਬ ਵੀ ਤੇਰੇ ਕੋਲੋਂ ਈ ਠੀਕ ਹੁੰਦਾ ਐ। ਮੇਰੇ ਵਰਗੇ ਨੂੰ ਇਹ ਕੀ ਸਮਝਦੈ। ਚੰਗਾ ਪੈਰ ਭੰਨਿਆ ਸਾਲੇ ਦਾ।"

ਸਾਹਿਬ ਪਹਿਲੇ ਵੀਹ-ਪੱਚੀ ਦਿਨ ਚੰਗਾ ਰਹਿੰਦਾ ਹੈ। ਇਹਦੇ ਗਾਉਣ ਦੀ ਵਡਿਆਈ ਕਰਦਾ ਹੈ, "ਓਏ ਨਿੰਦਰਾ, ਤੂੰ ਤਾਂ ਕਮਾਲ ਕਰ ਦਿੱਤੀ। ਤੂੰ ਐਥੇ ਅਰਦਲੀ ਲੱਗ ਕੇ ਕੀ ਲੈਣਾ ਸੀ ਓਏ? ਤੂੰ ਸਟੇਜਾਂ ਉੱਤੇ ਗਾ। ਵਾਧੂ ਰੁਪਈਏ। ਤੇਰੇ ਕੋਲ ਕਲਾ ਐ।" ਪਰ ਛੇਤੀ ਹੀ ਉਹ ਗੱਲ-ਗੱਲ ਉੱਤੇ ਮਰਾਸੀ ਕਹਿਣ ਲੱਗ ਪੈਂਦਾ ਹੈ। ਉਹ ਗਾਲ੍ਹਾਂ ਲਈ ਲੱਭ-ਲੱਭ ਕੇ, ਚੁਣ-ਚੁਣ ਕੇ ਸ਼ਬਦ ਲਿਆਉਂਦਾ ਹੈ। ਇਹ ਆਪਣੀ ਥਾਂ ਲੱਖਣ ਲਾਉਂਦਾ ਹੈ ਕਿ ਜੱਜ ਨੂੰ ਕੋਈ ਘਰੇਲੂ ਟੈਨਸ਼ਨ ਹੈ; ਬੀਬੀ ਜੀ ਲੜਦੀ ਹੋਊ ਜੋ ਇਥੇ ਨਹੀਂ ਆਉਂਦੀ। ਹੁਣ ਇਹਨੂੰ ਚੈਨ ਕਿੱਥੇ! ਜਾ ਪੁੱਛਦਾ ਹੈ, ਬੀਬੀ ਜੀ ਕਦੋਂ ਆਉਣਗੇ। ਇਹਨੇ ਤਾਂ ਜਿਵੇਂ ਜੱਜ ਦੇ ਦੁਖਦੇ ਪੈਰ ਉੱਤੇ ਪੈਰ ਰੱਖ ਦਿੱਤਾ ਹੋਵੇ, "ਤੂੰ ਬੀਬੀ ਤੋਂ ਕੀ ਦਹੀਂ ਲੈਣੀ ਐਂ? ਕੁੱਤੇ ਦੀ ਪੂਛ ਐਂ ਤੂੰ, ਬਾਰਾਂ ਸਾਲਾਂ ਪਿੱਛੋਂ ਵੀ ਵਿੰਗੀ ਦੀ ਵਿੰਗੀ। ਭੌਂਕਣੋ ਹਟ ਜਾਇਆ ਕਰ ਕਿਸੇ ਵੇਲੇ।" ਗੱਲ ਉਸ ਸਮੇਂ ਤਾਂ ਬਿਲਕੁਲ ਸਾਫ਼ ਹੋ ਜਾਂਦੀ ਹੈ ਜਦੋਂ ਸਾਹਿਬ ਆਪਣੇ ਸਾਂਢੂ ਦੇ ਸੁਲਾਹ ਦੇ ਜਤਨਾਂ ਦੇ ਜਵਾਬ ਵਿਚ ਆਖਦਾ ਹੈ, "ਵੇਖੋ ਤਸੀਲਦਾਰ ਸਾਹਿਬ, ਮੈਂ ਬੜਾ ਭੈੜਾ ਬੰਦਾ ਆਂ। ਮੈਂ ਉਸ ਜ਼ਨਾਨੀ ਦੇ ਪੈਰੀਂ ਕਿਉਂ ਪਵਾਂ ਜਾ ਕੇ? ਆਵੇ, ਨਾ ਆਵੇ।..."

ਘਰੇਲੂ ਪਰੇਸ਼ਾਨੀ ਤੋਂ ਇਲਾਵਾ ਜੱਜ ਦੇ ਖਿਝੇ ਰਹਿਣ ਦਾ ਇਕ ਹੋਰ ਕਾਰਨ ਸੀ ਜੋ ਅਨੇਕ ਘਟਨਾਵਾਂ ਵਿਚੋਂ ਉਭਰਦਾ ਸੀ। ਇਹ ਉਹਦਾ ਨਿੰਦਰ ਨਾਲ ਧੁਰ ਅੰਦਰੋਂ ਈਰਖਾ ਕਰਨਾ ਅਤੇ ਖਾਰ ਖਾਣਾ ਸੀ। ਰੱਬ ਹੀ ਜਾਣੇ, ਉਹ ਵੀ ਇਸ ਬਾਰੇ ਸਚੇਤ ਸੀ ਕਿ ਨਹੀਂ ਅਤੇ ਇਹ ਵੀ ਇਹ ਗੱਲ ਸਮਝਦਾ ਸੀ ਕਿ ਨਹੀਂ। ਉਹ ਗੱਲ-ਗੱਲ ਉੱਤੇ ਇਹਨੂੰ ਨਹੀਂ, ਇਹਦੀ ਕਲਾ ਨੂੰ ਗਾਲ੍ਹਾਂ ਦਿੰਦਾ ਸੀ। ਕਿਥੇ ਉਹ ਇਕ ਜੱਜ, ਪਰ ਉਹਨੂੰ ਸੰਬੰਧਿਤ ਲੋਕਾਂ ਤੋਂ ਬਿਨਾਂ ਕੋਈ ਨਹੀਂ ਸੀ ਜਾਣਦਾ ਅਤੇ ਕਿਥੇ ਇਹ ਅਰਦਲੀ, ਜਿਸ ਦੀਆਂ ਫ਼ੋਟੋ ਤੇ ਲਿਖਤਾਂ ਅਖ਼ਬਾਰਾਂ ਵਿਚ ਛਪਦੀਆਂ ਸਨ, ਜੋ ਸਾਹਿਤਕ ਇਕੱਠਾਂ ਵਿਚ ਸ਼ਾਮਲ ਹੁੰਦਾ ਸੀ ਅਤੇ ਜਿਸ ਨੂੰ ਰੇਡੀਓ ਤੇ ਟੈਲੀਵੀਜ਼ਨ ਉੱਤੇ ਬੁਲਾਇਆ ਜਾਂਦਾ ਸੀ।

ਉਹ ਦਿਨੇ ਇਹਤੋਂ ਵਾਲ ਝਸਵਾ ਕੇ, ਸ਼ਾਮ ਨੂੰ ਪੀਣ ਮਗਰੋਂ "ਵਾਲ ਦੁਖਣ ਲਾ ਦਿੱਤੇ ਤੇ ਸਾਰੇ ਦੇ ਸਾਰੇ ਪੱਟ ਦਿੱਤੇ" ਆਖ ਕੇ ਕਹਿੰਦਾ ਹੈ, "ਕੋਈ ਨਾ ਪੁੱਤ, ਕੋਈ ਨਾ, ਤੈਨੂੰ ਮੈਂ ਬਣਾਊਂ ਵੱਡਾ ਗਵੱਈਆ! ਸਾਲਾ ਵੱਡਾ ਗਵੱਈਆ, ਆ ਗਿਐ, ਟੁੰਗ-ਲੁੰਗ-ਲੁੰਗ, ਮਰਾਸੀ ਕਿਤੋਂ ਦਾ ਮੇਰੇ ਪੇਸ਼ ਪੈ ਗਿਆ।" ਤੇ ਸਮੇਂ-ਸਮੇਂ ਉਹਦਾ ਇਹ ਨਿੰਦਿਆ-ਰਾਗ ਜਾਰੀ ਰਹਿੰਦਾ ਹੈ, "ਕੰਮ ਵੇਲੇ ਹੱਥ ਠਰਦੇ ਐ, ਟੁੰਗ-ਲੁੰਗ-ਲੁੰਗ ਕਰਨ ਨੂੰ ਕਿਵੇਂ ਚਲਦੇ ਐ ਸਾਰੀ ਦਿਹਾੜੀ?...ਭੰਨਾਂ ਤੇਰੀਆਂ ਟੰਗਾਂ ਸਾਲਿਆ ਵੱਡਿਆ ਗਵੱਈਆ।...ਮੈਂ ਕਰਦੈਂ ਤੇਰਾ ਹੀਲਾ-ਵਸੀਲਾ, ਵੱਡੇ ਗਵੱਈਏ ਦਾ।...ਕਿਵੇਂ ਖੜ੍ਹਾ ਐ ਸਾਲਾ ਆਕੜਿਆ ਕੋਹੜ-ਕਿਰਲੇ ਵਾਂਗੂੰ, ਮੰਤਰੀਆਂ ਦੇ ਨਾਲ। ਗਲ 'ਚ ਹਾਰ ਪਾਏ ਐ। ਬੁਥੀ ਹਾਰਾਂ ਆਲੀ ਐ ਤੇਰੀ? ਤੇਰੇ ਗਲ ਵਿਚ ਜੇ ਮੈਂ ਟੁੱਟੇ ਛਿੱਤਰਾਂ ਦੇ ਹਾਰ ਨਾ ਪਾਏ ਤਾਂ ਤੂੰ ਫੇਰ ਕਹੀਂ। ਆ ਗਿਆ ਵੱਡਾ ਗਵੱਈਆ ਤੂੰ, ਭੰਨੂੰ ਤੇਰੀਆਂ ਟੰਗਾਂ ਮੈਂ। ਤੇਰੀ ਤੁੰਗ-ਲੁੰਗ ਭੰਨਾਂ ਕਿ ਤੇਰੀ ਧੌਣ? ਦੋਵਾਂ ਵਿਚੋਂ ਕਿਹੜੀ ਭੰਨਾਂ? ਦੱਸ ਮੈਨੂੰ, ਕਿਹੜੀ ਭੰਨਾਂ ਓਇ?...ਜੇ ਤੇਰੀ ਉਂਗਲ ਵੱਢ ਦਿਆਂ ਮੈਂ ਹੁਣੇ, ਤੇਰੀ ਤੁੰਗ-ਲੁੰਗ ਕਿਵੇਂ ਵੱਜੂ? ਵੱਜੂਗੀ? ਜੇ ਵੱਜੂ ਤਾਂ ਦੱਸ ਓਏ।"

ਕਿਥੇ ਤਾਂ ਮੁੱਢਲੇ ਦਿਨੀਂ ਜੱਜ ਇਹਨੂੰ "ਕਮਾਲ ਕਰ ਦਿੱਤੀ" ਅਤੇ "ਤੇਰੇ ਕੋਲ ਕਲਾ ਐ" ਆਖ ਕੇ ਅਰਦਲੀ ਬਣੇ ਰਹਿਣ ਦੀ ਥਾਂ ਸਟੇਜਾਂ ਉੱਤੇ ਗਾਉਣ ਦੀ ਤੇ ਖੁੱਲ੍ਹੀ ਮਾਇਆ ਕਮਾਉਣ ਦੀ ਸਲਾਹ ਅਤੇ ਪ੍ਰੇਰਨਾ ਦਿੰਦਾ ਹੈ, ਕਿਥੇ ਹੁਣ ਉਚਰਦਾ ਹੈ, "ਹੈਂਅ ਓਏ ਮਰਾਸੀਆ, ਜੇ ਤੂੰ ਹਾਅ ਤੂੰਬੀ ਫੜ ਕੇ ਬੱਸਾਂ ਜਾਂ ਰੇਲ-ਗੱਡੀਆਂ ਵਿਚ ਗਾਣੇ ਸੁਣਾਵੇਂ ਲੋਕਾਂ ਨੂੰ, ਤੇ ਹੱਥ ਵਿਚ ਇਕ ਠੂਠਾ ਜਿਆ ਫੜ ਲਵੇਂ, ਤਾਂ ਤੈਨੂੰ ਘਾਟਾ ਤਾਂ ਕੋਈ ਨਹੀਂ ਰਹਿਣਾ ਉਏ", ਤੇ ਉਹ "ਹੀਂ...ਹੀਂ...ਹੀਂ" ਹਸਦਾ ਹੈ। ਸਭ ਤੋਂ ਹਸਾਉਣਾ ਤੇ ਹਾਸੋਹੀਣਾ ਤਾਂ ਉਹ ਦ੍ਰਿਸ਼ ਹੈ ਜਦੋਂ ਕਦੀ ਵੀ ਨਾ ਗਾਇਆ ਅਤੇ ਨਾ ਵਜਾਇਆ ਹੋਣ ਦੇ ਬਾਵਜੂਦ ਜੱਜ ਆਪ ਚੰਗਾ ਗਮੰਤਰੀ ਅਤੇ ਵਜੰਤਰੀ ਹੋਣ ਦਾ ਦਾਅਵਾ ਕਰ ਕੇ ਇਹਤੋਂ ਤੂੰਬੀ ਫੜ ਲੈਂਦਾ ਹੈ ਅਤੇ ਗਾਉਣ ਲਗਦਾ ਹੈ। ਜੋ ਘਰਾਟ ਰਾਗ ਉਹਦੇ ਮੂੰਹੋਂ ਨਿਕਲਦਾ ਹੈ ਅਤੇ ਜੋ ਰੁਦਣ ਤੇ ਵਿਰਲਾਪ ਬਿਚਾਰੀ ਤੂੰਬੀ ਦੀਆਂ ਤਾਰਾਂ ਵਿਚੋਂ ਉਪਜਦਾ ਹੈ, ਉਹ ਨਾ ਕਦੀ ਕਿਸੇ ਨੇ ਸੁਣਿਆ, ਨਾ ਦੇਖਿਆ!

ਉਹ ਬਿਨ-ਪੀਤਿਆਂ ਵਾਹਵਾ ਠੀਕ ਰਹਿੰਦਾ ਸੀ ਪਰ ਗਲਾਸੀ ਅੰਦਰ ਜਾਂਦਿਆਂ ਹੀ ਉਹਦੇ ਤੌਰ ਬਦਲ ਜਾਂਦੇ ਸਨ। ਤੇ ਗਲਾਸੀ ਰੋਜ਼ ਸ਼ਾਮ ਨੂੰ ਅੰਦਰ ਜਾਂਦੀ ਸੀ ਜਿਸ ਦੇ ਨਾਲ ਹੀ ਉਹਦੀ ਨੌਟੰਕੀ ਸ਼ੁਰੂ ਹੋ ਜਾਂਦੀ ਸੀ। ਬਦਲੀ ਹੁੰਦਿਆਂ ਹੀ ਉਹ ਪੰਘਰ ਕੇ ਫੇਰ ਮੁੱਢਲੇ ਦਿਨਾਂ ਵਰਗਾ ਹੋ ਜਾਂਦਾ ਹੈ, "ਓਏ ਨਿੰਦਰਿਆ, ਗੱਲ ਸੁਣ ਓਏ, ਤੇਰੀ ਤੂੰਬੀ ਕੀ ਆਂਹਦੀ ਐ, ਟੁੰਗ-ਲੁੰਗ-ਲੁੰਗ? ਹੁਣ ਤੇਰੀ ਤੂੰਬੀ ਕੌਣ ਸੁਣੂ ਓਏ? ਮੈਂ ਕਿਵੇਂ ਸੁਣੂੰ ਹੁਣ ਤੇਰੀ ਤੂੰਬੀ? ਉਰ੍ਹੇ ਆ ਐਧਰ ਮੇਰੇ ਕੋਲ, ਆ ਉਰ੍ਹੇ। ਗੱਲ ਸੁਣ ਓਏ ਪੁੱਤ, ਤੇਰੀ ਟੁੰਗ-ਲੁੰਗ-ਲੁੰਗ, ਦੱਸ ਮੈਨੂੰ, ਮੈਂ ਕਿਵੇਂ ਸੁਣੂੰ?" ਉਹ ਇਹਨੂੰ ਆਪਣੇ ਕੋਲ ਬਿਠਾਉਂਦਾ ਹੈ, ਅੱਖਾਂ ਭਰ ਲੈਂਦਾ ਹੈ, ਇਹਨੂੰ ਗਲਵੱਕੜੀ ਵਿਚ ਲੈ ਲੈਂਦਾ ਹੈ, ਜੁਆਕਾਂ ਵਾਂਗ ਰੋ ਪੈਂਦਾ ਹੈ ਅਤੇ ਇਕ ਪੈੱਗ ਹੋਰ ਅੰਦਰ ਸੁੱਟ ਕੇ ਆਖਦਾ ਹੈ, "ਗੱਲ ਸੁਣ ਓਏ ਪੁੱਤ, ਹੁਣ ਜਾਂਦੀ ਵਾਰੀ ਗੌਣ ਸੁਣਾ ਦੇ। ਕੋਈ ਗਾ ਯਮਲੇ ਜੱਟ ਦਾ।" ਤੇ ਗੀਤ ਸੁਣ ਕੇ ਉਹਦੇ ਹਵਾਲੇ ਨਾਲ ਆਖਦਾ ਹੈ, "ਓਏ ਨਿੰਦਰਿਆ, ਓਏ ਹੁਣ ਅਸੀਂ ਵੀ ਦੂਰ ਦੇ ਸੱਜਣ ਹੋ ਗਏ ਓਏ। ਕੱਲ੍ਹ ਨੂੰ ਅਸੀਂ ਵੀ ਦੂਰ ਚਲੇ ਜਾਣਾ ਐ। ਓਏ ਨਿੰਦਰੀ, ਤੇਰੀ ਟੁੰਗ-ਲੁੰਗ-ਟੁੰਗ-ਲੁੰਗ ਕਿੱਥੋਂ ਸੁਣੂੰ ਹੁਣ? ਪੁੱਤ ਤੂੰ ਮੇਰੇ ਨਾਲ ਈ ਚੱਲ। ਮੈਂ ਤਾਂ ਤੈਨੂੰ ਨਾਲ ਈ ਲਿਜਾਣਾ ਐ। ਵੇਖੂੰ ਮੈਂ ਕਿਹੜਾ ਰੋਕਦਾ ਐ ਤੈਨੂੰ।..." ਤੇ ਪਾਠਕ ਹੈਰਾਨ ਹੁੰਦਾ ਹੈ, ਕਿਤੇ ਜੱਜ ਸਾਹਬ ਹਾਲਾਤ ਦੀ ਮਾਰ ਦਾ ਅਬੋੜਾ ਬਣਾਇਆ ਹੋਇਆ ਮੂਲ ਰੂਪ ਵਿਚ ਇਕ ਨਰਮ-ਦਿਲ ਅਤੇ ਜਜ਼ਬਾਤੀ ਆਦਮੀ ਤਾਂ ਨਹੀਂ? ਕਿਤੇ ਉਹ ਮਨੋਰੋਗੀ ਤਾਂ ਨਹੀਂ?

ਇਹ ਸਾਰਾ ਸਮਾਂ ਨਿੰਦਰ ਘੁਗਿਆਣਵੀ "ਦੜ ਵੱਟ, ਜ਼ਮਾਨਾ ਕੱਟ, ਭਲੇ ਦਿਨ ਆਵਣਗੇ..." ਗਾਉਂਦਿਆਂ ਤੇ ਸੋਚਦਿਆਂ ਲੰਘਾਉਂਦਾ ਹੈ। ਤੇ ਇਹਦੇ ਲਈ ਭਲੇ ਦਿਨ ਲਿਆਉਣ ਵਿਚ ਤੀਜੇ ਸਾਹਿਬ ਦੀ ਉਜੱਡ ਪਤਨੀ ਸਹਾਈ ਹੁੰਦੀ ਹੈ ਜਦੋਂ ਉਹ ਇਹਨੂੰ ਸਵੀਟੀ ਦੇ ਪਿਸ਼ਾਬ ਉੱਤੇ ਪੋਚਾ ਮਾਰਨ ਲਈ ਆਖਦੀ ਹੈ। ਇਹਦਾ ਸਵੈਮਾਣ ਜਾਗ ਪੈਂਦਾ ਹੈ ਅਤੇ ਇਹ ਸਹੇ ਨਾਲੋਂ ਵੱਧ ਪਹੇ ਤੋਂ ਡਰਦਾ ਹੈ, "ਮੈਂ ਨੀ, ਬੀਬੀ ਜੀ, ਪੋਚਾ-ਪਾਚਾ ਮਾਰਨਾ, ਮੈਂ ਥੋਨੂੰ ਦੱਸਾਂ, ਮੈਂ ਨੀ ਮਾਰਨਾ ਪੋਚਾ। ਭਲਕੇ ਕਹੋਂਗੇ, ਸਾਡੇ ਜੁਆਕਾਂ ਦੀ ਲੈਟਰਿਨ ਚੁੱਕ।" ਤੇ ਇਹ ਗੁਲਾਮੀ ਵਰਗੀ ਨੌਕਰੀ ਤੋਂ ਪਿੱਛਾ ਛੁਡਾ ਕੇ ਆਜ਼ਾਦ ਹੋ ਭੱਜ ਤੁਰਦਾ ਹੈ।

2001 ਵਿਚ ਇਹਨੇ ਉਨ੍ਹਾਂ ਲੇਖਾਂ ਨੂੰ 'ਮੈਂ ਸਾਂ ਜੱਜ ਦਾ ਅਰਦਲੀ' ਨਾਂ ਦੀ ਪੁਸਤਕ ਦਾ ਰੂਪ ਦੇਣ ਦਾ ਫ਼ੈਸਲਾ ਕੀਤਾ ਤੇ ਮੈਨੂੰ ਮੁੱਖ-ਸ਼ਬਦ ਲਿਖਣ ਲਈ ਕਿਹਾ। ਇਕ ਥਾਂ ਇਹਨੇ ਛੋਟੀ ਉਮਰ ਵਿਚ ਪਾਠ ਕਰਨ ਦੀ ਚੇਟਕ ਬਾਰੇ ਲਿਖਿਆ ਸੀ। ਇਹਨੇ ਦਸਿਆ ਸੀ ਕਿ ਜੇ ਕਦੀ ਕਿਸੇ ਅਖੰਡ ਪਾਠ ਲਈ ਪਾਠੀ ਥੁੜ ਜਾਂਦਾ ਸੀ ਤਾਂ ਇਲਾਕੇ ਦੇ ਪਾਠੀ ਸਿੰਘ ਇਹਨੂੰ ਲੈ ਜਾਂਦੇ ਸਨ। ਹੁਣ ਜਦੋਂ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਕਾਫ਼ੀ ਵਿਕਾਸ ਕਰ ਰਹੀਆਂ ਹਨ, ਚੰਗੇ ਵਾਰਤਕਕਾਰਾਂ ਦੀ ਅਜੇ ਵੀ ਥੁੜ ਹੈ। ਮੁੱਖ-ਸ਼ਬਦਾਂ ਵਿਚ ਮੈਂ ਕਾਮਨਾ ਕੀਤੀ ਸੀ, ਥੁੜੇ ਪਾਠੀ ਦੀ ਥਾਂ ਲੈਣ ਵਾਂਗ ਇਹ ਥੁੜੇ ਵਾਰਤਕਕਾਰ ਦੀ ਥਾਂ ਵੀ ਲਵੇ।

ਨਿੰਦਰ ਘੁਗਿਆਣਵੀ ਨੂੰ ਦੇਸ-ਪਰਦੇਸ ਵਿਚ ਵਸੇ ਬਹੁਤੇ ਪੰਜਾਬੀ ਇਹਦੇ ਵੱਖ-ਵੱਖ ਗੁਣਾਂ ਸਦਕਾ ਚੰਗੀ ਤਰ੍ਹਾਂ ਜਾਣਦੇ-ਪਛਾਣਦੇ ਹਨ। ਇਹ ਇਧਰਲੇ ਅਖ਼ਬਾਰਾਂ ਦੇ ਨਾਲ-ਨਾਲ ਕਈ ਹੋਰ ਦੇਸਾਂ ਦੇ ਅਖ਼ਬਾਰਾਂ ਵਿਚ ਕਈ ਸਾਲ ਤੋਂ ਕਾਲਮ ਲਿਖ ਰਿਹਾ ਹੈ। ਇਹਦੇ ਨਾਲ ਹੀ ਇਹ ਲੋਕਮੁਖੀ ਗਾਇਕ ਸਵਰਗੀ ਯਮਲਾ ਜੱਟ ਦਾ ਸਭ ਤੋਂ ਛੋਟੀ ਉਮਰ ਦਾ ਤੇ ਸਭ ਤੋਂ ਲਾਡਲਾ ਚੇਲਾ ਹੋਣ ਸਦਕਾ ਉਹਦੀਆਂ ਰਚਨਾਵਾਂ ਉਹਦੀ ਹੀ ਲੈਅ, ਸੁਰ ਤੇ ਆਵਾਜ਼ ਵਿਚ ਗਾ ਕੇ ਮੇਲਾ ਲੁੱਟ ਲੈਂਦਾ ਹੈ। ਇਹਦੀ ਤੂੰਬੀ ਦੀ ਟੁਣਕਾਰ ਲੋਕਾਂ ਦੇ ਦਿਲ ਵਿਚ ਤਾਂ ਥਾਂ ਬਣਾਉਂਦੀ ਹੀ ਹੈ, ਉਨ੍ਹਾਂ ਦੇ ਘਰਾਂ ਦੇ ਬੂਹੇ ਵੀ ਅਪਣੱਤ ਨਾਲ ਖੁਲ੍ਹਵਾ ਲੈਂਦੀ ਹੈ। ਪਰਦੇਸਾਂ ਦੇ ਇਹਦੇ ਦੌਰਿਆਂ ਵਿਚ ਕਲਮ ਨਾਲੋਂ ਤੂੰਬੀ ਵਧੇਰੇ ਸਹਾਈ ਰਹੀ ਲਗਦੀ ਹੈ।

ਸਾਹਿਤ ਤੇ ਸਭਿਆਚਾਰ ਬਾਰੇ ਹੁਣ ਤੱਕ ਇਹ ਅਨੇਕ ਪੁਸਤਕਾਂ ਲਿਖ ਚੁੱਕਿਆ ਹੈ। ਉਹ ਵੀ ਐਵੇਂ-ਕੈਵੇਂ ਦੀਆਂ ਨਹੀਂ, ਚੰਗੀਆਂ ਨਿੱਗਰ ਤੇ ਦਿਲਚਸਪ। ਕਈ ਪੁਸਤਕਾਂ ਪਰਵਾਸੀਆਂ ਦੇ ਦਿਲਾਂ ਵਿਚ ਤੇ ਘਰਾਂ ਵਿਚ ਨੀਝ ਨਾਲ ਦੇਖੇ ਅਤੇ ਮਹਿਸੂਸੇ ਦਾ ਬਹੁਪੱਖੀ ਤੇ ਬਹੁਰੰਗਾ ਵਰਨਣ ਹਨ। ਪਰ ਅਜਿਹੀਆਂ ਗੱਲਾਂ ਨੂੰ ਲੈ ਕੇ ਕੁਝ ਹੋਰ ਸਫ਼ਰਨਾਮਾ ਲੇਖਕਾਂ ਨਾਲੋਂ ਇਹਦਾ ਇਕ ਵੱਡਾ ਫ਼ਰਕ ਹੈ। ਜਿਥੇ ਕਈ ਗ਼ੈਰ-ਜ਼ਿੰਮੇਵਾਰ ਲੋਕ ਜਿਸ ਥਾਲੀ ਵਿਚ ਖਾ ਕੇ ਆਏ ਹੁੰਦੇ ਹਨ, ਲੇਖਾਂ ਤੇ ਪੁਸਤਕਾਂ ਵਿਚ ਉਸੇ ਦੀ ਬੇਅਦਬੀ ਕਰਦੇ ਹਨ, ਇਹ ਇਕ ਵੀ ਸ਼ਬਦ ਕਿਸੇ ਮੇਜ਼ਬਾਨ ਵਾਸਤੇ ਨਿਰਾਦਰੀ ਵਾਲਾ ਨਹੀਂ ਲਿਖਦਾ। ਇਹ ਉਨ੍ਹਾਂ ਦੇ ਦੁਖ-ਸੁਖ, ਝੋਰੇ ਤੇ ਹਾਸਲ ਅਪਣੱਤ ਨਾਲ, ਹਮਦਰਦੀ ਨਾਲ ਪੇਸ਼ ਕਰਦਾ ਹੈ।

ਇਹ ਸਤਰਾਂ ਲਿਖਦਿਆਂ ਮੈਂ ਫੋਨ ਕਰ ਕੇ ਉਮਰ ਪੁੱਛੀ। ਇਹ ਕੁੱਲ 46 ਸਾਲ ਦਾ ਹੈ। ਮੈਂ ਪੁੱਛਿਆ, ਤੇਰੀਆਂ ਪੁਸਤਕਾਂ ਕਿੰਨੀਆਂ ਹਨ ਹੁਣ ਤੱਕ? ਕਹਿੰਦਾ, 57 ਹੋ ਗਈਆਂ। 46 ਸਾਲ ਦੀ ਉਮਰ ਤੇ 57 ਪੁਸਤਕਾਂ! ਉਨ੍ਹਾਂ 57 ਪੁਸਤਕਾਂ ਵਿਚੋਂ ਕਈਆਂ ਦੇ ਇਕ ਤੋਂ ਵੱਧ ਐਡੀਸ਼ਨ ਛਪੇ ਹਨ, ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ ਹਨ। ਅੱਗੇ ਉਨ੍ਹਾਂ ਦੀ ਵੰਨਸੁਵੰਨਤਾ! 12 ਪੁਸਤਕਾਂ ਲੋਕਗੀਤਾਂ, ਲੋਕਸੰਗੀਤ ਤੇ ਗਾਇਕਾਂ ਬਾਰੇ ਹਨ, 9 ਪੁਸਤਕਾਂ ਰੇਖਾ-ਚਿੱਤਰਾਂ ਦੀਆਂ ਹਨ, 4 ਸਾਹਿਤਕ-ਸਭਿਆਚਾਰਕ ਖੇਤਰ ਦੇ ਪ੍ਰਸਿੱਧ ਨਾਂਵਾਂ ਦੀਆਂ ਜੀਵਨੀਆਂ ਹਨ, 4 ਸਵੈਜੀਵਨੀਆਂ ਤੇ ਯਾਦਾਂ ਹਨ, 4 ਸਫ਼ਰਨਾਮੇ ਹਨ ਤੇ 7 ਪੁਸਤਕਾਂ ਵਾਰਤਕ ਦੀਆਂ ਹਨ। ਗਲਪਕਾਰਾਂ ਤੇ ਬਾਲ-ਸਾਹਿਤ ਲੇਖਕਾਂ ਵਿਚ ਨਾਂ ਦਰਜ ਕਾਉਣ ਲਈ ਇਕ-ਇਕ ਪੁਸਤਕ ਇਨ੍ਹਾਂ ਖੇਤਰਾਂ ਦੀ ਵੀ ਲਿਖ ਦਿੱਤੀ ਹੈ। ਹੋਰ ਭਾਸ਼ਾਵਾਂ ਦੀਆਂ 4 ਪੁਸਤਕਾਂ ਨੂੰ ਪੰਜਾਬੀ ਵਿਚ ਅਨੁਵਾਦਿਆ ਹੈ ਤੇ 11 ਪੁਸਤਕਾਂ ਦਾ ਸੰਪਾਦਨ ਕੀਤਾ ਹੈ।

ਇਨ੍ਹਾਂ ਸਾਰੀਆਂ ਪੁਸਤਕਾਂ ਵਿਚੋਂ ਅਜੇ ਵੀ ਝੰਡੀ ਦੋ ਦਹਾਕੇ ਪਹਿਲਾਂ ਛਪੀ ਪੁਸਤਕ 'ਮੈਂ ਸਾਂ ਜੱਜ ਦਾ ਅਰਦਲੀ' ਦੀ ਹੈ। ਪੰਜਾਬੀ ਵਿਚ ਉਹਦੇ 13 ਐਡੀਸ਼ਨ ਛਪ ਚੁੱਕੇ ਹਨ ਅਤੇ 10 ਭਾਰਤੀ ਭਾਸ਼ਾਵਾਂ ਤੇ ਅੰਗਰੇਜ਼ੀ ਵਿਚ ਉਹਦਾ ਅਨੁਵਾਦ ਹੋ ਚੁੱਕਿਆ ਹੈ। ਕਈ ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੇ ਐਮ. ਫਿਲ. ਤੇ ਪੀ-ਐਚ. ਡੀ. ਦੀਆਂ ਡਿਗਰੀਆਂ ਲਈਆਂ ਹਨ ਤੇ ਕੁਰੁਕਸ਼ੇਤਰ ਯੂਨੀਵਰਸਿਟੀ ਨੇ ਬੀ. ਏ. ਭਾਗ ਦੂਜਾ ਲਈ ਉਹਨੂੰ ਪਾਠ-ਪੁਸਤਕ ਲਾਇਆ ਹੋਇਆ ਹੈ। ਭਾਰਤ ਵਿਚ ਇਸ ਦੀ ਛੋਟੀ ਫ਼ਿਲਮ ਬਣਾਈ ਗਈ ਤੇ ਲੰਡਨ ਦੇ ਦੇਸੀ ਰੇਡੀਓ ਨੇ ਇਸ ਦਾ ਲੜੀਵਾਰ ਬਣਾਇਆ।

ਇਹਦੀਆਂ ਸਾਹਿਤਕ ਤੇ ਗਾਇਕੀ ਸੰਬੰਧੀ ਪੁਸਤਕਾਂ ਦੀ ਗਿਣਤੀ ਜਾਣ ਕੇ ਮੇਰਾ ਹੈਰਾਨ ਹੋਣਾ ਕੁਦਰਤੀ ਸੀ, ਜਿਵੇਂ ਜੰਮਣ-ਸਾਰ ਲਿਖਣ-ਗਾਉਣ ਲੱਗ ਪਿਆ ਹੋਵੇ! ਆਪਣੀ ਹੈਰਾਨੀ ਦੱਸ ਕੇ ਮੈਂ ਪੁੱਛਿਆ, "ਓਇ ਨਿੰਦਰਾ, ਤੂੰ ਜੰਮਦਾ ਹੀ ਲਿਖਣ-ਗਾਉਣ ਲੱਗ ਪਿਆ ਸੀ?"

ਹੱਸ ਕੇ ਕਹਿੰਦਾ, "ਆਹੋ ਐਂਕਲ ਜੀ, ਇਕ ਹੱਥ ਵਿਚ ਕਲਮ ਸੀ ਤੇ ਦੂਜੇ ਵਿਚ ਤੂੰਬੀ। ਇਹ ਮੇਰੇ ਨਾਲ ਹੀ ਆਈਆਂ ਸੀ!"

## ਗ਼ਜ਼ਲ


ਅਜੈ ਤਨਵੀਰ

ਜੋ ਸੁਨਾਮੀ ਸਾਹਮਣੇ ਸੀ ਤਾਣ ਸੀਨਾ ਖੜ੍ਹ ਗਿਆ।
ਉਹ ਪਤਾ ਨਹੀਂ ਕਿਉਂ ਤੇਰੇ ਇਕ ਅੱਥਰੂ ਵਿਚ ਹੜ੍ਹ ਗਿਆ।

ਪੁੱਛਦਾ ਸ਼ੀਸ਼ਾ ਮੇਰੇ ਤੋਂ ਕੌਣ ਆਇਆ ਸੀ ਮਿਲਣ,
ਜ਼ਰਦ ਚਿਹਰੇ 'ਤੇ ਜੋ ਐਨਾ ਰੰਗ ਸੂਹਾ ਚੜ੍ਹ ਗਿਆ।

ਮੰਨ ਲੈਂਦਾ ਈਨ ਜਿਹੜਾ, ਸਿਰਜਦਾ ਇਤਿਹਾਸ ਨਾ,
ਸਿਰਜ ਕੇ ਇਤਿਹਾਸ ਸਰਮਦ ਜ਼ੁਲਮ ਸਾਹਵੇਂ ਅੜ ਗਿਆ।

ਅਕਲ ਦਾ ਉਪਦੇਸ਼ ਸਾਨੂੰ ਦੇ ਰਿਹਾ ਹਰ ਗੱਲ 'ਤੇ,
ਸੋਚਦੇ ਮਾਂ ਬਾਪ ਸਾਡਾ ਪੁੱਤ ਕਿੰਨਾ ਪੜ੍ਹ ਗਿਆ।

ਵੇਖ ਲਈ ਤਨਵੀਰ ਤੂੰ, ਇਹ ਲਿਸ਼ਕਦੇ ਹੀ ਰਹਿਣਗੇ,
ਜੋ ਗ਼ਜ਼ਲ ਦੇ ਵਿਚ ਹੈ 'ਜਗਤਾਰ' ਕੋਕੇ ਜੜ ਗਿਆ।

ਰੁੱਖ ਲਾਵੋ, ਰੁੱਖ ਲਾਵੋ, ਆਖਦਾ ਸੀ ਵਾਰ ਵਾਰ,
ਪਰ ਹਵਾ ਦੇ ਖ਼ੌਫ਼ ਤੋਂ ਹੀ ਡਰ ਕੇ ਅੰਦਰ ਵੜ ਗਿਆ।

ਰੀੜ੍ਹ ਦੀ ਹੱਡੀ ਅਜੇ ਟੁੱਟੀ ਨਹੀਂ 'ਤਨਵੀਰ' ਦੀ,
ਕੁਰਸੀਆਂ ਅੱਗੇ ਤਦੇ ਲਿਫ਼ਿਆ, ਨਾ ਸਿੱਧਾ ਖੜ੍ਹ ਗਿਆ।

# ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਸਰੀ ਦੇ ਕੰਧ ਚਿੱਤਰਾਂ ਦੀ ਗਾਥਾ

2000 ਵਿਚ ਜਦੋਂ ਕੈਨੇਡਾ ਪੱਕੇ ਤੌਰ 'ਤੇ ਆਇਆ ਤਾਂ ਸਰੀ ਵਿਚ ਪੰਜਾਬੀ ਟ੍ਰਿਬਿਊਨ ਅਖਬਾਰ ਨਾਲ ਸੰਪਰਕ ਹੋਇਆ ਤੇ ਉਥੇ ਆਉਣਾ ਜਾਣਾ ਸ਼ੁਰੂ ਹੋਇਆ। ਸ. ਜੋਗਿੰਦਰ ਸਿੰਘ ਸਿੱਧੂ ਮਾਲਕ ਤੇ ਸੰਪਾਦਕ ਸਨ ਤੇ ਰਸ਼ਪਾਲ ਸਿੰਘ ਗਿੱਲ ਤੇ ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ ਵੀ ਨਾਲ ਸਨ। ਉਨ੍ਹਾਂ ਦਿਨਾਂ ਵਿਚ ਮੈਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਇਕ ਵੱਡ ਆਕਾਰੀ ਚਿੱਤਰ ਟੋਰਾਂਟੋ ਦੇ ਇਕ ਸੱਜਣ ਵਾਸਤੇ ਬਣਾਇਆ ਸੀ ਤੇ ਉਸਦਾ ਸਮਾਗਮ ਸਰੀ ਵਿਚ ਕੀਤਾ। ਸ. ਜੋਗਿੰਦਰ ਸਿੰਘ ਸਿੱਧੂ ਵੀ ਉਸ ਸਮਾਗਮ ਵਿਚ ਸਨ ਤੇ ਉਨ੍ਹਾਂ ਨੇ ਚਿੱਤਰ ਬਾਰੇ ਤੇ ਮੇਰੀ ਕਲਾ ਬਾਰੇ ਕੁਝ ਵਿਚਾਰ ਵੀ ਸਾਂਝੇ ਕੀਤੇ। ਉਸ ਸਮੇਂ ਉਹ ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਦੇ ਮੁੱਖ ਸੇਵਾਦਾਰ ਵੀ ਸਨ। ਉਹ ਹਮੇਸ਼ਾ ਹੀ ਮੇਰੇ

**ਜਰਨੈਲ ਸਿੰਘ ਆਰਟਿਸਟ**

ਮਦਦਗਾਰ ਰਹੇ। ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਅਸੀਂ ਗੁਰਦੁਆਰਾ ਸਾਹਿਬ ਦੀ ਨਵ ਉਸਾਰੀ ਕਰ ਰਹੇ ਹਾਂ ਤੇ ਫਿਰ ਤੂੰ ਉਥੇ ਜੋ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਹੈ ਕਰ ਲਵੀਂ। ਮੈਂ ਕਿਹਾ ਜੀ ਸਤਿਬਚਨ, ਜਿਵੇਂ ਹੁਕਮ ਤੁਹਾਡਾ।

ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਦਾਖਲ ਹੁੰਦਿਆਂ ਹੀ ਗੁੰਬਦ ਦੇ ਹੇਠ, ਖੱਬੇ ਤੇ ਸੱਜੇ ਦੋਨੋਂ ਪਾਸੇ 2 ਵੱਡੀਆਂ ਕੰਧਾਂ ਸਨ। ਲਗਭਗ 15 ਫੁੱਟ ਉਚੀਆਂ ਤੇ 22 ਫੁੱਟ ਲੰਬੀਆਂ। ਮੈਂ ਸੋਚਿਆ ਕਿ ਇਨ੍ਹਾਂ ਦੋਨੋਂ ਕੰਧਾਂ ਉਪਰ 10 ਗੁਰੂ ਸਾਹਿਬਾਨ ਦੇ ਸਮੇਂ ਸਿੱਖ ਧਰਮ ਵਿਚਲੀਆਂ ਮਹੱਤਵਪੂਰਨ ਘਟਨਾਵਾਂ ਚਿੱਤਰੀਆਂ ਜਾ ਸਕਦੀਆਂ ਹਨ। ਇੰਨੀਆਂ ਉੱਚੀਆਂ ਕੰਧਾਂ 'ਤੇ ਕੰਮ ਕਿਵੇਂ ਹੋਵੇਗਾ ਦਾ ਸਵਾਲ ਉਠਿਆ ਤਾਂ ਸਿੱਧੂ ਸਾਹਿਬ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਆਪਣੀ ਸਕਾਈ ਜੈਕ ਮਸ਼ੀਨ ਹੈ ਜਿਸ ਨਾਲ ਇੰਨੀ ਉਚਾਈ 'ਤੇ ਕੰਮ ਕਰਨਾ ਸੁਖਾਲਾ ਹੋ ਜਾਵੇਗਾ। ਉਨ੍ਹਾਂ ਨੇ ਮੈਨੂੰ ਸਕਾਈ ਜੈਕ ਮਸ਼ੀਨ ਉਪਰ-ਥੱਲੇ ਤੇ ਅਗਾਂਹ-ਪਿਛਾਂਹ ਕਰਨੀ ਸਿਖਾਈ। ਹੁਣ ਮੈਨੂੰ ਦਿਨ ਤਾਂ ਯਾਦ ਨਹੀਂ ਪਰ ਇਕ ਦਿਨ ਅਰਦਾਸ ਕਰ ਕੇ ਮੈਂ ਸ਼ਾਮ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਖੱਬੇ ਹੱਥ ਵਾਲੀ ਕੰਧ ਉਪਰ ਕੰਮ ਸ਼ੁਰੂ ਕਰ ਦਿੱਤਾ।



ਕੋਈ ਮੁਢਲਾ ਸਕੈਚ ਵਗੈਰਾ ਤਾਂ ਬਣਾਇਆ ਹੀ ਨਹੀਂ ਸੀ ਪਰ ਮਨ ਵਿਚ ਖਿਆਲ ਸੀ ਕਿ ਗੁਰੂ ਨਾਨਕ ਸਾਹਿਬ ਦੇ ਜਨੇਊ ਪਾਉਣ ਤੋਂ ਨਾਂਹ ਕਰਨ ਵਾਲੀ ਗਾਥਾ ਤੋਂ ਕੰਮ ਸ਼ੁਰੂ ਕਰੀਏ ਕਿਉਂਕਿ ਇਸ ਤੋਂ ਹੀ ਸਿੱਖ ਧਰਮ ਦੇ ਬੁਨਿਆਦੀ ਵਖਰੇਵੇਂ ਦੀ ਕਥਾ ਸ਼ੁਰੂ ਹੁੰਦੀ ਹੈ। ਸੋ ਅੰਦਾਜ਼ੇ ਜਿਹੇ ਨਾਲ ਕੰਧ ਦੇ ਵਿਚਾਲੇ ਜਿਹੇ ਤੋਂ ਬੁਰਸ਼ ਨਾਲ ਹੀ ਡਰਾਇੰਗ ਕਰ ਕੇ ਚਿੱਤਰ ਸ਼ੁਰੂ ਕਰ ਦਿੱਤਾ। ਮਜ਼ੇ ਦੀ ਗੱਲ ਸੀ ਕਿ ਨਾ ਤਾਂ ਸਿੱਧੂ ਸਾਹਿਬ ਨੇ ਪੁੱਛਿਆ ਕਿ ਕੀ ਬਣਾਉਣਾ ਹੈ ਤੇ ਨਾ ਹੀ ਮੈਂ ਦੱਸਿਆ। ਉਨ੍ਹਾਂ ਨੂੰ ਜਿਵੇਂ ਮੇਰੇ ਉਪਰ ਪੂਰਾ ਭਰੋਸਾ ਸੀ ਤੇ ਹੁਣ ਪਿੱਛਲ ਝਾਤ ਦੇਖਿਆਂ ਮੈਨੂੰ ਵੀ ਲਗਦਾ ਹੈ ਕਿ ਮੈਂ ਉਨ੍ਹਾਂ ਦੇ ਭਰੋਸੇ ਉਪਰ ਪੂਰਾ ਉਤਰਿਆ ਤੇ ਉਨ੍ਹਾਂ ਨੂੰ ਤੇ ਸੰਗਤ, ਪ੍ਰਬੰਧਕਾਂ ਨੂੰ ਨਿਰਾਸ਼ ਨਹੀਂ ਕੀਤਾ।

ਹੌਲੀ ਹੌਲੀ ਚਿੱਤਰ ਵਿਚ ਬਾਕੀ ਘਟਨਾਵਾਂ ਗੁਰੂ ਨਾਨਕ ਸਾਹਿਬ ਯਾਤਰਾ 'ਤੇ ਨਿਕਲਦੇ ਹੋਏ, ਗੁਰੂ ਅੰਗਦ ਦੇਵ ਸਾਹਿਬ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ, ਗੁਰੂ ਅਮਰ ਦਾਸ ਲੰਗਰ ਵਿਚ ਸੇਵਾ ਕਰਦੇ ਹੋਏ, ਗੁਰੂ ਰਾਮ ਦਾਸ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਵਾਉਂਦੇ ਹੋਏ, ਗੁਰੂ ਅਰਜਨ ਭਾਈ ਗੁਰਦਾਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਹੋਏ ਤੇ ਅਖੀਰ 'ਤੇ ਗੁਰੂ ਅਰਜਨ ਸਾਹਿਬ ਤੇ ਸਾਈਂ ਮੀਆਂ ਮੀਰ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਰੱਖਦੇ ਹੋਏ ਚਿੱਤਰ ਕਲਾਕ ਵਾਈਜ਼ ਰੁਖ ਵਿਚ ਕੰਧ ਦੇ ਪੰਜ ਕੋਣੇ ਡਾਇਮੰਡ ਆਕਾਰ ਅਨੁਸਾਰ ਆਪਣੇ ਆਪ ਹੀ ਗੁਰੂ ਕਿਰਪਾ ਸਦਕਾ ਚਿੱਤਰੇ ਗਏ। ਇਨ੍ਹਾਂ ਚਿੱਤਰਾਂ ਵਿਚ ਮੈਨੂੰ ਕਲਾਤਮਕ ਤੌਰ 'ਤੇ ਨਿੱਜੀ ਫਾਇਦਾ ਇਹ ਹੋਇਆ ਕਿ ਜਿੰਨਾ ਵੀ ਕੰਮ ਮੈਂ ਪਹਿਲਾਂ ਕੀਤਾ ਸੀ ਉਹ ਤੇਲ ਰੰਗਾਂ ਵਿਚ ਕੀਤਾ ਸੀ। ਇਸ ਕੰਧ ਚਿੱਤਰ ਪ੍ਰਾਜੈਕਟ ਵਿਚ ਸਾਰਾ ਕੰਮ ਐਕਰੇਲਿਕ ਰੰਗਾਂ ਵਿਚ ਕੀਤਾ ਜੋ ਮੇਰੇ ਵਾਸਤੇ ਨਵਾਂ ਮਾਧਿਅਮ ਸੀ, ਪਰ ਤੇਲ ਰੰਗਾਂ ਵਿਚ ਮੁਹਾਰਤ ਹੋਣ ਕਾਰਨ ਇਸ ਵਿਚ ਕੰਮ ਕਰਨਾ ਸੁਖਾਲਾ ਹੋਇਆ ਤੇ ਇਸ ਮਾਧਿਅਮ ਵਿਚ ਵੀ ਮੇਰੀ ਮੁਹਾਰਤ ਹੋ ਗਈ ਤੇ ਮੇਰੇ ਕਲਾਤਮਕ ਸਫਰ ਵਿਚ ਇਕ ਹੋਰ ਨਵਾਂ ਮਾਧਿਅਮ ਜੁੜ ਗਿਆ। ਇਸ ਤੋਂ ਬਾਅਦ ਕਾਮਾਗਾਟਾਮਾਰੂ ਕੰਧ ਚਿੱਤਰ ਵੀ ਇਸੇ ਮਾਧਿਅਮ ਵਿਚ ਕੀਤਾ ਗਿਆ।

ਕੰਧ ਚਿੱਤਰ ਦੇ ਹੇਠ ਪੰਜਾਬੀ ਤੇ ਅੰਗਰੇਜ਼ੀ ਵਿਚ ਚਿੱਤਰ ਦੀ ਸੰਖੇਪ ਵਿਆਖਿਆ ਛਪਵਾ ਕੇ ਲਗਾਈ ਗਈ। ਪੰਜਾਬੀ ਵਾਲੀ ਵਿਆਖਿਆ ਇੱਥੇ ਮੈਂ ਪਾਠਕਾਂ ਨਾਲ ਜਾਣਕਾਰੀ ਹਿੱਤ ਸਾਂਝੀ ਕਰ ਰਿਹਾਂ।

'ਇਹ ਕੰਧ ਚਿੱਤਰ ਪ੍ਰਾਜੈਕਟ ਸਿੱਖ ਧਰਮ ਦੇ ਪਹਿਲੇ ਗੁਰੂ ਅਤੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ, ਦਸਵੇਂ ਅਤੇ ਆਖਰੀ ਗੁਰੂ ਤਕ, ਸਿੱਖ ਧਰਮ ਦੀ ਕਹਾਣੀ ਦਰਸਾਉਣ ਲਈ ਸਿਰਜਿਆ ਗਿਆ ਹੈ। ਇਸ ਵਿਚ ਹਰ ਗੁਰੂ ਦੇ ਜੀਵਨ ਕਾਲ ਦੌਰਾਨ ਹੋਈਆਂ ਸਿੱਖ ਧਰਮ ਦੇ ਵਿਕਾਸ ਦੀਆਂ ਮਹੱਤਵਪੂਰਨ ਘਟਨਾਵਾਂ ਚਿੱਤਰੀਆਂ ਗਈਆਂ ਹਨ। ਹੇਠਾਂ ਵਿਚਾਲੇ ਪਹਿਲੇ ਚਿੱਤਰ ਵਿਚ ਬਚਪਨ ਵਿਚ ਗੁਰੂ ਨਾਨਕ ਨੂੰ ਜੰਜੂ ਪਾਉਣਾ ਤੋਂ ਨਾਂਹ ਕਰਦਿਆਂ ਤੇ ਰਵਾਇਤ ਨੂੰ ਤੋੜਦੇ ਦਰਸਾਇਆ ਗਿਆ ਹੈ। ਉਨ੍ਹਾਂ ਨੇ ਦਰਸਾਇਆ ਕਿ ਰੂਹਾਨੀਅਤ ਤੋਂ ਖਾਲੀ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਬਜਾਏ ਮਨੁੱਖ ਨੂੰ ਪਿਆਰ, ਹਮਦਰਦੀ, ਸਬਰ ਸੰਤੋਖ, ਬਖਸ਼ਿਸ ਅਤੇ ਸੱਚ ਜਿਹੀਆਂ ਉਚੀਆਂ ਗੱਲਾਂ ਦੀ ਕਾਮਨਾ ਕਰਨੀ ਚਾਹੀਦੀ ਹੈ। ਘੜੀ ਦੇ ਹਿਸਾਬ ਅਗਲੇ ਚਿੱਤਰ ਵਿਚ ਗੁਰੂ ਨਾਨਕ ਦੇਵ ਜੀ ਆਪਣੇ ਮੁਸਲਮਾਨ ਸਾਥੀ ਰਬਾਬੀ ਮਰਦਾਨੇ ਨਾਲ ਪਹਿਲੀ ਉਦਾਸੀ (ਮਹਾਨ ਯਾਤਰਾ) 'ਤੇ ਜਾ ਰਹੇ ਹਨ। ਗੁਰੂ ਨਾਨਕ ਸਾਹਿਬ ਨੇ ਚਾਰੇ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕੀਤੀਆਂ ਅਤੇ ਦੂਰ ਦੂਰ, ਲੰਕਾ, ਢਾਕਾ, ਤਿੱਬਤ, ਮੱਕਾ ਮਦੀਨਾ ਅਤੇ ਬਗਦਾਦ ਤਕ ਸੱਚੇ ਨਾਮ ਦਾ ਪ੍ਰਚਾਰ ਕੀਤਾ।

ਅੱਗੇ ਗੁਰੂ ਅੰਗਦ ਦੇਵ ਜੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦੇ ਦਿਖਾਏ ਹਨ। ਉਨ੍ਹਾਂ ਪੰਜਾਬੀ ਦਾ ਪ੍ਰਚਾਰ ਕੀਤਾ ਅਤੇ ਗਿਆਨ ਨੂੰ ਆਮ ਆਦਮੀ ਦੀ ਪਹੁੰਚ ਵਿਚ ਲਿਆਂਦਾ, ਜਿਸ 'ਤੇ ਉਦੋਂ ਤਕ ਸਿਰਫ ਸੰਸਕ੍ਰਿਤ ਜਾਣਦੇ ਮੁੱਠੀ ਭਰ ਬ੍ਰਾਹਮਣਾਂ ਦੀ ਚੌਧਰ ਸੀ। ਗੁਰੂ ਅਮਰਦਾਸ ਨੇ ਲੰਗਰ ਦੀ ਪ੍ਰਥਾ ਨੂੰ ਸੰਗਠਿਤ ਕੀਤਾ, ਜਿੱਥੇ ਜਾਤ, ਧਰਮ ਤੇ ਵਰਗ ਦੇ ਭੇਦ ਬਿਨਾ ਹਰ ਇਕ ਨੂੰ ਭੋਜਨ ਮਿਲਦਾ ਸੀ ਤੇ ਇਸ ਤਰ੍ਹਾਂ ਬਰਾਬਰੀ, ਭਾਈਚਾਰਾ ਤੇ ਮਨੁਖੀ ਸਾਂਝ ਮਜ਼ਬੂਤ ਹੁੰਦੀ। ਅਗਲੇ ਚਿੱਤਰ ਵਿਚ ਗੁਰੂ ਰਾਮਦਾਸ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਕੰਮ ਦੇਖ ਰਹੇ ਹਨ, ਇਹ ਸਰੋਵਰ ਮੌਜੂਦਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦੁਆਲੇ ਹੈ। ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ, ਭਾਈ ਗੁਰਦਾਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਜਨਾ ਕਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ ਅਤੇ 19 ਹਿੰਦੂ ਮੁਸਲਮਾਨ ਸੰਤਾਂ ਦੀ ਬਾਣੀ ਹੈ। ਅਗਲੇ ਚਿੱਤਰ ਵਿਚ ਲਾਹੌਰ ਦੇ ਮੁਸਲਮਾਨ ਸੂਫੀ ਸਾਈਂ ਮੀਆਂ ਮੀਰ, ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਪੰਜਾਬ ਦੀ ਨੀਂਹ ਰੱਖ ਰਹੇ ਹਨ।'

ਇਸ ਕੰਧ ਚਿੱਤਰ ਦਾ ਉਦਘਾਟਨ 14 ਅਪਰੈਲ 2003 ਵਿਸਾਖੀ ਵਾਲੇ ਦਿਨ ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ ਨੇ ਸੰਗਤਾਂ ਦੀ ਹਾਜ਼ਰੀ ਵਿਚ ਜੈਕਾਰਿਆਂ ਦੀ ਗੂੰਜ ਵਿਚ ਕੀਤਾ। ਸਮੂਹ ਸੰਗਤਾਂ ਵਲੋਂ ਇਸ ਦੀ ਸ਼ਲਾਘਾ ਹੋਈ ਤੇ ਛੇਤੀ ਹੀ ਦੂਜੇ ਚਿੱਤਰ ਦੀ ਸ਼ੁਰੂਆਤ ਬਾਰੇ ਪੁੱਛਦੇ ਕਿ ਕਦੋਂ ਸ਼ੁਰੂ ਕਰਨਾ ਹੈ।

ਦੂਜੇ ਕੰਧ ਚਿੱਤਰ ਵਿਚ ਬਾਕੀ ਛੇ ਗੁਰੂ ਸਾਹਿਬਾਨ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰ




ਰਾਇ ਦਵਾਈਆਂ ਦੀ ਸੇਵਾ ਕਰਦੇ, ਗੁਰੂ ਹਰਕ੍ਰਿਸ਼ਨ ਰੋਗੀਆਂ ਦੀ ਸੇਵਾ ਕਰਦੇ, ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਸਾਜਨਾ, ਸਾਹਿਬਜ਼ਾਦਾ ਅਜੀਤ ਸਿੰਘ ਜੁਝਾਰ ਸਿੰਘ, ਜ਼ੋਰਾਵਰ ਸਿੰਘ ਫਤਹਿ ਸਿੰਘ ਤੇ ਅਖੀਰ ਕੇਂਦਰ ਵਿਚ ਗੁਰੂ ਗੋਬਿੰਦ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ, ਗੁਰੂ ਮਾਨਿਓ ਗ੍ਰੰਥ ਦਾ ਸੁਨੇਹਾ ਦਿੰਦੇ ਚਿੱਤਰੇ ਗਏ। ਇਸ ਵਿਚ ਵੀ ਸਾਰੀ ਬਿਨਾਂ ਵਿਉਂਤ ਹੀ ਸ਼ੁਰੂਆਤ ਕੀਤੀ ਗਈ ਤੇ ਗੁਰੂ ਕਿਰਪਾ ਸਦਕਾ ਸਾਰਾ ਕਾਰਜ ਆਪਣੇ ਆਪ ਹੀ ਸਿਰਜਿਆ ਗਿਆ ਤੇ ਸੰਪੂਰਨ ਹੋਇਆ। ਇਸ ਚਿੱਤਰ ਹੇਠਾਂ ਵੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ ਛਪਵਾ ਕੇ ਲਗਾਈ ਗਈ। ਪੰਜਾਬੀ ਵਾਲੀ ਵਿਆਖਿਆ ਇੱਥੇ ਮੈਂ ਪਾਠਕਾਂ ਨਾਲ ਜਾਣਕਾਰੀ ਹਿਤ ਸਾਂਝੀ ਕਰ ਰਿਹਾਂ।

'ਉਪਰਲੇ ਕੰਧ ਚਿਤਰ ਵਿਚ, ਖੱਬੇ ਤੋਂ ਘੜੀ ਦੇ ਹਿਸਾਬ ਚਲਦਿਆਂ, ਛੇਵੇਂ ਗੁਰੂ ਹਰਗੋਬਿੰਦ, ਅਕਾਲ ਤਖਤ ਦੇ ਬਾਨੀ। ਗੁਰੂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ, ਸ੍ਰੀ ਅਕਾਲ ਤਖਤ ਸਾਹਿਬ, ਸਿੱਖਾਂ ਵਿਚ ਸਭ ਤੋਂ ਉੱਚੀ ਸਰਵੋਤਮ ਰਾਜਨੀਤਕ ਸੰਸਥਾਂ ਵਜੋਂ ਸਥਾਪਤ ਕੀਤਾ। ਗੁਰੂ ਜੀ ਨੇ ਮੀਰੀ, ਭਾਵ ਸੰਸਾਰਕ ਸ਼ਕਤੀ



ਤੇ ਪੀਰੀ, ਭਾਵ ਰੂਹਾਨੀ ਸ਼ਕਤੀ ਨੂੰ ਦਰਸਾਉਂਦੀਆਂ ਦੋ ਤਲਵਾਰਾਂ ਪਹਿਨੀਆਂ। ਅੱਗੇ ਗੁਰੂ ਹਰਿ ਰਾਇ, ਸੱਤਵੇਂ ਗੁਰੂ, ਰੋਗੀਆਂ ਅਤੇ ਗਰੀਬਾਂ ਨੂੰ ਦਵਾਈਆਂ ਵੰਡ ਰਹੇ ਹਨ। ਉਸ ਤੋਂ ਅੱਗੇ ਗੁਰੂ ਹਰਿ ਕ੍ਰਿਸ਼ਨ, ਅੱਠਵੇਂ ਗੁਰੂ, ਦਿੱਲੀ ਵਿਚ ਚੇਚਕ ਦੀ ਬੀਮਾਰੀ ਸਮੇਂ ਦੁਖੀਆਂ ਅਤੇ ਬੀਮਾਰਾਂ ਦੀ ਸੇਵਾ ਕਰਦਿਆਂ, ਸਿੱਖੀ ਵਿਚ ਸੇਵਾ ਦੇ ਸਿਧਾਂਤ ਨੂੰ ਰੂਪਮਾਨ ਕਰ ਰਹੇ ਹਨ। ਗੁਰੂ ਤੇਗ ਬਹਾਦਰ, ਨੌਵੇਂ ਗੁਰੂ, ਧਾਰਮਿਕ ਕੱਟੜਤਾ ਦੇ ਖ਼ਿਲਾਫ ਦਿੱਲੀ ਵਿਚ ਸ਼ਹੀਦ ਹੁੰਦੇ ਅਗਲੇ ਚਿੱਤਰ ਵਿਚ ਦਰਸਾਏ ਹਨ। ਗੁਰੂ ਸਾਹਿਬ ਦੀ ਸ਼ਹਾਦਤ ਇਤਿਹਾਸ ਵਿਚ ਵਿਲੱਖਣ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਨਹੀ , ਬਲਕਿ ਦੂਸਰੇ ਧਰਮ, ਭਾਵ ਹਿੰਦੂ ਧਰਮ ਦੀ ਰਾਖੀ ਲਈ ਸ਼ਹੀਦੀ ਦਿੱਤੀ ਅਤੇ ਇਸ ਤਰ੍ਹਾਂ ਹਰ ਇਕ ਦੇ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਮਨੁੱਖੀ ਹੱਕ ਵਾਸਤੇ ਖੜੇ। ਅਗਲੇ ਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕਰ ਰਹੇ ਹਨ। ਇਸ ਨਾਲ ਸਿੱਖ ਪੰਥ ਵਿਚ ਪੰਜ ਪਿਆਰਿਆਂ ਦੀ ਸੰਸਥਾ ਸ਼ੁਰੂ ਹੋਈ ਜੋ ਰਾਜਨੀਤਕ ਤੇ ਸੰਸਾਰਕ ਫੈਸਲੇ



ਕਰ ਸਕਦੀ ਹੈ। ਗੁਰੂ ਸਾਹਿਬ ਨੇ ਅਨਿਆਂ, ਜ਼ੁਲਮ ਤੇ ਜਬਰ ਦੇ ਖ਼ਿਲਾਫ ਜੱਦੋਜਹਿਦ ਲਈ ਸੰਤ ਸਿਪਾਹੀ ਖਾਲਸਾ ਸਾਜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ੁਧ ਸੰਤਾਂ ਅਤੇ ਬਹਾਦਰ ਯੋਧਿਆਂ ਦੀ ਕੌਮ ਬਣਾ ਦਿੱਤਾ। ਅੱਗੇ ਚਲਦਿਆਂ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਚਿੱਤਰੇ ਹਨ ਜੋ ਚਮਕੌਰ ਦੀ ਜੰਗ ਵਿਚ ਮੁਗਲ ਫੌਜਾਂ ਨਾਲ ਲੜਦਿਆਂ ਸ਼ਹੀਦ ਹੋਏ। ਅੱਗੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਹਨ ਜਿਨ੍ਹਾਂ ਨੂੰ ਧਰਮ ਬਦਲਣ ਤੋਂ ਨਾਂਹ ਕਰਨ ਉਪਰੰਤ ਸਰਹਿੰਦ ਵਿਖੇ ਜਿਓਂਦਿਆਂ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਵਿਚਕਾਰ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਦਿਖਾਏ ਹਨ। ਗੁਰੂ ਜੀ ਨੇ "ਗੁਰੂ ਮਾਨਿਓ ਗ੍ਰੰਥ" ਦਾ ਆਦੇਸ਼ ਦਿੱਤਾ ਭਾਵ ਕਿਹਾ ਕਿ ਭਵਿੱਖ ਵਿਚ ਸਿੱਖਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ ਤੇ ਸਭ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜਾਗਦੀ ਜੋਤ ਸਮਝਣ। ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਤੋਂ ਸੇਧ ਅਤੇ ਰਹਿਨੁਮਾਈ ਲੈਣੀ ਚਾਹੀਦੀ ਹੈ।"

ਇਸ ਕੰਧ ਚਿੱਤਰ ਦਾ ਉਦਘਾਟਨ ਪੰਜਾਂ ਪਿਆਰਿਆਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਉਪਰ 5 ਜਨਵਰੀ 2004 ਨੂੰ ਸੰਗਤਾਂ ਦੀ ਹਾਜ਼ਰੀ ਵਿਚ ਜੈਕਾਰਿਆਂ ਦੀ ਗੂੰਜ ਵਿਚ ਕੀਤਾ ਗਿਆ। ਸਮੂਹ ਸੰਗਤਾਂ ਵਲੋਂ ਇਸ ਚਿੱਤਰ ਦੀ ਵੀ ਸ਼ਲਾਘਾ ਹੋਈ।

ਜਦੋਂ ਇਹ ਦੋਨੋਂ ਚਿੱਤਰ ਸੰਪੂਰਨ ਹੋ ਗਏ ਤਾਂ ਕਈ ਵਾਰੀ ਸੰਗਤਾਂ ਨੇ ਪੁੱਛਣਾ ਕਿ ਹੋਰ ਨਵਾਂ ਕੀ ਕਰ ਰਹੇ ਹੋ। ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਤਿੰਨ ਪਾਸੇ ਕੰਧਾਂ ਸਨ ਜਿਥੇ ਕੁਝ ਬਣ ਸਕਦਾ ਸੀ। ਮੈਂ ਸਿੱਧੂ ਸਾਹਿਬ ਨਾਲ ਸਲਾਹ ਕੀਤੀ ਕਿ ਲੰਗਰ ਦੀ ਮਰਿਆਦਾ ਸਿੱਖ ਧਰਮ ਦਾ ਨਿਵੇਕਲਾ ਸੰਕਲਪ ਹੈ ਜੋ ਕਿਸੇ ਹੋਰ ਧਰਮ ਵਿਚ ਨਹੀਂ ਹੈ। ਇਸ ਬਾਰੇ ਲੰਗਰ ਹਾਲ ਵਿਚ ਚਿੱਤਰ ਬਣਾ ਸਕਦੇ ਹਾਂ। ਉਹ ਵੀ ਇਸ ਨਾਲ ਸਹਿਮਤ ਸਨ। ਫਿਰ ਲੰਗਰ ਹਾਲ ਵਿਚ ਮਾਤਾ ਖੀਵੀ ਲੰਗਰ ਵਿਚ ਸੇਵਾ ਕਰਦਿਆਂ ਦਾ ਚਿੱਤਰ ਬਣਾਇਆ। ਮਾਤਾ ਖੀਵੀ ਇਕੋ ਇਕ ਐਸੀ ਔਰਤ ਹੈ ਜਿਨ੍ਹਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਨਾਲ ਕੀਤਾ ਗਿਆ ਹੈ। ਇਸ ਚਿੱਤਰ ਥੱਲੇ ਵੀ ਹੇਠ ਲਿਖੀ ਵਿਆਖਿਆ ਪੰਜਾਬੀ ਅੰਗਰੇਜ਼ੀ ਵਿਚ ਲਗਾਈ ਗਈ।

'ਮਾਤਾ ਖੀਵੀ ਸਿੱਖਾਂ ਦੇ ਦੂਸਰੇ ਗੁਰੂ, ਗੁਰੂ ਅੰਗਦ ਦੇਵ ਜੀ ਦੀ ਧਰਮ ਪਤਨੀ ਸੀ। ਲੰਗਰ ਦਾ ਸਾਰਾ ਇੰਤਜ਼ਾਮ ਉਨ੍ਹਾਂ ਦੀ ਜ਼ਿੰਮੇਵਾਰੀ ਸੀ। ਉਹ ਬਹੁਤ ਨੇਕ ਆਤਮਾ ਸੀ ਅਤੇ ਭੁੱਖਿਆਂ ਅਤੇ ਲੋੜਵੰਦਾਂ ਨੂੰ ਲੰਗਰ ਬਹੁਤ ਪਿਆਰ ਅਤੇ ਖਿਆਲ ਨਾਲ ਵਰਤਾਉਂਦੀ ਸੀ। ਉਸ ਨੇ ਲੰਗਰ ਦੀ ਪ੍ਰਥਾ ਨੂੰ ਵਧਾਇਆ ਅਤੇ ਵਿਓਂਤਬੱਧ ਕੀਤਾ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਲੰਗਰ ਜਾਤ, ਧਰਮ, ਅਮੀਰ ਗਰੀਬ, ਅਤੇ ਇਸਤਰੀ ਪੁਰਸ਼ ਦੇ ਵਿਤਕਰੇ ਬਗੈਰ ਹਰ ਇਕ ਨੂੰ ਵਰਤਾਇਆ ਜਾਂਦਾ ਸੀ। ਮਾਤਾ ਖੀਵੀ ਦੀ ਸੇਵਾ ਸਦਕਾ ਉਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਉਂਦਾ ਹੈ।'

ਮਾਤਾ ਖੀਵੀ ਦੇ ਸੇਵਾ ਦੇ ਚਿੱਤਰ ਬਾਅਦ ਵਿਚਾਰ ਬਣਿਆ ਕਿ ਸਿੱਖੀ ਵਿਚ ਸੇਵਾ ਦੀ ਭਾਵਨਾ ਪ੍ਰਗਟ ਕਰਨ ਲਈ ਭਾਈ ਘਨੱ੍ਹਈਆ ਜੀ ਦੀ ਪਾਣੀ ਤੇ ਮਰਹਮ ਪੱਟੀ ਦੀ ਸੇਵਾ ਤੋਂ ਬਿਹਤਰ ਹੋਰ ਕੋਈ ਵਾਕਿਆ ਨਹੀਂ। ਸੋ ਭਾਈ ਘਨੱ੍ਹਈਆ ਜੀ ਦਾ ਰਵਾਇਤੀ ਪਾਣੀ ਪਿਲਾਉਣ ਵਾਲੇ ਚਿੱਤਰ ਦੀ ਜਗ੍ਹਾ ਮਰਹਮ ਪੱਟੀ ਕਰਦਿਆਂ ਦਾ ਚਿੱਤਰ ਮਾਤਾ ਖੀਵੀ ਦੇ ਚਿੱਤਰ ਨਾਲ ਬਣਾਇਆ ਗਿਆ ਤੇ ਨਾਲ ਹੀ ਹੇਠ ਲਿਖਿਆ ਇਤਿਹਾਸ ਲਗਾਇਆ ਗਿਆ।

'ਭਾਈ ਘਨੱ੍ਹਈਆ ਜੀ 'ਤੇ ਵਾਹਿਗੁਰੂ ਦੀ ਐਸੀ ਬਖਸ਼ਿਸ਼ ਸੀ ਕਿ ਉਨ੍ਹਾਂ ਨੂੰ ਦੋਸਤ ਅਤੇ ਦੁਸ਼ਮਨ ਵਿਚ ਕੋਈ ਭੇਦ ਨਹੀਂ ਸੀ। ਮੈਦਾਨੇ ਜੰਗ ਵਿਚ ਉਹ ਸਿੱਖ ਤੇ ਮੁਗ਼ਲ ਫੌਜੀਆਂ ਨੂੰ ਬਿਨਾ ਭੇਦ ਭਾਵ ਦੇ ਪਾਣੀ ਪਿਲਾਉਂਦੇ ਸਨ। ਕਿਸੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਬਾਰੇ ਸ਼ਿਕਾਇਤ ਕੀਤੀ। ਗੁਰੂ ਸਾਹਿਬ ਨੇ ਭਾਈ ਘਨੱ੍ਹਈਆ ਜੀ ਨੂੰ ਇਸ ਬਾਰੇ ਪੁਛਿਆ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਮੈਨੂੰ ਤਾਂ ਹਰ ਜਗ੍ਹਾ ਤੁਹਾਡਾ ਹੀ ਰੂਪ ਦਿਸਦਾ ਹੈ, ਸਿੱਖ ਜਾਂ ਮੁਸਲਮਾਨ ਨਹੀਂ। ਗੁਰੂ ਸਾਹਿਬ ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਕਿਹਾ ਕਿ ਤੁਸੀਂ ਸਿੱਖੀ ਦੀ ਸੇਵਾ ਦੀ ਸਹੀ ਭਾਵਨਾ ਸਮਝੀ ਹੈ, ਅਗੇ ਤੋਂ ਜ਼ਖਮੀਆਂ ਦੀ ਮਰਹਮ ਪੱਟੀ ਦੀ ਸੇਵਾ ਵੀ ਕਰਨੀ। ਭਾਈ ਘਨੱ੍ਹਈਆ ਜੀ ਨੇ ਸਿੱਖੀ ਵਿਚ ਸੇਵਾ ਦੀ ਭਾਵਨਾ ਨੂੰ ਸਹੀ ਰੂਪ ਵਿਚ ਨਿਭਾਇਆ। ਉਨ੍ਹਾਂ ਨੇ ਅਸਲ ਵਿਚ ਰੈਡ ਕਰਾਸ ਦੀ ਭਾਵਨਾ ਦੀ ਸ਼ੁਰੂਆਤ ਕੀਤੀ।'

# ਪੰਜਾ ਸਾਹਿਬ ਦੀ ਪੰਜਾਬਣ ਅਦਾਕਾਰਾ


ਚੰਚਲ ਅਤੇ ਸ਼ੋਖ ਸੁਭਾਅ ਵਾਲੀ ਮਸ਼ਹੂਰ ਅਦਾਕਾਰਾ ਉਰਮਿਲਾ ਉਰਫ਼ ਉਰਮਿਲਾ ਦੇਵੀ ਦੀ ਪੈਦਾਇਸ਼ 17 ਦਸੰਬਰ 1923 ਨੂੰ ਪੰਜਾ ਸਾਹਿਬ (ਹਸਨ ਅਬਦਾਲ) ਦੇ ਪੰਜਾਬੀ ਹਿੰਦੂ ਪਰਿਵਾਰ ਵਿਚ ਹੋਈ। ਉਸ ਨੂੰ ਪੜ੍ਹਨ ਲਿਖਣ ਦਾ ਬੜਾ ਸ਼ੌਕ ਸੀ ਜਿਸ ਕਰ ਕੇ ਉਹ ਆਪਣੀ ਮਾਂ ਬੋਲੀ ਪੰਜਾਬੀ ਦੇ ਨਾਲ ਉਰਦੂ ਵੀ ਚੰਗੀ ਤਰ੍ਹਾਂ ਬੋਲ ਲੈਂਦੀ ਸੀ। ਉਸ ਨੂੰ ਫਿਲਮਾਂ ਦੇਖਣੀਆਂ ਬਹੁਤ ਪਸੰਦ ਸਨ। ਜਦ ਵੀ ਉਹ ਆਪਣੇ ਪਰਿਵਾਰ ਨਾਲ ਫਿਲਮਾਂ ਦੇਖਣ ਜਾਂਦੀ ਤਾਂ ਸੋਚਦੀ ਕਿ ਕਦੇ ਮੈਂ ਵੀ ਫਿਲਮੀ ਪਰਦੇ 'ਤੇ ਆਵਾਂਗੀ। 13 ਸਾਲ ਦੀ ਉਮਰ ਵਿਚ ਉਹ ਰਾਵੀ ਟਾਕੀਜ਼ ਵਿਚ ਸ਼ਾਮਲ ਹੋ ਗਈ ਅਤੇ ਬਾਅਦ 'ਚ ਕਈ ਕੰਪਨੀਆਂ 'ਚ ਕੰਮ ਕੀਤਾ।

**ਮਨਦੀਪ ਸਿੰਘ ਸਿੱਧੂ**
**ਫੋਨ: +91-97805-09545**

ਫਿਲਮੀ ਦੁਨੀਆ ਵਿਚ ਉਹ ਕਾਮਯਾਬ ਅਦਾਕਾਰਾ ਮੰਨੀ ਗਈ ਹੈ।

ਜਦੋਂ 1936 ਵਿਚ 'ਰੋਜ਼ਾਨਾ ਪ੍ਰਤਾਪ' ਲਾਹੌਰ ਦੇ ਸੰਪਾਦਕ ਲਾਲਾ ਨਾਨਕ ਚੰਦ ਨਾਜ਼ ਨੇ ਆਪਣੇ ਫਿਲਮਸਾਜ਼ ਅਦਾਰੇ ਰਾਵੀ ਟਾਕੀਜ਼, ਲਾਹੌਰ ਦੇ ਬੈਨਰ ਹੇਠ ਐੱਮ. ਐੱਲ. ਕਪੂਰ ਦੀ ਹਿਦਾਇਤਕਾਰੀ ਹੇਠ ਆਪਣੀ ਪਹਿਲੀ ਹਿੰਦੀ ਫਿਲਮ 'ਪਾਪ ਕੀ ਨਗਰੀ' (1939) ਬਣਾਈ ਤਾਂ ਉਰਮਿਲਾ ਨੂੰ ਨਵੇਂ ਚਿਹਰੇ ਵਜੋਂ ਪੇਸ਼ ਕੀਤਾ। ਉਸ ਦੇ ਨਾਲ ਹੀਰੋ ਦਾ ਕਿਰਦਾਰ ਪ੍ਰੇਮ ਅਦੀਬ ਉਰਫ਼ ਪ੍ਰੇਮ ਨਰਾਇਣ ਅਦੀਬ (ਪਹਿਲੀ ਫਿਲਮ) ਨੇ ਨਿਭਾਇਆ ਸੀ। ਬਾਕੀ ਕਲਾਕਾਰਾਂ ਵਿਚ ਐੱਮ. ਜ਼ਹੂਰ, ਰਾਮ ਲਾਲ, ਹਿੰਮਤ ਸਿੰਘ, ਜਗਦੀਸ਼, ਬਲਰਾਜ ਪੁਰੀ, ਫ਼ਜ਼ਲ ਨਵਾਬ, ਰਾਣੀ ਬਾਲਾ ਤੇ ਰਸ਼ੀਦਾ ਬੇਗਮ ਸ਼ਾਮਲ ਸਨ। ਗੀਤਕਾਰੀ ਲਾਲਾ ਨਾਨਕ ਚੰਦ ਨਾਜ਼ ਅਤੇ ਸੰਗੀਤ ਦੀਆਂ ਧੁਨਾਂ ਬਸ਼ੀਰ ਹੁਸੈਨ ਖ਼ਾਨ ਦੇਹਲਵੀ ਨੇ ਬਣਾਈਆਂ ਸਨ। ਫਿਲਮ ਦੀ ਪ੍ਰਚਾਰ ਪੁਸਤਿਕਾ ਉੱਤੇ ਦਰਜ ਫਿਲਮ ਦੇ 2 ਗੀਤਾਂ ਦਾ ਹਵਾਲਾ ਮਿਲ ਪਾਇਆ ਹੈ, ਜਿਨ੍ਹਾਂ ਦੇ ਬੋਲ ਹਨ 'ਯੂੰ ਇਸ਼ਕ ਕੇ ਜਜ਼ਬਾਤ ਕੋ ਭੜਕਾਤੀ ਹੂਈ ਆ' ਤੇ 'ਕਿਉਂ ਮਰਤੇ ਹੈਂ ਸ਼ਮਾ ਪੇ ਪਰਵਾਨੇ ਕੋਈ ਕਿਆ ਸਮਝੇ ਕੋਈ ਕਯਾ ਜਾਨੇ'। 1936 ਵਿਚ ਸ਼ੁਰੂ ਹੋਈ ਇਹ ਫਿਲਮ ਕਿਸੇ ਵਿਵਾਦ ਦੀ ਵਜ੍ਹਾ ਨਾਲ 1939 ਵਿਚ ਸੈਂਸਰ ਹੋਈ ਸੀ।

ਮੋਹਿਨੀ ਫਿਲਮਜ਼ ਲਿਮਟਿਡ, ਲਾਹੌਰ ਦੀ ਐੱਮ. ਆਰ ਕਪੂਰ ਨਿਰਦੇਸ਼ਿਤ ਫਿਲਮ 'ਜੀਵਨ ਜਿਓਤੀ' (1937) 'ਚ ਉਰਮਿਲਾ ਦੇਵੀ ਨੇ 'ਸਲਮਾ' ਦਾ ਪਾਰਟ ਅਦਾ ਕੀਤਾ। ਅਹਿਮ ਕਲਾਕਾਰਾਂ ਵਿਚ ਸ਼ਕੁੰਤਲਾਬਾਈ (ਮੋਹਿਨੀ), ਮੋਹਿਨੀ ਬਾਈ (ਨਿਰਮਲਾ), ਫ਼ਿਰੋਜ਼ਾ (ਚੰਪਾ), ਨਫ਼ੀਸ (ਰਾਜ ਮਾਤਾ), ਗੁਲਸ਼ਨ (ਸੈਨਾਪਤੀ ਦੀ ਪਤਨੀ), ਅਸਗਰ (ਜ਼ਾਕਿਰ), ਹਕੂਮਤ (ਫ਼ਕੀਰ), ਸ਼ਾਂਤੀ (ਭਗਵਾਨ ਕ੍ਰਿਸ਼ਨ), ਈਸ਼ਵਰ ਦੱਤ (ਭੀਲ ਗੁਰੂ), ਗ਼ੁਲਾਮ ਕਾਦਰ (ਅਕਰਮ), ਗੋਬਿੰਦਰਾਮ (ਰਾਜ ਗੁਰੂ), ਅਨਵਰ (ਸ਼ਿਆਮ ਸਿੰਘ) ਆਦਿ ਸ਼ਾਮਲ ਸਨ। ਕਹਾਣੀ, ਗੀਤ ਤੇ ਸੰਵਾਦ ਵਲੀ ਸਾਹਿਬ ਅਤੇ ਸੰਗੀਤਕ ਧੁਨਾਂ ਗੋਬਿੰਦਰਾਮ ਨੇ ਤਿਆਰ ਕੀਤੀਆਂ।



ਉਰਮਿਲਾ ਦੀਆਂ ਸਾਥੀ ਅਦਾਕਾਰਾ ਵਜੋਂ ਬਿਹਤਰੀਨ ਅਦਾਕਾਰੀ ਵਾਲੀਆਂ ਯਾਦਗਾਰੀ ਫਿਲਮਾਂ 'ਚ ਚੁੰਨੀਲਾਲ ਪਾਰਿਖ ਦੇ ਨਿਰਦੇਸ਼ਨ 'ਚ ਬਣੀ ਮੋਹਨ ਪਿਕਚਰਜ਼, ਬੰਬੇ ਦੀ ਸਟੰਟ ਹਿੰਦੀ ਫਿਲਮ 'ਭੇਦੀ ਕੁਮਾਰ' (1939), ਸੁੰਦਰ ਪਿਕਚਰਜ਼, ਬੰਬੇ ਦੀ ਚੁੰਨੀਲਾਲ ਪਾਰਿਖ ਨਿਰਦੇਸ਼ਿਤ ਸਟੰਟ ਹਿੰਦੀ ਫਿਲਮ 'ਹਰੀਕੇਨ ਸਪੈਸ਼ਲ' (1939), ਵਾਡੀਆ ਮੂਵੀਟੋਨ, ਬੰਬੇ ਦੀ ਫਿਲਮ 'ਫਲਾਇੰਗ ਰਾਨੀ' (1939), ਰੇਕਸ ਪਿਕਚਰਜ਼, ਬੰਬੇ ਦੀ ਏ. ਐੱਚ. ਇੱਸਾ ਨਿਰਦੇਸ਼ਿਤ (ਸਹਾਇਕ ਰਮਨ ਲਾਲ ਦੇਸਾਈ, ਮੁਹੰਮਦ ਹੁਸੈਨ) ਫਿਲਮ 'ਦੇਸ਼ ਭਗਤੀ' ਉਰਫ਼ 'ਪੈਟਰੀਓਟ' ਉਰਫ਼ 'ਬਾਂਕੇ ਸਿਪਾਹੀ' (1940), ਵਿਸ਼ਣੂ ਸਿਨੇਟੋਨ, ਬੰਬੇ ਦੀ ਚੁੰਨੀਲਾਲ ਪਾਰਿਖ ਨਿਰਦੇਸ਼ਿਤ ਫਿਲਮ 'ਰਾਨੀ ਸਾਹਿਬਾ' ਉਰਫ਼ 'ਹਰ ਹਾਈਨੈੱਸ' (1940), ਐਂਪਾਇਰ ਪਿਕਚਰਜ਼, ਬੰਬੇ ਦੀ ਏ. ਐੱਚ. ਇੱਸਾ ਨਿਰਦੇਸ਼ਿਤ ਫਿਲਮ 'ਮੇਰੇ ਸਾਜਨ' ਉਰਫ਼ 'ਮਿਡਨਾਈਟ ਏਂਜਲ' (1941), ਸੁਦਰਸ਼ਨ ਪਿਕਚਰਜ਼, ਬੰਬੇ ਦੀ ਦਵਾਰਕਾ ਖੋਸਲਾ ਨਿਰਦੇਸ਼ਿਤ ਫਿਲਮ 'ਸੱਜਣ' (1941), ਨੈਸ਼ਨਲ ਸਟੂਡੀਓਜ਼, ਬੰਬੇ ਦੀ ਰਾਮਚੰਦਰ ਠਾਕੁਰ ਨਿਰਦੇਸ਼ਿਤ ਫਿਲਮ 'ਅਪਨਾ ਪਰਾਇਆ' (1942), ਈਸਟਰਨ ਪਿਕਚਰਜ਼, ਬੰਬੇ ਦੀ ਜ਼ਹੂਰ ਰਾਜਾ ਨਿਰਦੇਸ਼ਿਤ ਫਿਲਮ 'ਬਾਦਲ' (1942), ਆਰਟਿਸਟਸ ਕੰਬਾਇਨ, ਬੰਬੇ ਦੀ ਡੀ. ਬਿਲੀਮੋਰੀਆ ਨਿਰਦੇਸ਼ਿਤ ਫਿਲਮ 'ਜਵਾਨੀ ਕੀ ਪੁਕਾਰ' ਉਰਫ਼ 'ਕਾਲ ਆਫ ਯੂਥ' (1942), ਵੀਨਸ ਪਿਕਚਰਜ਼, ਬੰਬੇ ਦੀ ਗੁੰਜਲ ਨਿਰਦੇਸ਼ਿਤ ਫਿਲਮ 'ਕੀਰਤੀ' (1942), ਵੀਨਸ ਪਿਕਚਰਜ਼ ਦੀ ਹੀ ਰਾਜਾ ਯਾਗਨਿਕ ਨਿਰਦੇਸ਼ਿਤ ਫਿਲਮ 'ਨਾਰੀ' (1942), ਰਣਜੀਤ ਮੂਵੀਟੋਨ, ਬੰਬੇ ਦੀ ਜੇਯੰਤ ਦੇਸਾਈ ਨਿਰਦੇਸ਼ਿਤ ਫਿਲਮ 'ਬੰਸਰੀ' (1943), ਰਣਜੀਤ ਮੂਵੀਟੋਨ, ਬੰਬੇ ਦੀ ਤਾਰੀਖ਼ੀ ਫਿਲਮ 'ਮੁਮਤਾਜ਼ ਮਹਿਲ' (1944), ਪ੍ਰਭਾਤ ਫਿਲਮ ਕੰਪਨੀ, ਪੂਨਾ ਦੀ ਵਿਸ਼ਰਾਮ ਬੇਡੇਕਰ ਨਿਰਦੇਸ਼ਿਤ ਫਿਲਮ 'ਲਾਖਾਰਾਨੀ' (1945), ਇੰਪਾਇਰ ਪਿਕਚਰਜ਼, ਬੰਬੇ ਦੀ ਏ.ਕੇ. ਇੱਸਾ ਐੱਨ.ਆਰ. ਦੇਸਾਈ ਪ੍ਰੋਡਕਸ਼ਨਜ਼, ਬੰਬੇ ਦੀ ਫਿਲਮ 'ਰੂਪਾ' (1946), ਆਈਨਾ ਪਿਕਚਰਜ਼, ਬੰਬੇ ਦੀ ਵਾਹਿਦ ਕੁਰੈਸ਼ੀ ਨਿਰਦੇਸ਼ਿਤ ਫਿਲਮ 'ਦਿਲ ਕੀ ਬਸਤੀ' (1949), ਰੂਪਮ ਚਿੱਤਰ, ਬੰਬੇ ਦੀ ਰਾਜਾ ਯਾਗਨਿਕ ਨਿਰਦੇਸ਼ਿਤ ਪੁਰਾਣਿਕ ਫਿਲਮ 'ਭਗਵਾਨ ਸ੍ਰੀਕ੍ਰਿਸ਼ਨ' (1950), ਦੀਪਕ ਪਿਕਚਰਜ਼, ਬੰਬੇ ਦੀ ਬਲਵੰਤ ਭੱਟ ਨਿਰਦੇਸ਼ਿਤ ਫਿਲਮ 'ਹਮਾਰੀ ਸ਼ਾਨ' (1951) ਆਦਿ ਦੇ ਨਾਮ ਜ਼ਿਕਰਯੋਗ ਹਨ।

ਉਸ ਦੀਆਂ ਮੁੱਖ ਅਦਾਕਾਰਾ ਤੇ ਸਾਥੀ ਅਦਾਕਾਰਾ ਵਜੋਂ ਕਾਮਯਾਬ ਫਿਲਮਾਂ 'ਚ ਵਾਡੀਆ ਮੂਵੀਟੋਨ ਬੰਬੇ ਦੀ ਐੱਸ. ਐੱਮ. ਯੂਸਫ਼ ਨਿਰਦੇਸ਼ਿਤ ਫਿਲਮ 'ਕਹਾਂ ਹੈ ਮੰਜ਼ਿਲ ਤੇਰੀ' (1939) 'ਚ ਉਰਮਿਲਾ ਨੇ 'ਹਿਰਦਿਆ ਮਨੀ' ਦਾ ਕਿਰਦਾਰ ਨਿਭਾਇਆ ਜਦੋਂਕਿ ਮੁੱਖ ਭੂਮਿਕਾ 'ਚ ਇਲਾ ਦੇਵੀ ਤੇ ਹਰੀਸ਼ਚੰਦਰ ਮੌਜੂਦ ਸਨ। ਸਟੈਂਡਰਡ ਪਿਕਚਰਜ਼, ਬੰਬੇ ਦੀ ਨਾਰੀ ਘੜਿਆਲੀ ਨਿਰਦੇਸ਼ਿਤ ਸਟੰਟ ਫਿਲਮ 'ਰੈੱਡ ਸਿਗਨਲ' (1941) 'ਚ ਉਰਮਿਲਾ ਦੇ ਸਨਮੁੱਖ ਬੈਂਜਾਮਿਨ ਹੀਰੋ ਦਾ ਪਾਰਟ ਨਿਭਾ ਰਹੇ ਸਨ। ਰਣਜੀਤ ਮੂਵੀਟੋਨ, ਬੰਬੇ ਦੀ ਚਤੁਰਭੁਜ ਏ. ਦੋਸ਼ੀ ਨਿਰਦੇਸ਼ਿਤ ਫਿਲਮ 'ਸਸੁਰਾਲ' (1941) 'ਚ ਉਸ ਨੇ 'ਰੂਪਾ' ਦਾ ਕਿਰਦਾਰ ਅਦਾ ਕੀਤਾ। ਪ੍ਰਭਾਤ ਫਿਲਮ ਕੰਪਨੀ, ਬੰਬੇ ਦੀ ਰਾਜਾ ਨੇਨੇ ਨਿਰਦੇਸ਼ਿਤ ਫਿਲਮ 'ਦਸ ਬਜੇ' ਉਰਫ਼ 'ਟੈੱਨ ਓ ਕਲੌਕ' (1942) 'ਚ ਉਸ ਦੇ ਸਨਮੁੱਖ ਪਰੇਸ਼ ਬੈਨਰਜੀ ਮੁੱਖ ਭੂਮਿਕਾ ਨਿਭਾ ਰਹੇ ਸਨ। ਇਹ ਫਿਲਮ ਸੁਪਰਹਿੱਟ ਰਹੀ। ਸੌਭਾਗਯਾ ਪਿਕਚਰਜ਼, ਬੰਬੇ ਦੀ ਦਵਾਰਕਾ ਖੋਸਲਾ ਨਿਰਦੇਸ਼ਿਤ ਫਿਲਮ 'ਦੁਨੀਆ ਏਕ ਤਮਾਸ਼ਾ' (1942) 'ਚ ਉਸ ਨੇ ਸਰਦਾਰ ਅਖ਼ਤਰ ਨਾਲ ਸਾਥੀ ਅਦਾਕਾਰਾ ਦਾ ਯਾਦਗਾਰੀ ਪਾਰਟ ਨਿਭਾਇਆ। ਹਿੰਦ ਪਿਕਚਰਜ਼, ਬੰਬੇ ਦੀ ਨਜ਼ੀਰ ਨਿਰਦੇਸ਼ਿਤ ਫਿਲਮ 'ਸਲਮਾ' (1943) 'ਚ ਉਸ ਨੇ 'ਸੁਰੱਈਆ' ਦਾ ਰੋਲ ਕੀਤਾ ਜਦੋਂਕਿ 'ਸਲਮਾ' ਦਾ ਟਾਈਟਲ ਪਾਰਟ ਸਿਤਾਰਾ ਦੇਵੀ ਕਰ ਰਹੀ ਸੀ। ਜੂਪੀਟਰ ਪਿਕਚਰਜ਼, ਬੰਬੇ ਦੀ ਨਾਨੂਭਾਈ ਵਕੀਲ ਨਿਰਦੇਸ਼ਿਤ ਫਿਲਮ 'ਕਿਸਮਤਵਾਲਾ' (1944) 'ਚ ਉਰਮਿਲਾ ਦੇ ਹਮਰਾਹ ਨਵੀਨ ਯਾਗਨਿਕ ਹੀਰੋ ਦਾ ਕਿਰਦਾਰ ਅਦਾ ਕਰ ਰਹੇ ਸਨ। ਬੀ. ਆਰ. ਟੰਡਨ ਦੇ ਫਿਲਮਸਾਜ਼ ਅਦਾਰੇ ਸ੍ਰੀਰਾਜ ਪਿਕਚਰਜ਼, ਕਲਕੱਤਾ ਦੀ ਐੱਸ. ਸ਼ਮਸੂਦੀਨ ਨਿਰਦੇਸ਼ਿਤ ਫਿਲਮ 'ਬਾਪ' (1946) ਉਰਮਿਲਾ ਦੇ ਫਿਲਮ ਸਫ਼ਰ ਦੀ ਉਮਦਾ ਫਿਲਮ ਸੀ। ਇਸ ਫਿਲਮ 'ਚ ਉਰਮਿਲਾ ਤੇ ਪਰੇਸ਼ ਬੈਨਰਜੀ ਦੀ ਜੋੜੀ ਨੇ ਕਮਾਲ ਦੀ ਅਦਾਕਾਰੀ ਕੀਤੀ ਸੀ। ਹਰੀਸ਼ਚੰਦਰ ਰਾਓ ਦੇ ਫਿਲਮਸਾਜ਼ ਅਦਾਰੇ ਹਰੀਸ਼ਚੰਦਰ ਪਿਕਚਰਜ਼, ਬੰਬੇ ਦੀ ਹਰੀਸ਼ ਨਿਰਦੇਸ਼ਿਤ ਫਿਲਮ 'ਰਿਫ਼ਿਊਜ਼ੀ' ਉਰਫ਼ 'ਸ਼ਰਨਾਰਥੀ' (1948) 'ਚ ਉਰਮਿਲਾ ਦੇ ਰੂਬਰੂ ਹਰੀਸ਼ਚੰਦਰ ਰਾਓ ਹੀਰੋ ਦਾ ਪਾਰਟ ਨਿਭਾ ਰਹੇ ਸਨ। ਫਿਲਮ 'ਚ ਉਰਮਿਲਾ 'ਤੇ ਫਿਲਮਾਇਆ ਗੀਤ 'ਉੱਜੜੀ ਹੂਈ ਹੈ ਇਸ਼ਕ ਕੀ ਦੁਨੀਆ ਤੇਰੇ ਬਗ਼ੈਰ' (ਸੁਲੋਚਨਾ ਕਦਮ) ਵੀ ਪਸੰਦ ਕੀਤਾ ਗਿਆ। ਸ੍ਰੀ ਭਾਰਤ ਲਕਸ਼ਮੀ ਪਿਕਚਰਜ਼, ਕਲਕੱਤਾ ਦੀ ਫਿਲਮ 'ਗ੍ਰਹਿ ਲਕਸ਼ਮੀ' (1949) 'ਚ ਉਰਮਿਲਾ ਤੇ ਕੁੰਵਰ ਅਜੀਤ ਜੋੜੀਦਾਰ ਸਨ। ਕਾਰਵਾਂ ਪਿਕਚਰਜ਼, ਬੰਬੇ ਦੀ ਫਿਲਮ 'ਕਨੀਜ਼' (1949) 'ਚ ਉਰਮਿਲਾ ਨੇ ਮੁਨੱਵਰ ਸੁਲਤਾਨਾ (ਸਾਬਿਰਾ) ਦੀ ਆਪਾ 'ਹਮੀਦਾ' ਦਾ ਸ਼ਾਨਦਾਰ ਕਿਰਦਾਰ ਨਿਭਾਇਆ। ਉਸ ਦਾ ਬੋਲਿਆ ਸੰਵਾਦ 'ਅਰੇ ਪੁਰਾਨੀ ਬਾਂਤੇ ਭੂਲ ਜਾਓ ਯੇਹ ਬੀਸਵੀਂ ਸਦੀ ਹੈ ਬੀਸਵੀਂ ਸਦੀ' ਬੜਾ ਮਸ਼ਹੂਰ ਹੋਇਆ। ਇਨ੍ਹਾਂ ਫਿਲਮਾਂ 'ਚੋਂ ਉਰਮਿਲਾ ਫਿਲਮ 'ਦੁਨੀਆ ਏਕ ਤਮਾਸ਼ਾ' (1942) ਨੂੰ ਆਪਣੀ ਬਿਹਤਰੀਨ ਫਿਲਮ ਮੰਨਦੀ ਸੀ।

ਉਰਮਿਲਾ ਨੇ ਸਿਰਫ਼ ਇੱਕ ਪੰਜਾਬੀ ਫਿਲਮ ਵਿਚ ਅਦਾਕਾਰੀ ਕੀਤੀ। ਜਦੋਂ ਚੰਦੂ ਲਾਲ ਸ਼ਾਹ ਨੇ ਗੀਤਕਾਰ ਡੀ.ਐੱਨ. ਮਧੋਕ (ਪੰਡਤ ਦੀਨਾ ਨਾਥ ਮਧੋਕ) ਦੀ ਹਿਦਾਇਤਕਾਰੀ ਹੇਠ ਪਹਿਲੀ ਪੰਜਾਬੀ ਫਿਲਮ 'ਮਿਰਜ਼ਾ ਸਾਹਿਬਾਂ' (1939) ਬਣਾਈ ਤਾਂ ਮਧੋਕ ਨੇ ਉਰਮਿਲਾ ਦੇਵੀ ਨੂੰ ਵੀ ਅਦਾਕਾਰੀ ਦਾ ਮੌਕਾ ਦਿੱਤਾ। ਉਰਮਿਲਾ ਨੇ ਫਿਲਮ 'ਚ 'ਛੱਤੀ' ਦਾ ਸੋਹਣਾ ਪਾਰਟ ਨਿਭਾਇਆ ਜਦਕਿ 'ਮਿਰਜ਼ਾ' ਦਾ ਕਿਰਦਾਰ ਜ਼ਹੂਰ ਰਾਜਾ ਨੇ ਅਤੇ 'ਸਾਹਿਬਾਂ' ਦਾ ਰੋਲ ਇਲਾ ਦੇਵੀ ਉਰਫ਼ ਇਲਮਾਸ (ਧੀ ਇਨਾਇਤੀ ਸੁਨਿਆਰੀ) ਨੇ ਅਦਾ ਕੀਤਾ। ਕਹਾਣੀ, ਗੀਤ ਤੇ ਸੰਵਾਦ ਡੀ.ਐੱਨ. ਮਧੋਕ ਅਤੇ ਸੰਗੀਤ ਦੀਆਂ ਤਰਜ਼ਾਂ ਮਨੋਹਰ ਕਪੂਰ ਨੇ ਤਾਮੀਰ ਕੀਤੀਆਂ। ਇਹ ਫਿਲਮ 12 ਮਈ 1939 ਨੂੰ ਪ੍ਰਭਾਤ ਸਿਨੇਮਾ, ਲਾਹੌਰ ਵਿਖੇ ਨੁਮਾਇਸ਼ ਹੋਈ। ਜਗਤ ਪਿਕਚਰਜ਼, ਬੰਬੇ ਦੀ ਜੇਯੰਤ ਦੇਸਾਈ ਨਿਰਦੇਸ਼ਿਤ ਫਿਲਮ 'ਅੰਬਰ' (1952) ਦਾ ਸਕਰੀਨ ਪਲੇਅ ਉਰਮਿਲਾ ਨੇ ਤਿਆਰ ਕੀਤਾ ਸੀ। ਫਿਲਮ ਦੀ ਮੁੱਖ ਭੂਮਿਕਾ ਵਿਚ ਨਰਗਿਸ ਤੇ ਰਾਜ ਕਪੂਰ ਸਨ। ਯੂਨਿਟੀ ਪਿਕਚਰਜ਼, ਬੰਬੇ ਦੀ ਸ਼ਮੇਸ਼ਵਰ ਸ਼ਰਮਾ ਨਿਰਦੇਸ਼ਿਤ ਫਿਲਮ 'ਵਾਸਨਾ' (1952) ਸਾਥੀ ਅਦਾਕਾਰਾ ਵਜੋਂ ਉਰਮਿਲਾ ਦੀ ਆਖ਼ਰੀ ਫਿਲਮ ਸੀ। ਇਸ ਫਿਲਮ ਤੋਂ ਬਾਅਦ ਉਹ ਕਿਸੇ ਫਿਲਮ ਵਿਚ ਵਿਖਾਈ ਨਹੀਂ ਦਿੱਤੀ। ਉਸ ਦਾ ਕਿਸ ਨਾਲ ਵਿਆਹ ਹੋਇਆ, ਕਦੋਂ ਫ਼ੌਤ ਹੋਈ? ਕਾਫ਼ੀ ਤਹਿਕੀਕਾਤ ਦੇ ਬਾਵਜੂਦ ਕੁਝ ਪਤਾ ਨਹੀਂ ਲੱਗ ਸਕਿਆ।

# ਜਿੰਮੀ ਸ਼ੇਰਗਿੱਲ ਦਾ ਫਿਲਮੀ ਸਫਰ

ਸੋਸ਼ਲ ਮੀਡੀਆ 'ਤੇ ਇੱਕ ਯੂਜ਼ਰ ਨੇ ਅਦਾਕਾਰ ਜਿੰਮੀ ਸ਼ੇਰਗਿੱਲ ਦੀ ਤੁਲਨਾ 'ਦਿ ਲਾਸਟ ਆਫ ਅਸ' ਫਿਲਮ ਦੇ ਸਟਾਰ ਪੇਦਰੋ ਪਾਸਕਲ ਨਾਲ ਕੀਤੀ ਹੈ। ਟਵਿੱਟਰ 'ਤੇ ਯੂਜ਼ਰ ਨੇ ਜਿੰਮੀ ਸ਼ੇਰਗਿੱਲ ਅਤੇ ਪਾਸਕਲ ਦੀ ਤਸਵੀਰ ਵੀ ਸਾਂਝੀ ਕੀਤੀ ਹੈ ਜਿਸ ਵਿਚ ਜਿੰਮੀ ਸ਼ੇਰਗਿੱਲ ਮੁੱਛਾਂ ਨੂੰ ਤਾਅ ਦਿੰਦਾ ਨਜ਼ਰ ਆ ਰਿਹਾ ਹੈ। ਇਸ ਯੂਜ਼ਰ ਨੇ ਕੈਪਸ਼ਨ ਵਿਚ ਲਿਖਿਆ- 'ਮਾਂ ਨੇ ਕਿਹਾ ਸੀ ਕਿ ਪੇਦਰੋ ਪਾਸਕਲ ਬਿਲਕੁਲ ਜਿੰਮੀ ਸ਼ੇਰਗਿੱਲ ਵਰਗਾ ਲੱਗਦਾ ਹੈ ਅਤੇ ਹੁਣ ਮੈਂ ਕੁਝ ਉਲਝਣ ਵਿਚ ਹਾਂ।'

ਜਿੰਮੀ ਨੇ ਪੋਸਟ ਨੂੰ ਰੀ-ਟਵੀਟ ਕਰਦਿਆਂ ਸੰਦੇਸ਼ ਭੇਜਿਆ ਜਿਸ ਵਿਚ ਉਸ ਨੇ ਲਿਖਿਆ- 'ਉਨ੍ਹਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ।' ਇਸ ਦੇ ਨਾਲ ਹੀ ਜਿੰਮੀ ਸ਼ੇਰਗਿੱਲ ਨੇ ਹੱਥ ਜੋੜਦਿਆਂ ਤੇ ਹੱਸਦਿਆਂ ਦੀ ਇਮੋਜੀ ਵੀ ਸਾਂਝੀ ਕੀਤੀ। 52 ਸਾਲਾ ਸ਼ੇਰਗਿੱਲ ਨੇ ਆਖਰੀ ਵਾਰ ਸੁਦੀਪਤੋ ਸਰਕਾਰ ਦੀ 'ਅਪ੍ਰੇਸ਼ਨ ਮੇਅਫੇਅਰ' ਵਿਚ ਕੰਮ ਕੀਤਾ ਸੀ। ਜਿੰਮੀ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1996 'ਚ ਆਈ ਫਿਲਮ 'ਮਾਚਿਸ' ਨਾਲ ਕੀਤੀ ਸੀ। ਉਸ ਨੇ ਬਾਅਦ ਵਿਚ 'ਮੁਹੱਬਤੇਂ", 'ਮੇਰੇ ਯਾਰ ਕੀ ਸ਼ਾਦੀ ਹੈ', 'ਮੁੰਨਾ ਬਾਈ ਐੱਮ.ਬੀ.ਬੀ.ਐੱਸ.', 'ਹਮ ਤੁਮ', 'ਏ ਵੈਡਨਸਡੇਅ' 'ਤਨੂ ਵੈਡਜ਼ ਮਨੂ' 'ਸਪੈਸ਼ਲ 26', 'ਮਾਈ ਨੇਮ ਇਜ਼ ਖਾਨ' ਆਦਿ ਫਿਲਮਾਂ ਵਿਚ ਕੰਮ ਕੀਤਾ।



*ਅਦਾਕਾਰ ਜਿੰਮੀ ਸ਼ੇਰਗਿੱਲ ਉਘੇ ਅਦਾਕਾਰ ਇਰਫਾਨ ਖਾਨ ਨਾਲ।*

ਇਸੇ ਸਾਲ ਅਦਾਕਾਰ ਜਿੰਮੀ ਸ਼ੇਰਗਿੱਲ ਦੀ ਫਿਲਮ 'ਤੂੰ ਹੋਵੇਂ ਮੈਂ ਹੋਵੇਂ" ਰਿਲੀਜ਼ ਹੋਈ ਸੀ। ਹੁਣ ਉਹ ਆਪਣੇ ਨਵੇਂ ਪ੍ਰੋਜੈਕਟਾਂ ਵਿਚ ਰੁੱਝ ਗਿਆ ਹੈ। ਉਸ ਦਾ ਕਹਿਣਾ ਹੈ ਕਿ ਉਹ ਆਪਣੀਆਂ ਅਗਲੀਆਂ ਫਿਲਮਾਂ ਲਈ ਨਵੀਆਂ-ਨਕੋਰ ਕਹਾਣੀਆਂ ਦੀ ਭਾਲ ਵਿਚ ਹੈ ਤਾਂ ਕਿ ਪੰਜਾਬੀ ਫਿਲਮ ਸੰਸਾਰ ਵਿਚ ਨਵੇਂ ਰੰਗ ਭਰੇ ਜਾਣ ਸਕਣ।

# ਕਿਆਰਾ ਅਡਵਾਨੀ ਹੁਣ 'ਗੇਮ ਚੇਂਜਰ'

ਫਿਲਮ 'ਆਰ.ਆਰ.ਆਰ.' ਦੇ ਸੁਪਰਸਟਾਰ ਰਾਮ ਚਰਨ ਅਤੇ ਕਿਆਰਾ ਅਡਵਾਨੀ ਦੀ ਆਉਣ ਵਾਲੀ ਫਿਲਮ ਦਾ ਨਾਂ 'ਗੇਮ ਚੇਂਜਰ' ਰੱਖਿਆ ਗਿਆ ਹੈ। ਇਸ ਫਿਲਮ ਦਾ ਨਿਰਮਾਣ ਐੱਸ. ਸ਼ੰਕਰ ਕਰ ਰਹੇ ਹਨ। ਤੈਲਗੂ ਫਿਲਮ ਦੇ ਨਿਰਮਾਤਾ ਵੈਂਕਟੇਸ਼ਵਰ ਕ੍ਰਿਏਸ਼ਨਜ਼ ਨੇ ਫਿਲਮ ਦੇ ਨਾਂ ਦਾ ਐਲਾਨ ਰਾਮ ਚਰਨ ਦੇ 38ਵੇਂ ਜਨਮਦਿਨ ਮੌਕੇ ਕੀਤਾ ਹੈ।

ਦੂਜੇ ਪਾਸੇ ਅਦਾਕਾਰ ਰਾਮ ਚਰਨ ਨੇ ਵੀ ਇਸ ਫਿਲਮ ਦੇ ਨਾਂ ਬਾਰੇ ਜਾਣਕਾਰੀ ਆਪਣੇ ਟਵਿੱਟਰ ਖਾਤੇ ਤੋਂ ਸਾਂਝੀ ਕੀਤੀ ਹੈ। ਇਸ ਫਿਲਮ ਦਾ ਸੰਗੀਤ ਥਾਮਨ ਐੱਸ. ਅਤੇ ਸਿਨੇਮੈਟੋਗ੍ਰਾਫੀ ਤਿਰੂਨਵੁਕਰਾਸੂ ਦੀ ਹੈ। ਫਿਲਮ 'ਗੇਮ ਚੇਂਜਰ' ਰਾਮ ਚਰਨ ਅਤੇ ਕਿਆਰਾ ਅਡਵਾਨੀ ਦੀ ਦੂਜੀ ਫਿਲਮ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਫਿਲਮ 'ਵਿਨਯਾ ਵਿਧੇ ਰਾਮਾ (2019) ਵਿਚ ਕੰਮ ਕੀਤਾ ਸੀ।



ਯਾਦ ਰਹੇ ਕਿ ਅਦਾਕਾਰਾ ਕਿਆਰਾ ਅਡਵਾਨੀ ਨੇ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ ਫਿਲਮ 'ਫੁਗਲੀ' ਨਾਲ ਸਾਲ 2014 ਵਿਚ ਕੀਤੀ ਸੀ। ਹਿੱਟ ਹੋਈ ਫਿਲਮ 'ਐੱਮ.ਐੱਸ. ਧੋਨੀ: ਦਿ ਅਨਟੋਲਡ ਸਟੋਰੀ' ਜੋ ਕ੍ਰਿਕਟ ਦੇ ਪ੍ਰਸਿੱਧ ਖਿਡਾਰੀ ਮਹਿੰਦਰ ਸਿੰਘ ਧੋਨੀ ਦੇ ਜੀਵਨ ਉਤੇ ਆਧਾਰਿਤ ਸੀ, ਵਿਚ ਉਸ ਨੇ ਧੋਨੀ ਦੀ ਪਤਨੀ ਦਾ ਕਿਰਦਾਰ ਨਿਭਾਇਆ ਸੀ।

# SANT BABA PREM SINGH JI SPORTS CLUB SOUTH BEND INDIANA

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥


ਬਲਦੇਵ ਸਿੰਘ ਸੱਲ੍ਹਾਂ
(ਸਰਪ੍ਰਸਤ ਪ੍ਰਧਾਨ)


ਪ੍ਰਿਥਪਾਲ ਸਿੰਘ ਘੋਤੜਾ
(ਸਰਪ੍ਰਸਤ ਪ੍ਰਧਾਨ)

## ਖਾਲਸਾ ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ ਕੋਟਾਨਿ-ਕੋਟਿ ਵਧਾਈ

**1699 ਦੀ ਵਿਸਾਖੀ ਮੌਕੇ ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬੱਲ ਵੀ ਬਖਸ਼ਿਆ। ਸਿੰਘ ਸਜੋ ਗੁਰੂ ਵਾਲੇ ਬਣੋ।**


ਪਾਲ ਸਿੰਘ ਖ਼ਲੀਲ
ਪ੍ਰਧਾਨ


ਬਲਵਿੰਦਰ ਸਿੰਘ
ਸ਼ਿਕਾਗੋ


ਗੁਰਪ੍ਰੀਤ ਸਿੰਘ ਬੌਬੀ
(ਸਲੇਮਪੁਰ)


ਬਬਲੂ
ਬੈਂਬਨ ਹਾਰਬਰ


ਨਵਦੀਪ ਸਿੰਘ ਲੱਭਾ


ਬਲਜਿੰਦਰ ਸਿੰਘ
ਲਾਡੀ


ਕੁਲਜੀਤ ਸਿੰਘ ਰੂਬੀ


ਦੀਦਾਰ ਸਿੰਘ ਬੈਂਸ
ਲੱਖਾ


ਰਾਜੇਸ਼ ਕੁਮਾਰ


ਵਿੱਕੀ ਸਿੰਘ ਉਚਾ ਪਿੰਡ



ਗੁਰਜਿੰਦਰ ਸਿੰਘ ਰਿੰਕੂ


ਜਤਿੰਦਰ ਪਾਲ ਸਿੰਘ ਕਾਲਾ


ਜਸਵਿੰਦਰ ਸਿੰਘ ਰਿੰਕੂ


ਅਜੇਪਾਲ ਸਿੰਘ ਮੀਰਾਂਪੁਰ


ਨਿਰਮਲਜੀਤ ਸਿੰਘ ਰਿਚੀ


ਹੈਪੀ ਹੀਰ


ਹਰਭਜਨ ਸਿੰਘ


ਜ਼ੋਰਾਵਰ ਸਿੰਘ ਜ਼ੋਰਾ


ਉਂਕਾਰ ਸਿੰਘ ਗੋਲਡੀ


ਦਲਜਿੰਦਰ ਸਿੰਘ


ਕਿਰਨਜੀਤ ਸਿੰਘ ਬਾਵਾ


ਸਵਰਨ ਸਿੰਘ


ਜਗਮੋਹਨ ਸਿੰਘ

*ਸਮੂਹ ਖੇਡ ਪ੍ਰੇਮੀਆਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ (ਇੰਡੀਆਨਾ) ਵਲੋਂ ਪੰਜਾਬੀ ਭਾਈਚਾਰੇ ਵਿਚ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਕਬੱਡੀ ਅਤੇ ਸੱਭਿਆਚਾਰਕ ਮੇਲਾ 25 ਜੂਨ 2023, ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਕਬੱਡੀ ਟੀਮਾਂ ਦੇ ਫਸਵੇਂ ਮੈਚ ਹੋਣਗੇ।*

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**ਪਾਲ ਸਿੰਘ ਖ਼ਲੀਲ 269-861-1800, ਦੀਦਾਰ ਸਿੰਘ ਬੈਂਸ ਲੱਖਾ 574-210-0213**